Thinking Real Estate?
BUYERS we'll find the right home for you.
We have a common goal: Making you a homeowner.
SELLERS we know your local markets
Pradeep Singh
847-322-5832
COLDWELL BANKER
iShowHomes@Yahoo.com
www.Tajhomegroup.com
Residential Brokerage
20 S. Roselle Rd.,
Schaumburg, IL 60193

Blue Diamond
BANQUET HALL & CATERING
ਬਲੂ ਡਾਇਮੰਡ ਬੈਂਕੁਇਟ ਹਾਲ ਵਿਚ ਆਪਣੀਆਂ ਖੁਸ਼ੀਆਂ ਨੂੰ ਹੋਰ ਯਾਦਗਾਰੀ ਬਣਾਓ
Ph: 317-406-9924
Mela
INDIAN RESTAURANT • PUB
ਮੇਲਾ ਰੈਸਟੋਰੈਂਟ ਦਾ ਖਾਣਾ ਇਕ ਵਾਰ ਖਾਓਗੇ, ਵਾਰ ਵਾਰ ਆਓਗੇ
Baljinder S. Ben
Ph: 317-869-2400
5425 E. Thompson Rd., Indianapolis IN 46237

Buying/Selling in Michigan
All types of Residential & Commercial properties. Gas Stations, Liquor Stores, Hotels, Plazas, Truck Terminals etc.
All types of loans.
Landmark Realty
40600 Ann Arbor Rd., Suite# 150,
Plymouth, MI 48170
Call: 734-751-4455 Raj Shergill
rajsshergill@yahoo.com Associate Broker

Twenty-Second Year of Publication ਮਿਡਵੈਸਟ ਐਡੀਸ਼ਨ Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 22, Issue 37, September 11th, 2021 20451 N. Plum Grove Rd., Palatine, IL 60074 Ph:847-359-0746, Fax:847-705-9388

## ਕਿਸਾਨਾਂ ਵੱਲੋਂ ਸਰਕਾਰ ਨੂੰ ਤਕੜਾ ਹਲੂਣਾ

**ਚੰਡੀਗੜ੍ਹ:** ਤਿੰਨ ਖੇਤੀ ਕਾਨੂੰਨਾਂ ਖਿਲਾਫ ਤੇ ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ ਉਤੇ ਖਰੀਦ ਦੀ ਗਰੰਟੀ ਦੀ ਮੰਗ ਨੂੰ ਲੈ ਕੇ ਪਿਛਲੇ ਸਾਢੇ ਨੌਂ ਮਹੀਨਿਆਂ ਤੋਂ ਦਿੱਲੀ ਦੀਆਂ ਬਰੂਹਾਂ ਉਤੇ ਡੇਰੇ ਲਾਈ ਬੈਠੀਆਂ ਕਿਸਾਨ ਜਥੇਬੰਦੀਆਂ ਹੁਣ ਆਰ-ਪਾਰ ਦੀ ਲੜਾਈ ਵਾਲੇ ਮੂਡ ਵਿਚ ਨਜ਼ਰ ਆ ਰਹੀਆਂ ਹਨ।

ਮੋਦੀ ਸਰਕਾਰ ਦੇ ਢੀਠਤਾਈ ਵਾਲੇ ਰਵੱਈਏ ਨੇ ਕਿਸਾਨਾਂ ਦਾ ਪਾਰਾ ਚੜ੍ਹਾ ਦਿੱਤਾ ਹੈ। ਸਰਕਾਰ ਦੇ ਰਵੱਈਏ ਤੇ ਪਿਛਲੇ

### ਸਿਆਸੀ ਝਟਕਾ ਦੇਣ ਲਈ ਕਮਰ ਕੱਸੀ

ਕੁਝ ਦਿਨਾਂ ਵਿਚ ਕਿਸਾਨਾਂ ਵੱਲੋਂ ਲਏ ਜਾ ਰਹੇ ਸਖਤ ਫੈਸਲੇ ਇਸ਼ਾਰਾ ਕਰਦੇ ਹਨ ਕਿ ਹਾਲਾਤ ਟਕਰਾਅ ਵਾਲੇ ਪਾਸੇ ਵਧ ਰਹੇ ਹਨ। ਹਰਿਆਣਾ ਦੇ ਕਰਨਾਲ ਵਿਚ ਲੱਖਾਂ ਦੀ ਗਿਣਤੀ ਵਿਚ ਕਿਸਾਨਾਂ ਨੇ ਸਕੱਤਰੇਤ ਨੂੰ ਘੇਰਿਆ ਹੋਇਆ ਹੈ ਤੇ ਇਥੇ ਪੱਕੇ ਡੇਰੇ ਲਾ ਲਏ ਹਨ। 26 ਜਨਵਰੀ ਤੋਂ ਬਾਅਦ ਇਹ ਪਹਿਲੀ ਵਾਰ ਹੈ ਜਦੋਂ ਕਿਸਾਨਾਂ ਨੇ ਸਖਤ ਲਹਿਜੇ ਵਿਚ ਸਰਕਾਰ ਨੂੰ ਵੰਗਾਰਿਆ ਹੈ।

ਕਿਸਾਨਾਂ ਨੇ ਹਰਿਆਣਾ ਸਰਕਾਰ ਨੂੰ 6 ਸਤੰਬਰ ਤੱਕ ਅਲਟੀਮੇਟਮ ਦਿੱਤਾ ਸੀ ਕਿ ਉਹ 28 ਅਗਸਤ ਨੂੰ ਕਿਸਾਨਾਂ ਦੇ ਸਿਰ ਪਾੜਨ ਦੇ ਹੁਕਮ ਦੇਣ ਵਾਲੇ ਐਸ.ਡੀ.ਐਮ. ਖਿਲਾਫ ਕੇਸ ਦਰਜ ਕਰਨ ਸਣੇ ਲਾਠੀਚਾਰਜ ਵਿਚ ਜ਼ਖਮੀ ਤੇ ਸ਼ਹੀਦ ਹੋਏ ਕਿਸਾਨਾਂ ਲਈ ਮੁਆਵਜ਼ਾ ਐਲਾਨੇ ਪਰ ਸਰਕਾਰ ਨੇ ਇਸ ਪਾਸੇ ਭੋਰਾ ਵੀ ਸੰਜੀਦਗੀ ਨਹੀਂ ਵਿਖਾਈ ਜਿਸ ਪਿੱਛੋਂ ਕਿਸਾਨਾਂ ਨੇ 7 ਸਤੰਬਰ ਨੂੰ ਤੈਅ ਪ੍ਰੋਗਰਾਮ ਮੁਤਾਬਕ ਸਕੱਤਰੇਤ ਨੂੰ ਘੇਰ ਲਿਆ ਹੈ। ਹਾਲਾਂਕਿ ਸਰਕਾਰ ਵੱਲੋਂ ਕਿਸਾਨਾਂ ਨੂੰ ਰੋਕਣ ਲਈ ਪੂਰੀ ਵਾਹ ਲਾਈ ਗਈ। ਇੰਟਰਨੈੱਟ ਸੇਵਾਵਾਂ ਬੰਦ ਕਰ ਦਿੱਤੀਆਂ, ਧਾਰਾ 144 ਲਾਗੂ ਹੋਈ। ਕਿਸਾਨਾਂ ਦਾ ਰਾਹ ਰੋਕਣ ਲਈ ਭਾਰੀ ਗਿਣਤੀ ਵਿਚ ਫੋਰਸ ਲਾਈ ਗਈ ਪਰ ਕਿਸਾਨਾਂ ਦੀ ਵੱਡੀ ਗਿਣਤੀ ਤੇ ਜੋਸ਼ ਵੇਖ ਕੇ ਪੁਲਿਸ ਨੇੜੇ ਵੀ ਨਾ ਆਈ ਤੇ ਕਿਸਾਨਾਂ ਨੇ ਬੜੀ ਆਸਾਨੀ ਨਾਲ ਸਕੱਤਰੇਤ ਉਤੇ 'ਕਬਜ਼ਾ' ਕਰ ਲਿਆ। ਹੁਣ ਹਾਲਾਤ ਇਹ ਬਣੇ ਹੋਏ ਹਨ ਕਿ ਕਿਸਾਨਾਂ ਦੇ ਸਖਤ ਫੈਸਲਿਆਂ ਕਾਰਨ ਕੇਂਦਰ ਸਰਕਾਰ ਬੁਰੀ ਫਸੀ ਨਜ਼ਰ ਆ ਰਹੀ ਹੈ। 5-6 ਮਹੀਨਿਆਂ ਬਾਅਦ 5 ਸੂਬਿਆਂ ਵਿਚ ਵਿਧਾਨ ਸਭਾ ਚੋਣਾਂ ਹਨ ਤੇ ਕਿਸਾਨਾਂ ਦੀ ਤਾਜ਼ਾ ਰਣਨੀਤੀ ਇਨ੍ਹਾਂ ਚੋਣਾਂ ਦੁਆਲੇ ਹੀ ਘੁੰਮ ਰਹੀ ਹੈ। ਉਤਰ ਪ੍ਰਦੇਸ਼ ਦੇ ਮੁਜ਼ੱਫਰਨਗਰ ਵਿਚ ਕਿਸਾਨ ਮਹਾ ਪੰਚਾਇਤ ਦੌਰਾਨ ਲਏ ਗਏ ਫੈਸਲੇ ਭਾਜਪਾ ਨੂੰ ਚੁਫੇਰਿਉਂ ਘੇਰਨ ਵਾਲੇ ਹਨ। ਇਸ ਮਹਾ ਪੰਚਾਇਤ ਨੂੰ ਇੰਨਾ ਹੁੰਗਾਰਾ ਮਿਲੇਗਾ, ਇਹ ਸ਼ਾਇਦ

(ਬਾਕੀ ਸਫਾ 6 ਉਤੇ)



### ਸੁਪਰੀਮ ਕੋਰਟ ਦੇ ਖੇਤੀ ਪੈਨਲ ਦੀ ਰਿਪੋਰਟ ਜਨਤਕ ਕਰਨ ਦੀ ਮੰਗ

ਖੇਤੀ ਕਾਨੂੰਨਾਂ ਬਾਰੇ ਸੁਪਰੀਮ ਕੋਰਟ ਵੱਲੋਂ ਬਣਾਏ ਪੈਨਲ ਦੇ ਇਕ ਮੈਂਬਰ ਨੇ ਚੀਫ ਜਸਟਿਸ ਨੂੰ ਪੱਤਰ ਭੇਜ ਕੇ ਪੈਨਲ ਦੀ ਰਿਪੋਰਟ ਨੂੰ ਜਨਤਕ ਕਰਨ ਅਤੇ ਇਸ ਨੂੰ ਸਰਕਾਰ ਨਾਲ ਸਾਂਝਾ ਕਰਨ ਦੀ ਮੰਗ ਕੀਤੀ। ਅਨਿਲ ਘਨਵਤ ਨੇ ਚੀਫ ਜਸਟਿਸ ਨੂੰ ਪੱਤਰ ਵਿਚ ਕਿਹਾ ਕਿ ਰਿਪੋਰਟ ਕਿਸਾਨਾਂ ਦੇ ਸਾਰੇ ਖਦਸ਼ਿਆਂ ਨੂੰ ਦੂਰ ਕਰਦੀ ਹੈ। ਕਮੇਟੀ ਨੂੰ ਭਰੋਸਾ ਹੈ ਕਿ ਇਸ ਦੀਆਂ ਸਿਫਾਰਸ਼ਾਂ ਚੱਲ ਰਹੇ ਕਿਸਾਨ ਅੰਦੋਲਨ ਨੂੰ ਸੁਲਝਾਉਣ ਦਾ ਰਾਹ ਪੱਧਰਾ ਕਰ ਦੇਣਗੀਆਂ। ਦੱਸ ਦਈਏ ਕਿ ਸੁਪਰੀਮ ਕੋਰਟ ਨੇ ਖੇਤੀ ਕਾਨੂੰਨ ਉਤੇ ਰੋਕ ਲਾਉਂਦੇ ਹੋਏ ਇਕ ਕਮੇਟੀ ਬਣਾਈ ਸੀ ਜਿਸ ਨੇ ਤੈਅ ਸਮੇਂ ਵਿਚ ਆਪਣੀ ਰਿਪੋਰਟ ਸੌਂਪ ਦਿੱਤੀ ਸੀ, ਪਰ 6 ਮਹੀਨਿਆਂ ਬਾਅਦ ਵੀ ਇਸ ਪਾਸੇ ਕੋਈ ਧਿਆਨ ਨਹੀਂ ਦਿੱਤਾ ਗਿਆ।

## ਕਿਸਾਨੀ ਸੰਘਰਸ਼ ਨੇ ਪੰਜਾਬ ਵਿਚ ਸਿਆਸੀ ਸਰਗਰਮੀ ਨੂੰ ਬ੍ਰੇਕ ਲਾਈ

**ਚੰਡੀਗੜ੍ਹ:** ਸੰਯੁਕਤ ਕਿਸਾਨ ਮੋਰਚੇ ਵੱਲੋਂ ਭਾਜਪਾ ਆਗੂਆਂ ਦੇ ਘਿਰਾਓ ਤੇ ਦੂਸਰੀਆਂ ਸਿਆਸੀ ਪਾਰਟੀਆਂ ਦੇ ਆਗੂਆਂ ਤੋਂ ਸਵਾਲ ਪੁੱਛਣ ਦੇ ਐਲਾਨ 'ਤੇ ਅਮਲ ਹੋਣ ਨਾਲ ਸੂਬੇ ਦੀਆਂ ਰਵਾਇਤੀ ਸਿਆਸੀ ਧਿਰਾਂ ਨੂੰ ਤਣਾਅ ਦੀ ਸਥਿਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕਈ ਪਿੰਡਾਂ 'ਚ ਸਿਆਸੀ ਪਾਰਟੀਆਂ ਦੇ ਕਾਰਕੁਨਾਂ ਤੇ ਕਿਸਾਨਾਂ ਦਰਮਿਆਨ ਕਹਾ-ਸੁਣੀ ਵੀ ਹੋਈ ਹੈ।

ਭਾਜਪਾ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਨੂੰ ਇਸ ਦਾ ਸਭ ਤੋਂ ਵੱਧ ਸੇਕ ਲੱਗਦਾ ਨਜ਼ਰ ਆ ਰਿਹਾ ਹੈ। ਪਾਰਟੀ ਪ੍ਰਧਾਨ ਸੁਖਬੀਰ ਬਾਦਲ ਦੀ ਥਾਂ-ਥਾਂ ਘੇਰੇਬੰਦੀ ਤੋਂ ਹਾਲਾਤ ਟਕਰਾਅ ਵਾਲੇ ਵੀ ਬਣ ਰਹੇ ਹਨ। ਮੋਗਾ ਵਿਚ ਅਕਾਲੀਆਂ ਦੀ ਰੈਲੀ ਰੋਕਣ ਗਏ ਕਿਸਾਨਾਂ ਉਤੇ ਪੁਲਿਸ ਵੱਲੋਂ ਕੀਤੇ ਲਾਠੀਚਾਰਜ ਨੇ ਮਾਹੌਲ ਨੂੰ ਹੋਰ ਭਖਾ ਦਿੱਤਾ ਹੈ। ਇਸ ਪਿੱਛੋਂ ਅਕਾਲੀ ਦਲ ਨੇ ਵੀ ਭਾਜਪਾ ਵਾਲੀ ਭਾਸ਼ਾ ਵਰਤਦਿਆਂ ਵਿਰੋਧ ਕਰਨ ਵਾਲਿਆਂ ਨੂੰ ਕਿਸਾਨਾਂ ਦੇ ਭੇਸ ਵਿਚ ਸਮਾਜ ਵਿਰੋਧੀ ਅਨਸਰ ਕਰਾਰ ਦੇ ਦਿੱਤਾ।

ਪੰਜਾਬ ਵਿਚ ਹਾਲਾਤ ਇਹ ਹਨ ਕਿ ਕਾਂਗਰਸ ਦੇ ਮੰਤਰੀਆਂ ਤੋਂ ਸਵਾਲ ਪੁੱਛਣ ਵਾਲੇ ਕਿਸਾਨਾਂ ਨੂੰ ਅਕਾਲੀ ਦਲ ਅਤੇ ਆਪ ਦੇ ਸਮਰਥਕ ਅਤੇ ਅਕਾਲੀ ਦਲ ਨੂੰ ਘੇਰਨ ਵਾਲਿਆਂ ਨੂੰ ਆਪ ਤੇ ਕਾਂਗਰਸੀ ਸਮਰਥਕ ਦੱਸਿਆ ਜਾ ਰਿਹਾ ਹੈ। ਅਸਲ ਵਿਚ, ਸਿਆਸੀ ਆਗੂ ਸੰਯੁਕਤ ਕਿਸਾਨ ਮੋਰਚੇ ਦੀ ਇਸ ਗੱਲ ਕਿ ਭਾਜਪਾ ਤੋਂ ਬਿਨਾ ਕਿਸੇ ਹੋਰ ਪਾਰਟੀ ਦੇ ਆਗੂਆਂ ਦਾ ਘਿਰਾਓ ਨਹੀਂ ਕੀਤਾ ਜਾਵੇਗਾ, ਨੂੰ ਢਾਲ ਬਣਾਉਣ ਦੀ ਕੋਸ਼ਿਸ਼ 'ਚ ਹਨ। ਹਾਲਾਂਕਿ ਕਿਸਾਨ ਆਗੂਆਂ ਨੇ ਇਹ ਅਪੀਲ ਵੀ ਕੀਤੀ ਹੈ ਕਿ ਦੋ-ਤਿੰਨ ਮਹੀਨੇ ਲਈ ਚੋਣ ਮੁਹਿੰਮ ਤੋਂ ਗੁਰੇਜ਼ ਕੀਤਾ ਜਾਵੇ ਪਰ ਸਿਆਸੀ ਧਿਰਾਂ ਅਜਿਹਾ ਸਬਰ ਕਰਨ ਦੀ ਮੂਡ ਵਿਚ ਨਹੀਂ ਹਨ। ਜਦ ਕਿਸਾਨ ਆਪਣੀਆਂ ਜਥੇਬੰਦੀਆਂ ਦੇ ਸੱਦੇ 'ਤੇ ਭਾਰਤੀ ਜਨਤਾ ਪਾਰਟੀ ਦੇ ਆਗੂਆਂ ਦੇ ਸਮਾਗਮਾਂ ਦਾ ਵਿਰੋਧ ਕਰਨ ਅਤੇ ਦੂਸਰੀਆਂ ਸਿਆਸੀ ਪਾਰਟੀਆਂ ਦੇ

(ਬਾਕੀ ਸਫਾ 6 ਉਤੇ)

India Palace Restaurant
And Banquet Hall
Restaurant-Fine Indian Cuisine
4213 Lafayette Road, Indianapolis, IN
(Ph:317-298-0773)
Banquet Hall Available Up to 550 People
Amber Indian Restaurant
Restaurant-Fine Indian Cuisine
12510 N. Meridian St.,
Carmel, IN
Ph: 317-580-0828
We do private party's & catering at your home or business.
Call, Lakhvir S. Johal
Ph: 317-709-7800
www.indianpalaceindy.com
www.AmberIndianRestaurantCarmel.com

Singh Auto Group
3983 ST RD 38E
Lafayette, IN 47905
Ph: 765-607-1300
www.singhautosgroup.com
Best Buy Motors
1805 Elmwood, Lafayette, IN 47904
Ph: 765-449-0490
Www.bestbuymotorsin.com
University Motors
3312 Klondike Rd, West Lafayette, IN 47906
Ph: 765-497-1100
Serving Indian American community over 30 years in Midwest for their auto needs.
ਕੋਈ ਵੀ ਗੱਡੀ ਖਰੀਦਣ ਜਾਂ ਵੇਚਣ ਲਈ ਕਾਲ ਕਰੋ:
Jaspal S. Ghotra: 765-337-5151

BIG BAZAAR
Grocery, Sweets & Catering
5425 E. Thompson Rd.
Indianapolis IN 46237
Buffet
Mon to Sat. 11am to 3pm
Sunday 2pm to 7pm
*Fresh Vegetables Every Thursday
*Book your catering now.
Ask for, Baljinder S. Ben
Ph: 317-640-2400
Like our Facebook page:
BigBazaarIndianGrocery

ੴ Now Open 7 Days a Week
Regal Jewels
Best Jewelry Selection in the Midwest
www.RegalJewels.com
24kt Gold, 22kt Gold, & Diamonds
Store Hours:
11 am to 8 pm
Contact:
Rajveer Singh Gill
Cell: 847-907-1525
Store: 773-262-4377
ਤੁਹਾਡੇ ਆਪਣੇ ਲੋਗ, ਆਪਣੀ ਭਾਸ਼ਾ, ਆਪਣੇ ਸਟੋਰ

# ਮੋਦੀ ਸਰਕਾਰ ਨੇ ਪੈਟਰੋਲੀਅਮ ਵਸਤਾਂ 'ਤੇ ਟੈਕਸਾਂ ਰਾਹੀਂ ਭਰੇ ਖਜ਼ਾਨੇ

**ਨਵੀਂ ਦਿੱਲੀ:** ਕੇਂਦਰ ਸਰਕਾਰ ਦੀ ਪੈਟਰੋਲੀਅਮ ਪਦਾਰਥਾਂ 'ਤੇ ਐਕਸਾਈਜ਼ ਡਿਊਟੀ ਵਸੂਲੀ ਮੌਜੂਦਾ ਵਿੱਤੀ ਵਰ੍ਹੇ ਦੇ ਪਹਿਲੇ ਚਾਰ ਮਹੀਨਿਆਂ 'ਚ 48 ਫੀਸਦ ਵਧ ਗਈ ਹੈ। ਇਸ ਦੌਰਾਨ ਹਾਸਲ ਹੋਇਆ ਵਾਧੂ ਐਕਸਾਈਜ਼ ਪੂਰੇ ਵਿੱਤੀ ਵਰ੍ਹੇ ਦੌਰਾਨ ਤੇਲ ਬਾਂਡ ਦੇਣਦਾਰੀ ਦਾ ਤਿੰਨ ਗੁਣਾ ਹੈ। ਕੇਂਦਰੀ ਵਿੱਤ ਮੰਤਰਾਲੇ ਤਹਿਤ ਆਉਂਦੇ ਕੰਟਰੋਲਰ ਜਨਰਲ ਆਫ ਅਕਾਊਂਟਸ ਦੇ ਅੰਕੜਿਆਂ ਮੁਤਾਬਕ ਅਪਰੈਲ-ਜੁਲਾਈ 2021 ਦੌਰਾਨ ਐਕਸਾਈਜ਼ ਡਿਊਟੀ ਵਸੂਲੀ ਇਕ ਲੱਖ ਕਰੋੜ ਰੁਪਏ ਤੋਂ ਵੱਧ ਹੋਈ ਹੈ ਜੋ ਪਿਛਲੇ ਵਿੱਤੀ ਵਰ੍ਹੇ ਦੇ ਇਸੇ ਸਮੇਂ ਦੌਰਾਨ 67,895 ਕਰੋੜ ਰੁਪਏ ਸੀ।

ਜੀ.ਐਸ.ਟੀ. ਲਾਗੂ ਹੋਣ ਮਗਰੋਂ ਐਕਸਾਈਜ਼ ਡਿਊਟੀ ਸਿਰਫ ਪੈਟਰੋਲ, ਡੀਜ਼ਲ, ਏ.ਟੀ.ਐਫ. ਅਤੇ ਕੁਦਰਤੀ ਗੈਸ 'ਤੇ ਲਾਈ ਜਾਂਦੀ ਹੈ। ਇਨ੍ਹਾਂ ਵਸਤਾਂ ਨੂੰ ਛੱਡ ਕੇ ਹੋਰ ਸਾਰੀਆਂ ਵਸਤਾਂ ਜੀ.ਐਸ.ਟੀ. ਦੇ ਘੇਰੇ ਅੰਦਰ ਹਨ। ਵਿੱਤੀ ਵਰ੍ਹੇ 2021-22 ਦੇ ਪਹਿਲੇ ਚਾਰ ਮਹੀਨਿਆਂ (ਅਪਰੈਲ ਤੋਂ ਜੁਲਾਈ) 'ਚ 32,492 ਕਰੋੜ ਰੁਪਏ ਦਾ ਵਾਧਾ ਦਰਜ ਹੋਇਆ ਜੋ ਪੂਰੇ ਸਾਲ ਦੀ ਤੇਲ ਬਾਂਡ ਦੇਣਦਾਰੀ ਯਾਨੀ 10 ਹਜ਼ਾਰ ਕਰੋੜ ਰੁਪਏ ਤੋਂ ਤਿੰਨ ਗੁਣਾ ਜ਼ਿਆਦਾ ਹੈ। ਕਾਂਗਰਸ ਦੀ ਅਗਵਾਈ ਹੇਠਲੀ ਯੂ.ਪੀ.ਏ. ਸਰਕਾਰ ਨੇ ਪੈਟਰੋਲੀਅਮ ਈਂਧਣ 'ਤੇ ਸਬਸਿਡੀ ਦੇਣ ਲਈ ਤੇਲ ਬਾਂਡ ਜਾਰੀ ਕੀਤੇ ਸਨ। ਸੂਤਰਾਂ ਮੁਤਾਬਕ ਵਿਕਰੀ 'ਚ ਤੇਜੀ ਨਾਲ ਮੌਜੂਦਾ ਵਿੱਤੀ ਵਰ੍ਹੇ 'ਚ ਵਸੂਲੀ ਇਕ ਲੱਖ ਕਰੋੜ ਰੁਪਏ ਤੋਂ ਜ਼ਿਆਦਾ ਵਧ ਸਕਦੀ ਹੈ। ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਨੇ ਪਿਛਲੇ ਦਿਨੀਂ ਕਿਹਾ ਸੀ ਕਿ ਬੀਤੇ ਕੁਝ ਸਾਲਾਂ 'ਚ ਈਂਧਣ 'ਤੇ ਦਿੱਤੀ ਗਈ ਭਾਰੀ ਸਬਸਿਡੀ ਦੀ ਇਵਜ਼ 'ਚ ਕੀਤੇ ਜਾ ਰਹੇ ਭੁਗਤਾਨ ਕਾਰਨ ਪੈਟਰੋਲ, ਡੀਜ਼ਲ ਦੀਆਂ ਕੀਮਤਾਂ 'ਚ ਕਮੀ ਦੀ ਜ਼ਿਆਦਾ ਗੁੰਜਾਇਸ਼ ਨਹੀਂ ਬਚੀ ਹੈ।





ਤੇਲ ਕੰਪਨੀਆਂ ਨੇ ਗੈਰਰਿਆਇਤੀ ਰਸੋਈ ਗੈਸ ਸਿਲੰਡਰਾਂ ਦੀ ਕੀਮਤ ਵਿਚ 25 ਰੁਪਏ ਵਾਧਾ ਕੀਤਾ ਹੈ। ਪਿਛਲੇ 15 ਦਿਨਾਂ ਵਿਚ ਰਸੋਈ ਗੈਸ ਸਿਲੰਡਰ ਦੀਆਂ ਕੀਮਤਾਂ ਵਿਚ ਇਹ ਦੂਜੀ ਵਾਰ ਕੀਤਾ ਗਿਆ ਵਾਧਾ ਹੈ। ਇਸ 'ਤੇ ਆਪਣਾ ਪ੍ਰਤੀਕਰਮ ਦਿੰਦਿਆਂ ਕਾਂਗਰਸੀ ਆਗੂ ਰਾਹੁਲ ਗਾਂਧੀ ਨੇ ਕਿਹਾ ਹੈ ਕਿ ਦੇਸ਼ ਦੀ ਅਰਥਵਿਵਸਥਾ ਵਿਚ 1990 ਦੇ ਦਸ਼ਕ ਵਾਲਾ ਨਿਘਾਰ ਆ ਰਿਹਾ ਹੈ ਤੇ ਅਰਥਵਿਵਸਥਾ ਵਿਚ ਸੁਧਾਰ ਲਈ ਨਵੇਂ ਮਾਪਦੰਡਾਂ ਦੀ ਲੋੜ ਹੈ। ਉਨ੍ਹਾਂ ਕਿਹਾ ਕਿ 1990 ਵਿਚ ਜਦੋਂ ਦੇਸ਼ ਦੀ ਅਰਥਵਿਵਸਥਾ ਡਗਮਗਾਈ ਸੀ ਤਾਂ ਕਾਂਗਰਸ ਨੇ ਦੇਸ਼ ਨੂੰ ਇਕ ਨਵੀਂ ਆਰਥਿਕ ਦਿਸ਼ਾ ਦਿੱਤੀ ਸੀ।

ਉਨ੍ਹਾਂ ਕਿਹਾ ਕਿ ਦੇਸ਼ ਦੀ ਹੇਠਾਂ ਡਿੱਗ ਰਹੀ ਅਰਥਵਿਵਸਥਾ ਦੀ ਸਭ ਤੋਂ ਵੱਡੀ ਨਿਸ਼ਾਨੀ ਇਹ ਹੈ ਕਿ ਕੁੱਲ ਘਰੇਲੂ ਉਤਪਾਦ ਘੱਟ ਰਿਹਾ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਘਬਰਾਏ ਹੋਏ ਹਨ ਤੇ ਉਨ੍ਹਾਂ ਨੂੰ ਸਮਝ ਨਹੀਂ ਆ ਰਹੀ ਕਿ ਅਰਥਵਿਵਸਥਾ ਵਿੱਚ ਸੁਧਾਰ ਲਈ ਕੀ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਅਰਥਵਿਵਸਥਾ ਵਿਚ ਸੁਧਾਰ ਲਈ ਕਾਂਗਰਸ ਨੂੰ ਪਤਾ ਹੈ ਕਿ ਕੀ ਕਰਨਾ ਚਾਹੀਦਾ ਹੈ ਤੇ ਇਸ ਸਬੰਧੀ ਕਾਂਗਰਸ ਪਾਰਟੀ ਦੇਸ਼ ਦੇ ਪ੍ਰਧਾਨ ਮੰਤਰੀ ਕੋਲ ਆਪਣੇ ਆਰਥਿਕ ਮਾਹਰ ਵੀ ਭੇਜ ਸਕਦੀ ਹੈ। ਉਨ੍ਹਾਂ ਕਿਹਾ ਕਿ 2014 ਤੋਂ ਲੈ ਕੇ ਹੁਣ ਤੱਕ ਰਸੋਈ ਗੈਸ ਦੀਆਂ ਕੀਮਤਾਂ 'ਚ 116 ਫੀਸਦ ਵਾਧਾ ਕੀਤਾ ਗਿਆ ਹੈ। ਇਸੇ ਤਰ੍ਹਾਂ ਪੈਟਰੋਲ ਦੀਆਂ ਕੀਮਤਾਂ 'ਚ 42 ਫੀਸਦ ਵਾਧਾ ਤੇ ਡੀਜ਼ਲ ਦੀਆਂ ਕੀਮਤਾਂ ਵਿਚ 55 ਫੀਸਦ ਵਾਧਾ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ 2014 'ਚ ਕਾਂਗਰਸ ਦੀ ਅਗਵਾਈ ਵਾਲੀ ਯੂ.ਪੀ.ਏ. ਸਰਕਾਰ ਸੱਤਾ ਤੋਂ ਲਾਂਭੇ ਹੋ ਗਈ ਸੀ ਤੇ ਭਾਜਪਾ ਸੱਤਾ 'ਤੇ ਕਾਬਜ਼ ਹੋ ਗਈ ਸੀ।


Desi Bazar
Under new management.
916 E. Main Street #118, Greenwood, IN, 46143
Tel: 317-888-2040, Fax: 317-887-6116
Lakhvir S. Johal, Ph: 317-709-7800
Help Wanted in the Kitchen
We specialize in all kind of Indian Groceries and Sweets
• FRESH VEGETABLES EVERY THURSDAY
• FRESH GOAT MEAT
10% off on all Gurudwara supplies and Religious programs!!
We Are Open 7 Days a Week
ਖੁਲ੍ਹਾ ਤੇ ਸਾਫ ਸੁਥਰਾ ਸਟੋਰ, ਪੰਜਾਬੀਆਂ ਦਾ ਮਾਣ ਦੇਸੀ ਬਾਜ਼ਾਰ

KULJEET (KJ) SINGH
Managing Broker Realtor
GAYA Realty
Interested in:
Buying Selling
Investing Renting
Gas Stations, Motels & Shopping Malls
ਜਾਇਦਾਦ ਖਰੀਦਣੀ ਹੋਵੇ, ਵੇਚਣੀ ਜਾਂ ਕਿਰਾਏ 'ਤੇ ਦੇਣੀ, ਜਾਇਦਾਦ 'ਤੇ ਪੈਸਾ ਲਾਉਣਾ ਹੋਵੇ, ਯਾਦ ਰੱਖੋ

Kuljeet Singh
Over 20 Years of Experience
Contact Information:
Cell: 224-305-3250
Email: ksingh4622@gmail.com
Serving All Chicagoland & Surrounding Suburbs
Looking for new agents.

Low Interest Rates in History
No Cost Refinancing Available!

Call Madan Khatri
Ph: 847-530-1550
Madan@MoonstarMortgage.com
IL and CA Mortgage Loan Licensee
We Works From Start to End!
Madan Khatri
NMLS # 1980752
Moonstar Mortgage Inc.
MOONSTAR Mortgage
953 Plum Grove Road, Unit B, Schaumburg, IL 60173

Ph: 224-678-7070
BEST FLOORING & CARPET LTD
2761 W. Algonquin Rd., Algonquin, IL 60102
ਖੁਸ਼ਖਬਰੀ ! ਖੁਸ਼ਖਬਰੀ ! ! ਖੁਸ਼ਖਬਰੀ ! ! !
ਅਲਗਾਨਕੁਇਨ, ਇਲੀਨਾਏ ਵਿਚ ਖੁੱਲ੍ਹ ਗਿਆ ਹੈ
ਨਵਾਂ ਕਾਰਪੈਟਸ ਸਟੋਰ
ਘਰਾਂ/ਦਫਤਰਾਂ ਅਤੇ ਹਰ ਤਰ੍ਹਾਂ ਦੇ ਮਕਾਨਾਂ ਵਿਚ ਵਧੀਆ ਕੁਆਲਟੀ ਦਾ ਕਾਰਪੈਟ
ਸਸਤੇ ਭਾਅ ਪੁਆਓ
ਨਵੇਂ ਡਿਜ਼ਾਈਨ ਦੇ ਰੰਗ ਹਰ ਕਵਾਲਿਟੀ ਵਿਚ

ਹਾਰਡਵੁੱਡ ਫਲੋਰ, ਹਰ ਤਰ੍ਹਾਂ ਦੇ ਫਲੋਰ ਉਪਲਬਧ

ਸਪੈਸ਼ਲ ਸੇਲ
ਆਰਡਰ ਕਰਨ ਦੇ ਅਗਲੇ ਹੀ ਦਿਨ ਕਾਰਪੈਟ ਪਾਵਾਂਗੇ
ਕਾਰਪੈਟ ਰਿਪੇਅਰ ਵੀ ਕਰਦੇ ਹਾਂ
Carpet, Waterproof Laminate, Luxury Vinyl Plank, Solid Wood, Engineer Wood & all other kinds of Floor work.
Give us call for free estimate.
ਫਰੀ ਐਸਟੀਮੇਟ ਲਈ ਅੱਜ ਹੀ ਕਾਲ ਕਰੋ:
ਪਰਮਵੀਰ ਸਿੰਘ, ਫੋਨ: 773-956-0718
Fax: 224-678-7131; Bestflooring13@gmail.com

ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ
ਫੋਨ (408) 687-1899
Gurdip Singh Sandhu
Homeopathic Practitioner/Consultant Since 1973
DHMS-Gold Medalist, BAMS, MDEh.- India
Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
EX Member: The California Homeopathic Society
National Center For Homeopathy- USA

Gurdip Singh Sandhu
Live on Jas TV
Saturday 9:30AM and Sunday 4PM (Pacific Time)
7021 Village Park Way, Dublin, CA 94568
Email: Homeomedicine@yahoo.com

# ਕਿਸਾਨੀ ਵਿਰੋਧ ਨੂੰ ਲੈ ਕੇ ਸਿਆਸੀ ਧਿਰਾਂ ਆਪਸ 'ਚ ਉਲਝੀਆਂ

**ਚੰਡੀਗੜ੍ਹ:** ਪੰਜਾਬ ਵਿਚ ਕਿਸਾਨਾਂ ਵੱਲੋਂ ਹੋ ਰਹੇ ਵਿਰੋਧ ਨੂੰ ਲੈ ਕੇ ਸੂਬੇ ਦੀਆਂ ਸਿਆਸੀ ਧਿਰਾਂ ਆਪਸ ਵਿਚ ਹੀ ਉਲਝ ਗਈਆਂ ਹਨ। ਸਿਆਸੀ ਧਿਰਾਂ ਵੱਲੋਂ ਇਸ ਵਿਰੋਧ ਲਈ ਇਕ-ਦੂਜੇ ਨੂੰ ਜ਼ਿੰਮੇਵਾਰ ਠਹਿਰਾਇਆ ਜਾ ਰਿਹਾ ਹੈ। ਮੋਗਾ ਵਿਚ ਸ਼੍ਰੋਮਣੀ ਅਕਾਲੀ ਦਲ ਵੱਲੋਂ 'ਗੱਲ ਪੰਜਾਬ ਦੀ' ਮੁਹਿੰਮ ਤਹਿਤ ਰੈਲੀ ਦੌਰਾਨ ਹੋਈ ਹਿੰਸਾ ਲਈ ਜ਼ਿੰਮੇਵਾਰ ਦੱਸੇ ਜਾਂਦੇ ਕਾਂਗਰਸ ਅਤੇ ਆਮ ਆਦਮੀ ਪਾਰਟੀ ਦੇ ਵਰਕਰਾਂ ਦੇ ਨਾਂਵਾਂ ਵਾਲੀ ਸੂਚੀ ਵਾਇਰ ਕੀਤੀ ਗਈ ਹੈ।



ਇਸ ਸੂਚੀ ਵਿਚ ਕਾਂਗਰਸ ਅਤੇ 'ਆਪ' ਵਰਕਰਾਂ ਦੇ ਨਾਂ ਅਤੇ ਪਤੇ ਦਰਜ ਹਨ। ਲਾਠੀਚਾਰਜ ਮੁੱਦੇ 'ਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਸੁਖਬੀਰ ਬਾਦਲ ਆਹਮੋ-ਸਾਹਮਣੇ ਹੋਣ ਮਗਰੋਂ ਸਥਾਨਕ ਪੁਲਿਸ ਇਸ ਸੂਚੀ ਤੇ ਮਾਮਲੇ ਦੀ ਅੰਦਰੂਨੀ ਪੜਤਾਲ 'ਚ ਜੁਟ ਗਈ ਹੈ। ਸ਼੍ਰੋਮਣੀ ਅਕਾਲੀ ਦਲ ਵੱਲੋਂ ਸੂਬੇ ਦੇ ਨਾਰਾਜ਼ ਕਿਸਾਨਾਂ ਨਾਲ ਗੱਲਬਾਤ ਕਰਨ ਲਈ ਬਣਾਏ ਗਏ ਪੈਨਲ ਦੀ ਖਿੱਲੀ ਉਡਾਉਂਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਕੋਈ ਵੀ ਗੱਲਬਾਤ ਬਾਦਲਾਂ ਨੂੰ ਗੈਰ-ਜਮਹੂਰੀ ਖੇਤੀ ਕਾਨੂੰਨ ਥੋਪਣ ਵਿਚ ਨਿਭਾਈ ਜ਼ਿੰਮੇਵਾਰੀ ਤੋਂ ਮੁਕਤ ਨਹੀਂ ਕਰ ਸਕਦੀ। ਮੁੱਖ ਮੰਤਰੀ ਨੇ ਕਿਹਾ ਕਿ ਬਾਦਲ ਜਿੱਥੇ ਇਸ ਸਾਰੀ ਸਮੱਸਿਆ ਦੀ ਜੜ੍ਹ ਹਨ, ਉਥੇ ਹੀ ਕੇਂਦਰ ਸਰਕਾਰ ਦੇ ਕਿਸਾਨ ਵਿਰੋਧੀ ਏਜੰਡੇ ਦੀ ਸਾਜ਼ਿਸ਼ ਵਿਚ ਵੀ ਇਨ੍ਹਾਂ ਦੀ ਮਿਲੀਭੁਗਤ ਸੀ, ਜਿਸ ਕਰਕੇ ਅਕਾਲੀ ਆਗੂ ਮੁਆਫੀ ਦੇ ਲਾਇਕ ਨਹੀਂ ਹਨ।

ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਕਿਸਾਨਾਂ ਪ੍ਰਤੀ ਅਕਾਲੀਆਂ ਦੇ ਰਵੱਈਏ ਦੀ ਮਿਸਾਲ ਤਾਂ ਇਸ ਗੱਲ ਤੋਂ ਮਿਲ ਜਾਂਦੀ ਹੈ ਕਿ ਹੁਣ ਵੀ ਕਿਸਾਨਾਂ ਦੀ ਪੀੜਾ ਤੇ ਵੇਦਨਾ ਦਾ ਅਹਿਸਾਸ ਕਰਨ ਦੀ ਜਗ੍ਹਾ ਸੁਖਬੀਰ ਪ੍ਰਦਰਸ਼ਨਕਾਰੀਆਂ ਨੂੰ ਕਿਸਾਨ ਮੰਨਣ ਤੋਂ ਹੀ ਇਨਕਾਰੀ ਹੋ ਰਹੇ ਹਨ।

ਉਧਰ, ਸੁਖਬੀਰ ਬਾਦਲ ਨੇ ਕਿਹਾ ਕਿ ਮੋਗਾ ਹਿੰਸਾ ਲਈ ਕਾਂਗਰਸ ਤੇ 'ਆਪ' ਜ਼ਿੰਮੇਵਾਰ ਹੈ। ਸਾਡੇ ਲਈ ਪੰਜਾਬ ਦੀ ਅਮਨ-ਸ਼ਾਂਤੀ ਅਤੇ ਆਪਸੀ ਭਾਈਚਾਰਾ ਸਭ ਤੋਂ ਵੱਧ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਕਿਸਾਨੀ ਸੰਘਰਸ਼ ਨੂੰ ਢਾਹ ਲਾਉਣ ਲਈ ਕੇਂਦਰ ਰਾਸ਼ਟਰਪਤੀ ਸ਼ਾਸਨ ਲਾਉਣ ਦੀ ਸਾਜ਼ਿਸ਼ ਰਚ ਰਿਹਾ ਹੈ। ਕਾਂਗਰਸ ਅਤੇ 'ਆਪ' ਵੱਲੋਂ ਪੰਜਾਬ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਭਾਜਪਾ ਦੇ ਇਸ਼ਾਰੇ 'ਤੇ ਕੈਪਟਨ ਪੰਜਾਬ ਵਿਚ ਗਵਰਨਰ ਰਾਜ ਲਾਉਣ ਦੀ ਸਾਜ਼ਿਸ਼ ਕਰ ਰਹੇ ਹਨ। ਇਸ ਦੇ ਨਾਲ ਹੀ ਉਨ੍ਹਾਂ ਮੋਗਾ 'ਚ ਹਿੰਸਾ ਕਰਨ ਵਾਲੇ ਕਾਂਗਰਸ ਅਤੇ 'ਆਪ' ਵਰਕਰਾਂ ਦੇ ਨਾਂ ਅਤੇ ਪਤੇ ਦੀ ਲਿਸਟ ਜਾਰੀ ਕੀਤੀ ਹੈ। ਸੁਖਬੀਰ ਨੇ ਕਿਹਾ ਕਿ ਕਾਂਗਰਸ ਕਿਸਾਨ ਅੰਦੋਲਨ ਨੂੰ ਬਦਨਾਮ ਕਰਨਾ ਚਾਹੁੰਦੀ ਹੈ।

ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਦੇ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਹੈ ਕਿ ਪੰਜਾਬ ਵਿਚ ਹੋ ਰਹੀਆਂ ਹਿੰਸਕ ਘਟਨਾਵਾਂ ਲਈ ਸਿਆਸੀ ਪਾਰਟੀਆਂ ਜ਼ਿੰਮੇਵਾਰ ਹਨ। ਉਨ੍ਹਾਂ ਦੋਸ਼ ਲਾਇਆ ਕਿ ਸਿਆਸੀ ਧਿਰਾਂ ਆਪਣੇ ਹਿੱਤਾਂ ਲਈ ਕਿਸਾਨੀ ਦਾ ਝੰਡਾ ਚੁੱਕ ਕੇ ਹੋਰ ਪਾਰਟੀਆਂ ਦੇ ਆਗੂਆਂ ਦਾ ਵਿਰੋਧ ਕਰ ਰਹੀਆਂ ਹਨ ਜਿਸ ਨਾਲ ਪਿੰਡਾਂ ਵਿਚ ਟਕਰਾਅ ਪੈਦਾ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਸਿਆਸੀ ਪਾਰਟੀਆਂ ਨੇ ਅੱਜ ਤੱਕ ਲੋਕ ਪੱਖੀ ਕੋਈ ਕੰਮ ਨਹੀਂ ਕੀਤੇ ਹਨ। 'ਪਿੰਡਾਂ ਵਿਚ ਆਪਣੀ ਸਿਆਸੀ ਜ਼ਮੀਨ ਲੱਭਣ ਲਈ ਉਨ੍ਹਾਂ ਚੋਣ ਸਰਗਰਮੀਆਂ ਪਹਿਲਾਂ ਹੀ ਸ਼ੁਰੂ ਕਰ ਦਿੱਤੀਆਂ ਹਨ, ਜਿਸ ਦਾ ਲੋਕ ਵਿਰੋਧ ਕਰ ਰਹੇ ਹਨ।' ਸ੍ਰੀ ਰਾਜੇਵਾਲ ਨੇ ਸਿਆਸੀ ਪਾਰਟੀਆਂ ਦੇ ਆਗੂਆਂ ਨੂੰ ਅਪੀਲ ਕੀਤੀ ਹੈ ਕਿ ਉਹ ਚੋਣ ਪ੍ਰਚਾਰ ਕਰਨ ਦੀ ਥਾਂ 'ਤੇ ਕਿਸਾਨਾਂ ਦੇ ਮੁੱਦੇ ਨੂੰ ਕੇਂਦਰ ਸਰਕਾਰ ਤੱਕ ਪਹੁੰਚਾਉਣ ਤਾਂ ਜੋ ਖੇਤੀ ਕਾਨੂੰਨਾਂ ਖਿਲਾਫ ਸਰਕਾਰ 'ਤੇ ਦਬਾਅ ਬਣਾਇਆ ਜਾ ਸਕੇ।

ਉਨ੍ਹਾਂ ਸਪੱਸ਼ਟ ਕੀਤਾ ਕਿ ਸੰਯੁਕਤ ਕਿਸਾਨ ਮੋਰਚੇ ਵੱਲੋਂ ਸਿਰਫ ਭਾਜਪਾ ਦਾ ਘਿਰਾਓ ਕਰਨ ਅਤੇ ਹੋਰਨਾਂ ਸਿਆਸੀ ਪਾਰਟੀਆਂ ਦੇ ਆਗੂਆਂ ਨੂੰ ਸਵਾਲ ਪੁੱਛਣ ਦਾ ਹੀ ਸੱਦਾ ਦਿੱਤਾ ਗਿਆ ਹੈ ਪਰ ਸਿਆਸੀ ਪਾਰਟੀਆਂ ਵੱਲੋਂ ਜਾਣ-ਬੁੱਝ ਕੇ ਪਿੰਡਾਂ ਵਿਚ ਜਾ ਕੇ ਕਿਸਾਨਾਂ ਨੂੰ ਛੇੜਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜਦੋਂ ਸਿਆਸੀ ਆਗੂ ਕਿਸਾਨਾਂ ਦੇ ਸਵਾਲਾਂ ਦੇ ਜਵਾਬ ਨਹੀਂ ਦਿੰਦੇ ਹਨ ਤਾਂ ਲੋਕ ਉਨ੍ਹਾਂ ਦਾ ਵਿਰੋਧ ਕਰਦੇ ਹਨ।

## ਖੇਤੀ ਕਾਨੂੰਨਾਂ ਲਈ ਅਕਾਲੀ ਦਲ ਜ਼ਿੰਮੇਵਾਰ: ਕੈਪਟਨ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਕੋਈ ਵੀ ਗੱਲਬਾਤ ਬਾਦਲਾਂ ਨੂੰ ਕਿਸਾਨ ਭਾਈਚਾਰੇ 'ਤੇ ਗੈਰ-ਜਮਹੂਰੀ ਖੇਤੀ ਕਾਨੂੰਨ ਥੋਪਣ 'ਚ ਨਿਭਾਈ ਭੂਮਿਕਾ ਤੋਂ ਮੁਕਤ ਨਹੀਂ ਕਰ ਸਕਦੀ। ਬਾਦਲ ਜਿੱਥੇ ਇਸ ਸਾਰੀ ਸਮੱਸਿਆ ਦੀ ਜੜ੍ਹ ਹਨ, ਉਥੇ ਹੀ ਕੇਂਦਰ ਸਰਕਾਰ ਦੇ ਕਿਸਾਨ ਵਿਰੋਧੀ ਏਜੰਡੇ ਦੀ ਸਾਜ਼ਿਸ਼ ਵਿਚ ਵੀ ਇਨ੍ਹਾਂ ਦੀ ਮਿਲੀਭੁਗਤ ਸੀ ਜਿਸ ਕਰ ਕੇ ਅਕਾਲੀ ਨਾ ਤਾਂ ਕਿਸਾਨਾਂ ਨਾਲ ਸਮਝ ਪੈਦਾ ਕਰਨ ਜਾਂ ਮੁਆਫੀ ਮੰਗਣ ਦੇ ਲਾਇਕ ਹਨ ਅਤੇ ਨਾ ਹੀ ਇਸ ਦੀ ਕੋਈ ਆਸ ਰੱਖ ਸਕਦੇ ਹਨ।

## ਸੁਖਬੀਰ ਕਿਸਾਨਾਂ ਨੂੰ ਧਮਕਾਉਣਾ ਬੰਦ ਕਰੇ: ਬੀਰ ਦਵਿੰਦਰ

**ਫਤਹਿਗੜ੍ਹ ਸਾਹਿਬ:** ਪੰਜਾਬ ਵਿਧਾਨ ਸਭਾ ਦੇ ਸਾਬਕਾ ਡਿਪਟੀ ਸਪੀਕਰ ਬੀਰ ਦਵਿੰਦਰ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਸਾਹਨੇਵਾਲ ਦੀ ਰੈਲੀ ਵਿਚ ਕਿਸਾਨਾਂ ਨੂੰ ਦਿੱਤੀ ਗਈ ਧਮਕੀ ਮੰਦਭਾਗੀ ਹੈ। ਉਨ੍ਹਾਂ ਕਿਹਾ ਕਿ ਬਾਦਲ ਨੂੰ ਸੰਘਰਸ਼ੀ ਕਿਸਾਨਾਂ ਖਿਲਾਫ ਅਜਿਹੇ ਭੜਕਾਊ ਬਿਆਨ ਨਹੀਂ ਦੇਣੇ ਚਾਹੀਦੇ। ਬੀਰ ਦਵਿੰਦਰ ਨੇ ਕਿਹਾ ਕਿ ਇਕ ਪਾਸੇ ਕਿਸਾਨ ਖੇਤੀ ਕਾਨੂੰਨਾਂ ਖਿਲਾਫ ਦਿਨ-ਰਾਤ ਸੰਘਰਸ਼ ਕਰ ਰਹੇ ਹਨ, ਦੂਜੇ ਪਾਸੇ ਸੁਖਬੀਰ ਬਾਦਲ ਪੰਜਾਬ ਦੀ ਮੁੱਖ ਮੰਤਰੀ ਦੀ ਕੁਰਸੀ 'ਤੇ ਬੈਠਣ ਲਈ ਤਰਲੋਮੱਛੀ ਹੋ ਰਿਹਾ ਹੈ।

# ਮੁਜ਼ੱਫਰਨਗਰ ਮਹਾ ਪੰਚਾਇਤ ਨਾਲ ਕਿਸਾਨਾਂ ਦੇ ਹੌਸਲੇ ਬੁਲੰਦ ਹੋਏ

**ਚੰਡੀਗੜ੍ਹ:** ਕੇਂਦਰੀ ਖੇਤੀ ਕਾਨੂੰਨਾਂ ਖ਼ਿਲਾਫ ਪੰਜਾਬ ਵਿਚ 32 ਕਿਸਾਨ ਜਥੇਬੰਦੀਆਂ ਦੀ ਅਗਵਾਈ ਹੇਠ ਟੌਲ ਪਲਾਜ਼ਿਆਂ, ਰੇਲਵੇ ਪਾਰਕਾਂ, ਪੂੰਜੀਪਤੀ ਘਰਾਣਿਆਂ ਦੇ ਕਾਰੋਬਾਰੀ ਟਿਕਾਣਿਆਂ, ਪੈਟਰੋਲ ਪੰਪਾਂ ਅਤੇ ਭਾਜਪਾ ਆਗੂਆਂ ਦੇ ਘਰਾਂ/ਦਫਤਰਾਂ ਮੂਹਰੇ ਰੋਸ ਪ੍ਰਦਰਸ਼ਨ ਜਾਰੀ ਹਨ। ਇਸ ਦੌਰਾਨ ਧਰਨੇ 'ਤੇ ਬੈਠੇ ਕਿਸਾਨਾਂ ਦੀ ਸੁਰਤ ਸੋਸ਼ਲ ਮੀਡੀਆ ਰਾਹੀਂ ਮੁਜ਼ੱਫਰਨਗਰ ਕਿਸਾਨ ਮਹਾ ਪੰਚਾਇਤ ਨਾਲ ਜੁੜੀ ਰਹੀ।

ਕਿਸਾਨ ਮਹਾ ਪੰਚਾਇਤ ਵਿਚ ਲੱਖਾਂ ਦੀ ਗਿਣਤੀ ਵਿਚ ਕਿਸਾਨਾਂ ਦਾ ਇਕੱਠ ਵੇਖ ਪੰਜਾਬ ਅਤੇ ਹਰਿਆਣਾ ਵਿਚ ਧਰਨਾ ਦੇ ਰਹੇ ਅੰਦੋਲਨਕਾਰੀਆਂ ਦੇ ਹੌਸਲੇ ਬੁਲੰਦ ਹੋ ਗਏ। ਆਗੂਆਂ ਨੇ ਕਿਹਾ ਕਿ ਕਿਸਾਨ ਮਹਾ ਪੰਚਾਇਤ ਵਿਚ 300 ਤੋਂ ਵੱਧ ਕਿਸਾਨ ਜਥੇਬੰਦੀਆਂ ਅਤੇ 17 ਸੂਬਿਆਂ ਤੋਂ ਪਹੁੰਚੇ ਵੱਡੀ ਗਿਣਤੀ ਵਿਚ ਕਿਸਾਨਾਂ ਨੇ ਅੰਦੋਲਨ ਦੇ ਦੇਸ਼-ਵਿਆਪੀ ਹੋਣ 'ਤੇ ਪੱਕੀ ਮੋਹਰ ਲਗਾ ਦਿੱਤੀ ਹੈ।

ਕਿਸਾਨਾਂ ਦੇ ਇਸ ਇਕੱਠ ਨੂੰ ਵੇਖਦਿਆਂ ਕਿਸਾਨ ਵਿਰੋਧੀਆਂ ਦਾ ਮੂੰਹ ਪੱਕੇ ਤੌਰ 'ਤੇ ਬੰਦ ਹੋ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਮੁਜ਼ੱਫਰਨਗਰ ਕਿਸਾਨ ਮਹਾ ਪੰਚਾਇਤ ਵਿਚ ਹੋਏ ਇਕੱਠ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਖੇਤੀ ਕਾਨੂੰਨ ਕਿਸਾਨ ਪੱਖੀ ਹਨ ਜਾਂ ਕਿਸਾਨ ਵਿਰੋਧੀ ਹਨ ਅਤੇ ਇਹ ਗੱਲ ਕੇਂਦਰ ਸਰਕਾਰ ਨੂੰ ਵੀ ਸਮਝ ਲੈਣੀ ਚਾਹੀਦੀ ਹੈ, ਜੋ ਪੂੰਜੀਪਤੀਆਂ ਦੇ ਹੱਕ ਵਿਚ ਦੇਸ਼ ਦੇ ਅੰਨਦਾਤਾ ਨੂੰ ਖਤਮ ਕਰਨ ਲੱਗੀ ਹੋਈ ਹੈ। ਕਿਸਾਨ ਜਥੇਬੰਦੀਆਂ ਪਿਛਲੇ ਨੌਂ ਮਹੀਨੇ ਤੋਂ ਕਾਨੂੰਨ ਰੱਦ ਕਰਵਾਉਣ ਲਈ ਦਿੱਲੀ ਦੀਆਂ ਹੱਦਾਂ 'ਤੇ ਸੰਘਰਸ਼ ਕਰ ਰਹੀਆਂ ਹਨ ਅਤੇ ਉਹ ਕਾਨੂੰਨ ਰੱਦ ਕਰਵਾਏ ਬਿਨਾਂ ਘਰ ਵਾਪਸੀ ਨਹੀਂ ਕਰਨਗੀਆਂ।

ਪੰਜਾਬ ਵਿਚ 125 ਥਾਵਾਂ 'ਤੇ ਚੱਲ ਰਹੇ ਕਿਸਾਨ ਧਰਨਿਆਂ ਵਿਚ ਅਧਿਆਪਕ ਦਿਵਸ ਮੌਕੇ 'ਸਮਾਜ ਵਿਚ ਅਧਿਆਪਕ ਦੀ ਅਹਿਮ ਭੂਮਿਕਾ' ਬਾਰੇ ਵਿਚਾਰ-ਚਰਚਾ ਕੀਤੀ। ਉਨ੍ਹਾਂ ਕਿਹਾ ਕਿ ਕਿਸਾਨਾਂ ਵਾਂਗ ਅਧਿਆਪਕਾਂ ਨੂੰ ਵੀ ਸਮਾਜ ਦੀਆਂ ਬੁਰਾਈਆਂ ਨਾਲ ਅਤੇ ਸਰਕਾਰਾਂ ਨਾਲ ਲੜਨਾ ਪੈਂਦਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਅਧਿਆਪਕਾਂ ਦਾ ਸਨਮਾਨ ਕਰਨ ਦੀ ਬਜਾਏ ਨਿੱਤ ਡਾਂਗਾਂ ਵ੍ਹਰਾ ਰਹੀ ਹੈ। ਆਗੂਆਂ ਨੇ ਅਧਿਆਪਕਾਂ ਦੇ ਘੋਲ ਦੀ ਹਮਾਇਤ ਕੀਤੀ। ਕਿਸਾਨ ਆਗੂਆਂ ਨੇ ਪਿਛਲੇ ਦਿਨੀਂ ਮੋਗਾ ਵਿਚ ਕਿਸਾਨਾਂ 'ਤੇ ਲਾਠੀਚਾਰਜ ਕਰਕੇ ਪੁਲਿਸ ਕੇਸ ਦਰਜ ਕਰਨ ਦੀ ਨਿਖੇਧੀ ਕੀਤੀ। ਉਨ੍ਹਾਂ ਕਿਹਾ ਕਿ ਕਿਸਾਨਾਂ ਦੀ ਸਮਰਥਕ ਹੋਣ ਦਾ ਦਾਅਵਾ ਕਰਨ ਵਾਲੀ ਪੰਜਾਬ ਸਰਕਾਰ ਨੇ ਕਿਸਾਨਾਂ ਖਿਲਾਫ ਕੇਸ ਦਰਜ ਕਰਕੇ ਆਪਣਾ ਕਿਸਾਨ ਵਿਰੋਧੀ ਚਿਹਰਾ ਸਭ ਦੇ ਸਾਹਮਣੇ ਲਿਆ ਦਿੱਤਾ ਹੈ।

## ਕਿਸਾਨਾਂ ਨਾਲ ਗੱਲਬਾਤ ਲਈ ਵਚਨਬੱਧਤਾ ਦੁਹਰਾਈ

**ਨਵੀਂ ਦਿੱਲੀ:** ਕਿਸਾਨਾਂ ਵੱਲੋਂ ਖੇਤੀ ਕਾਨੂੰਨਾਂ ਖਿਲਾਫ ਕੀਤੇ ਜਾ ਰਹੇ ਸੰਘਰਸ਼ ਦੇ ਮੱਦੇਨਜ਼ਰ ਕੇਂਦਰ ਸਰਕਾਰ ਨੇ ਆਪਣਾ ਪੱਖ ਸਪਸ਼ਟ ਕਰਦਿਆਂ ਕਿਹਾ ਹੈ ਕਿ ਉਹ ਕਿਸਾਨਾਂ ਨਾਲ ਗੱਲਬਾਤ ਲਈ ਹਮੇਸ਼ਾ ਤਿਆਰ ਹੈ। ਕੇਂਦਰੀ ਸੂਚਨਾ ਤੇ ਪ੍ਰਸਾਰ ਮੰਤਰੀ ਅਨੁਰਾਗ ਠਾਕੁਰ ਦਾ ਇਹ ਬਿਆਨ ਉਸ ਸਮੇਂ ਸਾਹਮਣੇ ਆਇਆ ਹੈ ਜਦੋਂ ਅੱਜ ਦੀ ਮੁਜ਼ੱਫਰਨਗਰ ਮਹਾਪੰਚਾਇਤ ਵਿਚ ਕਿਸਾਨ ਆਗੂ ਰਕੇਸ਼ ਟਿਕੈਤ ਨੇ ਐਲਾਨ ਕੀਤਾ ਹੈ ਕਿ ਖੇਤੀ ਕਾਨੂੰਨਾਂ ਨੂੰ ਲੈ ਕੇ ਮੋਦੀ ਸਰਕਾਰ ਖਿਲਾਫ ਪ੍ਰਚਾਰ ਮੁਹਿੰਮ ਨੂੰ ਹੋਰ ਵੀ ਤੇਜ਼ ਕੀਤਾ ਜਾਵੇਗਾ। ਸ੍ਰੀ ਠਾਕੁਰ ਨੇ ਕਿਹਾ ਕਿ ਖੇਤੀ ਕਾਨੂੰਨਾਂ ਨੂੰ ਲੈ ਕੇ ਸਰਕਾਰ ਕਿਸਾਨਾਂ ਨਾਲ ਗੱਲਬਾਤ ਲਈ ਤਿਆਰ ਹੈ।

# ਸੰਘਰਸ਼ੀ ਅਖਾੜਿਆਂ ਵਿਚ ਮੋਗਾ ਲਾਠੀਚਾਰਜ ਦਾ ਮੁੱਦਾ ਭਖਿਆ

**ਚੰਡੀਗੜ੍ਹ:** ਮੋਗਾ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਦੀ ਰੈਲੀ ਦਾ ਵਿਰੋਧ ਕਰਨ ਜਾ ਰਹੇ ਕਿਸਾਨਾਂ 'ਤੇ ਪੁਲਿਸ ਵੱਲੋਂ ਕੀਤੇ ਗਏ ਲਾਠੀਚਾਰਜ ਖਿਲਾਫ ਵੱਖ-ਵੱਖ ਜਥੇਬੰਦੀਆਂ ਵਿਚ ਭਾਰੀ ਰੋਸ ਹੈ। ਪੰਜਾਬ ਵਿਚ 32 ਕਿਸਾਨ ਜਥੇਬੰਦੀਆਂ ਵੱਲੋਂ ਪਿਛਲੇ 11 ਮਹੀਨਿਆਂ ਦੇ ਵੱਧ ਸਮੇਂ ਤੋਂ ਸਵਾ ਸੌ ਥਾਵਾਂ 'ਤੇ ਚੱਲ ਰਹੇ ਧਰਨਿਆਂ ਦੌਰਾਨ ਮੋਗਾ ਦੇ ਪੁਲਿਸ ਲਾਠੀਚਾਰਜ ਦਾ ਮੁੱਦਾ ਭਾਰੂ ਰਿਹਾ। ਬੁਲਾਰਿਆਂ ਨੇ ਪੰਜਾਬ ਪੁਲਿਸ ਵੱਲੋਂ ਮੋਗਾ 'ਚ ਕਿਸਾਨਾਂ 'ਤੇ ਕੀਤੇ ਲਾਠੀਚਾਰਜ ਦੀ ਨਿਖੇਧੀ ਕੀਤੀ। ਉਨ੍ਹਾਂ ਕਿਹਾ ਕਿ ਕੁਝ ਦਿਨ ਪਹਿਲਾਂ ਹਰਿਆਣਾ ਪੁਲਿਸ ਵੱਲੋਂ ਅੰਨ੍ਹੇਵਾਹ ਕੀਤੇ ਗਏ ਲਾਠੀਚਾਰਜ ਮਗਰੋਂ ਪੰਜਾਬ ਪੁਲਿਸ ਵੀ ਉਹੀ ਵਰਤਾਰਾ ਦੁਹਰਾ ਰਹੀ ਹੈ।



ਬੁਲਾਰਿਆਂ ਨੇ ਕਿਹਾ ਕਿ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੂੰ ਡਾਇਰ ਕਹਿਣ ਵਾਲੇ ਕੈਪਟਨ ਅਮਰਿੰਦਰ ਸਿੰਘ ਖੁਦ ਵੀ ਉਸੇ ਰਾਹ 'ਤੇ ਚੱਲ ਪਏ ਹਨ। ਉਨ੍ਹਾਂ ਕਿਹਾ ਕਿ ਚਾਹੇ ਕਾਂਗਰਸ ਹੋਵੇ, ਅਕਾਲੀ ਹੋਣ ਜਾਂ ਭਾਜਪਾ, ਸਾਰੀਆਂ ਸਿਆਸੀ ਪਾਰਟੀਆਂ ਦੀ ਨੀਤੀ ਇਕੋ ਹੀ ਹੈ। ਸਾਰੇ ਹੀ ਕਾਰਪੋਰੇਟ ਪੱਖੀ ਖੁੱਲ੍ਹੀ ਮੰਡੀ ਦੇ ਸਿਧਾਂਤ ਦੇ ਪੈਰੋਕਾਰ ਹਨ ਅਤੇ ਕਾਰਪੋਰੇਟਾਂ ਦੇ ਹਿੱਤਾਂ ਦੇ ਰਖਵਾਲੇ ਹਨ। ਬੁਲਾਰਿਆਂ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਝੋਨੇ ਦੀ ਖਰੀਦ ਲਈ ਜੋ ਨਵੇਂ ਮਾਪਦੰਡ ਤੈਅ ਕੀਤੇ ਹਨ, ਉਸ ਅਨੁਸਾਰ ਝੋਨੇ ਦੀ ਇਕ ਢੇਰੀ ਵੀ ਵੇਚਣੀ ਮੁਸ਼ਕਲ ਹੋ ਜਾਵੇਗੀ। ਝੋਨੇ ਵਿਚ ਨਮੀ, ਟੋਟੇ ਤੇ ਬਦਰੰਗ ਦਾਣਿਆਂ ਦੀ ਪ੍ਰਤੀਸ਼ਤਤਾ ਬਾਰੇ ਮਾਪਦੰਡ ਪਹਿਲਾਂ ਹੀ ਬਹੁਤ ਸਖਤ ਹਨ, ਜਿਨ੍ਹਾਂ ਨੂੰ ਸਰਕਾਰ ਹੋਰ ਸਖਤ ਕਰਨ ਦੀ ਤਜਵੀਜ਼ ਲੈ ਕੇ ਆਈ ਹੈ। ਉਨ੍ਹਾਂ ਕਿਹਾ ਕਿ ਕਿਸਾਨ ਸਰਕਾਰ ਦਾ ਇਹ ਫਰਮਾਨ ਲਾਗੂ ਨਹੀਂ ਹੋਣ ਦੇਣਗੇ।

ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਨੇ ਮੋਗਾ ਵਿੱਚ ਸੁਖਬੀਰ ਬਾਦਲ ਦੀ ਸਿਆਸੀ ਰੈਲੀ ਮੌਕੇ ਸਵਾਲ ਪੁੱਛਣ ਜਾ ਰਹੇ ਕਿਸਾਨਾਂ 'ਤੇ ਪੁਲਿਸ ਵੱਲੋਂ ਲਾਠੀਚਾਰਜ ਕਰਨ, ਪੱਗਾਂ ਲਾਹੁਣ ਅਤੇ ਝੂਠੇ ਕੇਸ ਦਰਜ ਕਰਨ ਤੋਂ ਇਲਾਵਾ ਇਸ ਧੱਕੇਸ਼ਾਹੀ ਦੀ ਕਵਰੇਜ ਕਰ ਰਹੇ ਮੀਡੀਆ ਕਰਮੀਆਂ ਨੂੰ ਵੀ ਧੱਕਾ-ਮੁੱਕੀ ਕਰਨ ਦੀ ਸਖਤ ਨਿਖੇਧੀ ਕੀਤੀ।

ਕਿਸਾਨ ਆਗੂਆਂ ਨੇ ਕਿਹਾ ਕਿ ਮੋਗੇ ਵਿਚ ਕਿਸਾਨਾਂ ਦੇ ਰੋਸ ਵਿਖਾਵੇ ਤੋਂ ਬੁਖਲਾਏ ਅਕਾਲੀਆਂ ਵੱਲੋਂ ਕਿਸਾਨਾਂ 'ਤੇ ਹਮਲਾ ਅਤੇ ਪੁਲਿਸ ਵੱਲੋਂ ਹਮਲਾਵਰਾਂ ਵਿਰੁੱਧ ਕਾਰਵਾਈ ਕਰਨ ਦੀ ਬਜਾਏ ਸ਼ਾਂਤਮਈ ਤਰੀਕੇ ਨਾਲ ਪ੍ਰਦਰਸ਼ਨ ਲਈ ਇਕੱਠੇ ਹੋਏ ਕਿਸਾਨਾਂ 'ਤੇ ਬੇਤਹਾਸ਼ਾ ਲਾਠੀਚਾਰਜ ਨਾਗਰਿਕਾਂ ਦੇ ਜਮਹੂਰੀ ਹੱਕ ਦਾ ਘਾਣ ਹੈ। ਉਨ੍ਹਾਂ ਪੁਲਿਸ ਕਰਮਚਾਰੀਆਂ ਖਿਲਾਫ ਕਾਨੂੰਨੀ ਕਾਰਵਾਈ ਦੀ ਮੰਗ ਕੀਤੀ।

ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਨੇ ਮੋਗਾ 'ਚ ਪੁਲਿਸ ਵੱਲੋਂ ਕਿਸਾਨਾਂ 'ਤੇ ਤਸ਼ੱਦਦ ਦੀ ਨਿਖੇਧੀ ਕੀਤੀ ਹੈ। ਯੂਨੀਅਨ ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਕਿਹਾ ਕਿ ਕਰਨਾਲ ਕਾਂਡ ਦੇ ਮੋਗਾ 'ਚ ਦੁਹਰਾਓ ਨੇ ਸਰਮਾਏਦਾਰਾਂ ਤੇ ਸਿਆਸਤਦਾਨਾਂ ਦੀ ਆਪਸੀ ਸਾਂਝ ਨੂੰ ਇਕ ਵਾਰ ਫਿਰ ਸਾਬਤ ਕਰ ਦਿੱਤਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਮੋਗਾ 'ਚ ਸ਼ਾਂਤੀਪੂਰਵਕ ਰੋਸ ਪ੍ਰਗਟਾ ਰਹੇ ਕਿਸਾਨਾਂ 'ਤੇ ਪੁਲਿਸ ਨੇ ਵਹਿਸ਼ੀ ਜ਼ੁਲਮ ਢਾਹਿਆ। ਆਗੂਆਂ ਨੇ ਸ਼੍ਰੋਮਣੀ ਅਕਾਲੀ ਦਲ 'ਤੇ ਸਵਾਲ ਉਠਾਉਂਦਿਆਂ ਕਿਹਾ ਕਿ ਚਾਹੀਦਾ ਤਾਂ ਇਹ ਹੈ ਕਿ ਸਮੁੱਚੇ ਰਾਜਨੀਤਕ ਦਲ ਆਪਣੀਆਂ ਸਿਆਸੀ ਸਰਗਰਮੀਆਂ ਬੰਦ ਕਰ ਕੇ, ਕਿਸਾਨੀ ਘੋਲ 'ਚ ਕਿਸਾਨਾਂ ਦਾ ਸਾਥ ਦੇਣ। ਆਗੂਆਂ ਨੇ ਸਰਕਾਰ ਤੋਂ ਮੋਗਾ ਘਟਨਾ ਦੇ ਦੋਸ਼ੀਆਂ ਖ਼ਿਲਾਫ ਸਖਤ ਕਾਰਵਾਈ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਕਿਸਾਨਾਂ 'ਤੇ ਕਿਸੇ ਵੀ ਤਰ੍ਹਾਂ ਦਾ ਜਬਰ ਜ਼ੁਲਮ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਸੰਯੁਕਤ ਕਿਸਾਨ ਮੋਰਚੇ ਦੇ ਆਗੂ ਤੇ ਆਲ ਇੰਡੀਆ ਕਿਸਾਨ ਫੈਡਰੇਸ਼ਨ ਦੇ ਕੌਮੀ ਪ੍ਰਧਾਨ ਪ੍ਰੇਮ ਸਿੰਘ ਭੰਗੂ ਨੇ ਮੋਗਾ ਵਿਚ ਪੁਰਅਮਨ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਉੱਤੇ ਪੁਲਿਸ ਤਸ਼ੱਦਦ ਦੀ ਸਖਤ ਨਿਖੇਧੀ ਕੀਤੀ ਹੈ ਅਤੇ ਇਸ ਕਾਰਵਾਈ ਨੂੰ ਗੈਰ ਸੰਵਿਧਾਨਕ ਅਤੇ ਗੈਰ ਜਮਹੂਰੀ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸਵਾਲ ਕਰਦੇ ਕਿਸਾਨਾਂ 'ਤੇ ਪਾਣੀ ਦੀਆਂ ਬੁਛਾੜਾਂ ਅਤੇ ਅੰਨ੍ਹੇਵਾਹ ਲਾਠੀਚਾਰਜ ਸੁਪਰੀਮ ਕੋਰਟ ਵੱਲੋਂ ਸ਼ਾਂਤਮਈ ਰੋਸ ਪ੍ਰਦਰਸ਼ਨ ਨੂੰ ਕਾਨੂੰਨੀ ਅਤੇ ਜਾਇਜ਼ ਠਹਿਰਾਉਣ ਦੇ ਦਿੱਤੇ ਫੈਸਲਿਆਂ ਦਾ ਉਲੰਘਣ ਹੈ। ਉਨ੍ਹਾਂ ਕਿਸਾਨਾਂ 'ਤੇ ਤਸ਼ੱਦਦ ਕਰਨ ਵਾਲੇ ਪੁਲਿਸ ਕਰਮਚਾਰੀਆਂ ਖਿਲਾਫ ਕਾਨੂੰਨੀ ਕਾਰਵਾਈ ਦੀ ਮੰਗ ਕੀਤੀ।

## ਸੁਖਬੀਰ ਮੁੜ ਭਾਜਪਾ ਨਾਲ ਰਲਿਆ: ਬ੍ਰਹਮਪੁਰਾ

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਸਰਪ੍ਰਸਤ ਰਣਜੀਤ ਸਿੰਘ ਬ੍ਰਹਮਪੁਰਾ ਨੇ ਮੋਗਾ ਵਿਚ ਕਿਸਾਨਾਂ 'ਤੇ ਲਾਠੀਚਾਰਜ ਦੀ ਨਿਖੇਧੀ ਕਰਦਿਆਂ ਦੋਸ਼ ਲਾਇਆ ਕਿ ਸੁਖਬੀਰ ਸਿੰਘ ਬਾਦਲ ਸਿਆਸਤਦਾਨ ਨਹੀਂ ਸਗੋਂ ਪੂੰਜੀਪਤੀ ਹੈ ਅਤੇ ਉਸ ਨੂੰ ਕੇਵਲ ਕੁਰਸੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਉਹ ਮੁੜ ਭਾਜਪਾਈਆਂ ਨਾਲ ਰਲ ਗਿਆ ਹੈ ਤੇ ਉਨ੍ਹਾਂ ਦੀ ਬੋਲੀ ਬੋਲ ਰਿਹਾ ਹੈ। ਸ੍ਰੀ ਬ੍ਰਹਮਪੁਰਾ ਨੇ ਕਿਹਾ ਕਿ ਕਿਸਾਨਾਂ 'ਤੇ ਅਣ-ਮਨੁੱਖੀ ਤਸ਼ੱਦਦ ਲਈ ਕਰਨਾਲ ਵਿਚ ਭਾਜਪਾ ਦੀ ਸਰਕਾਰ ਤੇ ਮੋਗਾ ਵਿਚ ਪੰਜਾਬ ਸਰਕਾਰ ਅਤੇ ਸੁਖਬੀਰ ਸਿੰਘ ਬਾਦਲ ਦੋਵੇਂ ਜ਼ਿੰਮੇਵਾਰ ਹਨ। ਉਨ੍ਹਾਂ ਕਿਹਾ ਕਿ ਜਦੋਂ ਸੰਯੁਕਤ ਕਿਸਾਨ ਮੋਰਚੇ ਵੱਲੋਂ ਸਪੱਸ਼ਟ ਕੀਤਾ ਗਿਆ ਹੈ ਕਿ ਸੂਬੇ ਵਿਚ ਕਿਸੇ ਵੀ ਪਾਰਟੀ ਨੂੰ ਰੈਲੀਆਂ ਨਹੀਂ ਕਰਨ ਦਿੱਤੀਆਂ ਜਾਣਗੀਆਂ ਤਾਂ ਫਿਰ ਸ਼੍ਰੋਮਣੀ ਅਕਾਲੀ ਦਲ ਰੈਲੀਆਂ ਰਾਹੀਂ ਜਾਣ-ਬੁੱਝ ਕੇ ਪੰਜਾਬ ਦਾ ਮਾਹੌਲ ਖਰਾਬ ਕਰ ਰਿਹਾ ਹੈ।

## ਸਾਡੇ ਇਕੱਠਾਂ 'ਚ ਰੋਸ ਵਿਖਾਵੇ ਇਕ ਸਾਜ਼ਿਸ਼: ਮਜੀਠੀਆ

**ਚੰਡੀਗੜ੍ਹ:** ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਦੋਸ਼ ਲਾਇਆ ਕਿ 'ਗੱਲ ਪੰਜਾਬ ਦੀ' ਮੁਹਿੰਮ ਤਹਿਤ ਸ਼੍ਰੋਮਣੀ ਅਕਾਲੀ ਦਲ ਦੇ ਇਕੱਠਾਂ ਦੌਰਾਨ ਕਾਂਗਰਸ ਪਾਰਟੀ ਵੱਲੋਂ ਕੇਂਦਰ ਸਰਕਾਰ ਨਾਲ ਰਲ ਕੇ ਰੋਸ ਵਿਖਾਵੇ ਕੀਤੇ ਜਾ ਰਹੇ ਹਨ, ਜੋ ਪੰਜਾਬ ਦੀ ਸ਼ਾਂਤੀ ਨੂੰ ਭੰਗ ਕਰਨ ਅਤੇ ਸੂਬੇ ਵਿਚ ਰਾਸ਼ਟਰਪਤੀ ਰਾਜ ਲਾਗੂ ਕਰਵਾਉਣ ਦੀ ਡੂੰਘੀ ਸਾਜ਼ਿਸ਼ ਦਾ ਹਿੱਸਾ ਹਨ। ਮਜੀਠੀਆ ਨੇ ਕਿਹਾ ਕਿ ਵਿਘਨ ਪਾਉਣ ਦੀ ਸਾਜ਼ਿਸ਼ ਦੇ ਦੋ ਮੰਤਵ ਹਨ ਪਹਿਲਾ, ਪੰਜਾਬ ਵਿਚ ਵਿਧਾਨ ਸਭਾ ਚੋਣਾਂ ਮੁਲਤਵੀ ਕਰਵਾਉਣਾ ਤੇ ਦੂਜਾ ਸ਼ਾਂਤੀਪੂਰਨ ਕਿਸਾਨ ਸੰਘਰਸ਼ ਨੂੰ ਬਦਨਾਮ ਕਰਨਾ। ਉਨ੍ਹਾਂ ਕਿਹਾ ਕਿ ਸੀਨੀਅਰ ਕਿਸਾਨ ਆਗੂ ਇਸ ਸਾਜ਼ਿਸ਼ ਤੋਂ ਚਿੰਤਤ ਹਨ ਤੇ ਇਸੇ ਲਈ ਉਨ੍ਹਾਂ ਨੇ ਸਪੱਸ਼ਟ ਹਦਾਇਤਾਂ ਕੀਤੀਆਂ ਹਨ ਕਿ ਸਿਰਫ ਭਾਜਪਾ ਜੋ ਕਿ ਤਿੰਨ ਖੇਤੀ ਕਾਨੂੰਨ ਰੱਦ ਕਰਨ ਤੋਂ ਇਨਕਾਰੀ ਹੈ, ਦੇ ਆਗੂਆਂ ਦੇ ਪੰਜਾਬ 'ਚ ਸਿਆਸੀ ਪ੍ਰੋਗਰਾਮਾਂ ਦੌਰਾਨ ਹੀ ਰੋਸ ਵਿਖਾਵੇ ਕੀਤੇ ਜਾਣ।

# ਮੁੱਖ ਮੰਤਰੀ ਉਮੀਦਵਾਰ ਦੀ 'ਟਿਕਟ' ਲਈ ਮੈਦਾਨ 'ਚ ਨਿੱਤਰਿਆ ਭਗਵੰਤ ਮਾਨ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਤੇ ਸੰਸਦ ਮੈਂਬਰ ਭਗਵੰਤ ਮਾਨ ਨੇ ਅਗਾਮੀ ਵਿਧਾਨ ਸਭਾ ਚੋਣਾਂ ਵਿਚ ਮੁੱਖ ਮੰਤਰੀ ਦਾ ਚਿਹਰਾ ਬਣਨ ਲਈ ਹੱਥ-ਪੈਰ ਮਾਰਨੇ ਸ਼ੁਰੂ ਕਰ ਦਿੱਤੇ ਹਨ। ਭਗਵੰਤ ਮਾਨ ਹਾਈ ਕਮਾਨ ਨੂੰ ਇਹ ਜਚਾਉਣ ਲਈ ਟਿੱਲ ਲਾ ਰਹੇ ਹਨ ਕਿ ਇਸ ਅਹੁਦੇ ਲਈ ਉਨ੍ਹਾਂ ਤੋਂ ਚੰਗਾ ਕੋਈ ਉਮੀਦਵਾਰ ਮਿਲਣਾ ਹੀ ਨਹੀਂ।

ਇਸ ਤੋਂ ਇਲਾਵਾ ਮਾਨ ਹਾਈਕਮਾਨ ਉਤੇ ਦਬਾਅ ਬਣਾਉਣ ਲਈ ਵਰਕਰਾਂ ਵਿਚ ਜੋਸ਼ ਭਰ ਰਹੇ ਹਨ ਤੇ ਇਹ ਸਾਬਤ ਕਰਨ ਦੀ ਕੋਸ਼ਿਸ਼ ਵਿਚ ਜੁਟੇ ਹਨ ਕਿ ਜੇਕਰ ਕਿਸੇ ਹੋਰ ਨੂੰ ਇਸ ਅਹੁਦੇ ਲਈ ਅੱਗੇ ਕੀਤਾ ਜਾ ਵਰਕਰ ਨਿਰਾਸ਼ ਹੋ ਜਾਣਗੇ।

ਸਿਆਸੀ ਹਲਕਿਆਂ ਦੀ ਚਰਚਾ ਹੈ ਕਿ ਭਗਵੰਤ ਮਾਨ ਮੁੱਖ ਮੰਤਰੀ ਦਾ ਚਿਹਰਾ ਨਾ ਐਲਾਨੇ ਜਾਣ ਕਾਰਨ ਪਾਰਟੀ ਹਾਈਕਮਾਨ ਤੋਂ ਨਾਰਾਜ਼ ਦੱਸੇ ਜਾ ਰਹੇ ਹਨ ਪਰ ਪਾਰਟੀ ਦੇ ਆਗੂ ਇਸ ਤੋਂ ਇਨਕਾਰ ਕਰ ਰਹੇ ਹਨ। ਭਗਵੰਤ ਮਾਨ ਪਾਰਟੀ ਤੋਂ ਨਾਰਾਜ਼ ਹੋਣ ਜਾਂ ਨਾ ਪਰ ਉਹ ਪਿਛਲੇ ਕਈ ਦਿਨਾਂ ਤੋਂ ਇਥੇ ਸੰਗਰੂਰ ਆਪਣੀ ਰਿਹਾਇਸ਼ ਵਿਚ ਹੀ ਮੌਜੂਦ ਹਨ, ਜਿਥੇ ਰੋਜ਼ਾਨਾ ਪਾਰਟੀ ਵਰਕਰਾਂ ਦਾ ਤਾਂਤਾ ਲੱਗਿਆ ਰਹਿੰਦਾ ਹੈ।



ਪਿਛਲੇ ਦਿਨੀਂ ਅੰਮ੍ਰਿਤਸਰ ਦੀ ਫੇਰੀ ਦੌਰਾਨ ਪਾਰਟੀ ਦੇ ਕੌਮੀ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਮੁੱਖ ਮੰਤਰੀ ਲਈ ਕਿਸੇ ਸਿੱਖ ਚਿਹਰੇ ਦੀ ਚੋਣ ਕਰਨ ਦਾ ਐਲਾਨ ਕੀਤਾ ਸੀ। ਉਸ ਦਿਨ ਤੋਂ ਲੈ ਕੇ ਸਿਆਸੀ ਹਲਕਿਆਂ ਵਿਚ ਤਰ੍ਹਾਂ-ਤਰ੍ਹਾਂ ਦੀਆਂ ਕਿਆਸਰਾਈਆਂ ਲੱਗ ਰਹੀਆਂ ਹਨ। ਸੂਬਾ ਪ੍ਰਧਾਨ ਭਗਵੰਤ ਮਾਨ ਵੀ ਹੁਣ ਤੱਕ ਸਟੇਜਾਂ 'ਤੇ ਇਹ ਹੀ ਆਖਦੇ ਰਹੇ ਹਨ ਕਿ ਜੇ ਪਾਰਟੀ ਉਨ੍ਹਾਂ ਦੀ ਡਿਊਟੀ ਪੋਸਟਰ ਲਗਾਉਣ ਦੀ ਵੀ ਲਾਉਂਦੀ ਹੈ ਤਾਂ ਉਹ ਇਸ ਨੂੰ ਮਨਜ਼ੂਰ ਕਰਨਗੇ ਪਰ ਪਿਛਲੇ ਕੁਝ ਦਿਨਾਂ ਤੋਂ ਭਗਵੰਤ ਮਾਨ ਦੀਆਂ ਸਿਆਸੀ ਗਤੀਵਿਧੀਆਂ ਦੀ ਰਫਤਾਰ ਮੱਠੀ ਰਹੀ ਹੈ ਅਤੇ ਉਹ ਆਪਣੀ ਰਿਹਾਇਸ਼ 'ਚ ਹੀ ਮੌਜੂਦ ਸਨ। ਪਾਰਟੀ ਦੇ ਕਈ ਵਿਧਾਇਕ ਵੀ ਮਾਨ ਨੂੰ ਇੱਥੇ ਮਿਲ ਕੇ ਗਏ ਹਨ।

ਆਪਣੀ ਰਿਹਾਇਸ਼ ਅੱਗੇ ਪਾਰਟੀ ਵਰਕਰਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਭਗਵੰਤ ਮਾਨ ਕਿਹਾ ਕਿ ਉਨ੍ਹਾਂ ਲਈ 'ਸੀਐਮ' ਦਾ ਮਤਲਬ 'ਕਾਮਨ ਮੈਨ' ਹੈ। ਉਨ੍ਹਾਂ ਕਿਹਾ ਕਿ ਪਾਰਟੀ ਵਰਕਰਾਂ ਦੇ ਖੂਨ ਪਸੀਨੇ ਨਾਲ ਬਣੀ ਹੈ। ਵਰਕਰਾਂ ਦਾ ਪਿਆਰ ਉਨ੍ਹਾਂ ਲਈ ਖੰਭ ਹਨ, ਜਿਨ੍ਹਾਂ ਆਸਰੇ ਉਹ ਉਡੇ ਫਿਰਦੇ ਹਨ। ਉਨ੍ਹਾਂ ਕਿਹਾ ਕਿ ਉਹ ਰੋਜ਼ਾਨਾ 15-15 ਵਰਕਰਾਂ ਦੇ ਗਰੁੱਪ ਨੂੰ ਮਿਲਦੇ ਹਨ, ਜਿਨ੍ਹਾਂ ਵੱਲੋਂ ਦਿੱਤੇ ਜਾਂਦੇ ਸੁਝਾਅ ਉਹ ਨੋਟ ਕਰ ਰਹੇ ਹਨ। ਉਹ ਵਰਕਰਾਂ ਦੇ ਜਜ਼ਬਾਤ ਦੀ ਕਦਰ ਕਰਦੇ ਹਨ। ਵਰਕਰ ਆਪਣੇ ਦਿਲ ਦੇ ਵਲਵਲੇ ਖੁੱਲ੍ਹ ਕੇ ਦੱਸਣ ਤਾਂ ਜੋ ਪਾਰਟੀ ਨੂੰ ਵਧੀਆ ਤਰੀਕੇ ਨਾਲ ਅੱਗੇ ਵਧਾਇਆ ਜਾ ਸਕੇ।

ਦੱਸ ਦਈਏ ਕਿ ਆਮ ਆਦਮੀ ਪਾਰਟੀ ਦੇ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵੱਲੋਂ ਪੰਜਾਬ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਮੁੱਖ ਮੰਤਰੀ ਲਈ ਸਿੱਖ ਚਿਹਰੇ ਦਾ ਐਲਾਨ ਕੀਤਾ ਹੋਇਆ ਹੈ, ਜਿਸ ਲਈ ਪਿਛਲੇ ਦਿਨਾਂ ਦੌਰਾਨ ਭਾਵੇਂ ਵੱਖ-ਵੱਖ ਵਰਗਾਂ ਨਾਲ ਸਬੰਧਤ ਸ਼ਖਸੀਅਤਾਂ ਦੇ ਨਾਂ ਵੀ ਸਾਹਮਣੇ ਆ ਚੁੱਕੇ ਹਨ ਪਰ ਉਨ੍ਹਾਂ ਸ਼ਖਸੀਅਤਾਂ ਵੱਲੋਂ ਰਾਜਨੀਤੀ ਵਿਚ ਨਾ ਆਉਣ ਦੇ ਦਿੱਤੇ ਬਿਆਨਾਂ ਤੋਂ ਬਾਅਦ 'ਆਪ' ਨੂੰ ਮੁੱਖ ਮੰਤਰੀ ਦਾ ਚਿਹਰਾ ਲੱਭਣ ਲਈ ਕਾਫੀ ਮੁਸ਼ੱਕਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਦੂਸਰੇ ਪਾਸੇ ਮੁੱਖ ਮੰਤਰੀ ਦਾ ਚਿਹਰਾ ਐਲਾਨਣ ਵਿਚ ਹੋ ਰਹੀ ਦੇਰੀ ਨੂੰ ਪਾਰਟੀ ਦੇ ਪੰਜਾਬ ਪ੍ਰਧਾਨ ਭਗਵੰਤ ਮਾਨ ਦੇ ਸਮਰਥਕਾਂ ਨੇ ਆਪਣਾ ਹਥਿਆਰ ਬਣਾ ਕੇ ਪਾਰਟੀ ਹਾਈਕਮਾਨ 'ਤੇ ਛੱਡਣ ਦਾ ਮਨ ਬਣਾ ਲਿਆ ਹੈ, ਜਿਨ੍ਹਾਂ ਨੇ ਬਗਾਵਤੀ ਸੁਰ ਅਲਾਪਦਿਆਂ ਭਗਵੰਤ ਮਾਨ ਦੇ ਹੱਕ ਵਿਚ ਮੀਟਿੰਗਾਂ ਦਾ ਸਿਲਸਿਲਾ ਵੀ ਸ਼ੁਰੂ ਕਰ ਦਿੱਤਾ ਹੈ।

ਜ਼ਿਲ੍ਹਾ ਬਰਨਾਲਾ ਦੇ ਤਿੰਨੋਂ ਵਿਧਾਨ ਸਭਾ ਹਲਕਿਆਂ ਨਾਲ ਸਬੰਧਤ ਭਗਵੰਤ ਮਾਨ ਦੇ ਸਮਰਥਕਾਂ ਵਲੋਂ ਰੈਸਟ ਹਾਊਸ ਬਰਨਾਲਾ ਵਿਖੇ ਬੀਤੇ ਦਿਨੀਂ ਇਕੱਠ ਕਰਕੇ ਇਹ ਐਲਾਨ ਕੀਤਾ ਗਿਆ ਕਿ ਜੇਕਰ ਪਾਰਟੀ ਨੇ ਭਗਵੰਤ ਮਾਨ ਦੀ ਜਗ੍ਹਾ ਕਿਸੇ ਹੋਰ ਨੂੰ ਮੁੱਖ ਮੰਤਰੀ ਦਾ ਚਿਹਰਾ ਐਲਾਨਿਆ ਤਾਂ ਉਹ ਘਰ ਬੈਠਣ ਲਈ ਮਜਬੂਰ ਹੋਣਗੇ ਅਤੇ ਪਾਰਟੀ ਨੂੰ ਪਿਛਲੀਆਂ ਵਿਧਾਨ ਸਭਾ ਚੋਣਾਂ ਵਾਂਗ ਹੀ ਨੁਕਸਾਨ ਝੱਲਣਾ ਪੈ ਸਕਦਾ ਹੈ।

ਸਮਰਥਕਾਂ ਵੱਲੋਂ ਕੀਤੇ ਇਸ ਇਕੱਠ ਵਿਚ ਜ਼ਿਲ੍ਹਾ ਬਰਨਾਲਾ ਦੇ ਦੋਵੇਂ ਮੌਜੂਦਾ ਵਿਧਾਇਕ ਗੁਰਮੀਤ ਸਿੰਘ ਮੀਤ ਹੇਅਰ, ਵਿਧਾਇਕ ਕੁਲਵੰਤ ਸਿੰਘ ਪੰਡੋਰੀ, ਜ਼ਿਲ੍ਹਾ ਪ੍ਰਧਾਨ ਗੁਰਦੀਪ ਸਿੰਘ ਬਾਠ ਤੋਂ ਇਲਾਵਾ ਹੋਰ ਸੀਨੀਅਰ ਆਗੂ ਦੂਰ ਰਹੇ। ਇਕੱਠ ਦੌਰਾਨ ਸਮਰਥਕਾਂ ਵੱਲੋਂ ਪਾਰਟੀ ਦੇ ਵਿਧਾਇਕਾਂ ਨੂੰ ਅਪੀਲ ਕੀਤੀ ਗਈ ਕਿ ਉਹ ਭਗਵੰਤ ਮਾਨ ਦੇ ਹੱਕ 'ਚ ਆਵਾਜ਼ ਬੁਲੰਦ ਕਰਨ।

# ਪੰਜਾਬ ਕਾਂਗਰਸ ਦਾ ਕਲੇਸ਼ ਮੁੜ ਹਾਈਕਮਾਨ ਕੋਲ ਪੁੱਜਾ

**ਚੰਡੀਗੜ੍ਹ:** ਪੰਜਾਬ ਮਾਮਲਿਆਂ ਦੇ ਇੰਚਾਰਜ ਹਰੀਸ਼ ਰਾਵਤ ਨੂੰ ਪਾਰਟੀ ਵਿਚਲੀ ਖਾਨਾਜੰਗੀ ਨੂੰ ਮੱਠਾ ਕਰਨ ਵਿਚ ਕੋਈ ਸਫਲਤਾ ਮਿਲਦੀ ਨਜ਼ਰ ਨਹੀਂ ਆ ਰਹੀ। ਇਸ ਲਈ ਸੂਬਾ ਕਾਂਗਰਸ ਦਾ ਕਾਟੋ ਕਲੇਸ਼ ਮੁੜ ਹਾਈਕਮਾਨ ਕੋਲ ਪੁੱਜ ਗਿਆ। ਪੰਜਾਬ ਆਏ ਹਰੀਸ਼ ਰਾਵਤ ਇਕ ਹਿਸਾਬ ਨਾਲ ਹੱਥ ਹੀ ਖੜ੍ਹੇ ਕਰ ਗਏ ਤੇ ਜਾਂਦੇ-ਜਾਂਦੇ ਆਖ ਗਏ ਕਿ ਪੰਜਾਬ ਕਾਂਗਰਸ ਵਿਚ 'ਸਭ ਅੱਛਾ ਨਹੀਂ' ਹੈ। ਇਹ ਪਹਿਲੀ ਵਾਰ ਹੈ ਜਦੋਂ ਦਿੱਲੀ ਤੋਂ ਆਏ ਕਿਸੇ ਆਗੂ ਨੇ ਖੁੱਲ੍ਹ ਕੇ ਮੰਨਿਆ ਹੈ ਕਿ ਕਾਂਗਰਸ ਦਾ ਕਲੇਸ਼ ਸਿਖਰਾਂ ਉਤੇ ਹੈ। ਰਾਵਤ ਜਾਂਦੇ-ਜਾਂਦੇ ਕੈਪਟਨ ਸਰਕਾਰ ਵੱਲੋਂ ਕੀਤੇ ਕੰਮਾਂ ਦੀ ਪ੍ਰਸ਼ੰਸਾ ਵੀ ਕਰ ਗਏ, ਜਿਸ ਤੋਂ ਬਾਗੀ ਧੜਾ ਖਫ਼ਾ ਹੈ।

ਉਨ੍ਹਾਂ ਹਾਈਕਮਾਨ ਵੱਲੋਂ ਦਿੱਤੇ 18 ਨੁਕਾਤੀ ਏਜੰਡੇ ਦੀ ਪ੍ਰਗਤੀ ਨੂੰ ਲੈ ਕੇ ਤਸੱਲੀ ਜ਼ਾਹਿਰ ਕੀਤੀ ਹੈ। ਉਧਰ, ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੀ ਅਗਵਾਈ ਵਾਲਾ ਧੜਾ ਹਰੀਸ਼ ਰਾਵਤ ਦੀ ਫੇਰੀ ਤੋਂ ਬਹੁਤਾ ਆਸਵੰਦ ਨਹੀਂ ਦਿਸਿਆ। ਲਿਹਾਜ਼ਾ ਅਗਲੇ ਦਿਨਾਂ ਵਿਚ ਪਾਰਟੀ ਹਾਈਕਮਾਨ ਦੇ ਦਖਲ ਬਿਨਾਂ ਪੰਜਾਬ ਕਾਂਗਰਸ ਦੇ ਕਲੇਸ਼ ਨੂੰ ਠੱਲ੍ਹ ਪੈਣੀ ਮੁਸ਼ਕਲ ਜਾਪਦੀ ਹੈ। ਦੇਹਰਾਦੂਨ ਰਵਾਨਾ ਹੋਣ ਤੋਂ ਪਹਿਲਾਂ ਹਰੀਸ਼ ਰਾਵਤ ਨੇ ਪੰਜਾਬ ਕਾਂਗਰਸ ਵਿਚ ਧੜੇਬੰਦੀ ਦੀ ਗੱਲ ਕਬੂਲਦਿਆਂ ਕਿਹਾ ਕਿ ਲੋਕਰਾਜੀ ਸੰਗਠਨ 'ਚ ਅਜਿਹਾ ਹੁੰਦਾ ਹੈ। ਰਾਵਤ ਨੇ ਕਿਹਾ ਕਿ ਉਹ ਪੰਜਾਬ ਕਾਂਗਰਸ ਦੇ ਹਾਲਾਤ ਨੂੰ ਸੁਧਾਰਨ 'ਚ ਲੱਗੇ ਹੋਏ ਹਨ ਅਤੇ ਜਲਦੀ ਹੀ ਪੰਜਾਬ ਹਿੱਤ ਵਿਚ ਫੈਸਲਾ ਹੋਵੇਗਾ। ਉਨ੍ਹਾਂ ਕਿਹਾ ਕਿ ਉਹ ਪੰਜਾਬ ਕਾਂਗਰਸ ਦੀ ਮੌਜੂਦਾ ਸਥਿਤੀ ਤੇ 18 ਨੁਕਾਤੀ ਏਜੰਡੇ 'ਤੇ ਹੋਏ ਕੰਮਾਂ ਬਾਰੇ ਆਪਣੀ ਰਿਪੋਰਟ ਹਾਈਕਮਾਨ ਨੂੰ ਸੌਂਪਣਗੇ। ਉਂਜ ਕਾਂਗਰਸੀ ਆਗੂ ਦੀ ਤਿੰਨ ਰੋਜ਼ਾ ਫੇਰੀ ਵੀ ਕਾਂਗਰਸ ਦੇ ਅੰਦਰੂਨੀ ਕਲੇਸ਼ ਨੂੰ ਤਣ-ਪੱਤਣ ਨਹੀਂ ਲਾ ਸਕੀ। ਮੁੱਖ ਮੰਤਰੀ ਖਿਲਾਫ਼ ਖੁੱਲ੍ਹੀ ਬਗਾਵਤ ਕਰਨ ਵਾਲੇ ਪੰਜ ਵਜ਼ੀਰਾਂ ਨਾਲ ਮੁਲਾਕਾਤ ਕੀਤੇ ਬਿਨਾਂ ਹੀ ਉਹ ਵਾਪਸ ਚਲੇ ਗਏ ਹਨ। ਇਨ੍ਹਾਂ ਵਜ਼ੀਰਾਂ ਨੂੰ ਉਡੀਕ ਸੀ ਕਿ ਹਰੀਸ਼ ਰਾਵਤ ਖੁਦ ਸੱਦਣਗੇ ਤਾਂ ਹੀ ਜਾਣਗੇ ਜਦੋਂ ਕਿ ਰਾਵਤ ਦਾ ਕਹਿਣਾ ਸੀ ਕਿ 'ਚੰਗਾ ਹੋਇਆ ਇਹ ਵਜ਼ੀਰ ਨਹੀਂ ਆਏ, ਜੇ ਆ ਜਾਂਦੇ ਤਾਂ ਮੀਡੀਆ ਨੇ ਬਾਤ ਦਾ ਬਤੰਗੜ ਬਣਾ ਦੇਣਾ ਸੀ।'

ਚੇਤੇ ਰਹੇ ਕਿ ਹਰੀਸ਼ ਰਾਵਤ ਨੇ ਪਹਿਲਾਂ ਨਵਜੋਤ ਸਿੱਧੂ ਅਤੇ ਕਾਰਜਕਾਰੀ ਪ੍ਰਧਾਨਾਂ ਨਾਲ ਮੀਟਿੰਗ ਕੀਤੀ ਸੀ ਅਤੇ ਉਸ ਮਗਰੋਂ ਮੁੱਖ ਮੰਤਰੀ ਅਮਰਿੰਦਰ ਸਿੰਘ ਨੂੰ ਮਿਲੇ। ਹਰੀਸ਼ ਰਾਵਤ ਨੂੰ ਵਜ਼ੀਰ ਅਰੁਣਾ ਚੌਧਰੀ, ਕਾਰਜਕਾਰੀ ਪ੍ਰਧਾਨ ਕੁਲਜੀਤ ਨਾਗਰਾ, ਵਿਧਾਇਕ ਰਾਜਾ ਵੜਿੰਗ, ਵਿਧਾਇਕ ਰਾਜ ਕੁਮਾਰ ਵੇਰਕਾ ਅਤੇ ਸਤਿਕਾਰ ਕੌਰ ਆਦਿ ਮਿਲੇ ਸਨ। ਖੇਡ ਮੰਤਰੀ ਰਾਣਾ ਸੋਢੀ ਵੀ ਵੇਲੇ ਕੁਵੇਲੇ ਰਾਵਤ ਦੇ ਅੰਗ ਸੰਗ ਹੀ ਰਹੇ। ਰਾਵਤ ਨੇ ਆਪਣੇ ਦੌਰੇ ਦੇ ਅਖੀਰਲੇ ਦਿਨ ਕਿਹਾ ਕਿ ਨਵਜੋਤ ਸਿੱਧੂ ਤੇ ਕਾਰਜਕਾਰੀ ਪ੍ਰਧਾਨਾਂ ਵੱਲੋਂ ਪੰਜ ਸੂਤਰੀ ਮੈਮੋਰੰਡਮ ਦਿੱਤਾ ਗਿਆ ਸੀ, ਜਿਸ ਨੂੰ ਮੁੱਖ ਮੰਤਰੀ ਅੱਗੇ ਰੱਖਿਆ ਗਿਆ ਸੀ। ਹਾਈਕਮਾਨ ਵੱਲੋਂ ਦਿੱਤੇ 18 ਨੁਕਾਤੀ ਏਜੰਡੇ ਦੀ ਪ੍ਰਗਤੀ ਬਾਰੇ ਮੁੱਖ ਮੰਤਰੀ ਤੋਂ ਰਿਪੋਰਟ ਲਈ ਗਈ ਹੈ। ਉਂਜ ਰਾਵਤ ਨੇ ਸਾਫ ਕਰ ਦਿੱਤਾ ਕਿ ਪੰਜਾਬ ਦੇ ਤਾਕਤਵਰ ਆਗੂਆਂ ਨੂੰ ਮਿਲ ਕੇ ਕੰਮ ਕਰਨਾ ਹੋਵੇਗਾ ਕਿਉਂਕਿ ਤਾਲਮੇਲ ਦੀ ਘਾਟ ਕਰ ਕੇ ਨੁਕਸਾਨ ਵੀ ਇਨ੍ਹਾਂ ਆਗੂਆਂ ਨੂੰ ਹੀ ਝੱਲਣਾ ਪਵੇਗਾ। ਰਾਵਤ ਨੇ ਪੰਜਾਬ ਸਰਕਾਰ ਵੱਲੋਂ ਕੀਤੇ ਕੰਮਾਂ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਬੇਅਦਬੀ ਅਤੇ ਬਰਗਾੜੀ ਕੇਸ ਵਿਚ ਬਿਹਤਰ ਕਦਮ ਉਠਾਏ ਗਏ ਹਨ।

# ਸਿਆਸੀ ਪੈਰ ਮਜ਼ਬੂਤ ਕਰਨ ਵਿਚ ਜੁਟਿਆ ਨਵਜੋਤ ਸਿੱਧੂ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਧਰਾਤਲ 'ਤੇ ਆਪਣੇ ਸਿਆਸੀ ਪੈਰ ਮਜ਼ਬੂਤ ਕਰਨ ਲਈ ਪਾਰਟੀ ਦੀ ਨਵੀਂ ਜਥੇਬੰਦਕ ਟੀਮ ਕਾਇਮ ਕਰਨ ਲਈ ਅਮਲ ਵਿੱਢ ਦਿੱਤਾ ਹੈ। ਪੰਜਾਬ ਮਾਮਲਿਆਂ ਦੇ ਇੰਚਾਰਜ ਹਰੀਸ਼ ਰਾਵਤ ਨੇ ਹਾਲੀਆ ਚੰਡੀਗੜ੍ਹ ਫੇਰੀ ਦੌਰਾਨ ਜਥੇਬੰਦਕ ਢਾਂਚਾ ਖੜ੍ਹਾ ਕਰਨ ਲਈ ਨਵਜੋਤ ਸਿੱਧੂ ਅਤੇ ਟੀਮ ਨਾਲ ਨੁਕਤੇ ਸਾਂਝੇ ਕੀਤੇ ਸਨ।

ਜਥੇਬੰਦਕ ਢਾਂਚੇ ਲਈ ਪੈਨਲ ਤਿਆਰ ਕਰਨ ਵਾਸਤੇ ਮੀਟਿੰਗਾਂ ਦਾ ਦੌਰ ਸ਼ੁਰੂ ਹੋ ਗਿਆ ਹੈ। ਇਸੇ ਲੜੀ ਵਿਚ ਸਿੱਧੂ ਵੱਲੋਂ ਪਾਰਟੀ ਦੇ ਜਨਰਲ ਸਕੱਤਰ ਪਰਗਟ ਸਿੰਘ ਦੀ ਰਿਹਾਇਸ਼ 'ਤੇ ਕਾਰਜਕਾਰੀ ਪ੍ਰਧਾਨਾਂ ਨਾਲ ਮੀਟਿੰਗ ਕੀਤੀ ਗਈ ਹੈ। ਪਿਛਲੇ ਢਾਈ ਤਿੰਨ ਸਾਲਾਂ ਤੋਂ ਕਾਂਗਰਸ ਦਾ ਜਥੇਬੰਦਕ ਢਾਂਚਾ ਕਾਇਮ ਨਹੀਂ ਹੋ ਸਕਿਆ ਸੀ। ਪਾਰਟੀ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ ਨੇ ਢਾਂਚਾ ਕਾਇਮੀ ਲਈ ਪੈਨਲ ਹਾਈਕਮਾਨ ਕੋਲ ਭੇਜੇ ਸਨ, ਪਰ ਪ੍ਰਵਾਨਗੀ 'ਚ ਦੇਰੀ ਕਰਕੇ ਢਾਂਚੇ ਦਾ ਕੰਮ ਪਛੜਿਆ ਹੋਇਆ ਸੀ। ਹੁਣ ਜਦੋਂ ਵਿਧਾਨ ਸਭਾ ਚੋਣਾਂ ਨੇੜੇ ਹਨ ਤਾਂ ਨਵਜੋਤ ਸਿੱਧੂ ਨੇ ਢਾਂਚਾ ਬਣਾਉਣ ਲਈ ਪਾਰਟੀ ਦੇ ਵੱਖ-ਵੱਖ ਵਿੰਗਾਂ ਨਾਲ ਗੱਲਬਾਤ ਕਰਨ ਮਗਰੋਂ ਪਾਰਟੀ ਦੇ ਕਾਰਜਕਾਰੀ ਪ੍ਰਧਾਨਾਂ ਨਾਲ ਗੱਲਬਾਤ ਕੀਤੀ ਹੈ। ਉਧਰ, ਹਰੀਸ਼ ਰਾਵਤ ਦਾ ਵੀ ਮੰਨਣਾ ਹੈ ਕਿ ਪੰਜਾਬ ਸਰਕਾਰ ਵੱਲੋਂ ਕੀਤੇ ਗਏ ਸਲਾਹੁਣਯੋਗ ਕੰਮਾਂ ਦਾ ਪ੍ਰਚਾਰ ਨਹੀਂ ਹੋ ਰਿਹਾ ਹੈ। ਕਾਂਗਰਸ ਪਾਰਟੀ ਦੇ ਹੇਠਲੇ ਪੱਧਰ 'ਤੇ ਢਾਂਚੇ ਦੀ ਗ਼ੈਰਮੌਜੂਦਗੀ ਕਰਕੇ ਸਰਕਾਰ ਅਤੇ ਪਾਰਟੀ ਦੀ ਕਾਰਗੁਜ਼ਾਰੀ ਦਾ ਆਮ ਲੋਕਾਂ ਤੱਕ ਪ੍ਰਚਾਰ ਨਹੀਂ ਹੋ ਰਿਹਾ ਹੈ। ਜਥੇਬੰਦਕ ਸੰਗਠਨ ਕਾਇਮ ਕਰਨ ਲਈ ਹਰੀਸ਼ ਰਾਵਤ ਵੱਲੋਂ ਨਵਜੋਤ ਸਿੱਧੂ ਕੋਲ ਅਜਾਦਾਨਾ ਤਾਕਤ ਹੋਣ ਦੀ ਗੱਲ ਵੀ ਆਖੀ ਗਈ ਸੀ। ਸਿੱਧੂ ਹੁਣ ਆਪਣੀ ਟੀਮ ਬਣਾਉਣ 'ਚ ਜੁਟ ਗਏ ਹਨ।

ਕਾਂਗਰਸ ਦੇ ਜਨਰਲ ਸਕੱਤਰ ਅਤੇ ਵਿਧਾਇਕ ਪਰਗਟ ਸਿੰਘ ਨੇ ਦੱਸਿਆ ਕਿ ਪਾਰਟੀ ਦਾ ਜਥੇਬੰਦਕ ਢਾਂਚਾ ਖੜ੍ਹਾ ਕਰਨ ਲਈ ਹੋਈ ਲੰਮੀ ਵਿਚਾਰ ਚਰਚਾ ਦੌਰਾਨ ਪਾਰਟੀ ਵਿਚ ਚੰਗੀ ਦਿੱਖ ਵਾਲੇ ਲੋਕਾਂ ਨੂੰ ਅੱਗੇ ਲਿਆਉਣ ਤੇ ਜ਼ਿੰਮੇਵਾਰੀ ਦੇਣ ਦੀ ਗੱਲ ਤੁਰੀ ਹੈ। ਉਨ੍ਹਾਂ ਕਿਹਾ ਕਿ ਅਗਲੇ ਦੋ ਹਫਤਿਆਂ ਵਿਚ ਪੈਨਲ ਤਿਆਰ ਕਰਕੇ ਪ੍ਰਵਾਨਗੀ ਲਈ ਹਾਈਕਮਾਨ ਕੋਲ ਭੇਜੇ ਜਾਣਗੇ। ਸੂਤਰਾਂ ਮੁਤਾਬਕ ਜਥੇਬੰਦਕ ਢਾਂਚੇ ਬਿਨਾਂ ਨਵਜੋਤ ਸਿੱਧੂ ਨੂੰ ਫੀਲਡ ਵਿਚ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਹੈ। ਨਵੇਂ ਢਾਂਚੇ ਵਿਚ ਸਿੱਧੂ ਹਮਖਿਆਲ ਆਗੂਆਂ ਨੂੰ ਅੱਗੇ ਲਿਆਉਣ ਦੀ ਕੋਸ਼ਿਸ਼ ਕਰਨਗੇ।

# ਸੁਪਰੀਮ ਕੋਰਟ ਵੱਲੋਂ ਸੱਜਣ ਕੁਮਾਰ ਨੂੰ ਅੰਤ੍ਰਿਮ ਜ਼ਮਾਨਤ ਦੇਣ ਤੋਂ ਨਾਂਹ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ 1984 ਸਿੱਖ ਵਿਰੋਧੀ ਦੰਗਿਆਂ ਦੇ ਦੋਸ਼ੀ ਤੇ ਉਮਰ ਕੈਦ ਭੁਗਤ ਰਹੇ ਦਿੱਲੀ ਦੇ ਸਾਬਕਾ ਕਾਂਗਰਸੀ ਆਗੂ ਸੱਜਣ ਕੁਮਾਰ ਨੂੰ ਅੰਤ੍ਰਿਮ ਜ਼ਮਾਨਤ ਦੇਣ ਤੋਂ ਇਨਕਾਰ ਕਰ ਦਿੱਤਾ। ਉਸ ਨੇ ਬਿਮਾਰੀ ਦਾ ਹਵਾਲਾ ਦੇ ਕੇ ਜ਼ਮਾਨਤ ਦੀ ਮੰਗ ਕੀਤੀ ਸੀ ਪਰ ਅਦਾਲਤ ਨੇ ਕਿਹਾ ਕਿ ਉਸ ਦੀ ਹਾਲਤ ਠੀਕ ਹੈ। ਜਸਟਿਸ ਸੰਜੇ ਕਿਸ਼ਨ ਕੌਲ ਦੀ ਅਗਵਾਈ ਵਾਲੇ ਬੈਂਚ ਨੇ ਸੱਜਣ ਕੁਮਾਰ ਦੇ ਵਕੀਲ ਨੂੰ ਕਿਹਾ, 'ਸੱਜਣ ਕੁਮਾਰ ਗੰਭੀਰ ਅਪਰਾਧਾਂ ਦਾ ਦੋਸ਼ੀ ਹੈ ਤੇ ਤੁਸੀਂ ਚਾਹੁੰਦੇ ਹੋ ਕਿ ਉਸ ਨਾਲ ਕਿਸੇ ਸੁਪਰ ਵੀ.ਆਈ.ਪੀ. ਮਰੀਜ਼ ਵਰਗਾ ਸਲੂਕ ਕੀਤਾ ਜਾਵੇ। ਉਸ ਦੀ ਸਿਹਤ ਸਥਿਰ ਹੈ ਅਤੇ ਉਸ ਵਿਚ ਸੁਧਾਰ ਹੋ ਰਿਹਾ ਹੈ।' ਅਦਾਲਤ ਨੇ ਨਾਲ ਹੀ ਕਿਹਾ ਕਿ ਜੇ ਮੈਡੀਕਲ ਅਧਿਕਾਰੀ ਉਸ ਨੂੰ ਅਗਲੇ ਇਲਾਜ ਲਈ ਮੇਦਾਂਤਾ ਭੇਜਣਾ ਜ਼ਰੂਰੀ ਸਮਝਦੇ ਹਨ ਤਾਂ ਅਜਿਹਾ ਕੀਤਾ ਜਾ ਸਕਦਾ ਹੈ।

# ਬਾਗੀ ਮੰਤਰੀਆਂ ਦੀ ਕੈਪਟਨ ਨੂੰ 'ਮਿਲਣ ਦੀ ਇੱਛਾ' ਨੇ ਛੇੜੀ ਨਵੀਂ ਚਰਚਾ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਨਾਰਾਜ਼ ਚਲੇ ਆ ਰਹੇ ਮਾਝੇ ਦੇ ਦੋ ਮੰਤਰੀਆਂ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਅਤੇ ਸੁਖਜਿੰਦਰ ਸਿੰਘ ਰੰਧਾਵਾ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਚਿੱਠੀ ਲਿਖ ਕੇ ਇਤਿਹਾਸਕ ਤੇ ਵਿਰਾਸਤੀ ਸ਼ਹਿਰ ਬਟਾਲਾ ਨੂੰ ਜ਼ਿਲ੍ਹਾ ਬਣਾਉਣ ਦੀ ਮੰਗ ਕੀਤੀ ਹੈ। ਦੋਵੇਂ ਮੰਤਰੀਆਂ ਵੱਲੋਂ ਲਿਖੇ ਪੱਤਰ ਨਾਲ ਨਵੀਂ ਸਿਆਸੀ ਚਰਚਾ ਛਿੜ ਗਈ ਹੈ।

ਉਨ੍ਹਾਂ ਇਸ ਸਬੰਧੀ ਚਰਚਾ ਕਰਨ ਲਈ ਮੁੱਖ ਮੰਤਰੀ ਤੋਂ ਮੁਲਾਕਾਤ ਦਾ ਸਮਾਂ ਵੀ ਮੰਗਿਆ ਹੈ। ਦੋਵੇਂ ਕੈਬਨਿਟ ਮੰਤਰੀਆਂ ਨੇ ਇਹ ਵੀ ਮੰਗ ਕੀਤੀ ਕਿ ਫਤਹਿਗੜ੍ਹ ਚੂੜੀਆਂ ਅਤੇ ਸ੍ਰੀ ਹਰਗੋਬਿੰਦਪੁਰ ਜਾਂ ਘੁਮਾਣ ਨੂੰ ਨਵੇਂ ਜ਼ਿਲ੍ਹੇ ਦੀਆਂ ਸਬ-ਡਿਵੀਜ਼ਨਾਂ ਬਣਾਈਆਂ ਜਾਣ। ਮੁੱਖ ਮੰਤਰੀ ਨੂੰ ਲਿਖੀ ਚਿੱਠੀ ਵਿਚ ਉਨ੍ਹਾਂ ਕਿਹਾ ਹੈ,''ਬਟਾਲਾ ਪੰਜਾਬ ਦਾ ਉਹ ਅਹਿਮ ਸ਼ਹਿਰ ਹੈ ਜਿਸ ਨਾਲ ਸਾਡੀ ਅਮੀਰ ਇਤਿਹਾਸਕ, ਧਾਰਮਿਕ, ਸਮਾਜਿਕ ਅਤੇ ਸਾਹਿਤਕ ਵਿਰਾਸਤ ਜੁੜੀ ਹੋਈ ਹੈ। ਬਠਿੰਡਾ ਤੋਂ ਬਾਅਦ ਬਟਾਲਾ ਸੂਬੇ ਦਾ ਸਭ ਤੋਂ ਪੁਰਾਣਾ ਸ਼ਹਿਰ ਹੈ ਜਿਸ ਦੀ ਨੀਂਹ 1465 ਵਿਚ ਰੱਖੀ ਗਈ ਸੀ। ਆਬਾਦੀ ਪੱਖੋਂ ਵੀ ਇਹ ਅੱਠਵਾਂ ਸਭ ਤੋਂ ਵੱਡਾ ਸ਼ਹਿਰ ਹੈ ਜਿੱਥੇ ਪਿਛਲੇ ਸਾਲ ਨਗਰ ਨਿਗਮ ਵੀ ਬਣਾਈ ਗਈ ਹੈ।''

ਉਨ੍ਹਾਂ ਕਿਹਾ ਕਿ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਦਾ ਵਿਆਹ ਇਸੇ ਸ਼ਹਿਰ ਵਿਚ ਮਾਤਾ ਸੁਲੱਖਣੀ ਜੀ ਨਾਲ 8 ਜੁਲਾਈ, 1487 ਵਿਚ ਹੋਇਆ ਸੀ। ਉਨ੍ਹਾਂ ਦੀ ਯਾਦ ਵਿਚ ਇਥੇ ਗੁਰਦੁਆਰਾ ਡੇਰਾ ਸਾਹਿਬ ਅਤੇ ਗੁਰਦੁਆਰਾ ਕੰਧ ਸਾਹਿਬ ਸੁਸ਼ੋਭਿਤ ਹਨ। ਛੇਵੇਂ ਗੁਰੂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਆਪਣੇ ਪੁੱਤਰ ਬਾਬਾ ਗੁਰਦਿੱਤਾ ਜੀ ਨੂੰ ਵਿਆਹੁਣ ਬਟਾਲਾ ਹੀ ਆਏ ਸਨ ਅਤੇ ਉਨ੍ਹਾਂ ਦੀ ਯਾਦ ਵਿਚ ਸ਼ਹਿਰ ਦੇ ਵਿਚਕਾਰ ਗੁਰਦੁਆਰਾ ਸਤਿ ਕਰਤਾਰੀਆ ਸੁਸ਼ੋਭਿਤ ਹੈ। ਉਨ੍ਹਾਂ ਕਿਹਾ ਕਿ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੌਰਾਨ ਲਾਹੌਰ ਅਤੇ ਅੰਮ੍ਰਿਤਸਰ ਤੋਂ ਬਾਅਦ ਬਟਾਲਾ ਸਿੱਖ ਰਾਜ ਦਾ ਇੱਕ ਅਹਿਮ ਸ਼ਹਿਰ ਸੀ। ਉਸ ਸਮੇਂ ਦੀਆਂ



ਵਿਰਾਸਤੀ ਇਮਾਰਤਾਂ ਅੱਜ ਵੀ ਮੌਜੂਦ ਹਨ ਜਿਨ੍ਹਾਂ ਵਿਚੋਂ×; ਮਹਾਰਾਜਾ ਸ਼ੇਰ ਸਿੰਘ ਦਾ ਮਹਿਲ ਅਤੇ ਜਲ ਮਹਿਲ (ਬਾਰਾਂਦਰੀ) ਵਿਸ਼ੇਸ਼ ਹਨ। ਉਨ੍ਹਾਂ ਕਿਹਾ ਕਿ ਇਤਿਹਾਸਕ ਕਾਲੀ ਦਵਾਰਾ ਮੰਦਰ ਅਤੇ ਸਤੀ ਲਕਸ਼ਮੀ ਦੇਵੀ ਸਮਾਧ ਤੋਂ ਬਿਨਾਂ ਇਸ ਸ਼ਹਿਰ ਦੇ ਨਜ਼ਦੀਕ ਹੀ ਅੱਚਲ ਸਾਹਿਬ ਦਾ ਉਹ ਇਤਿਹਾਸਕ ਅਸਥਾਨ ਵੀ ਹੈ ਜਿੱਥੇ ਭਗਵਾਨ ਸ਼ਿਵ ਜੀ ਦੇ ਪੁੱਤਰ ਦੇਵਤਾ ਕਾਰਤਿਕ ਦੀ ਯਾਦ ਵਿਚ ਅਚਲੇਸ਼ਵਰ ਧਾਮ ਸੁਸ਼ੋਭਿਤ ਹੈ। ਅੱਚਲ ਸਾਹਿਬ ਜੀ ਦੇ ਅਸਥਾਨ ਉੱਤੇ ਹੀ ਗੁਰੂ ਨਾਨਕ ਦੇਵ ਜੀ ਨੇ ਸਿੱਧਾਂ ਨਾਲ ਗੋਸ਼ਟ ਕੀਤੀ ਸੀ।

ਕੈਬਨਿਟ ਮੰਤਰੀਆਂ ਨੇ ਕਿਹਾ, ''ਸਭਿਆਚਾਰਕ ਅਤੇ ਸਾਹਿਤਕ ਪੱਖ ਤੋਂ ਵੇਖਿਆ ਜਾਵੇ ਤਾਂ ਦੁਨੀਆ ਭਰ ਵਿਚ ਵਸਦਾ ਕੋਈ ਵੀ ਪੰਜਾਬੀ ਅਜਿਹਾ ਨਹੀਂ ਹੋਵੇਗਾ ਜਿਸ ਨੇ ਮਹਾਨ ਪੰਜਾਬੀ ਕਵੀ ਸ਼ਿਵ ਕੁਮਾਰ ਬਟਾਲਵੀ ਦਾ ਨਾਂ ਨਾ ਸੁਣਿਆ ਹੋਵੇ। ਦੁਨੀਆ ਭਰ ਵਿਚ ਬਟਾਲੇ ਦਾ ਨਾਂ ਮਸ਼ਹੂਰ ਕਰਨ ਵਾਲੇ ਅਤੇ ਜੋਬਨ ਰੁੱਤੇ ਤੁਰ ਜਾਣ ਵਾਲੇ ਇਸ ਕਵੀ ਨੂੰ ਸਾਹਿਤਕ ਖੇਤਰ ਵਿਚ ਬਿਰਹਾ ਦੇ ਕਵੀ ਅਤੇ ਪੰਜਾਬੀ ਦੇ ਕੀਟਸ ਵਜੋਂ ਜਾਣਿਆ ਜਾਂਦਾ ਹੈ।'' ਮਾਝੇ ਖਿੱਤੇ ਨਾਲ ਸਬੰਧਤ ਇਹ ਦੋਵੇਂ ਮੰਤਰੀ ਪਿਛਲੇ ਕਈ ਮਹੀਨਿਆਂ ਤੋਂ ਮੁੱਖ ਮੰਤਰੀ ਖਿਲਾਫ ਖੁੱਲ੍ਹ ਕੇ ਮੈਦਾਨ 'ਚ ਨਿੱਤਰੇ ਹੋਏ ਹਨ ਅਤੇ ਨਵਜੋਤ ਸਿੰਘ ਸਿੱਧੂ ਨੂੰ ਪ੍ਰਧਾਨ ਬਣਾਉਣ 'ਚ ਵੀ ਉਨ੍ਹਾਂ ਅਹਿਮ ਭੂਮਿਕਾ ਨਿਭਾਈ ਸੀ। ਇਨ੍ਹਾਂ ਮੰਤਰੀਆਂ ਦੇ ਤਾਜ਼ਾ ਪੈਂਤੜੇ ਨੇ ਸਾਰਿਆਂ ਨੂੰ ਹੈਰਾਨ ਕਰਕੇ ਰੱਖ ਦਿੱਤਾ ਹੈ।

# ਕੈਨੇਡਾ ਚੋਣਾਂ: 21 ਔਰਤਾਂ ਸਣੇ 70 ਪੰਜਾਬੀ ਚੋਣ ਮੈਦਾਨ 'ਚ ਨਿੱਤਰੇ

**ਬਰੈਂਪਟਨ:** ਕੈਨੇਡਾ ਵਿਚ 20 ਸਤੰਬਰ ਨੂੰ ਹੋ ਰਹੀਆਂ ਮੱਧਕਾਲੀ ਫੈਡਰਲ ਚੋਣਾਂ ਲਈ ਨਾਮਜ਼ਦਗੀਆਂ ਦੀ ਆਖਰੀ ਤਰੀਕ 30 ਅਗਸਤ ਤੋਂ ਬਾਅਦ ਸਿਆਸੀ ਸਰਗਰਮੀਆਂ ਤੇਜ਼ ਹੋ ਗਈਆਂ ਹਨ। ਕੈਨੇਡੀਅਨ ਪਾਰਲੀਮੈਂਟ ਦੀਆਂ ਕੁੱਲ 338 ਸੀਟਾਂ ਲਈ ਹੋ ਰਹੀ ਚੋਣ ਵਿਚ ਐਤਕੀਂ ਪੰਜਾਬੀ ਭਾਈਚਾਰੇ ਦੇ 70 ਉਮੀਦਵਾਰ ਮੈਦਾਨ ਵਿਚ ਨਿੱਤਰ ਚੁੱਕੇ ਹਨ, ਜਿਨ੍ਹਾਂ ਵਿਚ 21 ਔਰਤਾਂ ਵੀ ਸ਼ਾਮਲ ਹਨ।

ਇਨ੍ਹਾਂ ਉਮੀਦਵਾਰਾਂ ਨੇ ਦੂਜਿਆਂ ਦੇ ਮੁਕਾਬਲੇ ਆਪਣੀ ਚੋਣ ਮੁਹਿੰਮ ਭਖਾ ਲਈ ਹੈ। ਕਈ ਹਲਕਿਆਂ ਵਿਚ ਇਕ ਧਿਰ ਵੱਲੋਂ ਖੜ੍ਹੇ ਪੰਜਾਬੀ ਉਮੀਦਵਾਰ ਦਾ ਮੁਕਾਬਲਾ ਦੂਜੀ ਧਿਰ ਦੇ ਪੰਜਾਬੀ ਉਮੀਦਵਾਰ ਨਾਲ ਹੈ। ਮਿਸਾਲ ਵਜੋਂ ਨਾਰਥ ਬਰੈਂਪਟਨ ਵਿਚ ਲਿਬਰਲ ਉਮੀਦਵਾਰ ਰੂਬੀ ਸਹੋਤਾ ਦੇ ਮੁਕਾਬਲੇ ਕੰਜ਼ਰਵੇਟਿਵ ਵੱਲੋਂ ਮਿੱਧਾ ਜੋਸ਼ੀ ਨੂੰ ਉਤਾਰਿਆ ਗਿਆ ਹੈ। ਬਰੈਂਪਟਨ ਈਸਟ ਤੋਂ ਮਨਿੰਦਰ ਸੰਧੂ ਦੇ ਮੁਕਾਬਲੇ ਕੰਜ਼ਰਵੇਟਿਵ ਉਮੀਦਵਾਰ ਨਵਲ ਬਜਾਜ ਖੜ੍ਹੇ ਹਨ। ਬਰੈਂਪਟਨ ਸਾਊਥ ਤੋਂ ਲਿਬਰਲ ਦੀ ਉਮੀਦਵਾਰ ਸੋਨੀਆ ਸਿੱਧੂ ਦੇ ਮੁਕਾਬਲੇ ਕੰਜ਼ਰਵੇਟਿਵ ਵੱਲੋਂ ਮਿਸਟਰ ਬਰਾੜ ਮੈਦਾਨ ਵਿਚ ਹੈ। ਇਸੇ ਤਰ੍ਹਾਂ ਐਡਮੰਟਨ ਅਤੇ ਵੈਨਕੂਵਰ ਵਿਚ ਵੀ ਬਹੁਤੀਆਂ ਥਾਵਾਂ ਉਤੇ ਪੰਜਾਬੀ ਆਗੂਆਂ ਦਾ ਮੁਕਾਬਲਾ ਪੰਜਾਬੀ ਨਾਲ ਹੋ ਰਿਹਾ ਹੈ। ਚੇਤੇ ਰਹੇ ਕਿ ਲਿਬਰਲ ਦਾ ਸਾਬਕਾ ਮੰਤਰੀ ਨਵਦੀਪ ਸਿੰਘ ਬੈਂਸ ਅਤੇ ਐਮ.ਪੀ. ਗਗਨ ਸਿਕੰਦ ਚੋਣ ਮੈਦਾਨ ਵਿਚੋਂ ਸਵੈਇੱਛਾ ਨਾਲ ਪਿੱਛੇ ਹਟ ਗਏ ਹਨ।

ਹਾਲੀਆ ਸਰਵੇਖਣਾਂ ਵਿਚ ਕੰਜ਼ਰਵੇਟਿਵ ਪਾਰਟੀ ਨੂੰ 35.6 ਜਦਕਿ ਲਿਬਰਲ ਪਾਰਟੀ ਦੇ ਪੱਖ ਵਿਚ 35.3 ਫੀਸਦੀ ਲੋਕ ਰਾਏ ਦੱਸੀ ਗਈ ਹੈ। ਐਨ.ਡੀ.ਪੀ. ਨੂੰ ਇਨ੍ਹਾਂ ਸਰਵੇਖਣਾਂ ਵਿਚ ਤੀਜੀ ਥਾਂ ਉਤੇ ਵਿਖਾਇਆ ਜਾ ਰਿਹਾ ਹੈ। ਕੋਵਿਡ ਕਾਰਨ ਐਤਕੀਂ ਬਹੁਤੀਆਂ ਵੋਟਾਂ ਡਾਕ ਜਾਂ ਈਮੇਲ ਰਾਹੀਂ ਪੈਣ ਦੀ ਸੰਭਾਵਨਾ ਹੈ। ਕੈਨੇਡਾ ਦੀ ਰਵਾਇਤ ਅਨੁਸਾਰ ਜੇਕਰ ਕਿਸ ਵੋਟਰ ਨੂੰ 20 ਸਤੰਬਰ ਨੂੰ ਕੋਈ ਜ਼ਰੂਰੀ ਰੁਝੇਵਾਂ ਹੈ ਤਾਂ ਉਨ੍ਹਾਂ ਲਈ ਐਡਵਾਂਸ ਪੋਲਿੰਗ 10, 11, 12 ਤੇ 13 ਸਤੰਬਰ ਨੂੰ ਹੋਵੇਗੀ।

ਪਿਛਲੇ ਮਹੀਨੇ ਵੱਖ-ਵੱਖ ਅਦਾਰਿਆਂ ਵੱਲੋਂ ਕਰਵਾਏ ਚੋਣ ਸਰਵੇਖਣਾਂ ਵਿਚ ਜਸਟਿਨ ਟਰੂਡੋ ਨੂੰ ਮੁੱਖ ਵਿਰੋਧੀ ਧਿਰ ਕੰਜ਼ਰਵੇਟਿਵ ਅਤੇ ਬਾਹਰੋਂ ਰਹਿ ਕੇ ਸਰਕਾਰ ਦੀ ਹਮਾਇਤ ਕਰ ਰਹੀ ਐਨ.ਡੀ.ਪੀ. ਆਗੂਆਂ ਤੋਂ ਕਾਫੀ ਅੱਗੇ ਵਿਖਾਇਆ ਗਿਆ ਸੀ। ਰਾਜਸੀ ਮਾਹਿਰਾਂ ਦਾ ਮੰਨਣਾ ਹੈ ਕਿ ਟਰੂਡੋ ਨੇ ਰਾਜਸੀ ਹਾਲਾਤ ਨੂੰ ਆਪਣੇ ਅਨੁਕੂਲ ਮੰਨਦਿਆਂ ਇਹ ਮੱਧਕਾਲੀ ਚੋਣ ਕਰਾਉਣ ਦਾ ਫੈਸਲਾ ਲਿਆ ਹੈ। ਹਾਲਾਂਕਿ ਚੋਣਾਂ ਦੇ ਐਲਾਨ ਮਗਰੋਂ ਸਿਆਸੀ ਸਮੀਕਰਨ ਬਦਲਦੇ ਵਿਖਾਈ ਦੇ ਰਹੇ ਹਨ।

ਚੋਣ ਮੁਹਿੰਮ ਉਤੇ ਨਿਕਲੇ ਪ੍ਰਧਾਨ ਮੰਤਰੀ ਟਰੂਡੋ ਨੂੰ ਦੇਸ਼ ਦੇ ਵੱਖ-ਵੱਖ ਸੂਬਿਆਂ ਵਿਚ ਕਈ ਥਾਵਾਂ ਉਤੇ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਵਿਰੋਧ ਦੀ ਇਕ ਵਜ੍ਹਾ ਅਫਗਾਨਿਸਤਾਨ ਵਿਚੋਂ ਹਜ਼ਾਰਾਂ ਦੀ ਗਿਣਤੀ ਵਿਚ ਲੋਕਾਂ ਨੂੰ ਕੈਨੇਡਾ ਬੁਲਾਉਣਾ ਵੀ ਹੈ। ਕੁਝ ਆਲੋਚਕ ਇਹ ਵੀ ਕਹਿੰਦੇ ਹਨ ਕਿ ਕੈਨੇਡਾ ਵਿਚੋਂ ਜਦੋਂ ਹਾਲੇ ਕੋਵਿਡ-19 ਪੂਰੀ ਤਰ੍ਹਾਂ ਖਤਮ ਨਹੀਂ ਹੋਇਆ, ਤਾਂ ਅਜਿਹੀ ਹਾਲਤ ਵਿਚ ਇਹ ਚੋਣ ਨਹੀਂ ਹੋਣੀ ਚਾਹੀਦੀ ਸੀ।

# ਜੀ.ਐਸ.ਟੀ. ਵਸੂਲੀ ਨੇ ਸਰਕਾਰ ਦੀ ਵਿੱਤੀ ਖੁਸ਼ਕੀ ਚੁੱਕੀ

**ਚੰਡੀਗੜ੍ਹ:** ਪੰਜਾਬ ਸਰਕਾਰ ਨੂੰ ਇਸ ਸਾਲ ਅਗਸਤ ਮਹੀਨੇ ਦੌਰਾਨ ਵੱਖ-ਵੱਖ ਵਸੂਲੀਆਂ ਦੇ ਆਧਾਰ 'ਤੇ 1188.70 ਕਰੋੜ ਰੁਪਏ ਦਾ ਜੀ.ਐਸ.ਟੀ. ਮਾਲੀਆ ਇਕੱਤਰ ਹੋਇਆ ਹੈ, ਜਦਕਿ ਪਿਛਲੇ ਸਾਲ ਇਸੇ ਮਹੀਨੇ ਇਹ ਮਾਲੀਆ 987.20 ਕਰੋੜ ਰੁਪਏ ਸੀ।

ਇਸ ਹਿਸਾਬ ਨਾਲ ਜੀ.ਐਸ.ਟੀ. ਮਾਲੀਏ ਵਿਚ ਪਿਛਲੇ ਸਾਲ ਨਾਲੋਂ 20.41 ਫੀਸਦ ਦਾ ਵਾਧਾ ਹੋਇਆ ਹੈ। ਇਹ ਵਾਧਾ ਕੋਵਿਡ-19 ਦੀ ਦੂਜੀ ਲਹਿਰ ਤੋਂ ਬਾਅਦ ਅਰਥਚਾਰੇ ਵਿਚ ਤੇਜ਼ੀ ਨਾਲ ਹੋਏ ਸੁਧਾਰ ਦਾ ਪ੍ਰਤੱਖ ਸੂਚਕ ਹੈ। ਕਰ ਕਮਿਸ਼ਨਰ ਦੇ ਬੁਲਾਰੇ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਸੂਬੇ ਕੋਲ ਇਕੱਤਰ ਹੁੰਦੇ ਮਾਲੀਏ ਦਾ ਵੱਖ-ਵੱਖ ਖੇਤਰਾਂ ਦੇ ਹਿਸਾਬ ਨਾਲ ਜੇ ਅਧਿਐਨ ਕੀਤਾ ਜਾਵੇ ਤਾਂ ਲੋਹਾ ਤੇ ਸਟੀਲ, ਇਲੈਕਟ੍ਰਾਨਿਕ ਵਸਤਾਂ, ਖਾਦਾਂ, ਟੈਲੀਕੌਮ ਤੇ ਬੈਂਕਿੰਗ ਜਿਹੇ ਖੇਤਰਾਂ ਵਿਚ ਆਰਥਿਕ ਸੁਧਾਰ ਦੀ ਰਫਤਾਰ ਵਿਚ ਤੇਜ਼ੀ ਦੇਖਣ ਨੂੰ ਮਿਲੀ ਹੈ। ਬੁਲਾਰੇ ਨੇ ਅੱਗੇ ਦੱਸਿਆ ਕਿ ਪੱਕੇ ਆਈ.ਜੀ.ਐਸ.ਟੀ. ਬੰਦੋਬਸਤ ਤੋਂ ਇਲਾਵਾ ਪੰਜਾਬ ਨੂੰ ਵਿੱਤੀ ਵਰ੍ਹੇ 2021-22 ਦੀ ਪਹਿਲੀ ਤਿਮਾਹੀ ਲਈ ਅਗਸਤ-2021 ਵਿਚ 448.35 ਕਰੋੜ ਰੁਪਏ ਆਰਜ਼ੀ ਬੰਦੋਬਸਤ ਵਜੋਂ ਮਿਲੇ ਹਨ।

ਇਸੇ ਦੇ ਨਤੀਜੇ ਵਜੋਂ ਅਗਸਤ ਮਹੀਨੇ ਦੇ ਜੀ.ਐਸ.ਟੀ. ਵਿਚ ਵਾਧਾ ਪਿਛਲੇ ਸਾਲ ਇਸੇ ਮਹੀਨੇ ਵਿਚ ਇਕੱਤਰ ਹੋਏ ਮਾਲੀਏ ਦੇ ਮੁਕਾਬਲੇ ਲਗਭਗ 80 ਫੀਸਦ ਹੈ। ਅਗਸਤ 2021 ਦੌਰਾਨ ਵੈਟ ਤੇ ਸੀ.ਐਸ.ਟੀ. ਮਾਲੀਆ ਕ੍ਰਮਵਾਰ 648.44 ਕਰੋੜ ਤੇ 26.97 ਕਰੋੜ ਰੁਪਏ ਇਕੱਠਾ ਹੋਇਆ। ਪਿਛਲੇ ਸਾਲ ਦੇ ਮੁਕਾਬਲੇ ਇਹ ਕ੍ਰਮਵਾਰ 24 ਫੀਸਦ ਤੇ 40 ਫੀਸਦ ਵੱਧ ਹੈ, ਜੋ ਅਰਥਚਾਰੇ ਦੀ ਬਹਾਲੀ ਦਾ ਪ੍ਰਗਟਾਵਾ ਕਰਦਾ ਹੈ। ਇਸੇ ਤਰ੍ਹਾਂ ਅਗਸਤ 2021 ਵਿਚ ਇਕੱਤਰ ਹੋਇਆ ਪੰਜਾਬ ਰਾਜ ਵਿਕਾਸ ਟੈਕਸ 11.38 ਕਰੋੜ ਰੁਪਏ ਹੈ, ਜੋ ਪਿਛਲੇ ਸਾਲ ਦੇ ਮੁਕਾਬਲੇ 9.63 ਫੀਸਦ ਵੱਧ ਹੈ।

# ਮੁਸਲਿਮ ਭਾਈਚਾਰੇ ਵੱਲੋਂ ਐਮੀ ਵਿਰਕ ਖਿਲਾਫ ਮੋਰਚਾ ਖੋਲ੍ਹਣ ਦੀ ਤਿਆਰੀ

**ਲੁਧਿਆਣਾ:** ਆਪਣੇ ਇਕ ਗੀਤ ਵਿਚ 'ਰਸੂਲ' ਸ਼ਬਦ ਦੀ ਕਥਿਤ ਬੇਅਦਬੀ ਕਰਨ ਦੀ ਨਿਖੇਧੀ ਕਰਦਿਆਂ ਮੁਸਲਿਮ ਭਾਈਚਾਰੇ ਨੇ ਗਾਇਕ ਅਤੇ ਫਿਲਮ ਅਦਾਕਾਰ ਐਮੀ ਵਿਰਕ ਖਿਲਾਫ ਕੇਸ ਦਰਜ ਕਰਕੇ ਉਸ ਨੂੰ ਗ੍ਰਿਫਤਾਰ ਕਰਨ ਦੀ ਮੰਗ ਕੀਤੀ ਹੈ।

ਇਥੇ ਇਤਿਹਾਸਕ ਜਾਮਾ ਮਸਜਿਦ ਤੋਂ ਨਾਇਬ ਸ਼ਾਹੀ ਇਮਾਮ ਮੌਲਾਨਾ ਮੁਹੰਮਦ ਉਸਮਾਨ ਰਹਿਮਾਨੀ ਲੁਧਿਆਣਵੀ ਨੇ ਕਿਹਾ ਕਿ ਇਸਲਾਮ ਧਰਮ 'ਚ ਅੱਲ੍ਹਾ ਦੇ ਆਖਰੀ ਰਸੂਲ ਹਜ਼ਰਤ ਮੁਹੰਮਦ ਸਲਲਲਾਹੁ ਅਲੈਹੀ ਵਸਲਮ ਨੂੰ ਸਭ ਤੋਂ ਵੱਡਾ ਦਰਜਾ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਦੁਨੀਆਂ ਵਿਚ ਜਦੋਂ ਕਿਤੇ ਵੀ ਰਸੂਲ ਸ਼ਬਦ ਦਾ ਇਸਤੇਮਾਲ ਕੀਤਾ ਜਾਂਦਾ ਹੈ ਤਾਂ ਉਸ ਦਾ ਮਤਲਬ ਹੁੰਦਾ ਹੈ ਕਿ ਹਜ਼ਰਤ ਮੁਹੰਮਦ ਰਸੂਲੱਲਾਹ ਦਾ ਫ਼ੁਰਮਾਨ ਹੈ।

ਨਾਇਬ ਸ਼ਾਹੀ ਇਮਾਮ ਨੇ ਕਿਹਾ ਕਿ ਮਾਲੇਰਕੋਟਲਾ ਦੀ ਇਕ ਮੁਸਲਮਾਨ ਭੈਣ ਵੱਲੋਂ ਇਸ ਪਾਸੇ ਧਿਆਨ ਦਿਵਾਉਣ 'ਤੇ ਪਤਾ ਲੱਗਿਆ ਹੈ ਕਿ ਐਮੀ ਵਿਰਕ ਦੀ ਫਿਲਮ ਸੁਫਨਾ 'ਚ ਗਾਏ ਗੀਤ 'ਕਬੂਲ ਹੈ' ਦੇ ਸ਼ਬਦ ਦੁਨੀਆਂ ਭਰ ਦੇ ਮੁਸਲਮਾਨਾਂ ਨੂੰ ਠੇਸ ਪਹੁੰਚਾਉਣ ਵਾਲੇ ਹਨ। ਨਾਇਬ ਸ਼ਾਹੀ ਇਮਾਮ ਨੇ ਦੱਸਿਆ ਕਿ ਇਸ ਬਾਰੇ ਪੁਲਿਸ ਕਮਿਸ਼ਨਰ ਨੂੰ ਸ਼ਿਕਾਇਤ ਈ-ਮੇਲ ਰਾਹੀਂ ਭੇਜ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਜੇਕਰ ਕੋਈ ਕਾਰਵਾਈ ਨਾ ਹੋਈ ਤਾਂ ਪੰਜਾਬ ਭਰ ਦੇ ਮੁਸਲਮਾਨਾਂ ਦੀ ਲੁਧਿਆਣਾ 'ਚ ਮੀਟਿੰਗ ਸੱਦ ਕੇ ਅਗਲੀ ਰਣਨੀਤੀ ਦਾ ਐਲਾਨ ਕੀਤਾ ਜਾਵੇਗਾ।

## ਅਫਗਾਨਿਸਤਾਨ ਵਿਚ ਫਸੇ ਹਿੰਦੂਆਂ ਸਿੱਖਾਂ ਨੂੰ ਭਾਰਤ ਤੋਂ ਮਦਦ ਦੀ ਆਸ

**ਅੰਮ੍ਰਿਤਸਰ:** ਅਫਗਾਨਿਸਤਾਨ ਵਿਚ ਰਹਿੰਦੇ ਲਗਭਗ 180 ਸਿੱਖ ਤੇ ਹਿੰਦੂ ਇਥੋਂ ਸੁਰੱਖਿਅਤ ਬਾਹਰ ਨਿਕਲਣ ਵਾਸਤੇ ਮਦਦ ਲਈ ਭਾਰਤ ਸਰਕਾਰ ਵੱਲ ਆਸ ਲਾ ਕੇ ਬੈਠੇ ਹੋਏ ਹਨ। ਇਹ ਖੁਲਾਸਾ ਵਰਲਡ ਪੰਜਾਬੀ ਆਰਗੇਨਾਈਜ਼ੇਸ਼ਨ ਦੇ ਕੌਮਾਂਤਰੀ ਪ੍ਰਧਾਨ ਵਿਕਰਮਜੀਤ ਸਿੰਘ ਸਾਹਨੀ ਨੇ ਕੀਤਾ ਹੈ, ਜਿਨ੍ਹਾਂ ਪਹਿਲਾਂ ਵੀ ਉਥੇ ਸਿੱਖਾਂ ਨੂੰ ਸੁਰੱਖਿਅਤ ਭਾਰਤ ਲਿਆਉਣ ਲਈ ਪ੍ਰਬੰਧ ਕੀਤਾ ਸੀ।

ਉਨ੍ਹਾਂ ਦੱਸਿਆ ਕਿ ਅਫਗਾਨਿਸਤਾਨ ਵਿਚ ਰਹਿ ਗਏ ਸਿੱਖਾਂ ਅਤੇ ਹਿੰਦੂਆਂ ਨੂੰ ਉਥੋਂ ਸੁਰੱਖਿਅਤ ਭਾਰਤ ਲਿਆਉਣ ਵਾਸਤੇ ਕੇਂਦਰੀ ਵਿਦੇਸ਼ ਮੰਤਰਾਲੇ ਨਾਲ ਸੰਪਰਕ ਵਿਚ ਹਨ। ਇਸ ਕੰਮ ਨੂੰ ਕੁਝ ਦਿਨ ਲੱਗ ਸਕਦੇ ਹਨ। ਇਸ ਵਾਸਤੇ ਭਾਰਤੀ ਹਵਾਈ ਫੌਜ ਦੇ ਜਹਾਜ਼ ਦਾ ਪ੍ਰਬੰਧ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਪਹਿਲਾਂ ਵੀ ਕੇਂਦਰੀ ਵਿਦੇਸ਼ ਮੰਤਰਾਲੇ ਅਤੇ ਭਾਰਤੀ ਹਵਾਈ ਫੌਜ ਦੀ ਮਦਦ ਨਾਲ ਹੀ ਸਿੱਖਾਂ ਅਤੇ ਹਿੰਦੂਆਂ ਨੂੰ ਉਥੋਂ ਸੁਰੱਖਿਅਤ ਭਾਰਤ ਲਿਆਂਦਾ ਗਿਆ ਹੈ। ਉਨ੍ਹਾਂ ਕਿਹਾ ਕਿ ਜੇਕਰ ਹੁਣ ਭਾਰਤੀ ਹਵਾਈ ਫੌਜ ਦੇ ਜਹਾਜ਼ ਦਾ ਪ੍ਰਬੰਧ ਨਾ ਹੋਇਆ ਤਾਂ ਉਹ ਚਾਰਟਰਡ ਉਡਾਣ ਦਾ ਪ੍ਰਬੰਧ ਕਰਨਗੇ।

ਦੱਸਣਯੋਗ ਹੈ ਕਿ ਭਾਰਤੀ ਰਾਜਦੂਤ ਅਤੇ ਤਾਲਿਬਾਨ ਆਗੂਆਂ ਵਿਚਾਲੇ ਇਕ ਮੀਟਿੰਗ ਵੀ ਹੋਈ ਹੈ, ਜਿਸ ਵਿਚ ਤਾਲਿਬਾਨ ਆਗੂਆਂ ਨੇ ਭਰੋਸਾ ਦਿੱਤਾ ਹੈ ਕਿ ਅਫਗਾਨਿਸਤਾਨ ਦੇ ਸਿੱਖਾਂ ਨੂੰ ਭਾਰਤ ਵਿਚ ਧਰਮ ਅਸਥਾਨਾਂ ਦੀ ਯਾਤਰਾ ਵਾਸਤੇ ਪ੍ਰਵਾਨਗੀ ਦਿੱਤੀ ਜਾਵੇਗੀ, ਪਰ ਇਹ ਪ੍ਰਵਾਨਗੀ ਕਾਬੁਲ ਦਾ ਹਵਾਈ ਅੱਡਾ ਸ਼ੁਰੂ ਹੋਣ ਤੋਂ ਬਾਅਦ ਦਿੱਤੀ ਜਾਵੇਗੀ।

# ਪੰਜਾਬ ਵੱਲੋਂ ਅਮਰੀਕਨ ਚੈਂਬਰ ਨਾਲ ਸਹਿਮਤੀ ਪੱਤਰ ਸਹੀਬੱਧ

**ਚੰਡੀਗੜ੍ਹ:** ਪੰਜਾਬ ਅਤੇ ਅਮਰੀਕੀ ਚੈਂਬਰ ਆਫ ਕਾਮਰਸ ਇਨ ਇੰਡੀਆ (ਐਮਚੈਮ) ਦਰਮਿਆਨ 29ਵੀਂ ਏ.ਜੀ.ਐਮ. ਦੌਰਾਨ ਸਹਿਮਤੀ ਪੱਤਰ ਸਹੀਬੱਧ ਕੀਤਾ ਗਿਆ, ਜੋ ਅਮਰੀਕਾ ਦੀਆਂ ਮੈਂਬਰ ਕੰਪਨੀਆਂ ਨੂੰ ਸੂਬੇ ਵਿਚ ਨਿਵੇਸ਼ ਅਤੇ ਵਪਾਰ ਲਈ ਉਤਸ਼ਾਹਿਤ ਕਰਨ ਦੇ ਨਾਲ-ਨਾਲ ਸਾਜ਼ਗਾਰ ਮਾਹੌਲ ਮੁਹੱਈਆ ਕਰਵਾਏਗਾ। ਇਸ ਸਹਿਮਤੀ ਪੱਤਰ 'ਤੇ ਇਨਵੈਸਟ ਪੰਜਾਬ ਦੇ ਸੀ.ਈ.ਓ. ਰਜਤ ਅਗਰਵਾਲ ਅਤੇ ਐਮਚੈਮ ਇੰਡੀਆ ਦੇ ਪ੍ਰੋਗਰਾਮ ਡਾਇਰੈਕਟਰ ਰਾਜੀਵ ਆਨੰਦ ਵੱਲੋਂ ਪ੍ਰਮੁੱਖ ਸਕੱਤਰ ਇਨਵੈਸਟਮੈਂਟ ਪ੍ਰਮੋਸ਼ਨ ਹੁਸਨ ਲਾਲ ਦੀ ਮੌਜੂਦਗੀ ਵਿਚ ਦਸਤਖਤ ਕੀਤੇ ਗਏ। ਐਮਚੈਮ ਇੰਡੀਆ ਵੱਲੋਂ ਭਾਰਤ ਦੇ ਕਿਸੇ ਸੂਬੇ ਨਾਲ ਪਹਿਲਾ ਸਮਝੌਤਾ ਕੀਤਾ ਗਿਆ ਹੈ। ਸ੍ਰੀ ਰਜਤ ਨੇ ਖੇਤੀਬਾੜੀ ਤੇ ਫੂਡ ਪ੍ਰੋਸੈਸਿੰਗ, ਟੈਕਨੀਕਲ ਇੰਜੀਨੀਅਰਿੰਗ, ਟੈਕਸਟਾਈਲ ਅਤੇ ਫਾਰਮਾ ਵਰਗੇ ਕਈ ਖੇਤਰਾਂ ਵਿਚ ਪੰਜਾਬ ਅਧਾਰਤ ਕੰਪਨੀਆਂ ਦੇ ਨਾਲ ਨਿਵੇਸ਼ ਜਾਂ ਸਾਂਝੇ ਵਪਾਰ ਦੇ ਮੌਕਿਆਂ ਬਾਰੇ ਜਾਣਕਾਰੀ ਦਿੱਤੀ।

ਇਨਵੈਸਟ ਪੰਜਾਬ ਦੇ ਸੀ.ਈ.ਓ. ਨੇ ਅੱਗੇ ਦੱਸਿਆ ਕਿ ਪੰਜਾਬ ਸਰਕਾਰ ਲਈ ਉਦਯੋਗੀਕਰਨ, ਵਪਾਰ ਅਤੇ ਵਣਜ ਨੂੰ ਉਤਸ਼ਾਹਤ ਕਰਨ ਵਾਸਤੇ ਅਮਰੀਕਾ ਮੁੱਖ ਦੇਸ਼ਾਂ ਵਿਚੋਂ ਇਕ ਹੈ। ਐਮਾਜ਼ਾਨ, ਵਾਲਮਾਰਟ, ਕੁਆਰਕ, ਕਾਰਗਿਲ, ਟਾਇਸਨ, ਜੌਹਨ ਡੀਅਰ, ਗੇਟਸ, ਸ੍ਰੇਬਰ, ਪੈਪਸੀ, ਕੋਕਾ ਕੋਲਾ, ਟੈਲੀਪਰਫਾਰਮੈਂਸ, ਕੰਪ੍ਰ-ਵਿਜ਼ਨ ਕੰਸਲਟਿੰਗ, ਨੈੱਟਸਮਾਰਟਜ਼ ਇਨਫੋਟੈਕ ਵਰਗੀਆਂ 20 ਤੋਂ ਵੱਧ ਅਮਰੀਕੀ ਫਰਮਾਂ ਨੇ ਪੰਜਾਬ ਨੂੰ ਆਪਣੇ ਪਸੰਦੀਦਾ ਨਿਵੇਸ਼ ਸਥਾਨ ਵਜੋਂ ਚੁਣਿਆ ਹੈ। ਨਿਵੇਸ਼ ਪ੍ਰੋਤਸਾਹਨ ਵਿਭਾਗ ਦੇ ਪ੍ਰਮੁੱਖ ਸਕੱਤਰ ਹੁਸਨ ਲਾਲ ਨੇ ਸੂਬੇ ਵੱਲੋਂ ਚੁੱਕੇ ਪ੍ਰਗਤੀਸ਼ੀਲ ਕਦਮਾਂ ਅਤੇ ਢੁਕਵੇਂ ਕਾਰੋਬਾਰੀ ਵਾਤਾਵਰਣ ਬਾਰੇ ਚਾਨਣਾ ਪਾਇਆ, ਜਿਥੇ 20 ਤੋਂ ਵੱਧ ਅਮਰੀਕੀ ਵਪਾਰਕ ਅਦਾਰੇ ਮੌਜੂਦ ਹਨ। ਆਗਾਮੀ ਪ੍ਰਗਤੀਸ਼ੀਲ ਪੰਜਾਬ ਨਿਵੇਸ਼ਕ ਸੰਮੇਲਨ- 2021 ਲਈ ਪ੍ਰਮੁੱਖ ਸਨਅਤਕਾਰਾਂ ਨੂੰ ਸੱਦਾ ਦਿੰਦਿਆਂ ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਨੂੰ ਸਮੁੱਚੇ ਅਤੇ ਸੰਪੂਰਨ ਵਿਕਾਸ ਲਈ 26 ਅਤੇ 27 ਅਕਤੂਬਰ 2021 ਨੂੰ ਕਾਰੋਬਾਰੀ ਮੁਖੀਆਂ ਦੀ ਸਰਗਰਮ ਨੁਮਾਇੰਦਗੀ ਦੀ ਜ਼ਰੂਰਤ ਹੈ।


## Matrimonials

ਲੜਕੀ ਦੀ ਲੋੜ ਹੈ

Suitable match for Jatt Sikh boy, 5'-11", 1993 born, Software Engineer, Masters in Engineering from university in USA, USA green card applied and expecting Canadian PR soon, rural/urban property. Please send recent pictures and particulars to email: singhusa93@gmail.com, Ph: 248-679-6668 31-34

ਸੈਣੀ ਸਿੱਖ ਉਮਰ 35 ਸਾਲ, ਕੱਦ 5'-9", ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ, ਫੋਨ: 319-670-8892 29-32


# ਹਾਈ ਕੋਰਟ ਵੱਲੋਂ ਸੁਮੇਧ ਸੈਣੀ ਨੂੰ ਨੋਟਿਸ

**ਮੁਹਾਲੀ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਸੂਬੇ ਦੇ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਨੂੰ ਪਹਿਲਾਂ ਦਿੱਤੀ ਅਗਾਊਂ ਜ਼ਮਾਨਤ ਦੇ ਮਾਮਲੇ ਵਿਚ ਨੋਟਿਸ ਜਾਰੀ ਕਰਦਿਆਂ 7 ਅਕਤੂਬਰ ਤੱਕ ਜਵਾਬ ਦਾਇਰ ਕਰਨ ਲਈ ਕਿਹਾ ਹੈ। ਪੰਜਾਬ ਸਰਕਾਰ ਨੇ ਸਪੈਸ਼ਲ ਪਬਲਿਕ ਪ੍ਰਾਸੀਕਿਊਟਰ ਸਰਤੇਜ ਸਿੰਘ ਨਰੂਲਾ ਰਾਹੀਂ ਦਾਇਰ ਪਟੀਸ਼ਨ ਵਿਚ ਸਾਬਕਾ ਡੀ.ਜੀ.ਪੀ. ਸੈਣੀ ਨੂੰ ਦਿੱਤੀ ਜ਼ਮਾਨਤ ਰੱਦ ਕਰਨ ਦੀ ਮੰਗ ਕੀਤੀ ਸੀ। ਸਰਕਾਰ ਨੇ ਆਪਣੀ ਪਟੀਸ਼ਨ ਵਿਚ ਸਾਬਕਾ ਡੀ. ਜੀ.ਪੀ. 'ਤੇ ਅਦਾਲਤ ਦੇ ਹੁਕਮਾਂ ਦੀ ਸਹੀ ਤਰੀਕੇ ਨਾਲ ਪਾਲਣਾ ਨਾ ਕਰਨ ਦਾ ਦੋਸ਼ ਲਗਾਇਆ ਹੈ। ਵਿਜੀਲੈਂਸ ਬਿਊਰੋ ਵੱਲੋਂ ਸੁਮੇਧ ਸੈਣੀ ਖਿਲਾਫ਼ ਆਮਦਨ ਵਸੀਲਿਆਂ ਤੋਂ ਵੱਧ ਸੰਪਤੀ ਬਣਾਉਣ ਅਤੇ ਲੋਕ ਨਿਰਮਾਣ ਵਿਭਾਗ ਦੇ ਅਧਿਕਾਰੀ ਨੂੰ ਅਮੀਰ ਬਣਾਉਣ ਅਤੇ ਦੋਵਾਂ ਦੇ ਖਾਤਿਆਂ ਵਿਚ ਕਰੋੜਾਂ ਰੁਪਏ ਦੇ ਲੈਣ ਦੇਣ ਦੀ ਗੱਲ ਕਹੀ ਗਈ ਹੈ।

ਸਰਕਾਰ ਨੇ ਅਦਾਲਤ ਦੇ ਧਿਆਨ ਵਿਚ ਲਿਆਂਦਾ ਕਿ ਬੀਤੀ 12 ਅਗਸਤ ਨੂੰ ਸੁਮੇਧ ਸੈਣੀ ਦੀ ਅਗਾਊਂ ਜ਼ਮਾਨਤ ਮਨਜ਼ੂਰ ਕਰਦਿਆਂ ਉਸ ਨੂੰ 7 ਦਿਨਾਂ ਦੇ ਅੰਦਰ-ਅੰਦਰ ਵਿਜੀਲੈਂਸ ਜਾਂਚ ਵਿਚ ਸ਼ਾਮਲ ਹੋਣ ਲਈ ਕਿਹਾ ਗਿਆ ਸੀ, ਪਰ ਸਾਬਕਾ ਡੀ.ਜੀ.ਪੀ. ਨੇ 7 ਦਿਨਾਂ ਦੀ ਮਿਆਦ ਦੇ ਆਖਰੀ ਦਿਨ ਦੇਰ ਰਾਤ ਵਿਜੀਲੈਂਸ ਬਿਊਰੋ ਦੇ ਮੁਹਾਲੀ ਸਥਿਤ ਮੁੱਖ ਦਫਤਰ ਵਿਚ ਪਹੁੰਚੇ ਸਨ, ਜਿਸ ਤੋਂ ਸਪੱਸ਼ਟ ਹੁੰਦਾ ਹੈ ਕਿ ਸੈਣੀ ਅਦਾਲਤ ਦੇ ਹੁਕਮਾਂ ਦੀ ਇੰਨ-ਬਿੰਨ ਪਾਲਣਾ ਕਰਨ ਵਿਚ ਅਸਫਲ ਰਹੇ ਹਨ। ਕੰਮ-ਕਾਜ ਸ਼ਾਮ 5 ਵਜੇ ਤੱਕ ਹੁੰਦਾ ਹੈ ਜਦੋਂਕਿ ਸੈਣੀ ਰਾਤ ਨੂੰ 8 ਵਜੇ ਜਾਂਚ 'ਚ ਸ਼ਾਮਲ ਹੋਣ ਆਏ ਸਨ। ਇਸ ਤੋਂ ਬਿਨਾ ਉਹ ਬਿਊਰੋ ਦੇ ਦਫਤਰ ਵਿਚ ਤਫ਼ਤੀਸ਼ੀ ਅਫਸਰ ਨੂੰ ਅਗਾਊਂ ਜਾਣਕਾਰੀ ਦਿੱਤੇ ਬਿਨਾਂ ਪਹੁੰਚੇ ਸੀ।

ਸਰਕਾਰੀ ਵਕੀਲ ਨੇ ਦੱਸਿਆ ਕਿ ਵਿਜੀਲੈਂਸ ਨੇ ਬੀਤੀ 27 ਅਗਸਤ ਨੂੰ ਅਦਾਲਤ ਦੇ ਹੁਕਮਾਂ ਤਹਿਤ ਸੈਣੀ ਨੂੰ ਸੰਮਨ ਭੇਜ ਕੇ ਦੁਬਾਰਾ ਜਾਂਚ ਵਿਚ ਸ਼ਾਮਲ ਹੋਣ ਲਈ ਤਲਬ ਕੀਤਾ। ਪਰ ਸਾਬਕਾ ਡੀ.ਜੀ.ਪੀ. ਨੇ ਜਾਂਚ ਵਿਚ ਸ਼ਾਮਲ ਹੋਣ ਦੀ ਥਾਂ ਮਨਘੜਤ ਜਵਾਬ ਭੇਜ ਦਿੱਤਾ ਕਿ ਪਿਛਲੀ ਵਾਰ ਜਦੋਂ ਉਹ ਜਾਂਚ ਵਿਚ ਸ਼ਾਮਲ ਹੋਣ ਆਏ ਤਾਂ ਵਿਜੀਲੈਂਸ ਨੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਸੀ। ਇਸ ਕਾਰਨ ਉਹ ਸਰੀਰਕ ਅਤੇ ਦਿਮਾਗੀ ਤੌਰ 'ਤੇ ਠੀਕ ਨਹੀਂ ਹਨ। ਲਿਹਾਜ਼ਾ ਉਸ ਨੂੰ 15 ਦਿਨਾਂ ਦੀ ਮੋਹਲਤ ਦਿੱਤੀ ਜਾਵੇ।

ਸਰਕਾਰੀ ਵਕੀਲ ਨੇ ਦੱਸਿਆ ਕਿ ਗ੍ਰਿਫਤਾਰੀ ਵਾਲੀ ਘਟਨਾ ਤੋਂ ਬਾਅਦ ਸੁਮੇਧ ਸੈਣੀ ਉੱਚ ਅਦਾਲਤ ਵਿਚ ਪਟੀਸ਼ਨਾਂ ਦਾਇਰ ਕਰ ਚੁੱਕੇ ਹਨ। ਉਨ੍ਹਾਂ ਸਵਾਲ ਕੀਤਾ ਕਿ ਜੇਕਰ ਸੈਣੀ ਵਿਜੀਲੈਂਸ ਦੀ ਕਾਰਵਾਈ ਤੋਂ ਸਿਹਤ ਪੱਖੋਂ ਠੀਕ ਨਹੀਂ ਹਨ ਤਾਂ ਉਹ ਅਦਾਲਤ ਵਿਚ ਚਾਰ ਪਟੀਸ਼ਨਾਂ ਕਿਵੇਂ ਦਾਇਰ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਸੈਣੀ ਜਾਣ-ਬੁੱਝ ਕੇ ਕੇਸ ਨੂੰ ਲਮਕਾਉਣ ਲਈ ਅਦਾਲਤ ਨੂੰ ਗੁਮਰਾਹ ਕਰ ਰਹੇ ਹਨ। ਲਿਹਾਜ਼ਾ ਸੈਣੀ ਨੂੰ ਦਿੱਤੀ ਜ਼ਮਾਨਤ ਮੁੱਢੋਂ ਰੱਦ ਕੀਤੀ ਜਾਵੇ ਤਾਂ ਜੋ ਉਸ ਤੋਂ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾ ਸਕੇ।

## ਸੁਖਬੀਰ ਨੇ ਸੈਸ਼ਨ ਅਦਾਲਤ ਤੋਂ ਅਗਾਊਂ ਜ਼ਮਾਨਤ ਮੰਗੀ

**ਹੁਸ਼ਿਆਰਪੁਰ:** ਪਾਰਟੀ ਦੇ ਸੰਵਿਧਾਨ ਵਿਚ ਕਥਿਤ ਹੇਰਾਫੇਰੀ ਕਰਨ ਦੇ ਕੇਸ ਵਿਚ ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂਆਂ ਨੂੰ ਸੰਮਨ ਭੇਜੇ ਜਾਣ 'ਤੇ ਰੋਕ ਲਗਾਉਣ ਵਾਲੀ ਅਰਜ਼ੀ ਖਾਰਜ ਕੀਤੇ ਜਾਣ ਪਿਛੋਂ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਹੁਸ਼ਿਆਰਪੁਰ ਦੀ ਸੈਸ਼ਨ ਅਦਾਲਤ 'ਚ ਅਗਾਊਂ ਜ਼ਮਾਨਤ ਦੀ ਅਰਜ਼ੀ ਦਾਇਰ ਕੀਤੀ ਹੈ। ਅਦਾਲਤ ਨੇ ਉਨ੍ਹਾਂ ਨੂੰ 13 ਸਤੰਬਰ ਜਾਂ ਇਸ ਤੋਂ ਪਹਿਲਾਂ ਨਿੱਜੀ ਤੌਰ 'ਤੇ ਟਰਾਇਲ ਕੋਰਟ ਸਾਹਮਣੇ ਪੇਸ਼ ਹੋ ਕੇ ਅੰਤ੍ਰਿਮ ਜ਼ਮਾਨਤ ਕਰਾਉਣ ਦੀ ਆਗਿਆ ਦੇ ਦਿੱਤੀ ਹੈ। ਵਧੀਕ ਸੈਸ਼ਨ ਜੱਜ ਜਤਿੰਦਰ ਪਾਲ ਸਿੰਘ ਖੁਰਮੀ ਨੇ ਦਿੱਤੇ ਹੁਕਮਾਂ 'ਚ ਕਿਹਾ ਕਿ ਜੇ ਸੁਖਬੀਰ ਦਿੱਤੇ ਸਮੇਂ 'ਚ ਅਦਾਲਤ 'ਚ ਪੇਸ਼ ਹੁੰਦੇ ਹਨ ਤਾਂ ਉਨ੍ਹਾਂ ਨੂੰ ਇਕ ਲੱਖ ਰੁਪਏ ਦੇ ਨਿੱਜੀ ਮੁਚੱਲਕੇ ਤੇ ਇੰਨੀ ਹੀ ਰਕਮ ਦੀ ਜ਼ਾਮਨੀ 'ਤੇ ਅੰਤ੍ਰਿਮ ਜ਼ਮਾਨਤ ਦਿੱਤੀ ਜਾ ਸਕਦੀ ਹੈ।

# 80 ਅਧਿਆਪਕਾਂ ਦਾ ਰਾਜ ਪੱਧਰੀ ਸਨਮਾਨ

**ਪਟਿਆਲਾ:** ਅਧਿਆਪਕ ਦਿਵਸ ਮੌਕੇ ਪੰਜਾਬ ਸਕੂਲ ਸਿੱਖਿਆ ਵਿਭਾਗ ਵੱਲੋਂ ਇਥੇ ਥਾਪਰ ਇੰਸਟੀਚਿਊਟ ਵਿਚ ਕਰਵਾਏ ਗਏ ਵਰਚੁਅਲ-ਕਮ-ਆਫਲਾਈਨ ਸੂਬਾ ਪੱਧਰੀ ਅਧਿਆਪਕ ਪੁਰਸਕਾਰ ਵੰਡ ਸਮਾਗਮ ਮੌਕੇ ਸਿੱਖਿਆ ਮੰਤਰੀ ਵਿਜੈਇੰਦਰ ਸਿੰਗਲਾ ਨੇ ਸੂਬੇ ਦੇ 80 ਅਧਿਆਪਕਾਂ ਨੂੰ ਰਾਜ ਪੱਧਰੀ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ।

ਸਨਮਾਨੇ ਗਏ ਅਧਿਆਪਕਾਂ ਵਿਚ 36 ਅੱਪਰ ਪ੍ਰਾਇਮਰੀ ਤੇ 22 ਪ੍ਰਾਇਮਰੀ ਅਧਿਆਪਕਾਂ ਨੂੰ ਰਾਜ ਪੁਰਸਕਾਰ, ਛੇ ਅੱਪਰ ਪ੍ਰਾਇਮਰੀ ਤੇ ਪੰਜ ਪ੍ਰਾਇਮਰੀ ਅਧਿਆਪਕਾਂ ਨੂੰ ਯੁਵਾ ਅਧਿਆਪਕ ਪੁਰਸਕਾਰ ਅਤੇ 11 ਸਿੱਖਿਆ ਅਧਿਕਾਰੀਆਂ ਨੂੰ ਪ੍ਰਬੰਧਕੀ ਰਾਜ ਪੁਰਸਕਾਰ ਦਿੱਤੇ ਗਏ। 23 ਅਧਿਆਪਕਾਂ ਨੂੰ ਸਿੱਖਿਆ ਮੰਤਰੀ ਨੇ ਨਿੱਜੀ ਤੌਰ 'ਤੇ ਸਨਮਾਨਿਤ ਕੀਤਾ। ਬਾਕੀ ਅਧਿਆਪਕਾਂ ਨੂੰ ਵੀਡੀਓ ਕਾਨਫਰੰਸਿੰਗ ਰਾਹੀਂ ਸਨਮਾਨਿਆ ਗਿਆ। ਪ੍ਰਬੰਧਕੀ ਸਟੇਟ ਐਵਾਰਡ ਨਾਲ ਸਨਮਾਨੇ ਗਏ ਸਿੱਖਿਆ ਅਧਿਕਾਰੀਆਂ 'ਚ ਪਟਿਆਲਾ ਦੇ ਜ਼ਿਲ੍ਹਾ ਸਿੱਖਿਆ ਅਫਸਰ ਅਮਰਜੀਤ ਸਿੰਘ ਵੀ ਸ਼ਾਮਲ ਸਨ।

ਸਮਾਗਮ ਨੂੰ ਸੰਬੋਧਨ ਕਰਦਿਆਂ ਸਿੰਗਲਾ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਚਾਰ ਸਾਲਾਂ ਵਿਚ ਸਿੱਖਿਆ ਪ੍ਰਣਾਲੀ ਦੀ ਸਮੁੱਚੀ ਨੁਹਾਰ ਬਦਲ ਦਿੱਤੀ ਹੈ, ਜਿਸ ਦੇ ਸਿੱਟੇ ਵਜੋਂ ਹੀ ਪੰਜਾਬ ਦੇਸ਼ ਭਰ 'ਚ ਸਿੱਖਿਆ ਦੇ ਖੇਤਰ 'ਚ ਮੋਹਰੀ ਹੋ ਕੇ ਉਭਰਿਆ ਹੈ। ਉਨ੍ਹਾਂ ਦੱਸਿਆ ਕਿ ਅਧਿਆਪਕਾਂ ਦੀ ਮਿਹਨਤ ਸਦਕਾ ਸੂਬੇ ਦੇ ਸੱਤ ਲੱਖ ਵਿਦਿਆਰਥੀ ਨਿੱਜੀ ਸਕੂਲਾਂ ਨੂੰ ਛੱਡ ਕੇ ਸਰਕਾਰੀ ਸਕੂਲਾਂ ਵਿਚ ਦਾਖਲ ਹੋਏ ਹਨ। ਇਸ ਦੌਰਾਨ ਉਨ੍ਹਾਂ ਡਾ. ਸਰਵਪੱਲੀ ਰਾਧਾਕ੍ਰਿਸ਼ਨਨ ਨੂੰ ਸ਼ਰਧਾ ਤੇ ਸਤਿਕਾਰ ਭੇਟ ਕੀਤਾ। ਇਸ ਮੌਕੇ ਸਕੂਲ ਸਿੱਖਿਆ ਦੇ ਸਕੱਤਰ ਕ੍ਰਿਸ਼ਨ ਕੁਮਾਰ, ਤਕਨੀਕੀ ਸਿੱਖਿਆ ਵਿਭਾਗ ਦੇ ਪ੍ਰਮੁੱਖ ਸਕੱਤਰ ਰਮੇਸ਼ ਕੁਮਾਰ ਗੰਤਾ ਅਤੇ ਡੀ.ਪੀ.ਆਈ. (ਸੈਕੰਡਰੀ) ਸੁਖਜੀਤਪਾਲ ਸਿੰਘ ਨੇ ਵੀ ਸੰਬੋਧਨ ਕੀਤਾ।

**Punjab Times**

**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Kuljeet Singh

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Baljit Basi
Buta Singh
Tarlochan Singh Dupalpur
Major Kular
**Corrspondents**
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ਼ ਜਾਣਕਾਰੀ ਹਿੱਤ ਛਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਕੇਂਦਰ ਸਰਕਾਰ ਸਾਡੇ ਸਬਰ ਦੀ ਪ੍ਰੀਖਿਆ ਨਾ ਲਵੇ: ਸੁਪਰੀਮ ਕੋਰਟ

**ਨਵੀਂ ਦਿੱਲੀ:** ਚੀਫ ਜਸਟਿਸ ਐਨ.ਵੀ. ਰਾਮੰਨਾ ਦੀ ਅਗਵਾਈ ਵਾਲੇ ਬੈਂਚ ਨੇ ਕੇਂਦਰ ਸਰਕਾਰ ਨੂੰ ਕਿਹਾ ਕਿ ਅਦਾਲਤ 'ਸਰਕਾਰ ਨਾਲ ਟਕਰਾਅ ਨਹੀਂ ਚਾਹੁੰਦੀ' ਪਰ ਅਹਿਮ ਟ੍ਰਿਬਿਊਨਲਾਂ ਵਿਚ ਅਸਾਮੀਆਂ ਭਰਨ ਵਿਚ ਹੋ ਰਹੀ ਦੇਰੀ ਕਾਰਨ ਸੁਪਰੀਮ ਕੋਰਟ ਦਾ ਸਬਰ ਮੁੱਕਦਾ ਜਾ ਰਿਹਾ ਹੈ।' ਜਸਟਿਸ ਡੀ.ਵਾਈ. ਚੰਦਰਚੂੜ ਤੇ ਐਲ. ਨਾਗੇਸ਼ਵਰ ਰਾਓ ਦੀ ਸ਼ਮੂਲੀਅਤ ਵਾਲੇ ਬੈਂਚ ਦੀ ਅਗਵਾਈ ਕਰਦਿਆਂ ਰਾਮੰਨਾ ਨੇ ਕਿਹਾ ਕਿ ਪੂਰੇ ਮੁਲਕ ਵਿਚ ਟ੍ਰਿਬਿਊਨਲ 'ਖਤਮ ਹੋਣ ਕੰਢੇ ਹਨ।' ਕਈ ਇਕ ਮੈਂਬਰ ਨਾਲ ਹੀ ਕੰਮ ਕਰ ਰਹੇ ਹਨ ਤੇ ਸਾਲ-ਸਾਲ ਦੀ ਤਰੀਕ ਪੈ ਰਹੀ ਹੈ। ਜਸਟਿਸ ਰਾਮੰਨਾ ਨੇ ਸੋਲੀਸਿਟਰ ਜਨਰਲ ਤੁਸ਼ਾਰ ਮਹਿਤਾ ਨੂੰ ਕਿਹਾ 'ਅਸੀਂ ਇਸ ਗੱਲ ਤੋਂ ਖੁਸ਼ ਨਹੀਂ ਹਾਂ ਤੇ ਤੁਹਾਨੂੰ 3-4 ਦਿਨ ਦਾ ਸਮਾਂ ਦਿੰਦੇ ਹਾਂ।' ਬੈਂਚ ਨੇ ਮਹਿਤਾ ਨੂੰ ਸਪੱਸ਼ਟ ਤੌਰ 'ਤੇ ਕਿਹਾ ਕਿ ਉਹ ਸਰਕਾਰ ਨੂੰ ਲੰਮੇ ਸਮੇਂ ਤੋਂ ਖਾਲੀ ਪਈਆਂ ਅਸਾਮੀਆਂ ਸੁਣਵਾਈ ਦੀ ਅਗਲੀ ਤਰੀਕ 13 ਸਤੰਬਰ ਤੱਕ ਭਰਨ ਲਈ ਮਨਾਉਣ। ਸੁਣਵਾਈ ਦੇ ਸ਼ੁਰੂ ਵਿਚ ਜਦ ਮਹਿਤਾ ਨੇ ਮਾਮਲੇ ਦੀ ਸੁਣਵਾਈ ਮੁਲਤਵੀ ਕਰਨ ਦੀ ਮੰਗ ਕੀਤੀ ਤਾਂ ਚੀਫ ਜਸਟਿਸ ਨੇ ਕਿਹਾ 'ਤੁਹਾਨੂੰ (ਸਰਕਾਰ) ਅਦਾਲਤ ਦੇ ਫੈਸਲਿਆਂ ਦਾ ਕੋਈ ਸਤਿਕਾਰ ਨਹੀਂ ਹੈ, ਤੁਸੀਂ ਸਾਡੇ ਸਬਰ ਦੀ ਪ੍ਰੀਖਿਆ ਲੈ ਰਹੇ ਹੋ।' ਬੈਂਚ ਨੇ ਇਹ ਟਿੱਪਣੀਆਂ ਕਾਂਗਰਸ ਆਗੂ ਜੈਰਾਮ ਰਮੇਸ਼ ਵੱਲੋਂ 'ਟ੍ਰਿਬਿਊਨਲ ਰਿਫਾਰਮਜ਼ ਐਕਟ 2021' ਨੂੰ ਚੁਣੌਤੀ ਦਿੰਦੀ ਪਟੀਸ਼ਨ 'ਤੇ ਸੁਣਵਾਈ ਦੌਰਾਨ ਕੀਤੀਆਂ ਹਨ। ਰਮੇਸ਼ ਨੇ ਕਿਹਾ ਕਿ ਇਸ ਐਕਟ ਵਿਚਲੀਆਂ ਵਿਵਸਥਾਵਾਂ ਸਿਖਰਲੀ ਅਦਾਲਤ ਵੱਲੋਂ ਮਦਰਾਸ ਬਾਰ ਐਸੋਸੀਏਸ਼ਨ ਕੇਸ ਵਿਚ ਸੁਣਾਏ ਫੈਸਲੇ ਦੇ ਉਲਟ ਹਨ।

# ਅਮਰੀਕਾ: ਪਿਛਲੇ 12 ਸਾਲਾਂ 'ਚ ਨਫਰਤੀ ਅਪਰਾਧਾਂ 'ਚ ਵਾਧਾ

**ਵਾਸ਼ਿੰਗਟਨ:** ਫੈਡਰਲ ਬਿਊਰੋ ਆਫ ਇਨਵੈਸਟੀਗੇਸ਼ਨ (ਐਫ.ਬੀ.ਆਈ.) ਦੀ ਰਿਪੋਰਟ 'ਚ ਖੁਲਾਸਾ ਹੋਇਆ ਹੈ ਕਿ ਅਮਰੀਕਾ 'ਚ ਨਫਰਤੀ ਅਪਰਾਧਾਂ ਦਾ ਗ੍ਰਾਫ ਪਿਛਲੇ 12 ਸਾਲਾਂ ਦੌਰਾਨ ਵਧ ਗਿਆ ਹੈ। ਇਸ ਦੌਰਾਨ ਸਿਆਹਫਾਮ ਅਤੇ ਏਸ਼ਿਆਈ ਅਮਰੀਕੀਆਂ 'ਤੇ ਜ਼ਿਆਦਾ ਹਮਲੇ ਹੋਏ ਹਨ। ਰਿਪੋਰਟ 'ਚ ਕਿਹਾ ਗਿਆ ਹੈ ਕਿ 2020 'ਚ ਨਫਰਤੀ ਅਪਰਾਧਾਂ ਦੀਆਂ 7,759 ਘਟਨਾਵਾਂ ਵਾਪਰੀਆਂ ਜੋ 2019 ਦੇ ਮੁਕਾਬਲੇ 'ਚ 6 ਫੀਸਦ ਜ਼ਿਆਦਾ ਹਨ। ਸਿਨਹੂਆ ਖਬਰ ਏਜੰਸੀ ਮੁਤਾਬਕ ਇਹ ਅੰਕੜਾ 2008 ਤੋਂ ਬਾਅਦ ਸਭ ਤੋਂ ਜ਼ਿਆਦਾ ਹੈ।

ਐਫ.ਬੀ.ਆਈ. ਨੂੰ ਸੌਂਪੇ ਗਏ ਅੰਕੜਿਆਂ ਮੁਤਾਬਕ 2020 'ਚ ਸਿਆਹਫਾਮਾਂ ਖਿਲਾਫ ਹਮਲੇ 1930 ਤੋਂ ਵੱਧ ਕੇ 2755 ਹੋ ਗਏ ਜੋ 2019 ਦੇ ਮੁਕਾਬਲੇ 'ਚ 40 ਫੀਸਦ ਵੱਧ ਹਨ। ਇਸੇ ਦੌਰਾਨ ਏਸ਼ਿਆਈ ਮੂਲ ਦੇ ਵਿਅਕਤੀਆਂ ਖਿਲਾਫ 274 ਹਮਲੇ ਹੋਏ ਜੋ 70 ਫੀਸਦ ਜ਼ਿਆਦਾ ਹਨ।

ਰਿਪੋਰਟ 'ਚ ਕਿਹਾ ਗਿਆ ਹੈ ਕਿ ਨਫਰਤੀ ਅਪਰਾਧ ਕਰਨ ਵਾਲੇ ਕੁੱਲ 6576 ਵਿਅਕਤੀਆਂ 'ਚੋਂ 55 ਫੀਸਦੀ ਗੋਰੇ ਅਤੇ 20 ਫੀਸਦੀ ਸਿਆਹਫਾਮ ਸਨ ਜਦਕਿ 16 ਫੀਸਦੀ ਦੀ ਪਛਾਣ ਨਹੀਂ ਹੋ ਸਕੀ। ਇਸੇ ਤਰ੍ਹਾਂ 6 ਫੀਸਦੀ ਵੱਖ-ਵੱਖ ਨਸਲਾਂ ਅਤੇ ਇਕ ਫੀਸਦੀ ਏਸ਼ੀਅਨ ਹਮਲਾਵਰ ਸਨ। ਉਧਰ, ਮੁਸਲਮਾਨ ਅਤੇ ਯਹੂਦੀ ਵਿਰੋਧੀ ਨਫਰਤੀ ਅਪਰਾਧਾਂ 'ਚ ਕ੍ਰਮਵਾਰ 42 ਅਤੇ 30 ਫੀਸਦ ਦੀ ਗਿਰਾਵਟ ਦਰਜ ਹੋਈ ਹੈ।

# ਕਿਸਾਨਾਂ ਵੱਲੋਂ ਸਰਕਾਰ ਨੂੰ ਤਕੜਾ ਹਲੂਣਾ

*(ਸਫਾ ਇਕ ਦੀ ਬਾਕੀ)*

ਨਾ ਸਰਕਾਰ ਤੇ ਨਾ ਹੀ ਕਿਸਾਨ ਜਥੇਬੰਦੀਆਂ ਨੇ ਸੋਚਿਆ ਸੀ। ਮਹਾ ਪੰਚਾਇਤ ਵਿਚ 15 ਰਾਜਾਂ ਦੀਆਂ 300 ਤੋਂ ਵੱਧ ਕਿਸਾਨ ਯੂਨੀਅਨਾਂ ਨੇ ਸ਼ਮੂਲੀਅਤ ਕੀਤੀ। ਕਿਸਾਨਾਂ ਦੀ ਗਿਣਤੀ ਲੱਖਾਂ ਵਿਚ ਸੀ। ਇਥੇ ਕਿਸਾਨਾਂ ਨੇ ਅਹਿਦ ਲਿਆ ਕਿ ਉਹ ਖੇਤੀ ਕਾਨੂੰਨਾਂ ਦੀ ਵਾਪਸੀ ਤੱਕ ਅੰਦੋਲਨ ਜਾਰੀ ਰੱਖਣਗੇ।

ਮੋਦੀ ਅਤੇ ਯੋਗੀ ਨੂੰ 'ਵੋਟ ਦੀ ਚੋਟ' ਦੇਣ ਦਾ ਐਲਾਨ ਵੀ ਕੀਤਾ ਗਿਆ। ਸਰਕਾਰ ਨੂੰ ਚਿਤਾਵਨੀ ਦਿੰਦਿਆਂ ਐਲਾਨ ਹੋਇਆ ਕਿ ਪੱਛਮੀ ਬੰਗਾਲ ਚੋਣਾਂ ਦੀ ਤਰਜ਼ 'ਤੇ ਆਗਾਮੀ ਚੋਣਾਂ 'ਚ 'ਵੋਟ ਦੀ ਚੋਟ' ਜ਼ਰੀਏ ਭਾਜਪਾ ਨੂੰ ਸਬਕ ਸਿਖਾਵਾਂਗੇ। ਕਿਸਾਨਾਂ ਨੇ 27 ਸਤੰਬਰ ਨੂੰ ਭਾਰਤ ਬੰਦ ਦਾ ਐਲਾਨ ਵੀ ਕੀਤਾ ਹੋਇਆ ਹੈ।

ਮੁਜ਼ੱਫਰਨਗਰ ਦੀ ਮਹਾ ਪੰਚਾਇਤ ਦੇ ਰਿਕਾਰਡ ਇਕੱਠ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਅੰਦੋਲਨ ਦਾ ਜ਼ਮੀਨੀ ਪੱਧਰ ਉੱਤੇ ਪ੍ਰਭਾਵ ਵਧ ਰਿਹਾ ਹੈ। ਕਿਸਾਨ ਅੰਦੋਲਨ ਨੇ ਭਾਜਪਾ ਦੇ ਹਿੰਦੂਤਵੀ ਏਜੰਡੇ ਨੂੰ ਚੁਣੌਤੀ ਦਿੱਤੀ ਹੈ, ਇਸੇ ਲਈ ਸੱਦਾ ਦਿੱਤਾ ਗਿਆ ਹੈ ਕਿ ਭਾਜਪਾ ਤੋੜਨ ਦਾ ਕੰਮ ਕਰਦੀ ਹੈ, ਕਿਸਾਨ ਅੰਦੋਲਨ ਭਾਈਚਾਰਾ ਬਣਾ ਕੇ ਜੋੜਨ ਦਾ ਕੰਮ ਕਰੇਗਾ। 2013 ਵਿਚ ਮੁਜ਼ੱਫਰਨਗਰ ਹਿੰਦੂ-ਮੁਸਲਿਮ ਫਸਾਦ ਲਈ ਉਭਰ ਕੇ ਸਾਹਮਣੇ ਆਇਆ ਸੀ। ਇਹ ਪਹਿਲੀ ਵਾਰ ਹੈ ਕਿ ਹਿੰਦੂ-ਮੁਸਲਿਮ ਮੁੜ ਮਹਾ ਪੰਚਾਇਤ ਵਿਚ ਇਕੱਠੇ ਨਜ਼ਰ ਆਏ। ਮਹਾ ਪੰਚਾਇਤ ਵਿਚ ਪੰਜਾਬ, ਹਰਿਆਣਾ, ਪੱਛਮੀ ਯੂਪੀ ਤੋਂ ਇਲਾਵਾ ਹੋਰਾਂ ਰਾਜਾਂ ਤੋਂ ਵੀ ਕਿਸਾਨਾਂ ਨੇ ਸ਼ਿਰਕਤ ਕੀਤੀ ਅਤੇ ਐਲਾਨ ਕੀਤਾ ਹੈ ਕਿ ਦੇਸ਼ ਪੱਧਰ ਉਤੇ ਮਹਾ ਪੰਚਾਇਤਾਂ ਦਾ ਸਿਲਸਲਾ ਸ਼ੁਰੂ ਹੋਵੇਗਾ ਤੇ ਪਿੰਡ ਪਿੰਡ ਲੋਕਾਂ ਨੂੰ ਜਾਗਰੂਕ ਕੀਤਾ ਜਾਵੇਗਾ। ਕਾਰਪੋਰੇਟ ਵਿਕਾਸ ਮਾਡਲ, ਤਾਕਤਾਂ ਦੇ ਕੇਂਦਰੀਕਰਨ ਅਤੇ ਫਿਰਕਾਪ੍ਰਸਤੀ ਖਿਲਾਫ ਸੱਦਾ ਦੇਸ਼ ਅੰਦਰ ਨਵੇਂ ਸਿਆਸੀ ਸਮੀਕਰਨਾਂ ਦਾ ਵੀ ਸੰਕੇਤ ਹੈ।

ਦੱਸ ਦਈਏ ਕਿ 26 ਜਨਵਰੀ ਤੋਂ ਪਹਿਲਾਂ ਸਰਕਾਰ ਤੇ ਕਿਸਾਨ ਜਥੇਬੰਦੀਆਂ ਵਿਚਾਲੇ 11 ਦੌਰ ਦੀ ਗੱਲਬਾਤ ਹੋਈ ਸੀ। ਉਮੀਦ ਕੀਤੀ ਜਾ ਰਹੀ ਸੀ ਕਿ ਇਹ ਗੱਲਬਾਤ ਅੱਗੇ ਵੀ ਜਾਰੀ ਰਹੇਗੀ ਤੇ ਛੇਤੀ ਹੀ ਮਸਲੇ ਦੀ ਹੱਲ ਹੋ ਜਾਵੇਗਾ ਪਰ 26 ਜਨਵਰੀ ਨੂੰ ਕਿਸਾਨਾਂ ਦੇ ਟਰੈਕਟਰ ਮਾਰਚ ਦੌਰਾਨ ਹੋਏ ਟਕਰਾਅ ਤੇ ਲਾਲ ਕਿਲ੍ਹੇ ਉਤੇ ਕੇਸਰੀ ਝੰਡਾ ਲਹਿਰਾਉਣ ਵਰਗੀਆਂ ਘਟਨਾਵਾਂ ਨੂੰ ਕੇਂਦਰ ਸਰਕਾਰ ਨੇ ਇਕ ਮੌਕੇ ਵਜੋਂ ਵੇਖ ਲਿਆ ਤੇ ਇਸ ਅੰਦੋਲਨ ਨੂੰ ਫਿਰਕੂ ਤੇ ਦੇਸ਼ ਵਿਰੋਧੀ ਰੰਗਤ ਆਸਰੇ ਤਹਿਸ-ਨਹਿਸ ਕਰਨ ਵਿਚ ਜੁਟ ਗਈ।

ਅੰਦੋਲਨ ਉਤੇ ਖਾਲਿਸਤਾਨੀ-ਪਾਕਿਸਤਾਨੀ ਹੋਣ ਦੀ ਮੋਹਰ ਲਾਈ ਗਈ। ਦੇਸ਼ ਵਾਸੀਆਂ ਨੂੰ ਲਾਲ ਕਿਲ੍ਹੇ ਉਤੇ ਝੰਡੇ ਦਾ ਅਪਮਾਨ ਹੋਣ ਲਈ ਉਕਸਾਇਆ ਗਿਆ। ਕਿਸਾਨ ਆਗੂਆਂ ਉਤੇ ਧੜਾ ਧੜ ਪਰਚੇ ਦਰਜ ਹੋਏ, ਗ੍ਰਿਫਤਾਰੀਆਂ ਹੋਈਆਂ, ਇਥੋਂ ਤੱਕ ਕਿ ਧਰਨੇ ਵਾਲਿਆਂ ਥਾਵਾਂ ਉਤੇ ਪੱਥਰਬਾਜ਼ੀ ਕਰਵਾਈ ਗਈ। ਸਰਕਾਰ ਨੂੰ ਪੂਰੀ ਉਮੀਦ ਸੀ ਕਿ ਉਸ ਦੀ ਇਹ ਰਣਨੀਤੀ ਕੰਮ ਕਰੇਗੀ ਪਰ ਹੋਇਆ ਇਸ ਦੇ ਉਲਟ। ਸਰਕਾਰ ਦੀਆਂ ਇਨ੍ਹਾਂ ਚਾਲਾਂ ਨੇ ਕਿਸਾਨਾਂ ਵਿਚ ਹੋਰ ਜੋਸ਼ ਭਰ ਦਿੱਤਾ। ਅੱਜ ਹਾਲਾਤ ਇਹ ਹਨ ਕਿ 9 ਮਹੀਨਿਆਂ ਬਾਅਦ ਇਹ ਸੰਘਰਸ਼ ਮੁੜ ਸਿਖਰਾਂ ਵੱਲ ਹੈ। ਸਰਕਾਰ ਨੂੰ ਭੱਜਣ ਲਈ ਰਾਹ ਨਹੀਂ ਲੱਭ ਰਿਹਾ।

ਹੁਣ ਜਿਥੇ ਅੰਦੋਲਨ ਮੁੜ ਚੜ੍ਹਦੀ ਕਲਾ ਵੱਲ ਹੈ, ਉਥੇ 5 ਸੂਬਿਆਂ ਦੀਆਂ ਵਿਧਾਨ ਸਭਾ ਚੋਣਾਂ ਸਿਰ ਉਤੇ ਹਨ। ਕਿਸਾਨਾਂ ਨੇ ਪੱਛਮੀ ਬੰਗਾਲ ਸਣੇ ਪੰਜ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਫੈਸਲਾ ਕੀਤਾ ਸੀ ਕਿ ਹੁਣ ਭਾਰਤੀ ਜਨਤਾ ਪਾਰਟੀ ਨੂੰ ਕੇਵਲ ਵੋਟ ਦੀ ਭਾਸ਼ਾ ਹੀ ਸਮਝ ਆਉਂਦੀ ਹੈ। ਇਸ ਲਈ ਕਿਸਾਨ ਵੋਟ ਦੀ ਚੋਟ ਨਾਲ ਸਰਕਾਰ ਨੂੰ ਚੁਣੌਤੀ ਦੇਣਗੇ। ਮਿਸ਼ਨ ਯੂਪੀ ਵੀ ਇਹੀ ਹੈ ਕਿ ਵਿਧਾਨ ਸਭਾ ਚੋਣਾਂ ਵਿਚ ਭਾਜਪਾ ਨੂੰ ਹਰਾਉਣ ਲਈ ਵਿਆਪਕ ਮੁਹਿੰਮ ਚਲਾਈ ਜਾਵੇਗੀ। ਪ੍ਰਧਾਨ ਮੰਤਰੀ ਦੀ ਕੁਰਸੀ ਦਾ ਰਾਹ ਵੀ ਯੂ.ਪੀ. ਰਾਹੀਂ ਹੋ ਕੇ ਜਾਂਦਾ ਹੈ। ਕਿਸਾਨਾਂ ਨੇ ਫੈਸਲਾ ਕੀਤਾ ਹੈ ਕਿ ਜੇਕਰ ਮਹਾ ਪੰਚਾਇਤ ਤੋਂ ਬਾਅਦ ਵੀ ਕੇਂਦਰ ਨੇ ਗੱਲਬਾਤ ਕਰਕੇ ਮਸਲੇ ਦਾ ਹੱਲ ਨਾ ਕੀਤਾ ਤਾਂ 2024 ਵਿਚ 'ਮੋਦੀ ਗੱਦੀ ਛੱਡੋ' ਦੇ ਨਾਅਰੇ ਨੂੰ ਅਮਲੀ ਜਾਮਾ ਪਹਿਨਾਉਣ ਦੀ ਸ਼ੁਰੂਆਤ ਕਰ ਦਿੱਤੀ ਜਾਵੇਗੀ।

ਮੌਜੂਦਾ ਹਾਲਾਤ ਇਹ ਹਨ ਕਿ ਸੰਘਰਸ਼ ਨੂੰ ਇੰਨਾ ਹੁੰਗਾਰਾ ਮਿਲਣ ਪਿਛੋਂ ਭਾਜਪਾ ਪੱਖੀ ਕਿਸਾਨ ਜਥੇਬੰਦੀਆਂ ਵੀ ਸੋਚਣ ਲਈ ਮਜਬੂਰ ਹੋ ਰਹੀਆਂ ਹਨ। ਇਥੋਂ ਤੱਕ ਕਿ ਆਰ.ਐਸ.ਐਸ. ਨਾਲ ਸਬੰਧਤ ਕਿਸਾਨ ਸੰਗਠਨ ਨੇ ਵੀ ਸਰਕਾਰ ਖਿਲਾਫ ਮੋਰਚਾ ਖੋਲ੍ਹਣ ਦਾ ਐਲਾਨ ਕਰ ਦਿੱਤਾ ਹੈ। ਤਾਜ਼ਾ ਹਾਲਾਤ ਤੋਂ ਜਾਪ ਰਿਹਾ ਹੈ ਕਿ ਕਿਸਾਨਾਂ ਨੇ ਭਾਜਪਾ ਦੀ ਨਬਜ਼ ਫੜ ਲਈ ਹੈ ਤੇ ਭਗਵਾ ਧਿਰ ਨੂੰ ਸਿਆਸੀ ਝਟਕੇ ਦੇਣ ਦੇ ਐਲਾਨਾਂ ਨੇ ਸਰਕਾਰ ਨੂੰ ਬੁਰਾ ਫਸਾ ਦਿੱਤਾ ਹੈ।

## ਭਾਰਤ ਵਿਚ ਹੁਣ ਨਿਪਾਹ ਵਾਇਰਸ ਦੀ ਦਸਤਕ

**ਕੋਜ਼ੀਕੋੜ:** ਭਾਰਤ ਵਿਚ ਹੁਣ ਨਿਪਾਹ ਵਾਇਰਸ ਨੇ ਦਸਤਕ ਦਿੱਤੀ ਹੈ। ਕੇਰਲ ਵਿਚ ਨਿਪਾਹ ਵਾਇਰਸ ਤੋਂ ਪੀੜਤ 12 ਸਾਲ ਦੇ ਬੱਚੇ ਦੀ ਮੌਤ ਹੋ ਗਈ ਹੈ। ਉਸ ਨੂੰ ਪੂਰੇ ਪ੍ਰੋਟੋਕਾਲ ਦਾ ਪਾਲਣ ਕਰਦਿਆਂ ਕਬਰਸਤਾਨ 'ਚ ਦਫਨਾ ਦਿੱਤਾ ਗਿਆ। ਸਥਾਨਕ ਅਧਿਕਾਰੀਆਂ ਵੱਲੋਂ ਕੋਜ਼ੀਕੋਡ ਅਤੇ ਆਲੇ-ਦੁਆਲੇ ਦੇ ਇਲਾਕਿਆਂ 'ਚ ਵਾਇਰਸ ਨੂੰ ਫੈਲਣ ਤੋਂ ਰੋਕਣ ਲਈ ਉਪਰਾਲੇ ਸ਼ੁਰੂ ਕਰ ਦਿੱਤੇ ਗਏ ਹਨ। ਦੋ ਸਿਹਤ ਵਰਕਰਾਂ 'ਚ ਵੀ ਨਿਪਾਹ ਵਾਇਰਸ ਦੇ ਲੱਛਣ ਮਿਲੇ ਹਨ।

ਉਧਰ, ਕੇਰਲਾ 'ਚ ਜਦੋਂ ਕਰੋਨਾ ਵਾਇਰਸ ਦੇ ਰੋਜ਼ਾਨਾ ਕਰੀਬ 30 ਹਜ਼ਾਰ ਕੇਸ ਆ ਰਹੇ ਹਨ ਤਾਂ ਨਿਪਾਹ ਵਾਇਰਸ ਨੇ ਵੀ ਕਹਿਰ ਮਚਾ ਦਿੱਤਾ ਹੈ। ਵੱਖਰੀ ਤਰ੍ਹਾਂ ਦੀ ਇਸ ਲਾਗ ਨਾਲ ਨਜਿੱਠਣ ਲਈ ਸਿਹਤ ਵਿਭਾਗ ਚੌਕਸ ਹੋ ਗਿਆ ਹੈ।

12 ਸਾਲਾ ਲੜਕੇ ਦੀ ਮੌਤ ਮਗਰੋਂ ਕੇਰਲਾ ਵਿਚ ਸਿਹਤ ਵਿਭਾਗ ਨੂੰ ਚੌਕਸ ਰਹਿਣ ਲਈ ਆਖ ਦਿੱਤਾ ਗਿਆ ਹੈ। ਸੂਬਾ ਤੇ ਕੇਂਦਰ ਸਰਕਾਰ ਨੇ ਹਾਲਾਤ ਦੇ ਜਾਇਜ਼ੇ ਲਈ ਆਪਣੀਆਂ ਟੀਮਾਂ ਕੋਜ਼ੀਕੋਡੇ ਭੇਜ ਦਿੱਤੀਆਂ ਹਨ।

# ਫਲੋਰਿਡਾ: ਬੰਦੂਕਧਾਰੀ ਦੇ ਹਮਲੇ 'ਚ ਚਾਰ ਜਣੇ ਹਲਾਕ

**ਫੋਰਟ ਲੌਡਰਡੇਲ:** ਫਲੋਰਿਡਾ 'ਚ ਹਥਿਆਰਬੰਦ ਵਿਅਕਤੀ ਨੇ ਅੰਨ੍ਹੇਵਾਹ ਗੋਲੀਆਂ ਚਲਾ ਕੇ ਚਾਰ ਵਿਅਕਤੀਆਂ ਦੀ ਜਾਨ ਲੈ ਲਈ ਹੈ। ਇਨ੍ਹਾਂ 'ਚ ਇਕ ਮਹਿਲਾ, ਉਸ ਦੀ ਗੋਦ 'ਚ ਬੈਠੀ ਬੱਚੀ ਅਤੇ ਦਾਦੀ ਸ਼ਾਮਲ ਹਨ। ਹਮਲੇ 'ਚ 11 ਸਾਲ ਦੀ ਬੱਚੀ ਦੇ ਸੱਤ ਗੋਲੀਆਂ ਲੱਗੀਆਂ ਹਨ। ਪੋਲਕ ਕਾਊਂਟੀ ਦੇ ਪੁਲਿਸ ਅਧਿਕਾਰੀ ਗਰੇਡੀ ਜੂਡ ਨੇ ਪ੍ਰੈਸ ਕਾਨਫਰੰਸ ਦੌਰਾਨ ਦੱਸਿਆ ਕਿ 33 ਸਾਲ ਦੇ ਬ੍ਰਾਇਨ ਰਿਲੇਅ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ।

ਇਸ ਦੌਰਾਨ ਉਸ ਨੇ ਪੁਲਿਸ ਕਰਮੀ ਤੋਂ ਬੰਦੂਕ ਖੋਹਣ ਦੀ ਵੀ ਕੋਸ਼ਿਸ਼ ਕੀਤੀ। ਪੁਲਿਸ ਅਧਿਕਾਰੀ ਨੇ ਦੱਸਿਆ ਕਿ ਰਿਲੇਅ ਸਾਬਕਾ ਮੈਰੀਨ ਹੈ, ਜਿਸ ਨੇ ਇਰਾਕ ਅਤੇ ਅਫ਼ਗਾਨਿਸਤਾਨ 'ਚ ਨਿਸ਼ਾਨਚੀ ਵਜੋਂ ਸੇਵਾਵਾਂ ਨਿਭਾਈਆਂ ਸਨ ਅਤੇ ਉਹ ਮਾਨਸਿਕ ਤੌਰ 'ਤੇ ਪੈਦਾ ਸਮੱਸਿਆਵਾਂ ਨਾਲ ਜੂਝ ਰਿਹਾ ਹੈ। ਉਸ ਦੀ ਮਹਿਲਾ ਦੋਸਤ ਨੇ ਦੱਸਿਆ ਕਿ ਰਿਲੇਅ ਵਾਰ ਵਾਰ ਆਖਦਾ ਰਿਹਾ ਹੈ ਕਿ ਉਸ ਦਾ ਰੱਬ ਨਾਲ ਵੀ ਸਿੱਧਾ ਸੰਪਰਕ ਹੈ। ਜਾਂਚ ਦੌਰਾਨ ਹਮਲਾਵਰ ਨੇ ਪੁਲਿਸ ਨੂੰ ਦੱਸਿਆ ਕਿ ਲੋਕ ਆਪਣੀ ਜਾਨ ਬਖਸ਼ਣ ਲਈ ਗਿੜਗੜਾਉਂਦੇ ਰਹੇ ਪਰ ਫਿਰ ਵੀ ਉਸ ਨੇ ਉਨ੍ਹਾਂ ਨੂੰ ਗੋਲੀਆਂ ਮਾਰ ਦਿੱਤੀਆਂ।

# ਹੜ੍ਹ ਨੇ ਮਚਾਈ ਭਾਰੀ ਤਬਾਹੀ

**ਨਿਊ ਯਾਰਕ:** ਅਮਰੀਕਾ ਦੇ ਨਿਊ ਜਰਸੀ ਸੂਬੇ ਵਿਚ ਚੱਕਰਵਾਤੀ ਤੂਫਾਨ ਇਡਾ ਕਰਕੇ ਆਏ ਹੜ੍ਹਾਂ ਵਿਚ ਭਾਰਤੀ ਮੂਲ ਦੇ ਚਾਰ ਵਿਅਕਤੀਆਂ ਨੂੰ ਆਪਣੀ ਜਾਨ ਤੋਂ ਹੱਥ ਧੋਣਾ ਪੈ ਗਿਆ ਹੈ। ਤੂਫਾਨ ਇਡਾ ਨੇ 29 ਅਗਸਤ ਨੂੰ ਲੂਸੀਆਨਾ ਦੇ ਪੋਰਟ ਫੋਰਚੋਨ 'ਤੇ ਦਸਤਕ ਦਿੱਤੀ ਸੀ। ਤੂਫਾਨ ਕੈਟਰੀਨਾ (2005) ਮਗਰੋਂ ਇਡਾ ਦੂਜਾ ਸਭ ਤੋਂ ਘਾਤਕ ਚੱਕਰਵਾਤੀ ਤੂਫਾਨ ਹੈ, ਜਿਸ ਦੀ ਸੂਬੇ ਨੂੰ ਸਭ ਤੋਂ ਵੱਧ ਮਾਰ ਪਈ ਹੈ।

ਇਡਾ 1 ਸਤੰਬਰ ਨੂੰ ਪੋਸਟ-ਟਰੋਪੀਕਲ ਚੱਕਰਵਾਤੀ ਤੂਫਾਨ ਵਿਚ ਤਬਦੀਲ ਹੋ ਗਿਆ ਸੀ। ਇਸ ਤੂਫਾਨ ਕਰਕੇ ਹੁਣ ਤੱਕ ਪੂਰੇ ਅਮਰੀਕਾ ਵਿਚ 70 ਤੋਂ ਵੱਧ ਲੋਕਾਂ ਦੀ ਮੌਤ ਹੋ ਚੁੱਕੀ ਹੈ। ਵੱਡੀ ਗਿਣਤੀ ਮੌਤਾਂ ਨਿਊ ਜਰਸੀ, ਨਿਊ ਯਾਰਕ ਤੇ ਲੂਸੀਆਨਾ ਸੂਬੇ ਵਿਚ ਹੋਈਆਂ ਹਨ। ਹਰੀਕੇਨ ਇਡਾ ਨੇ ਜਾਨੀ ਨੁਕਸਾਨ ਤੋਂ ਇਲਾਵਾ ਅਮਰੀਕਾ ਦੇ ਉੱਤਰ-ਪੂਰਬੀ ਰਾਜਾਂ ਵਿੱਚ ਵੀ ਬੁਨਿਆਦੀ ਢਾਂਚੇ ਨੂੰ ਵੱਡੀ ਢਾਹ ਲਾਈ ਹੈ। ਚੱਕਰਵਾਤੀ ਤੂਫਾਨ ਕਰਕੇ ਘੱਟੋ-ਘੱਟ 50 ਅਰਬ ਡਾਲਰ ਦਾ ਨੁਕਸਾਨ ਹੋ ਚੁੱਕਾ ਹੈ।

# ਕਿਸਾਨੀ ਸੰਘਰਸ਼ ਨੇ ਪੰਜਾਬ ਵਿਚ ਸਿਆਸੀ ਸਰਗਰਮੀ ਨੂੰ ਬ੍ਰੇਕ ਲਾਈ

*(ਸਫਾ ਇਕ ਦੀ ਬਾਕੀ)*

ਆਗੂਆਂ ਨੂੰ ਸਵਾਲ ਪੁੱਛਣ ਲਈ ਪਹੁੰਚਦੇ ਹਨ ਤਾਂ ਟਕਰਾਅ ਵਾਲੀ ਸਥਿਤੀ ਬਣ ਜਾਂਦੀ ਹੈ। ਇਹੀ ਕਾਰਨ ਹੈ ਕਿ ਸ਼੍ਰੋਮਣੀ ਅਕਾਲੀ ਦਲ ਨੇ ਆਪਣੀ 100 ਦਿਨਾਂ ਦੀ ਸਿਆਸੀ ਮੁਹਿੰਮ ਨੂੰ 6 ਦਿਨਾਂ ਤੱਕ ਮੁਅੱਤਲ ਕਰਦਿਆਂ ਕਿਹਾ ਹੈ ਕਿ ਉਹ ਕਿਸਾਨ ਆਗੂਆਂ ਨਾਲ ਗੱਲਬਾਤ ਕਰਨ ਲਈ ਤਿਆਰ ਹਨ।

ਅਜਿਹੀ ਹੀ ਹਾਲਤ ਹੋਰ ਸਿਆਸੀ ਧਿਰਾਂ ਦੀ ਹੈ। ਚੋਣਾਂ ਵਿਚ 5-6 ਮਹੀਨਿਆਂ ਦਾ ਸਮਾਂ ਬਚਿਆ ਹੈ ਤੇ ਸਿਆਸੀ ਧਿਰਾਂ ਅੱਗੇ ਕਿਸਾਨ ਸੰਘਰਸ਼ ਵੱਡੀ ਚੁਣੌਤੀ ਬਣਿਆ ਖੜ੍ਹਾ ਹੈ।

ਸਿਆਸੀ ਆਗੂਆਂ ਦਾ ਪਿੰਡਾਂ ਵਿਚ ਜਾਣਾ ਮੁਸ਼ਕਿਲ ਹੋਇਆ ਪਿਆ ਹੈ। ਹਾਲਾਤ ਨੂੰ ਸਮਝਦੇ ਹੋਏ ਕਾਂਗਰਸੀ ਇਸ ਪਾਸੇ ਕੁਝ ਠੰਢੇ ਜਾਪ ਰਹੇ ਹਨ ਪਰ ਅਕਾਲੀ ਦਲ ਵੱਲੋਂ ਜਿਥੇ ਧੜਾ ਧੜ ਆਪਣੇ ਉਮੀਦਵਾਰ ਐਲਾਨੇ ਜਾ ਰਹੇ ਹਨ, ਉਥੇ ਸਿਆਸੀ ਰੈਲੀਆਂ ਵੀ ਸ਼ੁਰੂ ਕਰ ਦਿੱਤੀਆਂ ਸਨ। ਮੌਜੂਦਾ ਹਾਲਾਤ ਤੋਂ ਜਾਪ ਰਿਹਾ ਹੈ ਕਿ ਸਿਆਸੀ ਧਿਰਾਂ ਨੂੰ ਕੋਈ ਰਾਹ ਨਹੀਂ ਲੱਭ ਰਿਹਾ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿੱਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਅਧਿਆਪਕ ਦਿਵਸ ਮੌਕੇ ਕਾਂਗਰਸ ਆਗੂਆਂ ਨੂੰ ਖੂਨ ਦੇ ਪਿਆਲੇ ਭੇਟ



**ਚੰਡੀਗੜ੍ਹ:** ਅਧਿਆਪਕ ਦਿਵਸ ਮੌਕੇ ਟੈੱਟ ਪਾਸ ਬੇਰੁਜ਼ਗਾਰ ਬੀ.ਐਡ. ਅਧਿਆਪਕਾਂ ਨੇ ਕਾਂਗਰਸ ਦੇ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੂੰ ਆਪਣਾ ਖੂਨ ਭੇਟ ਕਰ ਕੇ ਸਰਕਾਰ ਖਿਲਾਫ ਆਪਣੇ ਰੋਸ ਦਾ ਪ੍ਰਗਟਾਵਾ ਕੀਤਾ। ਇਸ ਮੌਕੇ ਜਥੇਬੰਦੀ ਦੇ ਆਗੂਆਂ ਨੇ ਕਿਹਾ ਕਿ 'ਘਰ ਘਰ ਰੁਜ਼ਗਾਰ' ਦੇਣ ਦਾ ਚੋਣ ਵਾਅਦਾ ਕਰ ਕੇ ਸੱਤਾ ਵਿਚ ਆਈ ਕਾਂਗਰਸ ਸਰਕਾਰ ਨੇ ਪਿਛਲੇ ਸਾਢੇ ਚਾਰ ਸਾਲ ਦੌਰਾਨ ਸੂਬੇ ਦੇ ਯੋਗਤਾ ਪ੍ਰਾਪਤ ਬੇਰੁਜ਼ਗਾਰ ਅਧਿਆਪਕਾਂ ਨੂੰ ਰੁਜ਼ਗਾਰ ਦੇਣ ਦੀ ਥਾਂ ਰੁਜ਼ਗਾਰ ਦੀ ਮੰਗ ਕਰਨ 'ਤੇ ਡਾਂਗਾਂ ਵਰ੍ਹਾਈਆਂ ਅਤੇ ਝੂਠੇ ਕੇਸ ਦਰਜ ਕੀਤੇ ਹਨ।

ਸੂਬਾ ਪ੍ਰਧਾਨ ਨਵਜੋਤ ਸਿੰਘ ਸਿੱਧੂ 'ਤੇ ਵਰ੍ਹਦਿਆਂ ਬੇਰੁਜ਼ਗਾਰ ਅਧਿਆਪਕਾਂ ਨੇ ਕਿਹਾ ਕਿ ਉਨ੍ਹਾਂ ਚੁਟਕਲੇ ਤੇ ਸ਼ੇਅਰ ਨਹੀਂ ਰੁਜ਼ਗਾਰ ਚਾਹੀਦਾ ਹੈ। ਉਨ੍ਹਾਂ ਸਿੱਧੂ ਦੇ ਨਾਂ ਵੀ ਇਕ ਮੰਗ ਪੱਤਰ ਭੇਜਿਆ। ਇਸੇ ਤਰ੍ਹਾਂ ਸੰਗਰੂਰ ਵਿਚ ਵੀ ਟੈੱਟ ਪਾਸ ਬੇਰੁਜ਼ਗਾਰ ਬੀ.ਐਡ. ਅਧਿਆਪਕਾਂ ਨੇ ਸਿੱਖਿਆ ਮੰਤਰੀ ਵਿਜੈਇੰਦਰ ਸਿੰਗਲਾ ਦੀ ਕੋਠੀ ਅੱਗੇ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਖ਼ੂਨ ਦਾ ਪਿਆਲਾ ਸੌਂਪਿਆ। ਇਸ ਮੌਕੇ ਯੂਨੀਅਨ ਆਗੂ ਅਮਨ ਸੇਖਾ, ਗਗਨਦੀਪ ਕੌਰ ਅਤੇ ਸੰਦੀਪ ਸਿੰਘ ਨੇ 15 ਹਜ਼ਾਰ ਅਸਾਮੀਆਂ ਦਾ ਤੁਰਤ ਇਸ਼ਤਿਹਾਰ ਜਾਰੀ ਕਰਨ ਦੀ ਮੰਗ ਕੀਤੀ।


# ਪੁੱਤ ਨੂੰ ਅਹੁਦੇਦਾਰੀ ਮਿਲਣ ਪਿੱਛੋਂ ਠੰਢੇ ਪਏ ਮਲੂਕਾ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪਾਰਟੀ ਦੇ ਨਾਰਾਜ਼ ਆਗੂ ਸਿਕੰਦਰ ਸਿੰਘ ਮਲੂਕਾ ਨੂੰ ਰਾਮਪੁਰਾ ਫੂਲ ਹਲਕੇ ਤੋਂ ਹੀ ਚੋਣ ਲੜਨ ਲਈ ਰਾਜ਼ੀ ਕਰ ਲਿਆ ਹੈ। ਪਾਰਟੀ ਦੇ ਪ੍ਰਧਾਨ ਨੇ ਚੰਡੀਗੜ੍ਹ ਦੇ ਨਜ਼ਦੀਕ ਮਲੂਕਾ ਦੇ ਗ੍ਰਹਿ ਵਿਚ ਮੀਟਿੰਗ ਕੀਤੀ।

ਮੀਟਿੰਗ ਮਗਰੋਂ ਸੁਖਬੀਰ ਨੇ ਐਲਾਨ ਕੀਤਾ ਕਿ ਮਲੂਕਾ ਰਾਮਪੁਰਾ ਹਲਕੇ ਤੋਂ ਹੀ ਚੋਣ ਲੜਨਗੇ। ਉਨ੍ਹਾਂ ਮਲੂਕਾ ਦੇ ਬੇਟੇ ਅਤੇ ਨਾਰਾਜ਼ ਅਕਾਲੀ ਆਗੂ ਦੇ ਨਜ਼ਦੀਕੀਆਂ ਨੂੰ ਪਾਰਟੀ ਵਿਚ ਅਹੁਦੇਦਾਰੀਆਂ ਵੀ ਦਿੱਤੀਆਂ। ਇਸ ਤਹਿਤ ਗੁਰਪ੍ਰੀਤ ਸਿੰਘ ਮਲੂਕਾ ਨੂੰ ਪਾਰਟੀ ਦਾ ਜਨਰਲ ਸਕੱਤਰ, ਪਾਰਟੀ ਦੇ ਸੀਨੀਅਰ ਆਗੂ ਸਤਨਾਮ ਸਿੰਘ ਭਾਈਰੂਪਾ ਅਤੇ ਰਾਮਪੂਰਾ ਫੂਲ ਤੋਂ ਨਰੇਸ਼ ਕੁਮਾਰ ਸੀਏ ਨੂੰ ਪਾਰਟੀ ਦੇ ਪੀ.ਏ.ਸੀ. ਮੈਂਬਰ ਨਿਯੁਕਤ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਸਿਕੰਦਰ ਸਿੰਘ ਮਲੂਕਾ ਨੂੰ ਜਦੋਂ ਰਾਮਪੁਰਾ ਹਲਕੇ ਤੋਂ ਉਮੀਦਵਾਰ ਐਲਾਨਿਆ ਗਿਆ ਸੀ ਤਾਂ ਉਨ੍ਹਾਂ ਇਸ ਹਲਕੇ ਤੋਂ ਖੁਦ ਚੋਣ ਲੜਨ ਦੀ ਥਾਂ ਆਪਣੇ ਪੁੱਤਰ ਨੂੰ ਹੀ ਚੋਣ ਲੜਾਉਣ ਦਾ ਐਲਾਨ ਕੀਤਾ ਸੀ।

ਇਹ ਨਾਰਾਜ਼ ਆਗੂ ਆਪਣੇ ਲਈ ਮੌੜ ਮੰਡੀ ਅਤੇ ਪੁੱਤਰ ਲਈ ਰਾਮਪੁਰਾ ਫੂਲ ਹਲਕੇ ਤੋਂ ਟਿਕਟ ਲਈ ਦਾਅਵੇਦਾਰੀ ਠੋਕ ਰਿਹਾ ਸੀ ਪਰ ਪਾਰਟੀ ਨੇ ਰਾਮਪੁਰਾ ਫੂਲ ਤੋਂ ਹੀ ਟਿਕਟ ਦਿੱਤੀ ਸੀ। ਮੌੜ ਤੋਂ ਜਗਮੀਤ ਸਿੰਘ ਬਰਾੜ ਨੂੰ ਉਮੀਦਵਾਰ ਐਲਾਨ ਦਿੱਤਾ ਗਿਆ ਸੀ। ਕੁਝ ਦਿਨ ਪਹਿਲਾਂ ਜਗਮੀਤ ਸਿੰਘ ਬਰਾੜ ਨੇ ਵੀ ਮਲੂਕਾ ਨਾਲ ਮੀਟਿੰਗ ਕਰ ਕੇ ਸੁਲ੍ਹਾ ਕਰਨ ਦੀ ਕੋਸ਼ਿਸ਼ ਕੀਤੀ ਸੀ।

ਪਾਰਟੀ ਪ੍ਰਧਾਨ ਨਾਲ ਮੀਟਿੰਗ ਮਗਰੋਂ ਸਿਕੰਦਰ ਸਿੰਘ ਮਲੂਕਾ ਨੇ ਕਿਹਾ ਉਹ ਪਿਛਲੇ 45 ਸਾਲਾਂ ਤੋਂ ਸ਼੍ਰੋਮਣੀ ਅਕਾਲੀ ਦਲ ਦੀ ਸੇਵਾ ਕਰਦੇ ਆ ਰਹੇ ਹਨ। ਉਹ ਅੱਜ ਜੋ ਵੀ ਹਨ, ਸਿਰਫ ਪਾਰਟੀ ਸਦਕਾ ਹੀ ਹਨ। ਪਾਰਟੀ ਦੇ ਹਿੱਤ ਹਮੇਸ਼ਾ ਨਿੱਜੀ ਹਿੱਤਾਂ ਤੋਂ ਉੱਪਰ ਹੁੰਦੇ ਹਨ। ਮੌੜ ਹਲਕੇ ਦੀ ਸੰਗਤ ਦੇ ਪਿਆਰ ਅਤੇ ਭਾਵਨਾਵਾਂ ਸਦਕਾ ਹੀ ਉਨ੍ਹਾਂ ਨੇ ਉਥੋਂ ਚੋਣ ਲੜਨ ਦੀ ਇੱਛਾ ਜਤਾਈ ਸੀ ਪਰ ਉਨ੍ਹਾਂ ਨੂੰ ਪਾਰਟੀ ਦਾ ਹਰ ਫੈਸਲਾ ਖਿੜੇ ਮੱਥੇ ਪ੍ਰਵਾਨ ਹੈ।

Sistar Mortgage
Minimizing Cost, Maximizing Investment
www.SistarMortgage.com

Balbir (Bill) Grewal, Loan Officer (NMLS 353442)
Residential & Commercial Loans
(734) 330-8859 Mobile
(586) 802-7385 Fax
Balbir.Grewal@SistarMortgage.com
Loans Available In Most States!
*Refinance up to 125% value of the house.
•Residential Loans (Purchase, Refinance & Cash Out Refinance). •Self Employed and H1 Visa •Jumbo loans •Commercial Property With Business or Business Only. •Business Equity Line of Credit. •Multi Unit Investment Property.

SUPER TRAVEL
847-676-9090, 773-465-5566
E-mail: supertravel2003@live.com
Lowest Fares With Excellent Service
United Airlines
British Airways

Etihad, Air India, KLM, Lufthansa, Delta, Qatar Airlines.
For Emergency Call anytime at 847-673-3825
EARLY BIRD SALE!!!!
Domestic fares available

LAW OFFICES OF VIVEK MALIK
Follow us on :

ACCOMPLISHED IMMIGRATION Attorneys help FAMILIES REUNITE in the UNITED STATES
Our Global & Nationwide Services in the field of U.S. Immigration & Nationality Law
Come talk to an experienced immigration attorney
Toll Free No. 866-424-4000
OUR OFFICES
• 432 S Emerson Ave, Suite 220, Greenwood, IN 46143 Phone: 317.560.4777
• 1067 N Mason Rd., Suite 4, St Louis, Missouri 63141 Phone: 314.416.8000
• 2440 W Shaw Ave., Suite 205, Fresno, California 93711 Phone: 559.578.4344
www.usa-immigrationlaw.com
Business Immigration & Worksite Compliance ▪ ਬਿਜ਼ਨੈਸ ਇੰਮੀਗਰੇਸ਼ਨ ਐਂਡ ਵਰਕਸਾਈਟ ਕਮਪਲਾਇਸ
Family & General Immigration ▪ ਫੈਮਿਲੀ ਐਂਡ ਜਨਰਲ ਇੰਮੀਗਰੇਸ਼ਨ
Naturalization & Citizenship ▪ ਨੈਚੁਰਲਾਈਜ਼ੇਸ਼ਨ ਐਂਡ ਸਿਟੀਜ਼ਨਸ਼ਿਪ
Removal Defense & Waivers ▪ ਰੀਮੂਵਲ ਡਿਫੈਂਸੀ ਐਂਡ ਵੇਵੇਰਸ
Languages SPOKEN Punjabi | Hindi | Urdu | Spanish & English

ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ
Indian Restaurant
Indianapolis, IN
ਇੰਡੀਅਨਐਪੋਲਿਸ (ਇੰਡੀਆਨਾ) ਵਿਚ ਪੰਜਾਬੀ ਢਾਬੇ ਲਈ
ਡਿਸ਼ਵਾਸ਼ਰ, ਹੈਲਪਰ, ਵੇਟਰ ਅਤੇ ਕੁਕ ਚਾਹੀਦੇ ਹਨ
Call, Manjit Nagra
Ph: 317-750-1900

# ਪੈਰਾਲੰਪਿਕ ਵਿਚ ਭਾਰਤੀ ਖਿਡਾਰੀਆਂ ਨੇ ਇਤਿਹਾਸ ਸਿਰਜਿਆ

**ਟੋਕੀਓ:** ਭਾਰਤ ਦਾ ਪੈਰਾਲੰਪਿਕ ਸਫਰ ਸੁਨਹਿਰੀ ਅੰਦਾਜ਼ ਵਿਚ ਖਤਮ ਹੋਇਆ। ਭਾਰਤ ਨੇ ਆਖਰੀ ਦਿਨ ਜਿਥੇ ਇਕ ਸੋਨ ਤਗਮਾ ਜਿੱਤਿਆ, ਉਥੇ ਇਕ ਚਾਂਦੀ ਦਾ ਤਗਮਾ ਵੀ ਜਿੱਤਿਆ। ਭਾਰਤ ਦੇ ਬੈਡਮਿੰਟਨ ਖਿਡਾਰੀ ਕ੍ਰਿਸ਼ਨਾ ਨਾਗਰ ਨੇ ਇਥੇ ਬੈਡਮਿੰਟਨ ਵਿਚ ਭਾਰਤ ਨੂੰ ਦੂਸਰਾ ਸੋਨ ਤਗਮਾ ਦਿਵਾਇਆ ਜਦੋਂ ਕਿ ਉਨ੍ਹਾਂ ਤੋਂ ਪਹਿਲਾਂ ਸੁਹਾਸ ਯਥੀਰਾਜ ਨੇ ਚਾਂਦੀ ਦਾ ਤਗਮਾ ਜਿੱਤਿਆ ਲਿਆ ਸੀ। ਜੇਕਰ ਕੁੱਲ ਤਗਮਿਆਂ ਦੀ ਗੱਲ ਕੀਤੀ ਜਾਵੇ ਤਾਂ ਭਾਰਤ ਨੇ ਟੋਕੀਓ ਪੈਰਾਲੰਪਿਕ ਵਿਚ 5 ਸੋਨ, 8 ਚਾਂਦੀ ਅਤੇ 6 ਕਾਂਸੀ ਦੇ ਤਗਮਿਆਂ ਨਾਲ ਕੁੱਲ 19 ਤਗਮੇ ਜਿੱਤੇ ਅਤੇ ਉਹ ਤਗਮਾ ਸੂਚੀ 'ਚ 24ਵੇਂ ਸਥਾਨ ਉਤੇ ਰਿਹਾ।



ਭਾਰਤ ਨੇ 1972 ਵਿਚ ਪਹਿਲੀ ਵਾਰ ਪੈਰਾਲੰਪਿਕ ਖੇਡਾਂ ਵਿਚ ਹਿੱਸਾ ਲਿਆ ਸੀ। ਇਸ ਤੋਂ ਪਹਿਲਾਂ ਬੀਤੇ ਮਹੀਨੇ 8 ਅਗਸਤ ਨੂੰ ਸਮਾਪਤ ਹੋਈਆਂ ਉਲੰਪਿਕ ਖੇਡਾਂ 'ਚ ਭਾਰਤੀ ਖਿਡਾਰੀਆਂ ਨੇ ਨੀਰਜ ਚੋਪੜਾ ਦੇ ਇਕ ਸੋਨ ਤਗਮੇ ਅਤੇ ਮੀਰਾ ਬਾਈ ਚਾਨੂ ਅਤੇ ਰਵੀ ਕੁਮਾਰ ਦਹੀਆ ਦੇ ਦੋ ਚਾਂਦੀ ਤਗਮਿਆਂ ਸਮੇਤ ਕੁੱਲ 7 ਤਗਮੇ ਜਿੱਤੇ ਸਨ ਅਤੇ ਹੁਣ ਪੈਰਾਲੰਪਿਕ ਵਿਚ ਦੇਸ਼ ਦੇ ਨੌਜਵਾਨ ਵਿਕਲਾਂਗ ਖਿਡਾਰੀਆਂ ਨੇ ਕੁੱਲ 19 ਤਗਮੇ ਜਿੱਤ ਕੇ ਉਲੰਪਿਕ 'ਚ ਭਾਰਤ ਦੇ ਸੁਨਹਿਰੀ ਸਫਰ ਦੀ ਸ਼ੁਰੂਆਤ ਕੀਤੀ ਹੈ। ਉਲੰਪਿਕ ਵਿਚ 7 ਸਿਖਰਲੀਆਂ ਪ੍ਰਾਪਤੀਆਂ ਵਿਚ ਪੁਰਸ਼ ਹਾਕੀ ਟੀਮ ਵੱਲੋਂ ਮੁਕਾਬਲੇ ਵਿਚ 1980 ਵਿਚ ਮਾਸਕੋ 'ਚ ਜਿੱਤੇ ਗਏ ਸੋਨ ਤਗਮੇ ਦੇ 41 ਸਾਲ ਬਾਅਦ ਜਿੱਤਿਆ ਗਿਆ ਕਾਂਸੀ ਦਾ ਤਗਮਾ ਵੀ ਸ਼ਾਮਲ ਸੀ। ਟੋਕੀਓ ਉਲੰਪਿਕ ਵਿਚ ਦੇਸ਼ ਦੇ ਲਈ ਇਕ ਹੋਰ ਮਾਣ ਦੀ ਗੱਲ ਇਹ ਵੀ ਰਹੀ ਸੀ ਕਿ ਭਾਰਤੀ ਮਹਿਲਾ ਹਾਕੀ ਟੀਮ ਪਹਿਲੀ ਵਾਰ ਸੈਮੀਫਾਈਨਲ ਤੱਕ ਪਹੁੰਚੀ। ਦੇਸ਼ ਵਿਚ ਉਲੰਪਿਕ ਜਿੱਤ ਦਾ ਜਸ਼ਨ ਅਜੇ ਚੱਲ ਹੀ ਰਿਹਾ ਸੀ ਕਿ 24 ਅਗਸਤ ਨੂੰ ਪੈਰਾਲੰਪਿਕ ਖੇਡਾਂ ਦੀ ਸ਼ੁਰੂਆਤ ਹੋ ਗਈ। ਇਨ੍ਹਾਂ ਖੇਡਾਂ ਵਿਚ ਭਾਰਤੀ ਖਿਡਾਰੀਆਂ ਨੇ ਨਾ ਸਿਰਫ ਨਵੇਂ ਕੀਰਤੀਮਾਨ ਸਥਾਪਤ ਕੀਤੇ ਸਗੋਂ ਨਵੇਂ ਰਿਕਾਰਡ ਵੀ ਆਪਣੇ ਨਾਂ ਕੀਤੇ, ਪੈਰਾਲੰਪਿਕ ਖੇਡਾਂ ਵਿਚ ਕਿਉਂਕਿ ਸਰੀਰਕ ਤੌਰ 'ਤੇ ਅਪਾਹਜ ਅਤੇ ਵਿਕਲਾਂਗ ਖਿਡਾਰੀ ਹੀ ਹਿੱਸਾ ਲੈਂਦੇ ਹਨ, ਇਸ ਲਈ ਇਨ੍ਹਾਂ ਵੱਲ ਲੋਕਾਂ ਦਾ ਆਕਰਸ਼ਨ ਅਤੇ ਰੁਚੀ ਵਧ ਜਾਂਦੀ ਹੈ।

ਰਾਸ਼ਟਰ ਦੇ ਲਈ ਮਾਣ ਤੇ ਖ਼ੁਸ਼ੀ ਦੀ ਗੱਲ ਇਹ ਹੈ ਕਿ ਟੋਕੀਓ ਪੈਰਾਲੰਪਿਕ ਖੇਡਾਂ ਵਿਚ ਭਾਰਤੀ ਖਿਡਾਰੀਆਂ ਨੇ 5 ਸੋਨੇ, 8 ਚਾਂਦੀ ਅਤੇ 6 ਕਾਂਸੀ ਦੇ ਤਗਮੇ ਜਿੱਤੇ ਹਨ। ਦੱਸਣਯੋਗ ਹੈ ਕਿ ਇਕ-ਇਕ ਦਿਨ ਵਿਚ ਭਾਰਤ ਨੇ 4-4 ਤਗਮੇ ਵੀ ਜਿੱਤੇ। ਭਾਰਤੀ ਪੈਰਾਲੰਪਿਕ ਦਲ ਲਈ ਐਤਵਾਰ ਦਾ ਦਿਨ ਵੀ ਸੁਨਹਿਰੀ ਰਿਹਾ ਜਦੋਂ ਕ੍ਰਿਸ਼ਨਾ ਨਾਗਰ ਨੇ ਬੈਡਮਿੰਟਨ ਵਿਚ ਸੋਨ ਤਗਮਾ ਆਪਣੇ ਨਾਂ ਕਰ ਲਿਆ। ਇਸੇ ਖੇਡ 'ਚ ਇਕ ਹੋਰ ਫਾਈਨਲ ਮੁਕਾਬਲਾ ਖੇਡ ਰਹੇ ਆਈ.ਏ.ਐਸ. ਅਧਿਕਾਰੀ ਸੁਹਾਸ ਐਲ. ਯਥੀਰਾਜ ਨੂੰ ਚੰਗੇ ਪ੍ਰਦਰਸ਼ਨ ਦੇ ਬਾਵਜੂਦ ਚਾਂਦੀ ਦੇ ਤਗਮੇ ਨਾਲ ਸਬਰ ਕਰਨਾ ਪਿਆ।

ਉਲੰਪਿਕ ਤਗਮਿਆਂ ਵਿਚ ਵੀ ਦੇਸ਼ ਦੀਆਂ ਲੜਕੀਆਂ ਅੱਗੇ ਰਹੀਆਂ ਸਨ, ਜਦਕਿ ਪੈਰਾਲੰਪਿਕ ਵਿਚ ਵੀ ਲੜਕੀਆਂ ਮੋਹਰੀ ਰਹੀਆਂ ਹਨ। ਪੈਰਾਲੰਪਿਕ ਦੇ ਨਿਸ਼ਾਨੇਬਾਜ਼ੀ ਮੁਕਾਬਲੇ ਵਿਚ ਅਤੇ ਬੈਡਮਿੰਟਨ ਵਿਚ ਜ਼ਿਆਦਾ ਤਗਮੇ ਆਏ। ਜਦਕਿ ਉੱਚੀ ਛਾਲ ਸਮੇਤ ਹੋਰ ਖੇਡਾਂ ਵਿਚ ਖਿਡਾਰੀਆਂ ਨੇ ਆਪਣੀ ਸ਼ਾਨਦਾਰ ਪ੍ਰਤਿਭਾ ਅਤੇ ਸਮਰੱਥਾ ਦਾ ਪ੍ਰਗਟਾਵਾ ਕੀਤਾ।

ਇਕ ਦਿਨ ਵਿਚ ਜਿੱਤੇ ਗਏ 2 ਸੋਨ ਤਗਮਿਆਂ ਵਿਚੋਂ ਇਕ 19 ਸਾਲਾ ਮਨੀਸ਼ ਨਰਵਾਲ ਨੇ ਨਿਸ਼ਾਨੇਬਾਜ਼ੀ ਵਿਚ ਹਾਸਲ ਕੀਤਾ, ਜਦੋਂਕਿ ਦੂਸਰਾ ਸੋਨ ਤਗਮਾ ਬੈਡਮਿੰਟਨ ਵਿਚ ਪ੍ਰਮੋਦ ਭਗਤ ਨੂੰ ਪ੍ਰਾਪਤ ਹੋਇਆ। ਪੈਰਾਲੰਪਿਕ ਵਿਚ ਇਹ ਵੀ ਇਕ ਵਿਸ਼ੇਸ਼ ਉਪਲਬਧੀ ਰਹੀ ਕਿ ਜਿਥੇ ਨਿਸ਼ਾਨੇਬਾਜ਼ੀ ਵਿਚ ਦੋ ਮੁਕਾਬਲਿਆਂ ਵਿਚ 2 ਤਗਮੇ ਇਕ ਸੋਨਾ ਅਤੇ ਇਕ ਕਾਂਸੀ ਜਿੱਤਣ ਵਾਲੀ ਅਵਨੀ ਲੇਖਾਰਾ ਪਹਿਲੀ ਭਾਰਤੀ ਮਹਿਲਾ ਬਣੀ, ਉਥੇ ਹੀ ਪੁਰਸ਼ ਵਰਗ ਵਿਚ ਸਿੰਘਰਾਜ ਅਡਾਨਾ ਨਿਸ਼ਾਨੇਬਾਜ਼ੀ ਵਿਚ ਦੋ ਤਗਮੇ ਜਿੱਤਣ ਵਾਲੇ ਪੈਰਾਲੰਪਿਕ ਦੇ ਪਹਿਲੇ ਖਿਡਾਰੀ ਬਣੇ। ਉਲੰਪਿਕ ਵਿਚ 7 ਅਤੇ ਹੁਣ ਪੈਰਾਲੰਪਿਕ ਵਿਚ ਹਾਸਲ ਹੋਏ 19 ਤਗਮਿਆਂ ਨੇ ਹੋਰ ਆਸ ਦੀ ਕਿਰਨ ਜਗਾਈ ਹੈ।

# ਮਮਤਾ ਦਾ ਵਿਧਾਨ ਸਭਾ ਵਿਚ ਪਹੁੰਚਣ ਦਾ ਰਾਹ ਪੱਧਰਾ

**ਨਵੀਂ ਦਿੱਲੀ:** ਪੱਛਮੀ ਬੰਗਾਲ ਵਿਚ ਭਬਾਨੀਪੁਰ ਵਿਧਾਨ ਸਭਾ ਹਲਕੇ ਤੋਂ ਮੁੱਖ ਮੰਤਰੀ ਤੇ ਤ੍ਰਿਣਮੂਲ ਕਾਂਗਰਸ ਦੀ ਆਗੂ ਮਮਤਾ ਬੈਨਰਜੀ ਜ਼ਿਮਨੀ ਚੋਣ ਲੜਨਗੇ। ਚੋਣ ਕਮਿਸ਼ਨ ਨੇ ਐਲਾਨ ਕੀਤਾ ਕਿ ਇਹ ਚੋਣ 30 ਸਤੰਬਰ ਨੂੰ ਕਰਵਾਈ ਜਾਵੇਗੀ। ਪੱਛਮੀ ਬੰਗਾਲ ਵਿਚ ਦੋ ਵਿਧਾਨ ਸਭਾ ਸੀਟਾਂ ਤੇ ਉੜੀਸਾ ਵਿਚ ਇਕ ਸੀਟ ਲਈ ਵੋਟਾਂ 30 ਸਤੰਬਰ ਨੂੰ ਪੈਣਗੀਆਂ।

ਪੱਛਮੀ ਬੰਗਾਲ ਵਿਚ ਸਮਸੇਰਗੰਜ ਤੇ ਜੰਗੀਰਪੁਰ ਅਤੇ ਉੜੀਸਾ ਵਿਚ ਪੀਪਲੀ ਸੀਟ, ਉਮੀਦਵਾਰਾਂ ਦੇ ਦੇਹਾਂਤ ਕਾਰਨ ਖਾਲੀ ਪਈਆਂ ਸਨ। ਜ਼ਿਮਨੀ ਚੋਣਾਂ ਦੇ ਐਲਾਨ ਮਗਰੋਂ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਸੁੱਖ ਦਾ ਸਾਹ ਲਿਆ ਹੈ।

ਚੋਣ ਕਮਿਸ਼ਨ ਨੇ ਦੱਸਿਆ ਕਿ ਇਨ੍ਹਾਂ ਸੀਟਾਂ ਲਈ ਵੋਟਾਂ ਦੀ ਗਿਣਤੀ 3 ਅਕਤੂਬਰ ਨੂੰ ਹੋਵੇਗੀ। ਉਨ੍ਹਾਂ ਕਿਹਾ ਕਿ ਕੋਵਿਡ-19 ਮਹਾਮਾਰੀ ਦੇ ਬਚਾਅ ਲਈ ਨੇਮਾਂ ਦੀ ਸਖਤੀ ਨਾਲ ਪਾਲਣਾ ਯਕੀਨੀ ਬਣਾਈ ਜਾਵੇਗੀ। ਭਬਾਨੀਪੁਰ ਜ਼ਿਮਨੀ ਚੋਣ ਰਾਹੀਂ ਮਮਤਾ ਬੈਨਰਜੀ ਨੂੰ ਸੂਬੇ ਦੀ ਵਿਧਾਨ ਸਭਾ ਦੀ ਮੈਂਬਰ ਬਣਨ ਦਾ ਮੌਕਾ ਮਿਲੇਗਾ। ਜ਼ਿਕਰਯੋਗ ਹੈ ਕਿ ਮਮਤਾ ਬੈਨਰਜੀ ਇਸ ਸਾਲ ਦੇ ਸ਼ੁਰੂ ਵਿਚ ਹੋਈਆਂ ਵਿਧਾਨ ਸਭਾ ਚੋਣਾਂ ਵਿਚ ਨੰਦੀਗ੍ਰਾਮ ਸੀਟ, ਭਾਜਪਾ ਦੇ ਸੁਵੇਂਦੂ ਅਧਿਕਾਰੀ ਤੋਂ ਹਾਰ ਗਈ ਸੀ। ਪੱਛਮੀ ਬੰਗਾਲ ਵਿਧਾਨ ਸਭਾ ਵਿਚ ਹੁਣ ਅਧਿਕਾਰੀ ਵਿਰੋਧੀ ਧਿਰ ਦਾ ਆਗੂ ਹੈ। ਚੋਣਾਂ ਦੇ ਨਤੀਜਿਆਂ ਤੋਂ ਬਾਅਦ ਭਬਾਨੀਪੁਰ ਵਿਧਾਨ ਸਭਾ ਹਲਕੇ ਤੋਂ ਟੀ.ਐਮ.ਸੀ. ਵਿਧਾਇਕ ਸੋਵੇਨਦੇਬ ਚਟੋਪਾਧਿਆਏ ਨੇ ਬੈਨਰਜੀ ਨੂੰ ਜਿਤਾਉਣ ਲਈ ਸੀਟ ਖਾਲੀ ਕਰ ਦਿੱਤੀ ਸੀ।



2011 ਤੋਂ ਬੈਨਰਜੀ ਇਸ ਸੀਟ ਤੋਂ ਦੋ ਵਾਰ ਚੋਣ ਜਿੱਤ ਚੁੱਕੀ ਹੈ। ਇਸੇ ਦੌਰਾਨ ਮਮਤਾ ਨੇ ਦੋਸ਼ ਲਾਇਆ ਕਿ ਭਾਜਪਾ ਚੋਣ ਅਮਲ ਵਿਚ ਅੜਿੱਕਾ ਡਾਹੁਣ ਦੀ ਕੋਸ਼ਿਸ਼ ਕਰ ਰਹੀ ਸੀ। ਸੂਬਾਈ ਮੰਤਰੀ ਫਿਰਹਾਦ ਹਾਕਿਮ ਨੇ ਕਿਹਾ,'ਸੰਵਿਧਾਨਕ ਨੇਮਾਂ ਦੇ ਆਧਾਰ 'ਤੇ ਜ਼ਿਮਨੀ ਚੋਣਾਂ ਜਰੂਰੀ ਸਨ ਪਰ ਭਾਜਪਾ ਸੌੜੇ ਸਿਆਸੀ ਹਿੱਤਾਂ ਲਈ ਚੋਣ ਅਮਲ ਰੁਕਵਾਉਣ ਦੀ ਕੋਸ਼ਿਸ਼ ਕਰ ਰਹੀ ਸੀ।' ਉਨ੍ਹਾਂ ਕਿਹਾ ਕਿ ਉਹ ਚੋਣ ਕਮਿਸ਼ਨ ਦੇ ਫੈਸਲੇ ਦਾ ਸਵਾਗਤ ਕਰਦੇ ਹਨ ਤੇ ਉਹ ਕੋਵਿਡ ਤੋਂ ਬਚਾਅ ਨੇਮਾਂ ਦੀ ਪੂਰੀ ਤਰ੍ਹਾਂ ਪਾਲਣਾ ਕਰਨਗੇ।

# ਸੁਪਰੀਮ ਕੋਰਟ ਦਾ ਸਿੰਘੂ ਬਾਰਡਰ ਨੂੰ ਖੋਲ੍ਹਣ ਸਬੰਧੀ ਪਟੀਸ਼ਨ ਸੁਣਨ ਤੋਂ ਇਨਕਾਰ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਕਿਸਾਨ ਅੰਦੋਲਨ ਕਰਕੇ ਬੰਦ ਪਏ ਸਿੰਘੂ ਬਾਰਡਰ ਨੂੰ ਖੋਲ੍ਹਣ ਦੀ ਮੰਗ ਕਰਦੀ ਸੋਨੀਪਤ ਦੇ ਲੋਕਾਂ ਦੀ ਪਟੀਸ਼ਨ 'ਤੇ ਸੁਣਵਾਈ ਕਰਨ ਤੋਂ ਨਾਂਹ ਕਰ ਦਿੱਤੀ ਹੈ। ਸਿਖਰਲੀ ਅਦਾਲਤ ਨੇ ਪਟੀਸ਼ਨਰਾਂ ਨੂੰ ਹਾਈ ਕੋਰਟ ਦਾ ਰੁਖ ਕਰਨ ਲਈ ਆਖ ਦਿੱਤਾ ਹੈ। ਜਸਟਿਸ ਡੀ.ਵਾਈ.ਚੰਦਰਚੂੜ, ਵਿਕਰਮ ਨਾਥ ਤੇ ਹਿਮਾ ਕੋਹਲੀ ਦੀ ਸ਼ਮੂਲੀਅਤ ਵਾਲੇ ਬੈਂਚ ਨੇ ਕਿਹਾ ਕਿ ਪਟੀਸ਼ਨਰਾਂ ਨੂੰ ਹਾਈ ਕੋਰਟ ਤੇ ਸੂਬਾਈ ਪ੍ਰਸ਼ਾਸਨ ਤੱਕ ਪਹੁੰਚ ਕਰਨ ਦੀ ਪੂਰੀ ਖੁੱਲ੍ਹ ਹੈ। ਬੈਂਚ ਨੇ ਪਟੀਸ਼ਨ ਵਾਪਸ ਲੈਣ ਲਈ ਆਖਦਿਆਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਤੱਕ ਰਸਾਈ ਕਰਨ ਦੀ ਖੁੱਲ੍ਹ ਦੇ ਦਿੱਤੀ ਹੈ। ਚੇਤੇ ਰਹੇ ਕਿ ਤਿੰਨ ਖੇਤੀ ਕਾਨੂੰਨਾਂ ਦੀ ਵਾਪਸੀ ਤੇ ਹੋਰਨਾਂ ਮੰਗਾਂ ਨੂੰ ਲੈ ਕੇ ਹਜ਼ਾਰਾਂ ਕਿਸਾਨ ਪਿਛਲੇ ਨੌਂ ਮਹੀਨਿਆਂ ਤੋਂ ਦਿੱਲੀ-ਹਰਿਆਣਾ ਤੇ ਦਿੱਲੀ-ਯੂਪੀ ਦੀਆਂ ਸਰਹੱਦਾਂ 'ਤੇ ਮੋਰਚੇ ਲਾਈ ਬੈਠੇ ਹਨ। ਬੈਂਚ ਨੇ ਕਿਹਾ ਕਿ ਇਸ ਮਾਮਲੇ 'ਚ ਦਖਲ ਦਾ ਸੱਦਾ ਭਰਮਾਊ ਹੈ, ਪਰ ਹਾਈ ਕੋਰਟਾਂ ਸਥਾਨਕ ਮੁੱਦਿਆਂ ਨਾਲ ਸਿੱਝਣ ਦੇ ਸਮਰੱਥ ਹਨ।


Sher-E-Punjab Sports & Cultural Society
Cincinnati, Dayton, Lima, Columbus (OH)

Sher-E-Punjab Khed Mela X

October 2nd, 2021

(Saturday, 8am-6pm)

Open Invitation To All

Address For Event
6459 Manchester Rd, Franklin, OH 45005

Games
Kabaddi, Volleyball, Soccer, Cricket and Kids Games
Live Concert Singer

Lucky Draw
1st Prize Motercycle
2nd Prize Laptop
Entry fee $100






Free Entry, Free Parking & Free Food

For More Information, Please contact at: Sherepunjabsociety@gmail.com
Charanjit S. Brar 317-903-7400 and Surjeet S. Mavi 513-616-4530

# ਸੁਰਿੰਦਰ ਗੀਤ ਦਾ ਕਾਵਿ-ਸੰਗ੍ਰਹਿ 'ਖੇਤਾਂ ਦਾ ਸਫਰ' ਸਿੰਘੂ ਬਾਰਡਰ 'ਤੇ ਲੋਕ-ਅਰਪਿਤ

**ਦਿੱਲੀ:** ਐਤਵਾਰ ਨੂੰ ਸੁਰਿੰਦਰ ਗੀਤ ਦੀ ਨਵੀਂ ਪੁਸਤਕ 'ਖੇਤਾਂ ਦਾ ਸਫਰ' ਦਿੱਲੀ ਦੇ ਸਿੰਘੂ ਬਾਰਡਰ 'ਤੇ ਸੰਯੁਕਤ ਕਿਸਾਨ ਮੋਰਚੇ ਦੇ ਮੰਚ ਤੋਂ ਲੋਕ-ਅਰਪਣ ਕੀਤੀ ਗਈ। ਇਸ ਸਮੇਂ




ਸੰਯੁਕਤ ਕਿਸਾਨ ਮੋਰਚੇ ਦੀਆਂ ਜਥੇਬੰਦੀਆਂ ਦੇ ਆਗੂਆਂ ਤੋਂ ਇਲਾਵਾ ਸੰਘਰਸ਼ੀ ਕਿਸਾਨਾਂ ਦਾ ਭਰਵਾਂ ਇਕੱਠ ਸੀ। ਪ੍ਰੋ. ਅਰਵਿੰਦਰ ਕੌਰ ਕਾਕੜਾ ਨੇ ਕਿਸਾਨ ਆਗੂਆਂ ਨੂੰ ਪੁਸਤਕ ਦੀਆਂ ਕਾਪੀਆਂ ਰਸਮੀ ਤੌਰ 'ਤੇ ਭੇਟ ਕੀਤੀਆਂ। ਜ਼ਿਕਰਯੋਗ ਹੈ ਕਿ ਇਸ ਮੰਚ ਤੋਂ ਸਿਰਫ ਉਹੀ ਕਿਤਾਬ ਲੋਕ-ਅਰਪਣ ਕੀਤੀ ਜਾਂਦੀ ਹੈ, ਜਿਸ ਨੂੰ ਗੰਭੀਰਤਾ ਨਾਲ ਪੜ੍ਹਨ ਪਿਛੋਂ ਕਿਸਾਨ ਆਗੂ ਪ੍ਰਵਾਨਗੀ ਦੇਣ।

ਅੱਸੀ ਸਫਿਆਂ ਦੀ ਇਹ ਕਿਤਾਬ ਕੈਲੀਗਰ ਪਬਲੀਕੇਸ਼ਨ, ਪਟਿਆਲਾ ਨੇ ਛਾਪੀ ਹੈ, ਜਿਸ ਦੇ ਅਰੰਭ ਵਿਚ ਮੁੱਖ-ਬੰਦ ਵਜੋਂ ਢੁਕਵੇਂ ਸ਼ਬਦ ਪੰਜਾਬੀ ਯੂਨੀਵਰਸਿਟੀ ਦੇ ਪੰਜਾਬੀ ਸਾਹਿਤ ਅਧਿਐਨ ਵਿਭਾਗ ਦੇ ਪ੍ਰੋਫੈਸਰ ਡਾ. ਮੋਹਨ ਸਿੰਘ ਤਿਆਗੀ ਨੇ ਲਿਖੇ ਹਨ। ਉਸ ਦੀਆਂ ਉਲੇਖਯੋਗ ਸਤਰਾਂ ਹਨ, "ਸੁਰਿੰਦਰ ਗੀਤ ਦੀ ਇਹ ਕਵਿਤਾ ਕਿਸਾਨ ਮੋਰਚੇ ਦੇ ਇਸ ਇਤਿਹਾਸਕ ਕਾਲ-ਖੰਡ ਨੂੰ ਆਪਣੀ ਅਨੂਠੀ ਕਾਵਿ-ਚੇਤਨਾ ਵਿਚ ਬੰਨ੍ਹਣ ਦਾ ਮੋਹਰੀ ਰੋਲ ਅਦਾ ਕਰਦੀ ਹੈ। ਇਨ੍ਹਾਂ ਕਵਿਤਾਵਾਂ ਵਿਚ ਪੰਜਾਬ ਦੇ ਕਿਰਤੀ ਕਿਸਾਨ ਲੋਕਾਂ ਦੇ ਮੁੜ੍ਹਕੇ ਅਤੇ ਲਹੂ ਦੀ ਜੀਵੰਤ ਇਬਾਰਤ ਉੱਕਰੀ ਹੋਈ ਹੈ, ਜਿੱਥੋਂ ਇਹ ਕਵਿਤਾ 'ਖੇਤਾਂ ਦੇ ਸਫਰ' ਦੀ ਅਨੂਠੀ ਗੌਰਵ-ਗਾਥਾ ਵਿਚ ਢਲਦੀ ਹੋਈ ਪੰਜਾਬੀ ਸਾਹਿਤ ਦੇ ਖੇਤਰ ਵਿਚ ਇੱਕ ਨਵਾਂ ਸੰਵਾਦ ਛੇੜਦੀ ਹੈ।"

ਇਸ ਕਾਵਿ-ਸੰਗ੍ਰਹਿ ਵਿਚ ਗੀਤ, ਗਜ਼ਲਾਂ ਅਤੇ ਨਜ਼ਮਾਂ ਸ਼ਾਮਲ ਹਨ, ਜੋ ਸਮੁੱਚੀਆਂ ਕਿਸਾਨੀ ਧੰਦੇ, ਅਰਥਚਾਰੇ, ਸਭਿਆਚਾਰ ਅਤੇ ਮੌਜੂਦਾ ਇਤਿਹਾਸਕ ਕਿਸਾਨੀ ਸੰਘਰਸ਼ ਬਾਰੇ ਹਨ। ਪੁਸਤਕ ਸਮਰਪਣ ਹੈ-'ਖੇਤਾਂ ਦੇ ਗੌਰਵ ਲਈ ਭਾਰਤ ਵਿਚ ਚਲ ਰਹੇ ਕਿਰਤੀ-ਕਿਸਾਨ ਸੰਘਰਸ਼ ਦੇ ਨਾਂ।' ਲੋਕ-ਅਰਪਣ ਕਰਨ ਸਮੇਂ ਦਾ ਦ੍ਰਿਸ਼ ਮੰਚ ਅਤੇ ਸੰਘਰਸ਼ ਦੇ ਪੱਖ ਤੋਂ ਪੂਰਾ ਢੁਕਵਾਂ ਸੀ। ਕਿਤਾਬ ਦੀਆਂ ਸਾਰੀਆਂ ਕਾਪੀਆਂ ਹੱਥੋ-ਹੱਥ ਵੰਡੀਆਂ ਗਈਆਂ ਅਤੇ ਹੋਰ ਕਾਪੀਆਂ ਦੀ ਮੰਗ ਏਨੀ ਸੀ ਕਿ ਕਾਫੀ ਗਿਣਤੀ ਵਿਚ ਦੁਬਾਰਾ ਭੇਜੀਆਂ ਜਾ ਰਹੀਆਂ ਹਨ। ਉਸ ਸਮੇਂ ਕਈ ਪਾਸਿਆਂ ਤੋਂ ਆਵਾਜ਼ਾਂ ਆਉਂਦੀਆਂ ਰਹੀਆਂ ਕਿ ਬੀਬੀ ਜੀ ਸੁਰਿੰਦਰ ਗੀਤ ਕਿੱਥੇ ਹਨ? ਪਰ ਉਸ ਨੇ ਤਾਂ ਕੈਲਗਰੀ ਰਹਿੰਦਿਆਂ ਵੀ ਇਸ ਪੁਸਤਕ ਦੇ ਜ਼ਰੀਏ




ਆਪਣੀ ਇਤਿਹਾਸਕ ਗਵਾਹੀ ਦਰਜ ਕਰਵਾਈ ਹੈ। ਇਸ ਕਿਤਾਬ ਵਿਚਲੀ ਇਕ ਕਵਿਤਾ ਦੀਆਂ ਇਹ ਸਤਰਾਂ, "...ਤੇ ਇਹ ਕਵਿਤਾ, ਹੁਣ ਦਿੱਲੀ ਦੀਆਂ ਬਰੂਹਾਂ 'ਤੇ ਜਾ ਬੈਠੀ ਹੈ" ਸੱਚ ਹੋ ਗਈਆਂ ਹਨ। ਛੇਤੀ ਹੀ ਇਸ ਕਿਤਾਬ ਦੀਆਂ ਕਾਪੀਆਂ ਕੈਲਗਰੀ ਪਹੁੰਚ ਜਾਣਗੀਆਂ।

ONLY FOR THOSE WHO MISS
THE 'PIND' OF THEIR CHILDHOOD MEMORIES

**Project 'Mera Pind 360'**

By Friends Of Punjab Foundation

*'SERVING HUMANITY' dedicated to Guru Nanak' teaching.*

FRIENDS OF PUNJAB FOUNDATION
SERVING HUMANITY
Dedicated to the teachings of Guru Nanak Dev Ji

- NRIs, your 'Pind' waiting for your help.
- Renew your relationship with your 'Pind'
- Help your 'Pind's needy.
- Join over 100 NRIs, covering more than 50 of their own villages.

- Many ways to help.

-- Struggling families:
Monthly financial help and help for the higher education of their children.

-- Skills training in the Pind:
Ladies Dress Design, Dairy, Beauty parlor, Computer skills including basis/ advanced/digital design, etc

-- Govt. services in the Pind:
Adhar card, pan number, health insurance card, passport application, railway tickets, etc

-- Small farmer help:
Establish an agri-center for small farmers who have no machinery etc

-- Other Services:
High-speed WiFi, Library, Smart TV for webinars, telehealth, remote learnings.

- No fee. No donation. No middle man. Just get free help from Foundation's volunteers.
- Foundation will help screen your own selected village/ families OR will assign pre-screened families in need.
- Do not wait. Visit our site, send an email, or call us for more details.

Contact: Bhupinder S Hundal (USA)
630-802-2179 | Email: hundalb@yahoo.com

www.friendsofpunjabfoundation.org
Bhupinder S Hundal (USA) 630-802-2179 | hundalb@yahoo.com

# ਕੇਂਦਰ ਨੇ ਪੰਜਾਬ ਨੂੰ ਟੋਲ ਪਲਾਜ਼ੇ ਖੁਲ੍ਹਵਾਉਣ ਲਈ ਕਿਹਾ

**ਚੰਡੀਗੜ੍ਹ:** ਕਿਸਾਨ ਅੰਦੋਲਨ ਕਰਕੇ ਟੌਲ ਪਲਾਜ਼ੇ ਬੰਦ ਹੋਣ ਸਦਕਾ ਪੰਜਾਬ ਦੇ ਲੋਕਾਂ ਨੂੰ ਹੁਣ ਤੱਕ 830 ਕਰੋੜ ਰੁਪਏ ਦੀ ਰਾਹਤ ਮਿਲ ਗਈ ਹੈ। ਪੰਜਾਬ ਭਰ ਵਿਚ ਕਿਸਾਨ



ਅੰਦੋਲਨ ਪਹਿਲੀ ਸਤੰਬਰ 2020 ਤੋਂ ਚੱਲ ਰਿਹਾ ਹੈ ਜਦੋਂ ਕਿ ਕਿਸਾਨਾਂ ਨੇ ਪਹਿਲੀ ਅਕਤੂਬਰ 2020 ਤੋਂ ਸੂਬੇ 'ਚ ਸਾਰੇ ਟੌਲ ਪਲਾਜ਼ੇ ਬੰਦ ਕੀਤੇ ਹੋਏ ਹਨ।

ਸੂਬੇ ਦੇ ਤਕਰੀਬਨ ਸਾਰੇ ਕੌਮੀ ਮਾਰਗਾਂ 'ਤੇ ਕਿਸਾਨ ਜਥੇਬੰਦੀਆਂ ਨੇ ਟੌਲ ਪਲਾਜ਼ੇ ਬੰਦ ਕਰਕੇ ਧਰਨੇ ਮਾਰੇ ਹੋਏ ਹਨ ਜਿਥੇ ਰੋਜ਼ਾਨਾ ਰੈਲੀਆਂ ਹੋ ਰਹੀਆਂ ਹਨ। ਕੇਂਦਰ ਸਰਕਾਰ ਨੇ ਹੁਣ ਪੰਜਾਬ ਦੀ ਮੁੱਖ ਸਕੱਤਰ ਨੂੰ ਪੱਤਰ ਲਿਖ ਕੇ ਕਿਹਾ ਹੈ ਕਿ ਸੂਬੇ ਦੇ ਟੌਲ ਪਲਾਜ਼ੇ ਖੁਲ੍ਹਵਾਏ ਜਾਣ ਤਾਂ ਜੋ ਜਨਤਕ ਖਜ਼ਾਨੇ ਦਾ ਨੁਕਸਾਨ ਹੋਣੋਂ ਬਚਾਇਆ ਜਾ ਸਕੇ। ਕੇਂਦਰ ਸਰਕਾਰ ਨੂੰ ਵੱਡਾ ਡਰ ਇਹ ਵੀ ਹੈ ਕਿ ਟੌਲ ਪਲਾਜ਼ੇ ਚਲਾਉਣ ਵਾਲੀਆਂ ਕੰਪਨੀਆਂ ਵਾਧੂ ਕਲੇਮ ਵੀ ਪਾ ਸਕਦੀਆਂ ਹਨ ਜੋ 830 ਕਰੋੜ ਤੋਂ ਵੱਖਰੇ ਹੋਣਗੇ। ਪਹਿਲਾਂ ਕੇਂਦਰੀ ਸੜਕ ਆਵਾਜਾਈ ਮੰਤਰੀ ਨਿਤਿਨ ਗਡਕਰੀ ਨੇ ਪਿਛਲੇ ਸਾਲ 19 ਨਵੰਬਰ ਨੂੰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਪੱਤਰ ਲਿਖਿਆ ਸੀ ਅਤੇ ਉਸ ਤੋਂ ਪਹਿਲਾਂ ਮੁੱਖ ਸਕੱਤਰ ਨੂੰ ਵੀ 16 ਅਕਤੂਬਰ ਨੂੰ ਪੱਤਰ ਭੇਜਿਆ ਗਿਆ ਸੀ। ਕੇਂਦਰੀ ਸੜਕ ਆਵਾਜਾਈ ਮੰਤਰਾਲੇ ਦੇ ਸਕੱਤਰ ਨੇ ਹੁਣ ਮੁੱਖ ਸਕੱਤਰ ਨੂੰ ਲਿਖੇ ਪੱਤਰ 'ਚ ਕਿਹਾ ਹੈ ਕਿ ਲੋਕ ਹਿੱਤ ਨੂੰ ਧਿਆਨ ਵਿਚ ਰੱਖਦਿਆਂ ਪੰਜਾਬ ਵਿਚਲੇ ਟੌਲ ਪਲਾਜ਼ੇ ਖੁਲ੍ਹਵਾਏ ਜਾਣ। ਸੂਤਰਾਂ ਮੁਤਾਬਕ ਪੰਜਾਬ ਸਰਕਾਰ ਨੇ ਅਜੇ ਕੋਈ ਹੁੰਗਾਰਾ ਨਹੀਂ ਭਰਿਆ ਹੈ। ਪੰਜਾਬ ਵਿਚ ਕੌਮੀ ਸੜਕਾਂ 'ਤੇ ਪੈਂਦੇ 17 ਟੌਲ ਪਲਾਜ਼ੇ ਬੰਦ ਹਨ ਜਦੋਂ ਕਿ ਇਨ੍ਹਾਂ ਤੋਂ ਬਿਨਾਂ ਪੰਜਾਬ ਸਰਕਾਰ ਦੇ 15 ਟੌਲ ਪਲਾਜ਼ੇ ਵੱਖਰੇ ਹਨ।

ਹਰਿਆਣਾ ਵਿਚ 12 ਟੌਲ ਪਲਾਜ਼ੇ 12 ਦਸੰਬਰ ਤੋਂ ਟੌਲ ਟੈਕਸ ਤੋਂ ਮੁਕਤ ਹਨ ਜਿਸ ਕਰਕੇ ਹਰਿਆਣਾ ਵਿਚ ਔਸਤਨ ਪ੍ਰਤੀ ਦਿਨ 3.39 ਕਰੋੜ ਦੇ ਟੌਲ ਆਮਦਨ ਨੂੰ ਸੱਟ ਵੱਜ ਰਹੀ ਹੈ। ਰਾਜਸਥਾਨ ਵਿਚ ਸਿਰਫ ਸੱਤ ਟੌਲ ਪਲਾਜ਼ੇ ਮੁਕਤ ਕੀਤੇ ਹੋਏ ਹਨ। ਉਂਜ, ਮੁਲਕ ਭਰ ਵਿਚ ਕੁੱਲ 644 ਟੌਲ ਪਲਾਜ਼ੇ ਹਨ ਅਤੇ ਸਭ ਤੋਂ ਵੱਧ ਰਾਜਸਥਾਨ ਵਿਚ 91 ਟੌਲ ਪਲਾਜ਼ੇ ਹਨ।

## ਕਿਸਾਨਾਂ ਨੂੰ ਨੋਟਿਸਾਂ ਦਾ ਵਿਰੋਧ

**ਚੰਡੀਗੜ੍ਹ:** ਪੰਜਾਬ ਦੇ ਸੰਘਰਸ਼ੀ ਅਖਾੜਿਆਂ ਤੋਂ ਕਿਸਾਨਾਂ ਨੂੰ 26 ਜਨਵਰੀ ਦੀਆਂ ਘਟਨਾਵਾਂ ਨਾਲ ਜੋੜ ਕੇ ਦਿੱਲੀ ਪੁਲਿਸ ਵੱਲੋਂ ਨੋਟਿਸ ਭੇਜਣ ਖਿਲਾਫ ਆਵਾਜ਼ ਬੁਲੰਦ ਕਰਨ ਦਾ ਸੱਦਾ ਦਿੱਤਾ ਗਿਆ ਹੈ। ਬੁਲਾਰਿਆਂ ਨੇ ਸੂਬੇ 'ਚ ਸਵਾ ਸੌ ਤੋਂ ਵੱਧ ਥਾਵਾਂ 'ਤੇ ਚੱਲ ਰਹੇ ਸੰਘਰਸ਼ੀ ਅਖਾੜਿਆਂ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਪੰਜਾਬ ਭਰ ਤੋਂ ਰਿਪੋਰਟਾਂ ਆ ਰਹੀਆਂ ਹਨ ਕਿ ਦਿੱਲੀ ਪੁਲਿਸ ਵੱਲੋਂ ਦਫਾ 160 ਸੀ.ਆਰ.ਪੀ.ਸੀ. ਤਹਿਤ ਪੰਜਾਬ ਦੇ ਕਿਸਾਨਾਂ ਨੂੰ 26 ਜਨਵਰੀ ਦੀ ਘਟਨਾ ਸਮੇਂ ਦਰਜ ਕੀਤੇ ਕੇਸਾਂ ਦੀ ਤਫਤੀਸ਼ ਵਿਚ ਸ਼ਾਮਲ ਹੋਣ ਲਈ ਨੋਟਿਸ ਭੇਜੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਦਿੱਲੀ ਪੁਲਿਸ ਇਹ ਗੈਰ-ਸੰਵਧਾਨਿਕ ਅਤੇ ਗੈਰਕਾਨੂੰਨੀ ਕਾਰਵਾਈ ਕੇਂਦਰ ਸਰਕਾਰ ਦੇ ਇਸ਼ਾਰੇ 'ਤੇ ਕਰ ਰਹੀ ਹੈ। ਨੋਟਿਸਾਂ ਵਾਲੇ ਕਿਸਾਨਾਂ ਦੇ ਨਾਮ ਨਾ ਤਾਂ ਕਿਸੇ ਐਫ.ਆਈ.ਆਰ. ਵਿਚ ਦਰਜ ਹਨ ਅਤੇ ਨਾ ਹੀ ਉਹ ਕਿਸੇ ਐਕਸ਼ਨ ਵਿਚ ਸ਼ਾਮਲ ਹੋਏ ਸੀ।

# ਜਲ੍ਹਿਆਂਵਾਲਾ ਬਾਗ ਦੇ ਨਵੀਨੀਕਰਨ ਖਿਲਾਫ ਰੋਹ ਭਖਿਆ

**ਅੰਮ੍ਰਿਤਸਰ:** ਕੇਂਦਰ ਸਰਕਾਰ ਵੱਲੋਂ ਜਲ੍ਹਿਆਂਵਾਲਾ ਬਾਗ ਦੇ ਕੀਤੇ ਨਵੀਨੀਕਰਨ ਖਿਲਾਫ ਰੋਹ ਭਖ ਗਿਆ ਹੈ। ਵੱਡੀ ਗਿਣਤੀ ਸਿੱਖ ਜਥੇਬੰਦੀਆਂ ਤੋਂ ਇਲਾਵਾ ਇਤਿਹਾਸਕਾਰ ਤੇ ਬੁੱਧੀਜੀਵੀਆਂ ਨੇ ਵੀ ਸਰਕਾਰ ਦੀ ਨੀਅਤ ਉਤੇ ਵੱਡੇ ਸਵਾਲ ਖੜ੍ਹੇ ਕਰ ਦਿੱਤੇ ਹਨ। ਇਨ੍ਹਾਂ ਜਥੇਬੰਦੀਆਂ ਵੱਲੋਂ ਸ਼ਹੀਦੀ ਸਮਾਰਕ ਅੱਗੇ ਤਲਾਬ ਵਿਚ ਕਮਲ ਦੇ ਫੁੱਲ ਲਾਉਣ ਪਿੱਛੇ ਵੀ ਮੋਦੀ ਹਕੂਮਤ ਦੀ ਗੁੱਝੀ ਮਨਸ਼ਾ ਦੱਸੀ ਜਾ ਰਹੀ ਹੈ। ਦੋਸ਼ ਹਨ ਕਿ ਕਈ ਆਜ਼ਾਦੀ ਸੰਗਰਾਮੀਆਂ ਦੇ ਨਾਂ ਨਜ਼ਰ ਨਹੀਂ ਆਉਂਦੇ ਅਤੇ ਕਈਆਂ ਦੇ ਨਾਂ ਗਲਤ ਲਿਖੇ ਹੋਏ ਹਨ। ਗਦਰ ਪਾਰਟੀ ਦੇ ਬਾਨੀ ਮੀਤ ਪ੍ਰਧਾਨ ਪ੍ਰੋ. ਬਰਕਤ ਉੱਲ੍ਹਾ ਅਤੇ ਦੇਸ਼ ਭਗਤ ਡਾ. ਹਾਫ਼ਿਜ਼ ਮੁਹੰਮਦ ਬਸ਼ੀਰ ਦੇ ਨਾਂ ਗਾਇਬ ਹਨ। ਮੁਸਲਮਾਨ ਦੇਸ਼ ਭਗਤਾਂ ਨੂੰ ਨਜ਼ਰਅੰਦਾਜ਼ ਕੀਤਾ ਗਿਆ ਹੈ। ਊਧਮ ਸਿੰਘ, ਕਰਤਾਰ ਸਿੰਘ ਸਰਾਭਾ, ਭਗਤ ਸਿੰਘ ਆਦਿ ਦੀਆਂ ਤਸਵੀਰਾਂ ਹੇਠਾਂ 'ਸ਼ਹੀਦ' ਵੀ ਨਹੀਂ ਲਿਖਿਆ ਗਿਆ।



ਜਲ੍ਹਿਆਂਵਾਲਾ ਬਾਗ ਸਾਕੇ ਨਾਲ ਸਬੰਧਤ ਸ਼ਹੀਦਾਂ ਦੇ ਪਰਿਵਾਰਾਂ ਵੱਲੋਂ ਬਣਾਈ ਗਈ ਜਥੇਬੰਦੀ ਜਲ੍ਹਿਆਂਵਾਲਾ ਬਾਗ ਫਰੀਡਮ ਫਾਈਟਰ ਫਾਊਂਡੇਸ਼ਨ ਨੇ ਕੇਂਦਰੀ ਸਭਿਆਚਾਰਕ ਮੰਤਰਾਲੇ ਦੇ ਸਕੱਤਰ ਰਾਘਵੇਂਦਰ ਸਿੰਘ ਨੂੰ ਇਕ ਪੱਤਰ ਭੇਜ ਕੇ ਅਪੀਲ ਕੀਤੀ ਹੈ ਕਿ ਯਾਦਗਾਰ ਦੇ ਪ੍ਰਵੇਸ਼ ਦੁਆਰ ਦੀ ਤੰਗ ਗਲੀ ਵਿਚ ਲਈਆਂ ਗਈਆਂ ਤਸਵੀਰਾਂ ਨੂੰ ਹਟਾਇਆ ਜਾਵੇ ਅਤੇ ਸ਼ਹੀਦੀ ਖੂਹ ਨੂੰ ਪਹਿਲਾਂ ਵਾਂਗ ਪੁਰਾਤਨ ਦਿੱਖ ਦਿੱਤੀ ਜਾਵੇ।

ਜਥੇਬੰਦੀ ਦੇ ਮੁਖੀ ਸੁਨੀਲ ਕੁਮਾਰ ਵੱਲੋਂ ਲਿਖੇ ਇਸ ਪੱਤਰ ਵਿਚ ਗਿਆਰਾਂ ਸੁਝਾਅ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਅਮਰ ਜੋਤੀ ਨੂੰ ਪਹਿਲਾਂ ਵਾਲੀ ਥਾਂ 'ਤੇ ਹੀ ਸਥਾਪਤ ਕੀਤਾ ਜਾਵੇ, ਜਲ੍ਹਿਆਂਵਾਲਾ ਬਾਗ ਵਿਚ ਇਕ ਸਰਬ ਧਰਮ ਮੰਦਰ ਸਥਾਪਤ ਕੀਤਾ ਜਾਵੇ, ਜਲ੍ਹਿਆਂਵਾਲਾ ਬਾਗ ਦੇ ਸ਼ਹੀਦਾਂ ਸਮੇਤ ਊਧਮ ਸਿੰਘ, ਭਗਤ ਸਿੰਘ ਅਤੇ ਹੋਰ ਸੁਤੰਤਰਤਾ ਸੈਨਾਨੀਆਂ ਨੂੰ ਸ਼ਹੀਦ ਦਾ ਦਰਜਾ ਦਿੱਤਾ ਜਾਵੇ, ਜਲ੍ਹਿਆਂਵਾਲਾ ਬਾਗ ਵਿਚ ਸ਼ਹੀਦਾਂ ਦੇ ਨਾਂ 'ਤੇ ਇਕ ਕੰਧ ਬਣਾਈ ਜਾਵੇ ਜਿਸ ਉਪਰ ਉਨ੍ਹਾਂ ਦੀਆਂ ਤਸਵੀਰਾਂ ਲਾਈਆਂ ਜਾਣ। ਉਹ ਪਿੱਲਰ ਮੁੜ ਸਥਾਪਤ ਕੀਤਾ ਜਾਵੇ ਜਿਥੋਂ ਜਨਰਲ ਡਾਇਰ ਨੇ ਗੋਲੀ ਚਲਾਈ ਸੀ। ਸ਼ਹੀਦਾਂ ਦੇ ਪਰਿਵਾਰਾਂ ਨੂੰ ਟਰੱਸਟ ਅਤੇ ਕਮੇਟੀ ਵਿਚ ਸ਼ਾਮਲ ਕੀਤਾ ਜਾਵੇ, ਲਾਈਟ ਐਂਡ ਸਾਊਂਡ ਸ਼ੋਅ ਨੂੰ ਯਾਦਗਾਰ ਵਿੱਚ ਕਿਸੇ ਹੋਰ ਥਾਂ 'ਤੇ ਚਲਾਇਆ ਜਾਵੇ ਅਤੇ ਸ਼ਹੀਦਾਂ ਦੇ ਪਰਿਵਾਰਾਂ ਨੂੰ ਤਾਮਰ ਪੱਤਰ ਅਤੇ ਸੁਤੰਤਰਤਾ ਸੈਨਾਨੀਆਂ ਵਾਲੀਆਂ ਸਹੂਲਤਾਂ ਦਿੱਤੀਆਂ ਜਾਣ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰਾਂ ਨੇ ਇਥੇ ਜਲ੍ਹਿਆਂਵਾਲਾ ਬਾਗ ਦੇ ਨਵੀਨੀਕਰਨ ਦਾ ਜਾਇਜ਼ਾ ਲਿਆ। ਉਨ੍ਹਾਂ ਕਿਹਾ ਕਿ ਨਵੀਨੀਕਰਨ ਦੇ ਨਾਂ ਹੇਠ ਇਤਿਹਾਸਕ ਤੱਥਾਂ ਨਾਲ ਛੇੜਛਾੜ ਕੀਤੀ ਗਈ ਹੈ, ਜਿਸ ਕਾਰਨ ਦੇਸ਼ ਵਾਸੀਆਂ ਦੀ ਭਾਵਨਾਵਾਂ ਨੂੰ ਠੇਸ ਪੁੱਜੀ ਹੈ। ਉਨ੍ਹਾਂ ਪ੍ਰਧਾਨ ਮੰਤਰੀ ਤੇ ਪ੍ਰਸ਼ਾਸਨ ਨੂੰ ਮੰਗ ਪੱਤਰ ਭੇਜ ਕੇ ਜਲ੍ਹਿਆਂਵਾਲਾ ਬਾਗ ਦੇ ਮੂਲ ਸਰੂਪ ਦੀ ਬਹਾਲੀ ਦੀ ਮੰਗ ਕੀਤੀ ਹੈ।

ਜਲ੍ਹਿਆਂਵਾਲਾ ਬਾਗ ਦੀ ਤੰਗ ਗਲੀ ਦਾ ਪੁਰਾਤਨ ਮੁਹਾਂਦਰਾ ਅਤੇ ਉਸ 'ਚੋਂ ਉਭਰਦੇ ਖੌਫ਼ਨਾਕ ਮੰਜ਼ਰ ਦਾ ਪ੍ਰਭਾਵ ਮਿਟਾ ਕੇ ਵਿਸਾਖੀ ਦਾ ਮੇਲਾ ਵੇਖਣ ਜਾਂਦੇ ਹੱਸਦੇ-ਨੱਚਦੇ ਲੋਕਾਂ ਦੀਆਂ ਮੂਰਤੀਆਂ ਬਣਾ ਦਿੱਤੀਆਂ ਗਈਆਂ ਹਨ, ਜਿਸ ਤੋਂ ਅਜਿਹਾ ਨਹੀਂ ਲੱਗਦਾ ਕਿ ਇਹ ਲੋਕ ਇਥੇ ਬਰਤਾਨਵੀ ਸਾਮਰਾਜ ਦੇ ਕਾਨੂੰਨਾਂ ਖਿਲਾਫ ਰੋਸ ਪ੍ਰਗਟਾਉਣ ਲਈ ਲਾਈਆਂ ਗਈਆਂ ਰੋਕਾਂ ਦੇ ਬਾਵਜੂਦ ਆਏ ਸਨ। ਇਸੇ ਤਰ੍ਹਾਂ ਪ੍ਰਵੇਸ਼ ਗਲੀ ਰਾਹੀਂ ਦਾਖਲ ਹੋਣ ਤੋਂ ਪਹਿਲਾਂ ਹੀ ਖੱਬੇ ਹੱਥ ਦਾਖਲਾ ਫੀਸ ਹਾਸਲ ਕਰਨ ਲਈ ਆਧੁਨਿਕ ਮਸ਼ੀਨਾਂ ਲਾ ਦਿੱਤੀਆਂ ਗਈਆਂ ਹਨ, ਜਿੱਥੇ ਕਿਸੇ ਵੇਲੇ ਵੀ ਫੀਸ ਵਸੂਲੀ ਲਾਜ਼ਮੀ ਹੋ ਜਾਵੇਗੀ।

ਕਮੇਟੀ ਦੇ ਮੈਂਬਰਾਂ ਨੇ ਕਿਹਾ ਹੈ ਕਿ ਸੁੰਦਰੀਕਰਨ ਅਤੇ ਨਵੀਨੀਕਰਨ ਦੇ ਨਾਂ ਹੇਠ ਇਤਿਹਾਸਕ ਤੱਥਾਂ ਦੀ ਪ੍ਰਮਾਣਿਕਤਾ ਨਾਲ ਛੇੜਛਾੜ ਕੀਤੀ ਗਈ ਹੈ। ਬਾਗ 'ਚ ਦਾਖਲ ਹੁੰਦੇ ਹੀ ਜੋ ਫਾਇਰਿੰਗ ਸਥਾਨ ਦਾ ਉੱਚਾ ਥੜ੍ਹਾ ਸੀ, ਜਿੱਥੇ ਮਸ਼ੀਨ ਗੰਨ ਫਿੱਟ ਕੀਤੀ ਗਈ ਸੀ, ਉਹ ਮਿਟਾ ਕੇ ਫਰਸ਼ 'ਤੇ ਹੀ ਰਸਮੀ ਨਿਸ਼ਾਨੀ ਲਾ ਦਿੱਤੀ ਗਈ ਹੈ। ਸ਼ਹੀਦਾਂ ਦੀ ਯਾਦ 'ਚ ਅਮਰ ਜੋਤ ਵੀ ਪਹਿਲਾਂ ਵਾਲੇ ਢੁਕਵੇਂ ਸਥਾਨ ਤੋਂ ਪਿੱਛੇ ਹਟਾ ਦਿੱਤੀ ਹੈ। ਸ਼ਹੀਦੀ ਖੂਹ ਦੀ ਪੁਰਾਤਨ ਦਿੱਖ ਖਤਮ ਹੋ ਗਈ ਹੈ। ਦੋ ਕੰਧਾਂ 'ਤੇ ਭਾਵੇਂ ਗੋਲੀਆਂ ਦੇ ਨਿਸ਼ਾਨ ਸੰਭਾਲੇ ਗਏ ਹਨ ਪਰ ਉਨ੍ਹਾਂ ਦੀ ਪੁਰਾਤਨ ਦਿੱਖ ਬਦਲ ਦਿੱਤੀ ਗਈ ਹੈ।

ਉਨ੍ਹਾਂ ਕਿਹਾ ਕਿ ਲਾਈਟ ਐਂਡ ਸਾਊਂਡ ਅਤੇ ਹੋਰ ਵੱਖ-ਵੱਖ ਥਾਵਾਂ 'ਤੇ ਲਿਖੀਆਂ ਸਤਰਾਂ ਵਿਚ 'ਰਾਸ਼ਟਰਵਾਦ' ਤਾਂ ਵਾਰ-ਵਾਰ ਉਭਰਦਾ ਹੈ ਪਰ ਕਿਸੇ ਵੀ ਥਾਂ 'ਤੇ 'ਸਾਮਰਾਜਵਾਦ ਮੁਰਦਾਬਾਦ' ਲਿਖਿਆ ਨਹੀਂ ਮਿਲਦਾ।

ਸਿੱਖ ਜਥੇਬੰਦੀ ਪੰਥਕ ਤਾਲਮੇਲ ਸੰਗਠਨ ਨੇ ਦੋਸ਼ ਲਾਇਆ ਕਿ ਜਲ੍ਹਿਆਂਵਾਲਾ ਬਾਗ ਯਾਦਗਾਰ ਦੇ ਨਵੀਨੀਕਰਨ ਦੌਰਾਨ ਸ਼ਹੀਦਾਂ ਅਤੇ ਮਾਂ ਬੋਲੀ ਪੰਜਾਬੀ ਦੀ ਤੌਹੀਨ ਕੀਤੀ ਗਈ ਹੈ। ਉਨ੍ਹਾਂ ਇਸ ਵਿਚ ਸੋਧ ਦੀ ਮੰਗ ਕੀਤੀ ਹੈ। ਦੋਸ਼ ਹਨ ਕਿ ਇਥੇ ਸਥਾਪਤ ਸ਼ਹੀਦ ਊਧਮ ਸਿੰਘ ਦੇ ਬੁੱਤ ਦੀ ਬਣਤਰ ਪੰਜਾਬੀਆਂ ਵਾਲੀ ਨਹੀਂ ਹੈ ਅਤੇ ਉਸ ਦਾ ਪਹਿਰਾਵਾ ਵੀ ਪੰਜਾਬੀਆਂ ਵਾਂਗ ਨਹੀਂ ਹੈ।

## ਨਵੀਨੀਕਰਨ ਮੌਕੇ ਪੂਰਾ ਸਤਿਕਾਰ ਰੱਖਣ ਦਾ ਦਾਅਵਾ

**ਨਵੀਂ ਦਿੱਲੀ:** ਜਲ੍ਹਿਆਂਵਾਲਾ ਬਾਗ ਕੰਪਲੈਕਸ ਦੇ ਨਵੀਨੀਕਰਨ ਦੌਰਾਨ ਇਸ ਨੂੰ ਵਧੇਰੇ 'ਆਕਰਸ਼ਕ' ਬਣਾਉਣ ਦੇ ਲੱਗ ਰਹੇ ਦੋਸ਼ਾਂ ਦਰਮਿਆਨ ਸਭਿਆਚਾਰ ਮੰਤਰਾਲੇ ਨੇ ਕਿਹਾ ਕਿ ਯਾਦਗਾਰ ਦੇ ਨਵੀਨੀਕਰਨ ਮੌਕੇ ਪੂਰਾ ਸਤਿਕਾਰ ਕਾਇਮ ਰੱਖਿਆ ਗਿਆ ਹੈ। ਮੰਤਰਾਲੇ ਨੇ ਕਿਹਾ ਕਿ ਯਾਦਗਾਰ ਦੀ ਅਸਲ ਦਿੱਖ ਨੂੰ ਕਾਇਮ ਰੱਖਣ ਦੀ ਜ਼ਿੰਮੇਵਾਰੀ ਭਾਰਤੀ ਪੁਰਾਤੱਤਵ ਵਿਭਾਗ (ਏ.ਐਸ.ਆਈ.) ਦੀ ਹੈ, ਜੋ ਦੇਸ਼ ਵਿਚ ਵਿਸ਼ਵ ਪੱਧਰੀ ਵਿਰਾਸਤੀ ਥਾਵਾਂ ਦੀ ਸਾਂਭ ਸੰਭਾਲ ਨਾਲ ਜੁੜੀ ਏਜੰਸੀ ਹੈ। ਮੰਤਰਾਲੇ ਨੇ ਕਿਹਾ ਕਿ ਸਾਊਂਡ ਤੇ ਲਾਈਟ ਸ਼ੋਅ ਲਈ 'ਤਿੱਖੀ ਸੁਰ' ਵਾਲੇ ਸਾਊਂਡਟਰੈਕ ਦੀ ਚੋਣ ਕੀਤੀ ਗਈ ਹੈ, ਜੋ ਕਤਲੇਆਮ ਵਾਲੇ ਦਿਨ ਦੀ ਘਟਨਾ ਨੂੰ ਬਾਖ਼ੂਬੀ ਬਿਆਨ ਕਰਦਾ ਹੈ।

## ਵਿਰਾਸਤ ਨੂੰ ਸਾਜ਼ਿਸ਼ ਤਹਿਤ ਮਿਟਾ ਰਿਹਾ ਕੇਂਦਰ: ਆਪ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਸੀਨੀਅਰ ਆਗੂ ਅਤੇ ਵਿਧਾਇਕ ਕੁਲਤਾਰ ਸਿੰਘ ਸੰਧਵਾਂ ਨੇ ਜੰਗ-ਏ-ਆਜ਼ਾਦੀ ਦੀ ਵਿਰਾਸਤ 'ਜਲ੍ਹਿਆਂਵਾਲਾ ਬਾਗ' ਨੂੰ ਨਵੀਨੀਕਰਨ ਦੇ ਨਾਂ ਹੇਠ ਸਾਜ਼ਿਸ਼ ਤਹਿਤ ਮਿਟਾਉਣ ਦੀ ਨਿਖੇਧੀ ਕੀਤੀ। ਉਨ੍ਹਾਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੋਂ ਮੰਗ ਕੀਤੀ ਕਿ ਜਲ੍ਹਿਆਂਵਾਲੇ ਬਾਗ ਵਿਵਾਦ ਸਬੰਧੀ ਵਿਧਾਨ ਸਭਾ ਮੈਂਬਰਾਂ ਦੀ ਸਰਬ ਪਾਰਟੀ ਕਮੇਟੀ ਬਣਾਈ ਜਾਵੇ, ਜੋ ਇਕ ਮਹੀਨੇ 'ਚ ਜਾਂਚ ਮੁਕੰਮਲ ਕਰ ਕੇ ਵਿਧਾਨ ਸਭਾ 'ਚ ਰੱਖੇ। ਉਨ੍ਹਾਂ ਨੇ ਜਲ੍ਹਿਆਂਵਾਲਾ ਬਾਗ ਦਾ ਨਵੀਨੀਕਰਨ ਕਰਨ ਵਾਲੀ ਗੁਜਰਾਤ ਦੀ ਪ੍ਰਾਈਵੇਟ ਕੰਪਨੀ ਦੇ ਕੰਮਾਂ ਅਤੇ 20 ਕਰੋੜ ਦੇ ਖਰਚੇ ਦੀ ਉੱਚ ਪੱਧਰੀ ਜਾਂਚ ਕਰਵਾਉਣ ਦੀ ਮੰਗ ਕੀਤੀ।

# ਸਰਕਾਰ ਨੇ ਬਠਿੰਡਾ ਥਰਮਲ ਪਲਾਂਟ ਦਾ ਵਜੂਦ ਮਿਟਾਇਆ

**ਚੰਡੀਗੜ੍ਹ:** ਬਠਿੰਡਾ ਦੇ ਥਰਮਲ ਪਲਾਂਟ ਦੀਆਂ ਚਾਰੇ ਚਿਮਨੀਆਂ ਦਾ ਵਜੂਦ ਮਿਟਾ ਦਿੱਤਾ ਗਿਆ ਹੈ। ਗੁਰੂ ਨਾਨਕ ਦੇਵ ਜੀ ਦੇ 500ਵੇਂ ਪ੍ਰਕਾਸ਼ ਪੁਰਬ ਮੌਕੇ ਸ੍ਰੀ ਗੁਰੂ ਨਾਨਕ ਦੇਵ ਥਰਮਲ ਪਲਾਂਟ ਦੀ ਨੀਂਹ ਟਿਕੀ ਸੀ। ਪੰਜਾਬ ਵਜ਼ਾਰਤ ਨੇ 17 ਸਤੰਬਰ, 2020 ਨੂੰ ਇਸ ਥਰਮਲ ਦੀ ਜ਼ਮੀਨ 'ਤੇ 'ਬਲਕ ਡਰੱਗ ਪਾਰਕ' ਬਣਾਏ ਜਾਣ ਦਾ ਫੈਸਲਾ ਲਿਆ ਸੀ। ਕੇਂਦਰ ਸਰਕਾਰ ਨੇ ਹਾਲੇ 'ਡਰੱਗ ਪਾਰਕ' ਲਈ ਪੱਲਾ ਨਹੀਂ ਫੜਾਇਆ ਅਤੇ ਇਧਰ ਦੋ ਦਿਨਾਂ 'ਚ ਥਰਮਲ ਦੀਆਂ ਚਾਰ ਧੂੰਏਂ ਵਾਲੀਆਂ ਚਿਮਨੀਆਂ ਨੂੰ ਢਹਿ-ਢੇਰੀ ਵੀ ਕਰ ਦਿੱਤਾ ਗਿਆ ਹੈ।



ਬਠਿੰਡਾ ਥਰਮਲ ਦੇ 440 ਮੈਗਾਵਾਟ ਦੇ ਚਾਰ ਯੂਨਿਟ ਸਨ, ਜਿਨ੍ਹਾਂ ਵਿਚੋਂ ਸਭ ਤੋਂ ਪਹਿਲਾਂ ਯੂਨਿਟ 22 ਸਤੰਬਰ, 1974 ਨੂੰ ਚਾਲੂ ਹੋਇਆ ਸੀ। ਕੈਪਟਨ ਸਰਕਾਰ ਨੇ ਪਹਿਲੇ ਮਾਲੀ ਵਰ੍ਹੇ 'ਚ ਹੀ ਇਸ ਥਰਮਲ ਨੂੰ ਬੰਦ ਕਰਨ ਦਾ ਫੈਸਲਾ ਕੀਤਾ ਸੀ। ਬਠਿੰਡਾ ਵਾਸੀਆਂ ਕੋਲੋਂ ਇਕੱਲਾ ਸਨਅਤੀ ਪ੍ਰੋਜੈਕਟ ਨਹੀਂ, ਵਿਰਾਸਤ ਵੀ ਖੁੱਸ ਗਈ ਹੈ। ਮੌਜੂਦਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਚੋਣਾਂ ਵੇਲੇ ਵਾਅਦਾ ਕੀਤਾ ਸੀ ਕਿ ਕਾਂਗਰਸ ਸਰਕਾਰ ਬਣਨ 'ਤੇ ਬਠਿੰਡਾ ਥਰਮਲ ਦੀਆਂ ਚਿਮਨੀਆਂ ਵਿਚੋਂ ਧੂੰਆਂ ਜ਼ਰੂਰ ਕੱਢਿਆ ਜਾਵੇਗਾ। ਥਰਮਲ ਬੰਦ ਕਰਨ ਮਗਰੋਂ ਇਸ ਨੂੰ ਢਾਹੁਣ ਤੇ ਸਾਜੋ ਸਾਮਾਨ ਦੀ ਵਿਕਰੀ ਦਾ ਟੈਂਡਰ 164 ਕਰੋੜ ਵਿਚ ਪਾਸ ਕੀਤਾ ਗਿਆ। ਪੰਜ ਮਹੀਨਿਆਂ ਤੋਂ ਇਸ ਥਰਮਲ ਨੂੰ ਉਖਾੜਨ ਦਾ ਕੰਮ ਚੱਲ ਰਿਹਾ ਸੀ ਅਤੇ ਹੁਣ ਥਰਮਲ ਦੀਆਂ ਉੱਚੀਆਂ ਚਾਰ ਚਿਮਨੀਆਂ ਨੂੰ ਵੀ ਢੇਰੀ ਕਰ ਦਿੱਤਾ ਗਿਆ ਹੈ। ਸੋਸ਼ਲ ਮੀਡੀਆ 'ਤੇ ਇਨ੍ਹਾਂ ਚਿਮਨੀਆਂ ਨੂੰ ਢਾਹੁਣ ਸਬੰਧੀ ਵਿੱਤ ਮੰਤਰੀ ਨੂੰ ਸਿੱਧੇ ਤੌਰ ਉਤੇ ਨਿਸ਼ਾਨੇ 'ਤੇ ਲਿਆ ਜਾ ਰਿਹਾ ਹੈ। ਹਾਲਾਂਕਿ ਬਠਿੰਡਾ ਥਰਮਲ ਦਾ 737 ਕਰੋੜ ਰੁਪਏ ਖਰਚ ਕੇ ਨਵੀਨੀਕਰਨ ਕੀਤਾ ਗਿਆ ਸੀ ਅਤੇ ਮਸ਼ੀਨਰੀ ਵੀ ਨਵੀਂ ਪਾਈ ਸੀ।

ਸਰਕਾਰੀ ਯੋਜਨਾਬੰਦੀ ਸੀ ਕਿ ਥਰਮਲ ਦੀ ਜ਼ਮੀਨ 'ਤੇ 'ਡਰੱਗ ਪਾਰਕ' ਬਣਾਇਆ ਜਾਵੇਗਾ। ਕੇਂਦਰ ਸਰਕਾਰ ਤਰਫੋਂ 27 ਜੁਲਾਈ, 2020 ਨੂੰ 'ਬਲਕ ਡਰੱਗ ਪਾਰਕ' ਸਕੀਮ ਲਾਂਚ ਕੀਤੀ ਗਈ ਸੀ, ਜਿਸ ਤਹਿਤ ਤਿੰਨ ਸੂਬਿਆਂ ਨੂੰ 'ਡਰੱਗ ਪਾਰਕ' ਦਿੱਤੇ ਜਾਣੇ ਹਨ। ਉੱਤਰ ਪ੍ਰਦੇਸ਼ ਸਰਕਾਰ ਵੱਲੋਂ ਲਲਿਤਪੁਰ ਦੇ ਪਿੰਡ ਸੈਦਪੁਰ ਵਿਚ ਇਹ ਪਾਰਕ ਬਣਾਏ ਜਾਣ ਦੀ ਤਜਵੀਜ਼ ਭੇਜੀ ਹੋਈ ਹੈ। ਗੁਜਰਾਤ, ਆਂਧਰਾ ਪ੍ਰਦੇਸ਼ ਅਤੇ ਹਿਮਾਚਲ ਪ੍ਰਦੇਸ਼ ਸਮੇਤ ਦਰਜਨਾਂ ਸੂਬੇ ਕੇਂਦਰ ਸਰਕਾਰ ਤੋਂ ਇਹ 'ਡਰੱਗ ਪਾਰਕ' ਲੈਣ ਦੀ ਦੌੜ ਵਿਚ ਹਨ। ਪੰਜਾਬ ਸਰਕਾਰ ਵੱਲੋਂ ਜੋ ਤਜਵੀਜ਼ ਕੇਂਦਰ ਸਰਕਾਰ ਨੂੰ ਭੇਜੀ ਗਈ ਸੀ, ਉਸ ਅਨੁਸਾਰ ਥਰਮਲ ਦੀ ਜ਼ਮੀਨ 'ਡਰੱਗ ਪਾਰਕ' ਲਈ ਕੰਪਨੀਆਂ ਨੂੰ ਇਕ ਰੁਪਏ ਲੀਜ਼ 'ਤੇ ਦਿੱਤੀ ਜਾਣੀ ਹੈ। ਪਾਵਰਕੌਮ ਦੀ ਜ਼ਮੀਨ ਦਾ ਇੰਤਕਾਲ 16 ਸਤੰਬਰ ਨੂੰ ਪੁੱਡਾ ਦੇ ਨਾਮ ਹੋ ਚੁੱਕਾ ਹੈ। ਪਾਵਰਕੌਮ ਨੇ ਇਸ ਥਰਮਲ ਦੀ ਜਗ੍ਹਾ 'ਤੇ ਪਹਿਲਾਂ ਬਾਇਓਮਾਸ ਪਲਾਂਟ ਅਤੇ ਪਿੱਛੋਂ 100 ਮੈਗਾਵਾਟ ਸੋਲਰ ਪਲਾਂਟ ਲਾਏ ਜਾਣ ਦੀ ਤਜਵੀਜ਼ ਭੇਜੀ ਸੀ, ਜੋ ਪੰਜਾਬ ਸਰਕਾਰ ਨੇ ਰੱਦ ਕਰ ਦਿੱਤੀ ਸੀ।

ਵਿੱਤ ਮੰਤਰੀ ਮਨਪ੍ਰੀਤ ਬਾਦਲ ਥਰਮਲ ਦੀ ਜਗ੍ਹਾ ਉੱਤੇ 'ਡਰੱਗ ਪਾਰਕ' ਬਣਾਏ ਜਾਣ ਦੇ ਇੱਛੁਕ ਹਨ। ਡਰੱਗ ਪਾਰਕ ਲਈ ਇਕ ਰੁਪਏ ਲੀਜ਼ 'ਤੇ 33 ਸਾਲ ਲਈ ਇਹ ਜ਼ਮੀਨ ਦਿੱਤੀ ਜਾਣੀ ਹੈ ਤੇ ਇਸ ਲੀਜ਼ ਵਿਚ 99 ਸਾਲ ਤੱਕ ਦਾ ਵਾਧਾ ਹੋ ਸਕਦਾ ਹੈ। ਦੋ ਰੁਪਏ ਪ੍ਰਤੀ ਯੂਨਿਟ ਬਿਜਲੀ ਤੇ ਇਕ ਰੁਪਏ ਵਿਚ ਪ੍ਰਤੀ ਹਜ਼ਾਰ ਲਿਟਰ ਪਾਣੀ ਦੇਣ ਦਾ ਫੈਸਲਾ ਕੀਤਾ ਗਿਆ। ਪੰਜਾਬ ਸਰਕਾਰ ਅਨੁਸਾਰ 'ਡਰੱਗ ਪਾਰਕ' ਪ੍ਰੋਜੈਕਟ 1878 ਕਰੋੜ ਦਾ ਹੋਵੇਗਾ, ਜਿਸ ਵਿਚੋਂ 1000 ਕਰੋੜ ਕੇਂਦਰ ਦੇਵੇਗੀ ਤੇ ਬਾਕੀ 878 ਕਰੋੜ ਦੀ ਹਿੱਸੇਦਾਰੀ ਪੰਜਾਬ ਸਰਕਾਰ ਪਾਏਗੀ।

# ਹੁਣ ਕੋਲੇ ਦੇ ਸੰਕਟ ਨੇ ਘੇਰੇ ਪੰਜਾਬ ਦੇ ਤਾਪ ਬਿਜਲੀ ਘਰ

**ਚੰਡੀਗੜ੍ਹ:** ਪੰਜਾਬ 'ਚ ਹੁਣ ਤਾਪ ਬਿਜਲੀ ਘਰਾਂ ਨੂੰ ਕੋਲਾ ਸੰਕਟ ਨੇ ਘੇਰ ਲਿਆ ਹੈ, ਜਿਸ ਤਹਿਤ ਸੂਬੇ 'ਚ ਮੁੜ ਬਿਜਲੀ ਸੰਕਟ ਖੜ੍ਹਾ ਹੋ ਸਕਦਾ ਹੈ। ਪਾਵਰਕੌਮ ਨੇ ਇਸ ਸੰਕਟ ਪਿੱਛੇ ਝਾਰਖੰਡ ਵਿਚ ਬਰਸਾਤ ਹੋਣ ਕਰਕੇ ਖਾਣਾਂ 'ਚੋਂ ਕੋਲਾ ਨਾ ਨਿਕਲਣ ਨੂੰ ਕਾਰਨ ਦੱਸਿਆ ਹੈ।

ਪੰਜਾਬ ਦੇ ਤਾਪ ਬਿਜਲੀ ਘਰਾਂ 'ਚ ਕੋਲਾ ਭੰਡਾਰ ਘਟ ਗਏ ਹਨ। ਉਪਰੋਂ ਕੇਂਦਰ ਸਰਕਾਰ ਨੇ ਵੀ ਪੰਜਾਬ ਨੂੰ ਕੋਲਾ ਦੇਣ 'ਚ ਹੱਥ ਘੁੱਟ ਲਿਆ ਹੈ। ਇਧਰ, ਪਾਵਰਕੌਮ ਨੇ ਵੇਲੇ ਸਿਰ ਕੋਲੇ ਦਾ ਭੰਡਾਰਨ ਨਹੀਂ ਕੀਤਾ। ਜਦੋਂ ਹੁਣ ਆਉਣ ਵਾਲੇ ਦਿਨਾਂ 'ਚ ਪਾਵਰਕੌਮ ਕੋਲ ਮਹਿੰਗੀ ਬਿਜਲੀ ਵੇਚਣ ਦਾ ਮੌਕਾ ਸੀ ਤਾਂ ਠੀਕ ਉਦੋਂ ਹੀ ਕੋਲਾ ਸੰਕਟ ਖੜ੍ਹਾ ਹੋ ਗਿਆ ਹੈ। ਕੋਲੇ ਦੀ ਘਾਟ ਕਰਕੇ ਪਾਵਰਕੌਮ ਨੂੰ ਲਹਿਰਾ ਮੁਹੱਬਤ ਥਰਮਲ ਪਲਾਂਟ ਦੇ ਦੋ ਯੂਨਿਟ ਤੇ ਰੋਪੜ ਥਰਮਲ ਪਲਾਂਟ ਦਾ ਇਕ ਯੂਨਿਟ ਬੰਦ ਕਰਨਾ ਪਿਆ ਹੈ।

ਸੂਤਰ ਆਖਦੇ ਹਨ ਕਿ ਐਤਕੀਂ ਪਾਵਰਕੌਮ ਨੇ ਪਹਿਲੀ ਜੂਨ ਤੱਕ ਕੋਲਾ ਭੰਡਾਰਨ ਦਾ ਪੂਰਾ ਪ੍ਰਬੰਧ ਕਰਨ ਵਿਚ ਕੋਤਾਹੀ ਵਰਤੀ ਹੈ। ਇਕ ਨਜ਼ਰ ਮਾਰੀਏ ਤਾਂ ਪਹਿਲੀ ਜੂਨ, 2019 ਨੂੰ ਲਹਿਰਾ ਥਰਮਲ ਕੋਲ 32 ਤੇ ਰੋਪੜ ਕੋਲ 48 ਦਿਨਾਂ ਦਾ ਕੋਲਾ ਮੌਜੂਦ ਸੀ। ਇਸੇ ਤਰ੍ਹਾਂ 2020 ਦੀ ਪਹਿਲੀ ਜੂਨ ਨੂੰ ਲਹਿਰਾ ਕੋਲ 30 ਦਿਨ ਅਤੇ ਰੋਪੜ ਥਰਮਲ ਕੋਲ 29 ਦਿਨਾਂ ਦਾ ਕੋਲਾ ਭੰਡਾਰ ਸੀ। ਐਤਕੀਂ ਪਹਿਲੀ ਜੂਨ ਨੂੰ ਲਹਿਰਾ ਥਰਮਲ ਅਤੇ ਰੋਪੜ ਥਰਮਲ ਕੋਲ ਸਿਰਫ਼ 24-24 ਦਿਨਾਂ ਦਾ ਕੋਲਾ ਭੰਡਾਰ ਸੀ।

ਕੇਂਦਰ ਸਰਕਾਰ ਦਾ ਰਵੱਈਆ ਵੀ ਪੰਜਾਬ ਪ੍ਰਤੀ ਵਿਤਕਰੇ ਭਰਿਆ ਜਾਪਦਾ ਹੈ। ਇਕ ਨਜ਼ਰ ਮਾਰੀਏ ਤਾਂ 'ਕੋਲ ਇੰਡੀਆ' ਵੱਲੋਂ ਕੋਲਾ ਅਲਾਟਮੈਂਟ ਦਾ 60 ਫੀਸਦ ਤੋਂ ਘੱਟ ਕੋਲਾ ਪੰਜਾਬ ਨੂੰ ਸਪਲਾਈ ਕੀਤਾ ਗਿਆ ਹੈ। ਲਹਿਰਾ ਤੇ ਰੋਪੜ ਥਰਮਲ ਲਈ 41.25 ਲੱਖ ਮੀਟਰਿਕ ਟਨ ਕੋਲਾ ਅਲਾਟ ਹੋਇਆ ਹੈ ਤੇ ਇਸ ਲਿਹਾਜ਼ ਨਾਲ ਜੂਨ ਤੋਂ ਅਗਸਤ ਤੱਕ 10.40 ਮੀਟਰਿਕ ਟਨ ਕੋਲਾ ਸਪਲਾਈ ਕੀਤਾ ਜਾਣਾ ਬਣਦਾ ਸੀ, ਪਰ ਸਿਰਫ਼ ਛੇ ਲੱਖ ਟਨ ਕੋਲੇ ਦੀ ਸਪਲਾਈ ਦਿੱਤੀ ਗਈ ਹੈ। ਦੇਖਿਆ ਜਾਵੇ ਤਾਂ ਸਤੰਬਰ ਤੋਂ ਅਕਤੂਬਰ ਤੱਕ ਮੁਲਕ ਵਿਚ ਬਿਜਲੀ ਦੀ ਮੰਗ ਕਾਫ਼ੀ ਵਧ ਜਾਂਦੀ ਹੈ ਤੇ ਪੰਜਾਬ ਕੋਲ ਇਹ ਮੌਕਾ ਬਾਹਰਲੇ ਰਾਜਾਂ ਨੂੰ ਮਹਿੰਗੇ ਭਾਅ 'ਤੇ ਬਿਜਲੀ ਵੇਚਣ ਦਾ ਹੁੰਦਾ ਹੈ, ਪਰ ਮੌਜੂਦਾ ਸਰਕਾਰ ਨੇ ਇਹ ਮੌਕਾ ਖੁੰਝਾ ਦਿੱਤਾ ਹੈ। ਪੰਜਾਬ ਨੇ ਸਤੰਬਰ ਤੋਂ ਨਵੰਬਰ 2018 ਵਿਚ 825 ਕਰੋੜ ਦੀ ਬਿਜਲੀ ਬਾਹਰ ਵੇਚੀ ਸੀ। ਹੁਣ ਉਲਟਾ ਬਾਹਰੋਂ ਮਹਿੰਗੇ ਭਾਅ ਦੀ ਬਿਜਲੀ ਖਰੀਦਣੀ ਪੈ ਰਹੀ ਹੈ।

ਪਾਵਰਕੌਮ ਦਾ ਗੁਜਰਾਤ ਦੇ ਟਾਟਾ ਮੁੰਦਰਾ ਪਲਾਂਟ ਨਾਲ 25 ਸਾਲਾਂ ਦਾ ਬਿਜਲੀ ਸਮਝੌਤਾ ਹੈ, ਜਿਥੋਂ ਪਾਵਰਕੌਮ ਨੂੰ 475 ਮੈਗਾਵਾਟ ਬਿਜਲੀ ਮਿਲਦੀ ਹੈ। ਹੁਣ ਟਾਟਾ ਮੁੰਦਰਾ ਪ੍ਰੋਜੈਕਟ ਬਿਜਲੀ ਸਮਝੌਤੇ ਦੇ ਉਲਟ ਜਾ ਕੇ ਸਿਰਫ 90 ਤੋਂ 100 ਮੈਗਾਵਾਟ ਬਿਜਲੀ ਹੀ ਪਾਵਰਕੌਮ ਨੂੰ ਦੇ ਰਿਹਾ ਹੈ।

ਜਾਣਕਾਰੀ ਅਨੁਸਾਰ ਟਾਟਾ ਮੁੰਦਰਾ ਪਲਾਂਟ ਨੇ ਇੰਡੋਨੇਸ਼ੀਆ ਤੋਂ ਮਹਿੰਗਾ ਕੋਲਾ ਮਿਲਣ ਦਾ ਹਵਾਲਾ ਦੇ ਕੇ ਬਿਜਲੀ ਖਰੀਦ ਸਮਝੌਤੇ ਵਿਚ ਮੁੱਲ ਵਧਾਏ ਜਾਣ ਦੀ ਗੱਲ ਰੱਖੀ ਸੀ, ਜੋ ਸੁਪਰੀਮ ਕੋਰਟ ਵਿਚ ਰੱਦ ਹੋ ਗਈ ਸੀ। ਇਸ ਦੇ ਬਾਵਜੂਦ ਪੰਜਾਬ ਸਰਕਾਰ ਨੇ ਇਸ ਮਾਮਲੇ 'ਤੇ ਚੁੱਪ ਵੱਟੀ ਹੋਈ ਹੈ। ਸੂਤਰ ਦੱਸਦੇ ਹਨ ਕਿ ਕੇਂਦਰ ਸਰਕਾਰ ਹੁਣ ਇਹ ਵਿਚਾਰ ਕਰ ਰਹੀ ਹੈ ਕਿ ਟਾਟਾ ਤੇ ਅਡਾਨੀ ਦੇ ਥਰਮਲ ਹੁਣ ਕੌਮੀ ਗਰਿੱਡ ਵਿਚ ਮਹਿੰਗੇ ਭਾਅ 'ਤੇ ਬਿਜਲੀ ਵੇਚਣ, ਜਦਕਿ ਇਹ ਪਲਾਂਟ ਬਿਜਲੀ ਖਰੀਦ ਸਮਝੌਤੇ ਤਹਿਤ ਪੰਜਾਬ ਸਮੇਤ ਦੂਸਰੇ ਰਾਜਾਂ ਨੂੰ ਪੂਰੀ ਬਿਜਲੀ ਸਪਲਾਈ ਨਹੀਂ ਦੇ ਰਹੇ। ਸੂਤਰ ਆਖਦੇ ਹਨ ਕਿ ਕੇਂਦਰ ਸਰਕਾਰ ਹੁਣ ਪ੍ਰਾਈਵੇਟ ਕੰਪਨੀਆਂ ਨੂੰ ਫਾਇਦਾ ਦੇਣ ਲਈ ਪੰਜਾਬ ਨੂੰ ਕੋਲੇ ਦੀ ਘੱਟ ਸਪਲਾਈ ਦੇ ਰਹੀ ਹੈ, ਜਦਕਿ ਪਾਵਰਕੌਮ ਮਾਨਸੂਨ ਦਾ ਬਹਾਨਾ ਲਾ ਰਿਹਾ ਹੈ, ਪਰ ਮਾਨਸੂਨ ਤਾਂ ਹਰ ਵਰ੍ਹੇ ਹੀ ਆਉਂਦਾ ਹੈ। ਪਤਾ ਲੱਗਾ ਹੈ ਕਿ ਬਿਜਲੀ ਮੰਤਰਾਲੇ ਨੇ ਕੋਰ ਮੈਨੇਜਮੈਂਟ ਟੀਮ ਬਣਾ ਦਿੱਤੀ ਹੈ, ਜੋ ਰੋਜ਼ਾਨਾ ਦੇ ਆਧਾਰ 'ਤੇ ਕੋਲਾ ਭੰਡਾਰ ਮੁਕਾ ਚੁੱਕੇ ਤਾਪ ਬਿਜਲੀ ਘਰਾਂ ਨੂੰ ਕੋਲੇ ਦੀ ਸਪਲਾਈ ਦੀ ਪ੍ਰਵਾਨਗੀ ਦੇਵੇਗੀ।

## ਸਮਝੌਤੇ ਰੱਦ ਕਰਨ ਤੋਂ ਭੱਜੀ ਕਾਂਗਰਸ: ਅਮਨ ਅਰੋੜਾ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਸੀਨੀਅਰ ਆਗੂ ਅਤੇ ਵਿਧਾਇਕ ਅਮਨ ਅਰੋੜਾ ਨੇ ਕਿਹਾ ਕਿ ਸੱਤਾਧਾਰੀ ਕਾਂਗਰਸ ਨਿੱਜੀ ਬਿਜਲੀ ਕੰਪਨੀਆਂ ਨਾਲ ਹੋਏ ਖਰੀਦ ਸਮਝੌਤਿਆਂ ਨੂੰ ਰੱਦ ਕਰਨ ਤੋਂ ਭੱਜ ਚੁੱਕੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਇਸ ਟਿੱਪਣੀ, "ਸਾਰੇ 122 ਬਿਜਲੀ ਸਮਝੌਤੇ ਰੱਦ ਨਹੀਂ ਕੀਤੇ ਜਾ ਸਕਦੇ, ਇਸ ਨਾਲ ਸੂਬੇ 'ਚ ਬਿਜਲੀ ਸੰਕਟ ਪੈਦਾ ਹੋ ਜਾਵੇਗਾ" ਨੇ ਸਾਫ ਕਰ ਦਿੱਤਾ ਹੈ ਕਿ ਸੱਤਾਧਾਰੀ ਕਾਂਗਰਸੀ ਵੀ ਬਾਦਲਾਂ ਵਾਂਗ ਨਿੱਜੀ ਬਿਜਲੀ ਕੰਪਨੀਆਂ ਦਾ ਸਾਥ ਛੱਡਣਾ ਨਹੀਂ ਚਾਹੁੰਦੀ। ਇਸੇ ਕਰਕੇ ਬਿਜਲੀ ਸਮਝੌਤਿਆਂ ਬਾਰੇ ਕੁਝ ਦਿਨ ਪਹਿਲਾਂ ਜੋ ਸੁਖਬੀਰ ਸਿੰਘ ਬਾਦਲ ਕਹਿ ਰਹੇ ਸਨ, ਹੁਣ ਮੁੱਖ ਮੰਤਰੀ ਨੇ ਇੰਨ-ਬਿੰਨ ਦੁਹਰਾ ਦਿੱਤਾ। ਸ੍ਰੀ ਅਰੋੜਾ ਨੇ ਦੋਸ਼ ਲਾਇਆ ਕਿ ਕਾਂਗਰਸੀ ਬਿਜਲੀ ਖਰੀਦ ਸਮਝੌਤਿਆਂ ਬਾਰੇ ਬਹਿਸ ਤੋਂ ਵੀ ਭੱਜ ਰਹੇ ਹਨ।

# ਮਘੇ ਹੋਏ ਕਿਸਾਨ ਘੋਲ ਵਿਚ ਚੋਣਾਂ ਦਾ ਮਸਲਾ

ਪੰਜਾਬ ਅੰਦਰ ਚੋਣਾਂ ਦਾ ਮਾਹੌਲ ਭਖਣਾ ਸ਼ੁਰੂ ਹੋ ਚੁੱਕਿਆ ਹੈ। ਐਤਕੀਂ ਵਾਲੀਆਂ ਚੋਣਾਂ ਦੀ ਵਿਸ਼ੇਸ਼ਤਾ ਇਹ ਹੈ ਕਿ ਸਿਆਸੀ ਪਾਰਟੀਆਂ ਦੀਆਂ ਚੋਣ ਮੁਹਿੰਮਾਂ ਭਖੇ ਹੋਏ ਕਿਸਾਨ ਸੰਘਰਸ਼ ਦੇ ਦਰਮਿਆਨ ਹੋ ਰਹੀਆਂ ਹਨ। ਇਸੇ ਦੌਰਾਨ ਸੂਬੇ 'ਚੋਂ ਉਭਰੇ ਇਸ ਕਿਸਾਨ ਸੰਘਰਸ਼ ਨੇ ਸੂਬੇ ਦੇ ਲੋਕਾਂ ਦੀ ਚੇਤਨਾ ਨੂੰ ਡੂੰਘੀ ਤਰ੍ਹਾਂ ਅਸਰਅੰਦਾਜ਼ ਕੀਤਾ ਹੈ। ਇਸ ਨੇ ਲੋਕ ਮਨਾਂ ਅੰਦਰ ਤਿੱਖੇ ਸਵਾਲ ਛੇੜੇ ਹਨ ਅਤੇ ਕਈ ਪੱਖਾਂ ਤੋਂ ਵਿਆਪਕ ਚੇਤਨਾ ਪਸਾਰੇ ਦਾ ਕੰਮ ਕੀਤਾ ਹੈ। ਇਸ ਨੇ ਸੂਬੇ ਦੀ ਸਿਆਸਤ ਨੂੰ ਵੀ ਡੂੰਘੀ ਤਰ੍ਹਾਂ ਅਸਰਅੰਦਾਜ਼ ਕੀਤਾ ਹੈ ਜਿਸ ਦੇ ਅਸਰ ਬਹੁ-ਪਰਤੀ ਤੇ ਬਹੁ-ਪਸਾਰੀ ਹਨ।



ਸੰਘਰਸ਼ ਦੀਆਂ ਹੋਰ ਕਈ ਪ੍ਰਾਪਤੀਆਂ ਦੇ ਨਾਲ ਨਾਲ ਪੰਜਾਬ ਚੋਣਾਂ ਦੇ ਮੌਜੂਦਾ ਪ੍ਰਸੰਗ ਅੰਦਰ ਸੰਘਰਸ਼ ਦੀ ਸਭ ਤੋਂ ਵੱਡੀ ਪ੍ਰਾਪਤੀ ਇਹ ਵੀ ਹੈ ਕਿ ਇਹ ਸੰਘਰਸ਼

**ਪਾਵੇਲ ਕੁੱਸਾ**

ਹਾਕਮ ਜਮਾਤੀ ਸਿਆਸੀ ਪਾਰਟੀਆਂ ਵੱਲੋਂ ਹੁਣ ਤਕ ਲੋਕ ਮਨਾਂ ਅੰਦਰ ਖੜ੍ਹੇ ਕੀਤੇ ਗਏ ਵਿਕਾਸ ਦੇ ਬਿਰਤਾਂਤ 'ਤੇ ਸੱਟ ਮਾਰਨ ਲਈ ਆਧਾਰ ਸਿਰਜ ਦਿੱਤਾ ਹੈ। ਅਜਿਹੀ ਸੱਟ ਪੈਣ ਦਾ ਆਧਾਰ ਤਾਂ ਭਾਵੇਂ ਬੀਤੇ ਦਹਾਕਿਆਂ 'ਚ ਇਸ ਵਿਕਾਸ ਮਾਡਲ ਦੇ ਲਾਗੂ ਹੋਣ ਦੇ ਸਿੱਟਿਆਂ ਨੇ ਹੀ ਸਿਰਜਣਾ ਸ਼ੁਰੂ ਦਿੱਤਾ ਸੀ ਕਿਉਂਕਿ ਲੋਕਾਂ ਨੇ ਆਪਣੇ ਹੱਡਾਂ 'ਤੇ ਵਿਕਾਸ ਦੀ ਥਾਂ ਦੁੱਖਾਂ ਮੁਸੀਬਤਾਂ ਦੇ ਪਹਾੜ ਹੰਢਾਅ ਲਏ ਹਨ, ਤਾਂ ਵੀ ਹਾਕਮ ਜਮਾਤੀ ਵੋਟ ਪਾਰਟੀਆਂ ਤੇ ਸਿਆਸਤਦਾਨਾਂ ਵੱਲੋਂ ਵਿਕਾਸ ਦੇ ਤਸੱਵੁਰ ਨੂੰ ਅਜੇ ਸਮੁੱਚੇ ਤੌਰ 'ਤੇ ਲੋਕ ਚੇਤਨਾ ਅੰਦਰ ਚੁਣੌਤੀ ਨਹੀਂ ਸੀ ਮਿਲੀ। ਕਿਸਾਨ ਸੰਘਰਸ਼ ਦੀ ਇਹ ਵੱਡੀ ਪ੍ਰਾਪਤੀ ਹੈ ਕਿ ਇਸ ਨੇ ਲੋਕ ਚੇਤਨਾ ਅੰਦਰ ਮੌਜੂਦਾ ਵਿਕਾਸ ਮਾਡਲ ਦੇ ਨਾਅਰਿਆਂ ਦੀ ਸਿਆਸੀ ਅਸਰਕਾਰੀ ਨੂੰ ਕਾਫੀ ਹੱਦ ਤੱਕ ਕਮਜ਼ੋਰ ਕਰ ਦਿੱਤਾ ਹੈ ਤੇ ਤੇ ਮੌਜੂਦਾ ਵਿਕਾਸ ਮਾਡਲ ਨੂੰ ਸਮੁੱਚੇ ਤੌਰ 'ਤੇ ਚੁਣੌਤੀ ਦੇਣ ਦਾ ਆਧਾਰ ਬਣਨ ਵਾਲੇ ਨਵੇਂ ਅੰਸ਼ ਲੋਕ ਚੇਤਨਾ ਅੰਦਰ ਦਾਖਲ ਕਰ ਦਿੱਤੇ ਹਨ।

ਹੁਣ ਤੱਕ ਸੂਬੇ ਅੰਦਰ ਸਭ ਹਾਕਮ ਜਮਾਤੀ ਸਿਆਸੀ ਪਾਰਟੀਆਂ ਵੱਲੋਂ ਜਿਸ ਵਿਕਾਸ ਮਾਡਲ ਨੂੰ ਪ੍ਰਚਾਰਿਆ ਤੇ ਲਾਗੂ ਕੀਤਾ ਗਿਆ ਹੈ, ਇਹ ਮਾਡਲ ਤੱਤ ਰੂਪ ਵਿਚ ਵੱਡੀ ਤੇ ਵਿਦੇਸ਼ੀ ਪੂੰਜੀ ਨਿਵੇਸ਼ ਵਾਲੇ ਮੈਗਾ ਪ੍ਰੋਜੈਕਟਾਂ ਦਾ ਹੈ। ਸਾਮਰਾਜੀ ਬਹੁਕੌਮੀ ਕੰਪਨੀਆਂ ਤੇ ਦੇਸੀ ਕਾਰਪੋਰੇਟਾਂ ਦੇ ਕਾਰੋਬਾਰਾਂ ਲਈ ਸੂਬੇ ਦੇ ਸੋਮੇ/ਸਾਧਨ ਜੁਟਾਉਣ ਦਾ ਹੈ। ਨਵੇਂ ਖੇਤੀ ਕਨੂੰਨ ਵੀ ਫਸਲਾਂ ਦੇ ਮੰਡੀਕਰਨ ਦੇ ਖੇਤਰ 'ਚ ਇਸ ਪੂੰਜੀ ਦੇ ਕਾਰੋਬਾਰਾਂ ਦਾ ਰਾਹ ਖੋਲ੍ਹਦੇ ਹਨ। ਵਿਕਾਸ ਦੇ ਇਸ ਮਾਡਲ ਤਹਿਤ ਕਿਸਾਨਾਂ ਦੀਆਂ ਉਪਜਾਊ ਜ਼ਮੀਨਾਂ ਕੌਡੀਆਂ ਦੇ ਭਾਅ ਕਾਰਪੋਰੇਟ ਘਰਾਣਿਆਂ ਨੂੰ ਸੌਂਪਣ ਦੀ ਨੀਤੀ ਲਾਗੂ ਹੁੰਦੀ ਆਈ ਹੈ। ਇਹ ਮਾਡਲ ਹਕੂਮਤਾਂ ਵੱਲੋਂ ਸਰਕਾਰੀ ਖਜ਼ਾਨਿਆਂ ਵਿਚੋਂ ਉਸਾਰੇ ਆਧਾਰ ਢਾਂਚਿਆਂ ਦਾ ਲਾਹਾ ਲੈ ਕੇ ਪ੍ਰਾਈਵੇਟ ਕਾਰੋਬਾਰਾਂ ਰਾਹੀਂ ਮਲਾਈ ਛਕਣ-ਛਕਾਉਣ ਦਾ ਮਾਡਲ ਹੋ ਨਿੱਬੜਿਆ ਹੈ। ਇਸ ਵਿਕਾਸ ਦੇ ਰੰਗ ਪੰਜਾਬ ਅੰਦਰ ਲੱਗੇ ਪ੍ਰਾਈਵੇਟ ਥਰਮਲਾਂ ਤੋਂ ਲੈ ਕੇ ਖੁੰਭਾਂ ਵਾਂਗ ਉਗ ਰਹੀਆਂ ਪ੍ਰਾਈਵੇਟ ਯੂਨੀਵਰਸਿਟੀਆਂ ਤੱਕ ਉਘੜਦੇ ਦੇਖੇ ਜਾ ਸਕਦੇ ਹਨ। ਡੁੱਬ ਰਹੀਆਂ ਸਰਕਾਰੀ ਯੂਨੀਵਰਸਿਟੀਆਂ ਤੋਂ ਲੈ ਕੇ ਸਰਕਾਰੀ ਸਕੂਲਾਂ ਤੇ ਸਰਕਾਰੀ ਸਿਹਤ ਢਾਂਚੇ ਦੀ ਤਬਾਹੀ ਦੇ ਖੰਡਰਾਂ 'ਚੋਂ ਲੱਭੇ ਜਾ ਸਕਦੇ ਹਨ। ਲੁਧਿਆਣਾ, ਖੰਨਾ ਤੇ ਗੋਬਿੰਦਗੜ੍ਹ ਵਰਗੇ ਖੇਤਰਾਂ ਦੇ ਦੇਸੀ ਉਦਯੋਗਾਂ ਦੀ ਤਬਾਹੀ ਨਾਲ ਵਿਹਲੇ ਹੋ ਰਹੇ ਲੱਖਾਂ ਕਿਰਤੀ ਕਾਮਿਆਂ ਦੇ ਘਰਾਂ ਦੀਆਂ ਉਦਾਸੀਆਂ 'ਚੋਂ ਦੇਖੇ ਜਾ ਸਕਦੇ ਹਨ। ਇਸ ਵਿਕਾਸ ਦੇ ਫੁੱਲ ਵੱਡੇ ਕਾਰੋਬਾਰੀਆਂ ਨੂੰ ਕੌਡੀਆਂ ਦੇ ਭਾਅ ਦਿੱਤੀਆਂ ਜ਼ਮੀਨਾਂ 'ਚ ਕੱਟੀਆਂ ਰਿਹਾਇਸ਼ੀ ਕਲੋਨੀਆਂ ਅੰਦਰ ਖਿੜੇ ਹਨ। ਪੰਜਾਬ ਅੰਦਰ ਸੰਘਰਸ਼ ਦੇ ਮੈਦਾਨਾਂ 'ਚ ਜੂਝ ਰਹੇ ਦਲਿਤਾਂ, ਖੇਤ ਮਜ਼ਦੂਰਾਂ, ਬੇਜ਼ਮੀਨੇ ਕਿਸਾਨਾਂ, ਕਿਰਤੀਆਂ, ਠੇਕਾ ਕਾਮਿਆਂ ਤੇ ਮੁਲਾਜ਼ਮਾਂ ਸਮੇਤ ਹਰ ਵੰਨਗੀ ਦੇ ਮਿਹਨਤਕਸ਼ ਤਬਕੇ ਦੀਆ ਦੇ ਮੰਗ ਪੱਤਰਾਂ 'ਚੋਂ ਇਸ ਵਿਕਾਸ ਦੇ ਗੂੜ੍ਹੇ ਰੰਗਾਂ ਦੀ ਪਰਖ ਕੀਤੀ ਜਾ ਸਕਦੀ ਹੈ। ਕਿਸਾਨ ਮਜ਼ਦੂਰ ਖੁਦਕੁਸ਼ੀਆਂ ਦੇ ਚੜ੍ਹਦੇ ਗਰਾਫ ਤੋਂ ਲੈ ਕੇ ਸੂਬੇ ਦੀ ਪ੍ਰਦੂਸ਼ਤ ਆਬੋ-ਹਵਾ ਇਸੇ ਵਿਕਾਸ ਦੀ ਕਹਾਣੀ ਦੱਸ ਰਹੇ ਹਨ।



ਸਾਰੀਆਂ ਸਿਆਸੀ ਪਾਰਟੀਆਂ ਤੇ ਸਿਆਸਤਦਾਨ ਵੱਡੀ ਪੂੰਜੀ ਵਾਲੇ ਮੈਗਾ ਪ੍ਰੋਜੈਕਟਾਂ ਨਾਲ ਹੋਣ ਵਾਲੇ ਵਿਕਾਸ ਦੇ ਮੁਰੀਦ ਬਣੇ ਆ ਰਹੇ ਹਨ। ਪਿਛਲੇ ਦਹਾਕਿਆਂ ਅੰਦਰ ਦੇਸੀ ਕਾਰਪੋਰੇਟਾਂ ਅਤੇ ਬਹੁਕੌਮੀ ਵਿਦੇਸ਼ੀ ਕੰਪਨੀਆਂ ਨੂੰ ਸੂਬੇ ਅੰਦਰ ਸੱਦ ਕੇ ਨਿਵੇਸ਼ ਸੰਮੇਲਨ ਕੀਤੇ ਜਾਂਦੇ ਰਹੇ ਹਨ, ਕਾਰੋਬਾਰਾਂ ਲਈ ਹਰ ਤਰ੍ਹਾਂ ਦੀਆਂ ਲੁਭਾਉਣੀਆਂ ਛੋਟਾਂ/ਰਿਆਇਤਾਂ ਪਰੋਸੀਆਂ ਜਾਂਦੀਆਂ ਰਹੀਆਂ ਹਨ। ਬਦਲ ਬਦਲ ਕੇ ਆਈਆਂ ਸਰਕਾਰਾਂ ਨੇ ਇਕ ਦੂਜੇ ਤੋਂ ਵਧ ਕੇ ਇਨ੍ਹਾਂ ਕੰਪਨੀਆਂ ਨੂੰ ਸੱਦਣ ਦੇ ਦਾਅਵੇ ਕੀਤੇ ਹਨ।

ਕਿਸਾਨ ਸੰਘਰਸ਼ ਨੇ ਪਾਰਟੀਆਂ ਵੱਲੋਂ ਕਾਰਪੋਰੇਟ ਘਰਾਣਿਆਂ ਨੂੰ ਸੱਦ ਕੇ ਕੀਤੇ ਜਾਣ ਵਾਲੇ ਵਿਕਾਸ ਦੇ ਦਾਅਵਿਆਂ ਨੂੰ ਸੰਕਲਪ ਦੇ ਤੌਰ 'ਤੇ ਹੀ ਚੁਣੌਤੀ ਦਿੱਤੀ ਹੈ। ਹੁਣ ਸਿਆਸੀ ਪਾਰਟੀਆਂ ਨੂੰ ਵਿਕਾਸ ਦੇ ਸਿਆਸੀ ਨਾਅਰੇ ਦਾ ਬਦਲ ਲੱਭਣ ਦੀ ਮਜਬੂਰੀ ਹੈ ਕਿਉਂਕਿ ਸਾਰੀਆਂ ਸਿਆਸੀ ਪਾਰਟੀਆਂ ਹੀ ਸਾਮਰਾਜੀ ਸੰਸਾਰੀਕਰਨ ਦੀਆਂ ਨੀਤੀਆਂ ਲਾਗੂ ਕਰਨ ਲਈ ਵਚਨਬੱਧਤਾ ਦਿਖਾ ਰਹੀਆਂ ਹਨ। ਖੇਤੀ ਕਾਨੂੰਨਾਂ ਖਿਲਾਫ ਸੰਘਰਸ਼ ਦੌਰਾਨ ਕਾਰਪੋਰੇਟਾਂ ਦੇ ਲੋਕ ਰੋਹ ਦੇ ਨਿਸ਼ਾਨੇ 'ਤੇ ਆ ਜਾਣ ਨੇ ਆਮ ਲੋਕ ਮਾਨਸਿਕਤਾ ਅੰਦਰ ਉਨ੍ਹਾਂ ਨੂੰ ਪੰਜਾਬ ਲਈ ਵਿਕਾਸ ਦੇ ਸਾਧਨਾਂ ਵਜੋਂ ਦੇਖਣ ਦੀ ਥਾਂ ਲੋਕਾਂ ਦੀ ਲੁੱਟ ਕਰਨ ਵਾਲੇ ਕਾਰੋਬਾਰੀਆਂ ਵਜੋਂ ਦੇਖਿਆ ਜਾਣ ਲੱਗਿਆ ਹੈ। ਕਾਰਪੋਰੇਟ ਕਾਰੋਬਾਰਾਂ ਦੇ ਬਾਈਕਾਟ ਦੇ ਸੱਦਿਆਂ ਨੂੰ ਲੋਕਾਂ ਨੇ ਜ਼ੋਰਦਾਰ ਹੁੰਗਾਰਾ ਭਰਿਆ ਹੈ। ਇਨ੍ਹਾਂ ਹਾਲਾਤ ਦਰਮਿਆਨ ਕੋਈ ਵੀ ਪਾਰਟੀ ਜਾਂ ਸਿਆਸਤਦਾਨ ਹੁਣ ਬਾਂਹ ਖੜ੍ਹੀ ਕਰ ਕੇ ਇਹ ਕਹਿਣ ਦੀ ਹਾਲਤ 'ਚ ਨਹੀਂ ਰਿਹਾ ਕਿ ਉਹ ਕਾਰਪੋਰੇਟ ਘਰਾਣਿਆਂ ਨੂੰ ਪੰਜਾਬ ਸੱਦਣ ਰਾਹੀਂ ਵਿਕਾਸ ਕਰੇਗਾ। ਇਸ ਦਰਮਿਆਨ ਇਕ ਕਾਰਪੋਰੇਟ ਵੱਲੋਂ ਲੁਧਿਆਣੇ ਜ਼ਿਲ੍ਹੇ ਵਿਚਲੀ ਖੁਸ਼ਕ ਬੰਦਰਗਾਹ ਨੂੰ ਬੰਦ ਕਰਨ ਦੀਆਂ ਖਬਰਾਂ ਨੂੰ ਇਸ ਮਾਡਲ ਦੇ ਧਾਰਨੀਆਂ ਨੇ ਸੂਬੇ 'ਚੋਂ ਪੂੰਜੀ ਨਿਵੇਸ਼ ਨਿਕਲ ਜਾਣ ਦੇ ਖਦਸ਼ੇ ਉਭਾਰਨ ਦਾ ਮੌਕਾ ਸਮਝਿਆ। ਇਉਂ ਇਕ ਪਾਸੇ ਲੋਕਾਂ ਵੱਲੋਂ ਕਾਰਪੋਰੇਟ ਘਰਾਣਿਆਂ ਖਿਲਾਫ ਵਿੱਢੀ ਲੜਾਈ ਤੇ ਦੂਜੇ ਪਾਸੇ ਸਭਨਾਂ ਪਾਰਟੀਆਂ ਦੇ ਸਿਆਸਤਦਾਨਾਂ ਵੱਲੋਂ ਸਮੁੱਚੀ ਆਰਥਿਕਤਾ ਚਿਚ ਉਨ੍ਹਾਂ ਤੇ ਰੱਖੀ ਜਾਂਦੀ ਟੇਕ ਆਉਣ ਵਾਲੇ ਸਮੇਂ ਆਪਸ ਵਿਚ ਐਨ ਟਕਰਾਵੇਂ ਤੌਰ ਤੇ ਉਭਰ ਕੇ ਸਾਹਮਣੇ ਆਉਣਗੇ। ਬੌਧਿਕ ਹਲਕਿਆਂ ਅੰਦਰ ਹੋਣ ਵਾਲੀ ਇਸ ਬਹਿਸ ਦੇ ਆਮ ਲੋਕਾਂ ਤਕ ਫੈਲਣ ਲਈ ਆਧਾਰ ਹੋਰ ਚੁੜੇਰਾ ਹੋ ਰਿਹਾ ਹੈ ਕਿ ਕੀ ਵੱਡੀਆਂ ਕੰਪਨੀਆਂ ਸੱਚਮੁੱਚ ਸੂਬੇ ਦੇ ਵਿਕਾਸ ਲਈ ਪੂੰਜੀ ਨਿਵੇਸ਼ ਕਰਦੀਆਂ ਹਨ। ਇਸ ਲਈ ਕਾਰਪੋਰੇਟ ਘਰਾਣਿਆਂ ਦੇ ਪੂੰਜੀ ਨਿਵੇਸ਼ ਵਾਲੇ ਵਿਕਾਸ ਮਾਡਲ ਦੇ ਨਾਅਰਿਆਂ ਦੀ ਕਮਜ਼ੋਰ ਹੋਈ ਅਸਰਕਾਰੀ ਦਰਮਿਆਨ ਇਸ ਮਾਡਲ ਦੇ ਸਮੁੱਚੇ ਲੋਕ ਵਿਰੋਧੀ ਕਿਰਦਾਰ ਨੂੰ ਲੋਕਾਂ ਅੰਦਰ ਚਰਚਾ ਵਿਚ ਲਿਆਉਣ ਦੀ ਜ਼ਰੂਰਤ ਹੈ।

ਹੁਣ ਤਕ ਪੰਜਾਬ ਨੂੰ ਡੂੰਘੇ ਸੰਕਟਾਂ ਵਿਚ ਧੱਕਣ ਵਾਲੇ ਵਿਕਾਸ ਮਾਡਲ ਨੂੰ ਲੋਕਾਂ ਵਿਚ ਮਿਲ ਰਹੀ ਚੁਣੌਤੀ ਇਸ ਜ਼ਰੂਰਤ ਨੂੰ ਵੀ ਜ਼ੋਰ ਨਾਲ ਹੀ ਉਭਾਰ ਰਹੀ ਹੈ ਕਿ ਕਾਰਪੋਰੇਟ ਤੇ ਜਗੀਰੂ ਧਨਾਢਾਂ ਦੇ ਹਿੱਤਾਂ ਨੂੰ ਪ੍ਰਨਾਏ ਹੋਏ ਇਸ ਵਿਕਾਸ ਮਾਡਲ ਦੀ ਥਾਂ ਲੋਕਾਂ ਅੰਦਰ ਬਦਲਵੇਂ ਵਿਕਾਸ ਮਾਡਲ ਦਾ ਸੰਕਲਪ ਉਸਾਰਿਆ ਜਾਵੇ। ਅਜਿਹੇ ਮਾਹੌਲ ਦਰਮਿਆਨ ਇਸ ਮਾਡਲ ਨੂੰ ਰੱਦ ਕਰਨ ਵਾਲੀਆਂ ਲੋਕ-ਪੱਖੀ ਸ਼ਕਤੀਆਂ ਨੂੰ ਬਦਲਵੇਂ ਹਕੀਕੀ ਲੋਕ ਮੁਖੀ ਵਿਕਾਸ ਮਾਡਲ ਨੂੰ ਉਭਾਰਨਾ ਚਾਹੀਦਾ ਹੈ ਜਿਹੜਾ ਬਹੁਕੌਮੀ ਵਿਦੇਸ਼ੀ ਕੰਪਨੀਆਂ ਤੇ ਦੇਸੀ ਵੱਡੇ ਸਰਮਾਏਦਾਰਾਂ ਦੀ ਪੂੰਜੀ ਤੋਂ ਨਿਰਭਰਤਾ ਤਿਆਗ ਕੇ ਸੂਬੇ ਦੇ ਆਪਣੇ ਕੁਦਰਤੀ ਸੋਮਿਆਂ ਤੇ ਆਧਾਰਿਤ ਸਵੈ-ਨਿਰਭਰ ਆਰਥਿਕ ਸਮਾਜਿਕ ਵਿਕਾਸ ਦਾ ਰਾਹ ਫੜੇ। ਬਹੁਕੌਮੀ ਕਾਰਪੋਰੇਸ਼ਨਾਂ ਦੇ ਮੈਗਾ ਪ੍ਰੋਜੈਕਟਾਂ ਦੀ ਥਾਂ ਸੰਘਣੀ ਕਿਰਤ ਤੇ ਦੇਸੀ ਸਸਤੀ ਤਕਨੀਕ ਆਧਾਰਤ ਉਦਯੋਗਾਂ ਨੂੰ ਵਿਕਾਸ ਅੰਦਰ ਮਹੱਤਵਪੂਰਨ ਥਾਂ ਦੇ ਕੇ ਚੱਲੇ ਜਿਹੜਾ ਸਿਰਫ ਅੰਕੜਿਆਂ ਦੀ ਵਿਕਾਸ ਦਰ ਨਾਪਣ ਦੀ ਥਾਂ ਕਿਰਤੀ ਲੋਕਾਂ ਦੇ ਜੀਵਨ ਹਾਲਾਤ ਦਾ ਪੱਧਰ ਉਚਾ ਚੁੱਕਣ ਨੂੰ ਵਿਕਾਸ ਦੇ ਟੀਚਿਆਂ ਵਿਚ ਸ਼ਾਮਿਲ ਕਰਦਾ ਹੋਵੇ। ਖੇਤੀ ਖੇਤਰ ਵਿਚੋਂ ਜਗੀਰੂ ਲੁੱਟ ਦੇ ਸਭਨਾਂ ਰੂਪਾਂ ਦਾ ਖਾਤਮਾ ਕਰਦਾ ਹੋਵੇ। ਸਰਕਾਰੀ ਅਦਾਰਿਆਂ ਦੇ ਨਿੱਜੀਕਰਨ ਦੀ ਥਾਂ ਸਰਕਾਰੀਕਰਨ ਦਾ ਅਮਲ ਚਲਾਉਂਦਾ ਹੋਵੇ, ਬੇਜ਼ਮੀਨੇ ਅਤੇ ਥੁੜ ਜ਼ਮੀਨੇ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੀ ਜ਼ਮੀਨ ਦੀ ਤੋਟ ਪੂਰੀ ਕਰਦਾ ਹੋਵੇ। ਦਲਿਤਾਂ ਤੇ ਜਾਤ ਪਾਤੀ ਜਬਰ ਅਤੇ ਦਾਬੇ ਦਾ ਅੰਤ ਕਰਨ ਵੱਲ ਜਾਂਦਾ ਹੋਵੇ। ਆਖਰ ਵਿਚ ਕਹਿਣਾ ਹੋਵੇ ਤਾਂ ਕਿਰਤੀ ਲੋਕਾਂ ਦੀ ਕਿਰਤ ਦਾ ਮੁੱਲ ਪਾਉਣ ਵਾਲਾ ਤੇ ਵਿਹਲੜ ਲੋਕਾਂ ਦੀਆਂ ਕਮਾਈਆਂ ਨੂੰ ਰੱਦ ਕਰਨ ਵਾਲਾ ਮਾਡਲ ਹੀ ਪੰਜਾਬ ਦੇ ਵਿਕਾਸ ਦਾ ਮਾਡਲ ਬਣਨਾ ਚਾਹੀਦਾ ਹੈ।

# ਹੁਣ ਮੁਦਰੀਕਰਨ ਰਾਹੀਂ ਲੁੱਟ!

ਕੁਝ ਦਿਨ ਪਹਿਲਾਂ ਭਾਰਤ ਦੀ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਨੇ ਕੌਮੀ ਮੁਦਰੀਕਰਨ ਪਾਈਪਲਾਈਨ ਪ੍ਰੋਗਰਾਮ ਦਾ ਐਲਾਨ ਕੀਤਾ ਹੈ। ਕੇਂਦਰੀ ਬਜਟ ਪੇਸ਼ ਕਰਦਿਆਂ ਐਲਾਨ ਕੀਤਾ ਗਿਆ ਸੀ ਕਿ ਸਰਕਾਰੀ ਜਾਇਦਾਦਾਂ ਵੇਚ ਕੇ 6.4 ਲੱਖ ਕਰੋੜ ਰੁਪਏ ਪ੍ਰਾਪਤ ਕੀਤੇ ਜਾਣਗੇ। ਇਸ ਪੈਸੇ ਨਾਲ ਖਰਚੇ ਪੂਰੇ ਕਰਨ ਦਾ ਟੀਚਾ ਸੀ। ਸਰਕਾਰੀ ਜਾਇਦਾਦਾਂ ਸਿੱਧੇ ਵੇਚਣ ਦੀ ਬਜਾਇ



ਇੱਕ ਨਵੇਂ ਤਰੀਕੇ ਅਤੇ ਨਾਮ ਨਾਲ ਇਹ ਟੀਚਾ ਪ੍ਰਾਪਤ ਕਰਨ ਦਾ ਰਾਹ ਲੱਭਣ ਦੀ ਕੋਸ਼ਿਸ਼ ਕੀਤੀ ਗਈ ਹੈ।

ਕੌਮੀ ਮੁਦਰੀਕਰਨ ਪਾਈਪਲਾਈਨ ਦਾ ਭਾਵ

**ਸੁੱਚਾ ਸਿੰਘ ਗਿੱਲ**

ਹੈ, ਪ੍ਰਾਈਵੇਟ ਅਦਾਰਿਆਂ ਨੂੰ ਸਰਕਾਰੀ ਜਾਇਦਾਦ 25 ਸਾਲ ਜਾਂ ਇਸ ਤੋਂ ਵੱਧ ਸਮੇਂ ਲਈ ਸੌਂਪਣਾ। ਇਨ੍ਹਾਂ ਜਾਇਦਾਦਾਂ ਦੀ ਮਾਲਕੀ ਤਾਂ ਸਰਕਾਰੀ ਨਾਮ ਤੇ ਰਹੇਗੀ ਪਰ ਇਨ੍ਹਾਂ ਨੂੰ ਚਲਾਉਣਗੇ ਪ੍ਰਾਈਵੇਟ ਅਦਾਰੇ; ਭਾਵ ਸਰਕਾਰੀ ਜਾਇਦਾਦ ਵੇਚਣ ਤੋਂ ਬਗੈਰ ਹੀ ਲੰਮੇ ਸਮੇਂ ਵਾਸਤੇ ਪ੍ਰਾਈਵੇਟ ਅਦਾਰਿਆਂ ਨੂੰ ਚਲਾਉਣ ਵਾਸਤੇ ਸੌਂਪ ਦਿੱਤੀ ਜਾਵੇਗੀ। ਇਵਜ਼ ਵਿਚ ਪ੍ਰਾਈਵੇਟ ਅਦਾਰੇ ਸਰਕਾਰ ਨੂੰ ਨਿਸ਼ਚਿਤ ਸਮੇਂ ਦੇ ਇਕਰਾਰਨਾਮੇ ਮੁਤਾਬਿਕ ਪੈਸੇ ਇਕੱਠੇ ਅਦਾ ਕਰ ਦੇਣਗੇ। ਪ੍ਰਾਈਵੇਟ ਕੰਪਨੀਆਂ ਇਹ ਜਾਇਦਾਦਾਂ ਆਪਣੀ ਮਰਜ਼ੀ ਨਾਲ ਵਰਤਣਗੀਆਂ ਅਤੇ ਇਨ੍ਹਾਂ ਤੋਂ ਪੈਦਾ ਹੋਣ ਵਾਲੀਆਂ ਵਸਤਾਂ ਅਤੇ ਸੇਵਾਵਾਂ ਦੀ ਕੀਮਤ ਖੁਦ ਤੈਅ ਕਰਨਗੀਆਂ। ਇਹ ਉਸੇ ਤਰ੍ਹਾਂ ਹੋਵੇਗਾ ਜਿਵੇਂ ਸਰਕਾਰਾਂ ਸੜਕਾਂ ਚੌੜੀਆਂ ਕਰਨ ਜਾਂ ਚਹੁੰ-ਮਾਰਗੀ ਬਣਾਉਣ ਲਈ ਪ੍ਰਾਈਵੇਟ ਕੰਪਨੀਆਂ ਨੂੰ ਠੇਕੇ ਦਿੰਦੀਆਂ ਹਨ ਤੇ ਇਹ ਕੰਪਨੀਆਂ ਫਿਰ ਆਪਣੇ ਮੁਨਾਫੇ ਕਮਾਉਣ ਲਈ ਟੋਲ ਟੈਕਸ ਲਾਉਂਦੀਆਂ ਹਨ। ਇਨ੍ਹਾਂ ਦੇ ਰੇਟ ਵੀ ਸਮੇਂ ਸਮੇਂ ਵਧਾਏ ਜਾਂਦੇ ਹਨ। ਕਈ ਵਾਰ ਸੜਕ ਚੌੜੀ ਕਰਨ ਤੋਂ ਪਹਿਲਾਂ ਹੀ ਟੈਕਸ ਲਾ ਦਿੱਤਾ ਜਾਂਦਾ ਹੈ। ਇਉਂ ਜਿਹੜੇ ਲੋਕ ਸੜਕਾਂ ਦੀ ਵਰਤੋਂ ਕਰਦੇ ਹਨ, ਉਨ੍ਹਾਂ ਤੋਂ ਪੈਸੇ ਇਕੱਠੇ ਕਰਕੇ ਸੜਕ ਚੌੜੀ ਕੀਤੀ ਜਾਂਦੀ ਹੈ ਅਤੇ ਮੁਨਾਫਾ ਕੰਪਨੀਆਂ ਦੀ ਜੇਬ ਵਿਚ ਜਾਂਦਾ ਹੈ। ਇਸ ਮਾਡਲ ਨੂੰ ਪਬਲਿਕ-ਪ੍ਰਾਈਵੇਟ ਭਾਈਵਾਲੀ ਦਾ ਨਾਮ ਦਿੱਤਾ ਜਾਂਦਾ ਹੈ। ਇਹ ਮਾਡਲ ਕਾਫੀ ਬਦਨਾਮ ਅਤੇ ਲੋਕ ਵਿਰੋਧੀ ਹੋਣ ਕਾਰਨ ਲੋਕ ਇਸ ਦਾ ਵਿਰੋਧ ਕਰਨ ਲੱਗ ਪਏ ਹਨ। ਇਸ ਕਰਕੇ ਕੇਂਦਰ ਸਰਕਾਰ ਨੇ ਇਸ ਮਾਡਲ ਨੂੰ ਨਵੀਂ ਧਾਰਨਾ ਤਹਿਤ ਪੇਸ਼ ਕੀਤਾ ਹੈ।

ਇਸ ਧਾਰਨਾ ਦੇ ਆਲੋਚਕਾਂ ਨੇ ਇਸ ਨੂੰ ਪਿਛਲੇ ਦਰਵਾਜ਼ੇ ਰਾਹੀਂ ਜਾਂ ਅਸਿੱਧੇ ਤੌਰ ਸਰਕਾਰੀ ਜਾਇਦਾਦ ਦੇ ਨਿਜੀਕਰਨ ਕਰਨ ਦਾ ਨਾਮ ਦਿੱਤਾ ਹੈ। ਇਸ ਧਾਰਨਾ ਤਹਿਤ ਸਰਕਾਰ ਨੇ ਕਈ ਖੇਤਰਾਂ ਦੇ ਅਦਾਰੇ ਲਿਆਉਣ ਦਾ ਐਲਾਨ ਕੀਤਾ ਹੈ। ਇਨ੍ਹਾਂ ਵਿਚ ਸੜਕਾਂ, ਬਿਜਲੀ ਸਪਲਾਈ ਲਾਇਨਾਂ, ਬਿਜਲੀ ਪੈਦਾ ਕਰਨ ਵਾਲੇ ਪਲਾਂਟ, ਸਟੇਡੀਅਮ, ਗੁਦਾਮ, ਰੇਲ ਪਟੜੀਆਂ, ਬੰਦਰਗਾਹਾਂ ਆਦਿ ਸ਼ਾਮਿਲ ਹਨ। ਜਿਹੜੀਆਂ ਰੇਲ ਪਟੜੀਆਂ ਨੂੰ ਪ੍ਰਾਈਵੇਟ ਹੱਥਾਂ ਵਿਚ ਦੇਣਾ ਹੈ, ਉਨ੍ਹਾਂ ਵਿਚ ਕਾਲਕਾ-ਸ਼ਿਮਲਾ ਅਤੇ ਸਿਲੀਗੁੜੀ-ਦਾਰਜੀਲਿੰਗ ਸ਼ਾਮਲ ਹਨ। ਇਹ ਜਾਇਦਾਦਾਂ ਅਤੇ ਅਦਾਰੇ ਆਜ਼ਾਦੀ ਤੋਂ ਬਾਅਦ ਮੁਲਕ ਦੀ ਆਰਥਿਕਤਾ ਦੀ ਮਜ਼ਬੂਤੀ, ਸਥਿਰਤਾ ਅਤੇ ਆਤਮ-ਨਿਰਭਰਤਾ ਲਈ ਸਰਕਾਰ ਨੇ ਲੋਕਾਂ ਤੋਂ ਟੈਕਸ ਇਕੱਠੇ ਕਰਕੇ ਬਣਾਏ ਸਨ। ਇਨ੍ਹਾਂ ਵਾਸਤੇ ਜ਼ਮੀਨ ਵੀ ਮੁਫਤ ਜਾਂ ਬਹੁਤ ਸਸਤੀ ਕੀਮਤ ਤੇ ਕਿਸਾਨਾਂ ਤੋਂ ਲਈ ਗਈ ਸੀ। ਇਸ ਜਾਇਦਾਦ ਨੂੰ ਹੁਣ ਪ੍ਰਾਈਵੇਟ ਕੰਪਨੀਆਂ ਦੇ ਹਵਾਲੇ ਕੀਤਾ ਜਾ ਰਿਹਾ ਹੈ ਤਾਂ ਕਿ ਉਹ ਮੁਨਾਫੇ ਕਮਾ ਸਕਣ। ਆਮ ਸ਼ਹਿਰੀਆਂ ਦੇ ਸ਼ੋਸ਼ਣ ਦਾ ਇਕ ਹੋਰ ਮੌਕਾ ਬਣਾ ਦਿੱਤਾ ਗਿਆ ਹੈ।

ਕੇਂਦਰ ਸਰਕਾਰ ਦਾ ਤਰਕ ਹੈ ਕਿ ਸਰਕਾਰ ਇਸ ਅਮਲ ਰਾਹੀਂ 6.4 ਲੱਖ ਕਰੋੜ ਰੁਪਏ ਇਕੱਠੇ ਕਰ ਲਵੇਗੀ। ਇਸ ਪੈਸੇ ਦਾ ਇਸਤੇਮਾਲ ਬੁਨਿਆਦੀ ਢਾਂਚਾ ਮਜ਼ਬੂਤ ਕਰਨ ਲਈ ਵਰਤਿਆ ਜਾਵੇਗਾ ਅਤੇ ਪੂੰਜੀ ਨਿਰਮਾਣ ਕੀਤਾ ਜਾਵੇਗਾ। ਉਂਜ, ਇਸ ਖਿਲਾਫ ਇਹ ਦਲੀਲ ਵਾਜਿਬ ਲਗਦੀ ਹੈ ਕਿ ਜੇ ਸਰਕਾਰ ਇਨ੍ਹਾਂ ਅਦਾਰਿਆਂ ਨੂੰ ਆਪ ਠੀਕ ਤਰ੍ਹਾਂ ਚਲਾਵੇ ਤਾਂ ਇਨ੍ਹਾਂ ਵਿਚ ਰੁਜ਼ਗਾਰ ਵੀ ਸਥਿਰ ਰਹੇਗਾ ਅਤੇ ਇਨ੍ਹਾਂ ਦੁਆਰਾ ਮੁਲਕ ਦੀ ਆਮਦਨ ਵੀ ਹੁੰਦੀ ਰਹੇਗੀ। ਸਰਕਾਰ ਜਿਹੜੇ ਪੈਸੇ ਪ੍ਰਾਈਵੇਟ ਅਦਾਰਿਆਂ ਤੋਂ ਲੈ ਕੇ ਖਰਚਣਾ ਚਾਹੁੰਦੀ ਹੈ, ਇਹ ਪੈਸੇ ਪ੍ਰਾਈਵੇਟ ਅਦਾਰਿਆਂ ਵਲੋਂ ਪੂੰਜੀ ਨਿਵੇਸ਼ ਵਿਚ ਲਗਾ ਕੇ ਨਵੀਆਂ ਇਕਾਈਆਂ ਬਣਾਈਆਂ ਜਾ ਸਕਦੀਆਂ ਹਨ ਜਾਂ ਪੁਰਾਣੀਆਂ ਇਕਾਈਆਂ ਦਾ ਵਿਸਥਾਰ ਕੀਤਾ ਜਾ ਸਕਦਾ ਹੈ। ਇਸ ਨਾਲ ਰੁਜ਼ਗਾਰ ਵੀ ਵਧੇਗਾ ਅਤੇ ਮੁਲਕ ਦੀ ਆਮਦਨ ਵਧਣ ਦੀ ਗਤੀ ਵੀ ਤੇਜ਼ ਹੋ ਜਾਵੇਗੀ। ਇਸ ਨਾਲ ਪੂੰਜੀ ਨਿਵੇਸ਼ ਦੇ ਹੋਰ ਤੇਜ਼ੀ ਵਧਣ ਦੇ ਆਸਾਰ ਬਣ ਜਾਣਗੇ ਪਰ ਸਰਕਾਰ ਇਸ ਰਸਤੇ ਪੈਣਾ ਨਹੀਂ ਚਾਹੁੰਦੀ। ਉਹ ਸਰਕਾਰੀ ਜਾਇਦਾਦ ਦੇ ਨਿਜੀਕਰਨ ਤੇ ਤੁਲੀ ਹੋਈ ਜਾਪਦੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਤਾਂ 15 ਅਗਸਤ 2021 ਨੂੰ ਨਿਜੀਕਰਨ ਦੀ ਪ੍ਰਕਿਰਿਆ ਨੂੰ ਜਾਇਜ਼ ਠਹਿਰਾਉਂਦੇ ਹੋਏ ਇਹ ਕਹਿ ਦਿੱਤਾ ਹੈ ਕਿ "ਸਰਕਾਰ ਦਾ ਕੰਮ ਬਿਜ਼ਨਸ ਕਰਨਾ ਨਹੀਂ।" ਇਸ ਤਰ੍ਹਾਂ ਸਰਕਾਰ ਕੌਮੀ ਮੁਦਰੀਕਰਨ ਪਾਈਪਲਾਈਨ ਦੀ ਧਾਰਨਾ ਨਾਲ ਲੋਕਾਂ ਵਿਚ ਭੰਬਲਭੂਸਾ ਪੈਦਾ ਕਰ ਰਹੀ ਹੈ। ਇਸ ਧਾਰਨਾ ਨਾਲ ਸਰਕਾਰੀ ਜਾਇਦਾਦ ਦੇ ਨਿਜੀਕਰਨ ਨੂੰ ਲੋਕਾਂ ਤੋਂ ਛੁਪਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਦੂਜੇ ਪਾਸੇ ਕਾਰਪੋਰੇਟ ਘਰਾਣਿਆਂ ਦੇ ਹਿੱਤ ਵਿਚ ਭੁਗਤ ਕੇ ਸਰਕਾਰ ਇਨ੍ਹਾਂ ਦੇ ਕਾਰੋਬਾਰ ਵਧਾ ਰਹੀ ਹੈ। ਇਸ ਵਰਤਾਰੇ ਨਾਲ ਸਰਕਾਰ ਆਰਥਿਕ ਸਥਿਰਤਾ ਅਤੇ ਆਤਮ ਨਿਰਭਰਤਾ ਦੇ ਚਿੰਨ੍ਹਾਂ ਨੂੰ ਖਤਮ ਕਰਨ ਦੇ ਰਸਤੇ ਪਈ ਹੋਈ ਹੈ।

ਪਬਲਿਕ ਸੈਕਟਰ ਦੇ ਅਦਾਰਿਆਂ ਦੀ ਭੂਮਿਕਾ ਅਤੇ ਮਹੱਤਤਾ ਸਮਝਣ ਵਾਸਤੇ ਜ਼ਰੂਰੀ ਹੈ ਕਿ ਆਜ਼ਾਦੀ ਤੋਂ ਪਹਿਲਾਂ ਆਰਥਿਕਤਾ ਬਾਰੇ 1930ਵਿਆਂ ਦੇ ਮੱਧ ਤੋਂ ਲੈ ਕੇ 1940ਵਿਆਂ ਦੇ ਮੱਧ ਤਕ ਚਲਦੀ ਬਹਿਸ ਬਾਰੇ ਕੁਝ ਜਾਣਿਆ ਸਮਝਿਆ ਜਾਵੇ। ਇਸ ਬਹਿਸ ਵਿਚ ਆਜ਼ਾਦੀ ਦੀ ਲਹਿਰ ਵਿਚ ਸਰਗਰਮ ਵਿਅਕਤੀਆਂ, ਕਾਂਗਰਸੀ ਲੀਡਰਾਂ, ਬੁੱਧੀਜੀਵੀਆਂ ਅਤੇ ਉਦਯੋਗਪਤੀਆਂ ਨੇ ਹਿੱਸਾ ਲਿਆ ਸੀ। ਬਹਿਸ ਤੋਂ ਬਾਅਦ ਇਹ ਆਮ ਸਹਿਮਤੀ ਬਣੀ ਕਿ ਆਜ਼ਾਦੀ ਤੋਂ ਬਾਅਦ ਮਿਸ਼ਰਤ ਆਰਥਿਕਤਾ ਦਾ ਵਿਕਾਸ ਕੀਤਾ ਜਾਵੇਗਾ। ਇਸ ਵਿਚ ਪਬਲਿਕ ਸੈਕਟਰ ਪ੍ਰਭਾਵੀ ਪੁਜ਼ੀਸ਼ਨ ਵਿਚ ਹੋਵੇਗਾ ਅਤੇ ਸੁਰੱਖਿਆ ਨਾਲ ਸਬੰਧਤ ਉਦਯੋਗਾਂ ਤੇ ਕੂਟਨੀਤਕ ਖੇਤਰਾਂ ਵਿਚ ਪਬਲਿਕ ਸੈਕਟਰ ਦੇ ਅਦਾਰਿਆਂ ਦੀ ਸਰਦਾਰੀ ਕਾਇਮ ਕੀਤੀ ਜਾਵੇਗੀ। ਪ੍ਰਾਈਵੇਟ ਅਦਾਰਿਆਂ ਨੂੰ ਆਮ ਖਪਤ ਦੀਆਂ ਵਸਤਾਂ ਪੈਦਾ ਕਰਨ ਵਾਸਤੇ ਸਹੂਲਤਾਂ ਮੁਹੱਈਆ ਕਰਵਾਈਆਂ ਜਾਣਗੀਆਂ। ਇਸ ਧਾਰਨਾ ਦੇ ਪਿੱਛੇ ਇਹ ਸੋਚ ਕੰਮ ਕਰ ਰਹੀ ਸੀ ਕਿ ਮੁਲਕ ਵਿਚ ਆਰਥਿਕ ਵਿਕਾਸ ਵੀ ਕਰਨਾ ਹੈ, ਨਾਲ ਹੀ ਆਰਥਿਕ ਨਾ-ਬਰਾਬਰੀ ਵੀ ਘਟਾਉਣੀ ਸੀ। ਇਸ ਵਾਸਤੇ ਭੂਮੀ ਸੁਧਾਰ ਕੀਤੇ ਗਏ ਸਨ। ਜ਼ਮੀਨ ਦੀ ਮਾਲਕੀ ਤੇ ਉਪਰਲੀ ਸੀਮਾ ਤੈਅ ਕੀਤੀ ਗਈ। ਬੇਜ਼ਮੀਨੇ ਕਿਸਾਨਾਂ ਨੂੰ ਜ਼ਮੀਨਾਂ ਵੰਡਣ ਦਾ ਪ੍ਰੋਗਰਾਮ ਬਣਾਇਆ ਗਿਆ। ਉਦਯੋਗਿਕ ਘਰਾਣਿਆਂ ਦੀ ਪੂੰਜੀ ਉਪਰ ਵੀ ਉਪਰਲੀ ਸੀਮਾ ਮਿਥੀ ਗਈ।

ਇਸ ਮਾਡਲ ਨੂੰ 1991 ਵਾਲੇ ਆਰਥਿਕ ਸੁਧਾਰ ਲਾਗੂ ਕਰਨ ਸਮੇਂ ਪੂਰੀ ਤਰ੍ਹਾਂ ਰੱਦ ਕਰ ਦਿੱਤਾ ਗਿਆ ਅਤੇ ਪਬਲਿਕ ਸੈਕਟਰ ਦੇ ਅਦਾਰਿਆਂ ਨੂੰ ਪ੍ਰਾਈਵੇਟ ਕੰਪਨੀਆਂ ਨੂੰ ਵੇਚਣ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ ਗਿਆ। ਨਵੇਂ ਮਾਡਲ ਨੂੰ ਉਦਾਰੀਕਰਨ-ਨਿੱਜੀਕਰਨ-ਵਿਸ਼ਵੀਕਰਨ ਦਾ ਨਾਮ ਦਿੱਤਾ ਗਿਆ। ਇਸ ਨੂੰ ਅੱਗੇ ਤੋਰਨ ਵਾਸਤੇ ਕਈ ਸਰਕਾਰੀ ਅਦਾਰੇ ਪ੍ਰਾਈਵੇਟ ਕਾਰਪੋਰੇਟ ਘਰਾਣਿਆਂ ਨੂੰ ਵੇਚੇ ਗਏ। ਵੇਚਣ ਦੀ ਕਾਹਲ ਵਿਚ ਕਾਫੀ ਸਕੈਂਡਲ ਹੋਏ ਜੋ ਪਬਲਿਕ ਦੇ ਨੋਟਿਸ ਵਿਚ ਆ ਗਏ ਸਨ। ਇਸ ਕਰਕੇ ਪਬਲਿਕ ਸੈਕਟਰ ਦੇ ਅਦਾਰਿਆਂ ਦੇ ਨਿਜੀਕਰਨ ਦੀ ਧਾਰਨਾ ਬਦਨਾਮ ਹੋ ਜਾਣ ਕਾਰਨ ਕੇਂਦਰ ਸਰਕਾਰ ਨੇ ਨਵਾਂ ਪੈਂਤੜਾ ਅਖਤਿਆਰ ਕੀਤਾ ਹੈ। ਇਸ ਨੂੰ ਅਜਿਹਾ ਨਾਮ ਦਿੱਤਾ ਗਿਆ ਹੈ ਜਿਹੜਾ ਆਮ ਸ਼ਹਿਰੀਆਂ ਨੂੰ ਸਮਝ ਨਾ ਆ ਸਕੇ। ਕਿਹਾ ਜਾ ਰਿਹਾ ਹੈ ਕਿ ਸਰਕਾਰੀ ਅਦਾਰਿਆਂ ਦਾ ਮੁਦਰੀਕਰਨ ਕੀਤਾ ਜਾ ਰਿਹਾ ਹੈ, ਉਨ੍ਹਾਂ ਨੂੰ ਸਸਤੇ ਰੇਟਾਂ ਤੇ ਵੇਚਿਆ ਨਹੀਂ ਜਾ ਰਿਹਾ। ਅਸਲ ਵਿਚ ਸਰਕਾਰੀ ਜਾਇਦਾਦ ਅਤੇ ਅਦਾਰਿਆਂ ਨੂੰ ਚਲਾਉਣ ਵਾਸਤੇ ਹੋਰ ਵੀ ਸਸਤੇ ਦਰਾਂ ਤੇ ਕਾਰਪੋਰੇਟ ਘਰਾਣਿਆਂ ਨੂੰ ਦਿਤਾ ਜਾ ਰਿਹਾ ਹੈ। ਇਹ ਨਿਜੀਕਰਨ ਦਾ ਨਵਾਂ ਅਵਤਾਰ ਹੈ।

ਇਹ ਸਮਝਣ ਦੀ ਲੋੜ ਹੈ ਕਿ ਕਿਵੇਂ ਸਰਕਾਰ ਸਰਕਾਰੀ ਅਦਾਰਿਆਂ ਨੂੰ ਕਾਰਪੋਰੇਟ ਘਰਾਣਿਆਂ ਨੂੰ 25 ਸਾਲ ਜਾਂ ਇਸ ਤੋਂ ਵੱਧ ਸਮੇਂ ਲਈ ਵਰਤਣ ਲਈ ਦੇ ਰਹੀ ਹੈ। ਇਹ ਨਿਜੀਕਰਨ ਦਾ ਹੋਰ ਵੀ ਭਿਆਨਕ ਰੂਪ ਧਾਰਨ ਕਰ ਸਕਦਾ ਹੈ। ਰੇਟ ਤੈਅ ਕਰਨ ਵੇਲੇ ਕਾਫੀ ਕੁਝ ਉਪਰ-ਹੇਠ ਹੋਣ ਦਾ ਖਦਸ਼ਾ ਹੈ। ਇਸ ਤੋਂ ਬਾਅਦ ਇਨ੍ਹਾਂ ਅੰਦਰ ਕੰਮ ਕਰਦੇ ਕਰਮਚਾਰੀਆਂ ਦੀ ਛਾਂਟੀ ਹੋਵੇਗੀ। ਇਸ ਪ੍ਰਕਿਰਿਆ ਨਾਲ ਬੇਰੁਜ਼ਗਾਰੀ ਵਿਚ ਵਾਧਾ ਹੋਵੇਗਾ ਅਤੇ ਰੁਜ਼ਗਾਰ ਦੀ ਕੁਆਲਟੀ ਵਿਚ ਗਿਰਾਵਟ ਵੀ ਆਵੇਗੀ। ਇਸ ਵਾਸਤੇ ਸਰਕਾਰ ਦੀ ਕੋਝੀ ਚਾਲ ਨੂੰ ਸਮਝ ਕੇ ਇਸ ਦਾ ਵਿਰੋਧ ਕਰਨਾ ਚਾਹੀਦਾ ਹੈ। ਜਿਸ ਸਮੇਂ ਕਿਸਾਨ ਅੰਦੋਲਨ ਮੰਗ ਕਰ ਹੈ ਕਿ ਸਰਕਾਰ ਸਾਰੀਆਂ ਫਸਲਾਂ ਦਾ ਘੱਟੋ-ਘੱਟ ਸਮਰਥਨ ਮੁੱਲ ਕਾਨੂੰਨੀ ਬਣਾ ਕੇ ਉਨ੍ਹਾਂ ਦੀ ਖਰੀਦ ਦਾ ਪ੍ਰਬੰਧ ਕਰੇ, ਸਰਕਾਰ ਆਪਣੇ ਗੁਦਾਮ ਪ੍ਰਾਈਵੇਟ ਅਦਾਰਿਆਂ ਨੂੰ ਦੇਣ ਦਾ ਫੈਸਲਾ ਕਰ ਰਹੀ ਹੈ। ਦਰਅਸਲ, ਸਰਕਾਰ ਨੇ ਫੈਸਲਾ ਕਰ ਲਿਆ ਹੈ ਕਿ ਸਾਰੀ ਸਰਕਾਰੀ ਜਾਇਦਾਦ ਨੂੰ ਕਾਰਪੋਰੇਟ ਘਰਾਣਿਆਂ ਨੂੰ ਵੇਚ ਦੇਣਾ ਹੈ। ਇਸ ਨਾਲ ਲੋਕ ਸੇਵਾ ਦੇ ਸਿਧਾਂਤ ਨੂੰ ਤਿਲਾਂਜਲੀ ਦੇ ਕੇ ਕਾਰਪੋਰੇਟ ਸੇਵਾ ਦਾ ਪੱਲਾ ਕੇਂਦਰ ਸਰਕਾਰ ਨੇ ਫੜ ਲਿਆ ਹੈ।

ਪੰਜਾਬ ਟਾਈਮਜ਼

*ਸਨਿੱਚਰਵਾਰ, 11 ਸਤੰਬਰ 2021*

## ਕਿਸਾਨ ਘੋਲ ਦਾ ਅਗਲਾ ਪੜਾਅ

ਪਿਛਲੇ ਸਾਲ ਜੂਨ ਵਿਚ ਜਦੋਂ ਕੇਂਦਰ ਸਰਕਾਰ ਨੇ ਖੇਤੀ ਆਰਡੀਨੈਂਸ ਜਾਰੀ ਕੀਤੇ ਸਨ (ਜੋ ਬਾਅਦ ਵਿਚ ਕਾਨੂੰਨ ਬਣਾ ਦਿੱਤੇ ਗਏ), ਉਦੋਂ ਹੀ ਕਿਸਾਨ ਘੋਲ ਆਰੰਭ ਹੋ ਗਿਆ ਸੀ। ਉਸ ਵਕਤ ਕਰੋਨਾ ਪਾਬੰਦੀਆਂ ਕਾਰਨ ਘਰੋਂ ਬਾਹਰ ਨਿੱਕਲ ਕੇ ਸਰਗਰਮੀ ਕਰਨੀ ਭਾਵੇਂ ਮੁਸ਼ਕਿਲ ਸੀ ਪਰ ਵੱਖ-ਵੱਖ ਕਿਸਾਨ ਜਥੇਬੰਦੀਆਂ ਅਤੇ ਆਗੂਆਂ ਨੇ ਆਪਣਾ ਸਭ ਕੁਝ ਦਾਅ 'ਤੇ ਲਾ ਕੇ ਪਿੰਡਾਂ ਵਿਚ ਸਰਗਰਮੀ ਸ਼ੁਰੂ ਕਰ ਦਿੱਤੀ। ਫਿਰ ਇਕ ਦੌਰ ਅਜਿਹਾ ਆਇਆ ਜਦੋਂ ਸਾਰੀਆਂ ਜਥੇਬੰਦੀਆਂ ਨੇ ਇਹ ਅੰਦੋਲਨ ਚਲਾਉਣ ਲਈ ਆਮ ਸਹਿਮਤੀ ਬਣਾ ਲਈ ਅਤੇ ਪੰਜਾਬ ਦੀ 32 ਜਥੇਬੰਦੀਆਂ ਸਾਂਝੀ ਸਰਗਰਮੀ ਕਰਨ ਲੱਗੀਆਂ। ਜਦੋਂ ਫਿਰ ਵੀ ਮੋਦੀ ਸਰਕਾਰ ਟੱਸ ਤੋਂ ਮੱਸ ਨਾ ਹੋਈ ਤਾਂ ਕਿਸਾਨ ਆਗੂਆਂ ਨੇ 26-27 ਨਵੰਬਰ, 2020 ਨੂੰ ਦਿੱਲੀ ਵਿਚ ਦੋ ਦਿਨਾ ਰੋਸ ਮੁਜ਼ਾਹਰਾ ਕਰਨ ਦਾ ਐਲਾਨ ਕਰ ਦਿੱਤਾ। ਇਸ ਰੋਸ ਮੁਜ਼ਾਹਰੇ ਬਾਰੇ ਐਲਾਨ ਉਦੋਂ ਦੋ ਮਹੀਨੇ ਪਹਿਲਾਂ ਹੀ ਹੋ ਗਿਆ ਸੀ ਅਤੇ ਇਸ ਦੀ ਕਾਮਯਾਬੀ ਲਈ ਲਾਮਬੰਦੀ ਸ਼ੁਰੂ ਹੋ ਗਈ। ਇਥੇ ਪੁੱਜ ਕੇ ਕਿਸਾਨ ਅੰਦੋਲਨ ਫੈਸਲਾਕੁਨ ਮੋੜ 'ਤੇ ਆਣ ਖਲੋਇਆ। ਕਿਸਾਨ ਅੰਦੋਲਨ ਦੀ ਵਧਦੀ ਤਾਕਤ ਦੇਖ ਕੇ ਕੇਂਦਰ ਦੀ ਮੋਦੀ ਸਰਕਾਰ ਅਤੇ ਹਰਿਆਣਾ ਵਿਚ ਮਨੋਹਰ ਲਾਲ ਖੱਟਰ ਦੀ ਅਗਵਾਈ ਹੇਠਲੀ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੇ ਤਹੱਈਆ ਕਰ ਲਿਆ ਕਿ ਕਿਸਾਨਾਂ ਨੂੰ ਦਿੱਲੀ ਪੁੱਜਣ ਨਹੀਂ ਦੇਣਾ। ਸਰਕਾਰ ਨੇ ਇਹਤਿਆਤ ਵਜੋਂ ਰੋਕਾਂ ਲਾਉਣੀਆਂ ਸ਼ੁਰੂ ਕਰ ਦਿੱਤੀਆਂ ਪਰ ਉਦੋਂ ਤੱਕ ਕਿਸਾਨ ਰੋਹ ਇੰਨਾ ਬੁਲੰਦ ਹੋ ਚੁੱਕਾ ਸੀ ਕਿ ਸਭ ਨਾਕੇ ਟੁੱਟ ਗਏ ਅਤੇ ਕਿਸਾਨਾਂ ਨੇ ਦਿੱਲੀ ਦੀਆਂ ਬਰੂਹਾਂ ਜਾ ਡੇਰੇ ਲਾਏ। ਕਿਸਾਨਾਂ ਦੇ ਦਿੱਲੀ ਪੁੱਜਿਆਂ ਨੂੰ 10 ਮਹੀਨੇ ਹੋਣ ਵਾਲੇ ਹਨ। ਇਸੇ ਦੌਰਾਨ ਮੋਦੀ ਸਰਕਾਰ ਨੇ ਇਸ ਅੰਦੋਲਨ ਨੂੰ ਖਦੇੜਨ ਲਈ ਹਰ ਹੀਲਾ ਅਤੇ ਹਰਬਾ ਵਰਤਿਆ ਪਰ ਕਿਸਾਨ ਜਥੇਬੰਦੀਆਂ ਦੀ ਚੌਕਸੀ ਅਤੇ ਵੱਖ-ਵੱਖ ਮੌਕਿਆਂ 'ਤੇ ਸੁਘੜ ਕਾਰਵਾਈ ਸਕਦਾ ਸਰਕਾਰ ਨੂੰ ਮੂੰਹ ਦੀ ਖਾਣੀ ਪਈ।

ਹੁਣ ਕਰਨਾਲ ਵਾਲੀਆਂ ਘਟਨਾਵਾਂ ਤੋਂ ਬਾਅਦ ਕਿਸਾਨ ਅੰਦੋਲਨ ਨਵੇਂ ਪੜਾਅ ਅੰਦਰ ਦਾਖਲ ਹੋ ਗਿਆ ਹੈ। ਸਰਕਾਰ ਨੇ 26 ਜਨਵਰੀ ਵਾਲੀਆਂ ਘਟਨਾਵਾਂ ਦਾ ਬਹਾਨਾ ਬਣਾ ਕੇ ਕਿਸਾਨਾਂ ਨਾਲ ਗੱਲਬਾਤ ਦਾ ਸਿਲਸਿਲਾ ਤੋੜਿਆ ਹੋਇਆ ਹੈ ਪਰ ਹੁਣ ਜਦੋਂ ਕੁਝ ਸੂਬਿਆਂ ਵਿਚ ਵਿਧਾਨ ਸਭਾ ਚੋਣਾਂ ਸਿਰ ਉਤੇ ਆ ਗਈਆਂ ਹਨ ਅਤੇ ਕਿਸਾਨਾਂ ਨੇ ਇਸੇ ਹਿਸਾਬ ਨਾਲ ਆਪਣੀਆਂ ਸਰਗਰਮੀਆਂ ਆਰੰਭ ਦਿੱਤੀਆਂ ਹਨ ਤਾਂ ਸਰਕਾਰ ਅੰਦਰ ਕੁਝ ਹਿਲਜੁਲ ਹੋਈ ਹੈ। ਮੋਦੀ ਸਰਕਾਰ ਅਤੇ ਭਾਰਤੀ ਜਨਤਾ ਪਾਰਟੀ, ਉਤਰ ਪ੍ਰਦੇਸ਼ ਚੋਣਾਂ ਨੂੰ ਬੜੀ ਅਹਿਮੀਅਤ ਦੇ ਰਹੀ ਹੈ। ਇਕ ਤਾਂ ਉਥੇ ਯੋਗੀ ਸਰਕਾਰ ਦਾ ਹਾਲ ਬਹੁਤਾ ਚੰਗਾ ਨਹੀਂ, ਕਈ ਮਾਮਲਿਆਂ ਵਿਚ ਪਾਰਟੀ ਅੰਦਰ ਵੀ ਮੱਤਭੇਦ ਹਨ, ਉਪਰੋਂ ਹੁਣ ਕਿਸਾਨਾਂ ਦੀ ਸਰਗਰਮੀ ਸ਼ੁਰੂ ਹੋ ਗਈ ਹੈ। ਮੁਜ਼ੱਫਰਪੁਰ ਵਾਲੀ ਮਹਾਂ ਪੰਚਾਇਤ ਦਾ ਸੁਨੇਹਾ ਸਰਕਾਰ ਨੇ ਵੀ ਚੰਗੀ ਤਰ੍ਹਾਂ ਸੁਣ ਲਿਆ ਹੈ। ਇਸ ਮਹਾਂ ਪੰਚਾਇਤ ਨੇ ਕਰਨਾਲ ਸਕੱਤਰੇਤ ਘੇਰਨ ਦਾ ਐਲਾਨ ਕੀਤਾ ਸੀ। ਕਿਸਾਨਾਂ ਨੂੰ ਕਰਨਾਲ ਸਕੱਤਰੇਤ ਘੇਰਨ ਤੋਂ ਰੋਕਣ ਲਈ ਹਰਿਆਣਾ ਸਰਕਾਰ ਨੇ ਆਪਣਾ ਪੂਰਾ ਜ਼ੋਰ ਲਾ ਲਿਆ ਪਰ ਆਖਰਕਾਰ ਨਾਕਾਮ ਸਾਬਤ ਹੋਈ। ਕਿਸਾਨਾਂ ਨੂੰ ਡੱਕਣ ਲਈ ਕੀਤੇ ਸਭ ਸਰਕਾਰੀ ਪ੍ਰਬੰਧ ਧਰ-ਧਰਾਏ ਰਹਿ ਗਏ ਜਦੋਂ ਕਿਸਾਨ ਬਹੁਤ ਵੱਡੀ ਗਿਣਤੀ ਵਿਚ ਸੜਕਾਂ ਉਤੇ ਆ ਗਏ ਅਤੇ ਉਨ੍ਹਾਂ ਕਰਨਾਲ ਸਕੱਤਰੇਤ ਦੇ ਸਾਹਮਣੇ ਪੱਕਾ ਮੋਰਚਾ ਲਾ ਲਿਆ। ਇਨ੍ਹਾਂ ਕਿਸਾਨਾਂ ਦੀ ਮੁੱਖ ਮੰਗ ਇਹੀ ਹੈ ਕਿ ਕਿਸਾਨਾਂ ਉਤੇ ਲਾਠੀਚਾਰਜ ਕਰਨ ਵਾਲਿਆਂ ਖਿਲਾਫ ਕਾਰਵਾਈ ਕੀਤੀ ਜਾਵੇ, ਖਾਸ ਕਰਕੇ ਉਸ ਅਫਸਰ ਖਿਲਾਫ ਜਿਸ ਨੇ ਪੁਲਿਸ ਮੁਲਾਜ਼ਮਾਂ ਨੂੰ ਕਿਸਾਨਾਂ ਦੇ ਸਿਰ ਪਾੜਨ ਲਈ ਉਕਸਾਇਆ ਸੀ। ਹਰਿਆਣਾ ਸਰਕਾਰ ਨੇ ਕਿਸਾਨ ਰੋਹ ਨੂੰ ਦੇਖਦਿਆਂ ਸਬੰਧਤ ਅਫਸਰ ਦੀ ਬਦਲੀ ਕਰ ਦਿੱਤੀ ਸੀ ਪਰ ਕਿਸਾਨ ਇਸ ਅਫਸਰ ਖਿਲਾਫ ਕੇਸ ਦਰਜ ਕਰਨ ਦੀ ਮੰਗ 'ਤੇ ਅੜੇ ਹੋਏ ਹਨ। ਇਹ ਸ਼ਾਇਦ ਪਹਿਲੀ ਵਾਰ ਹੈ ਕਿ ਸਰਕਾਰ ਕਿਸਾਨਾਂ ਦੀ ਤਾਕਤ ਸਾਹਵੇਂ ਬੇਵੱਸ ਹੋਈ ਪਈ ਹੈ।

ਦੂਜੇ ਪਾਸੇ ਕਿਆਸਆਰਾਈਆਂ ਹਨ ਕਿ ਮੋਦੀ ਸਰਕਾਰ ਇਸ ਅੰਦੋਲਨ ਨੂੰ ਲਾਂਭੇ ਕਰਨ ਲਈ ਹੁਣ ਸੁਪਰੀਮ ਕੋਰਟ ਵਾਲਾ ਰਾਹ ਅਖਤਿਆਰ ਕਰ ਰਹੀ ਹੈ। ਇਸੇ ਕਰਕੇ ਸੁਪਰੀਮ ਕੋਰਟ ਵੱਲੋਂ ਇਸ ਮਸਲੇ 'ਤੇ ਛਾਣ-ਬੀਣ ਲਈ ਲਈ ਬਣਾਈ ਕਮੇਟੀ ਦੇ ਇਕ ਮੈਂਬਰ ਨੇ ਸੁਪਰੀਮ ਕੋਰਟ ਦੇ ਚੀਫ ਜਸਟਿਸ ਨੂੰ ਚਿੱਠੀ ਲਿਖ ਕੇ ਮੰਗ ਕੀਤੀ ਹੈ ਕਿ ਉਨ੍ਹਾਂ ਦੀ ਕਮੇਟੀ ਵੱਲੋਂ ਤਿਆਰ ਕੀਤੀ ਰਿਪੋਰਟ ਨਸ਼ਰ ਕੀਤੀ ਜਾਵੇ। ਇਸ ਤੋਂ ਪਹਿਲਾਂ ਸਰਕਾਰ ਵਿਵਾਦ ਵਾਲੇ ਕਾਨੂੰਨਾਂ ਵਿਚ ਹਰ ਤਰ੍ਹਾਂ ਦੀ ਸੋਧ ਕਰਨ ਦੀ ਪੇਸ਼ਕਸ਼ ਕਿਸਾਨ ਆਗੂਆਂ ਨੂੰ ਕਰ ਚੁੱਕੀ ਹੈ ਪਰ ਕਿਸਾਨ ਜਥੇਬੰਦੀਆਂ ਤਿੰਨੇ ਕਾਨੂੰਨ ਰੱਦ ਕਰਨ ਅਤੇ ਫਸਲਾਂ ਦੇ ਸਰਕਾਰੀ ਭਾਅ ਨੂੰ ਕਾਨੂੰਨੀ ਰੂਪ ਦੇਣ ਲਈ ਅੜੇ ਹੋਏ ਹਨ। ਅਗਲੇ ਸਾਲ ਕੁਝ ਸੂਬਿਆਂ ਵਿਚ ਹੋ ਰਹੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ-ਪਹਿਲਾਂ ਮੋਦੀ ਸਰਕਾਰ ਖੇਤੀ ਕਾਨੂੰਨਾਂ ਬਾਰੇ ਕੀ ਰੁਖ ਅਖਤਿਆਰ ਕਰਦੀ ਹੈ, ਇਹ ਤਾਂ ਸਰਕਾਰ ਦੀ ਸੋਚ 'ਤੇ ਹੀ ਨਿਰਭਰ ਹੈ ਪਰ ਇਕ ਗੱਲ ਸਪਸ਼ਟ ਹੋ ਗਈ ਹੈ ਕਿ ਅੰਦੋਲਨ ਅਤੇ ਏਕਾ ਹਰ ਜ਼ੁਲਮ ਅਤੇ ਤਾਕਤ ਨੂੰ ਪਛਾੜ ਸਕਦਾ ਹੈ। ਕਿਸਾਨਾਂ ਦੇ ਏਕੇ ਨੇ ਦਰਸਾ ਦਿੱਤਾ ਹੈ ਕਿ ਲੰਮੀ ਲੜਾਈ ਦਾ ਪਿੜ ਸਬਰ ਅਤੇ ਸੰਤੋਖ ਨਾਲ ਹੀ ਬੰਨ੍ਹਿਆ ਜਾ ਸਕਦਾ ਹੈ। ਸਿਆਸੀ ਵਿਸ਼ਲੇਸ਼ਣਕਾਰ ਹੁਣ ਵਿਸ਼ਲੇਸ਼ਣ ਕਰ ਰਹੇ ਹਨ ਕਿ ਇਹ ਅੰਦੋਲਨ ਭਾਰਤ ਦੀ ਸਿਆਸਤ ਨੂੰ ਮੁੱਢੋਂ-ਸੁੱਢੋਂ ਬਦਲ ਦੇਣ ਦੀ ਤਾਕਤ ਰੱਖਦਾ ਹੈ; ਹੁਣ ਮਸਲਾ ਸਿਰਫ ਇੰਨਾ ਹੈ ਕਿ ਮੌਜੂਦਾ ਸਿਆਸਤ ਦਾ ਬਦਲ ਜਾਂ ਤੋੜ ਲੱਭਣ ਵਾਲੇ ਪਾਸੇ ਤੁਰਿਆ ਜਾਵੇ। ਅਜੇ ਤੱਕ ਕਿਸਾਨ ਅੰਦੋਲਨ ਨੇ ਖੁਦ ਨੂੰ ਗੈਰ ਸਿਆਸੀ ਐਲਾਨ ਕੇ ਸਮਾਜ ਦੇ ਹਰ ਵਰਗ ਨੂੰ ਆਪਣੇ ਨਾਲ ਤੋਰਨ ਵਿਚ ਕਾਮਯਾਬੀ ਹਾਸਲ ਕੀਤੀ ਹੈ, ਹੁਣ ਇਸ ਨੂੰ ਚੋਣ ਸਿਆਸਤ ਤੋਂ ਪਾਰ ਜਾ ਕੇ ਨਵੀਂ ਸਿਆਸਤ ਲਈ ਰਾਹ ਖੋਲ੍ਹਣ ਲਈ ਯਤਨ ਕਰਨੇ ਚਾਹੀਦੇ ਹਨ। ਨਵੀਂ ਸਿਆਸਤ ਦੀ ਪੈੜਚਾਲ ਪੰਜਾਬ ਵਿਚ ਕਈ ਚਿਰਾਂ ਤੋਂ ਸੁਣੀ ਜਾ ਰਹੀ ਹੈ, ਲੋਕ ਰਵਾਇਤੀ ਪਾਰਟੀਆਂ ਦਾ ਬਦਲ ਭਾਲ ਰਹੇ ਹਨ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਗਗੜੀ ਨੂੰ ਜੋਕਾਂ ਦੀ*

ਸਿਆਸੀ ਦਲਾਂ ਨੂੰ ਵੋਟਾਂ ਦਾ ਚਾਅ ਚੜ੍ਹਿਆ, ਚੋਣ-ਦੰਗਲ ਵਿਚ ਹਾਲੇ ਛੇ ਮਾਹ ਦੇਖੋ।<br>
ਟਿਕਟਾਂ ਵੰਡਦਾ ਤਾਨਾਸ਼ਾਹ ਵਾਂਗ ਕੋਈ, ਪਿੰਡਾਂ-ਸ਼ਹਿਰਾਂ ਨੂੰ ਪਾਇਆ ਹੈ ਗਾਹ ਦੇਖੋ।<br>
ਪੁੱਛਣ ਜਾਣ ਸਵਾਲ ਜੋ ਆਗੂਆਂ ਤੋਂ, ਵਰ੍ਹਦੀ ਡਾਂਗ ਕਿਰਸਾਨਾਂ ਦੇ ਠਾਹ ਦੇਖੋ।<br>
ਔਰੰਗਜ਼ੇਬ ਦੇ ਵਾਂਗ ਹੀ ਚੜ੍ਹ ਗਿਆ ਏ, ਹੁਕਮਰਾਨਾਂ ਨੂੰ ਜ਼ੁਲਮ ਦਾ ਪਾਹ ਦੇਖੋ।<br>
ਵੋਟਾਂ ਵਾਸਤੇ ਸਿਆਸਤੀ ਤੜਫਦੇ ਐ, ਸੁਰਤਿ 'ਕੁਰਸੀ' ਦੇ ਵਿਚ ਹੀ ਗਈ ਰਹਿੰਦੀ।<br>
ਹੁੰਦੀ 'ਲੋਕਾਂ ਦੀ ਲੋਕਾਂ ਨੂੰ' ਕਹਿਣ ਸਿਆਣੇ, ਐਪਰ 'ਗਗੜੀ ਨੂੰ ਜੋਕਾਂ ਦੀ' ਪਈ ਰਹਿੰਦੀ!

# ਸਰਬ ਸਾਂਝੀਵਾਲਤਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ

***ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਰਚਨਕਾਰਾਂ ਨੇ ਜਿਹੜਾ ਸੰਦੇਸ਼ ਦਿੱਤਾ, ਉਸ ਦਾ ਮੁੱਖ ਧੁਰਾ ਸਮੁੱਚੀ ਮਨੁੱਖਤਾ ਦੀ ਭਲਾਈ ਹੈ। ਬਾਣੀ ਵਿਚ ਥਾਂ-ਥਾਂ ਮਨੁੱਖੀ ਏਕਤਾ, ਸਮਾਜਕ ਬਰਾਬਰੀ ਅਤੇ ਵਿਚਾਰਾਂ ਦੀ ਆਜ਼ਾਦੀ ਦੀ ਗੱਲ ਜ਼ੋਰਦਾਰ ਢੰਗ ਨਾਲ ਪੇਸ਼ ਕੀਤੀ ਗਈ ਹੈ। ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ 'ਰੱਬ ਦੀ ਇੱਕਤਾ' ਦੀ ਗੱਲ ਨੂੰ ਦ੍ਰਿੜ ਕਰਾਉਂਦੀ ਹੈ ਅਤੇ ਸੰਸਾਰ ਦੀ ਸਾਰੀ ਭੌਤਿਕ ਅਨੇਕਤਾ ਨੂੰ 'ਇਕ' ਦਾ ਪਾਸਾਰ ਮੰਨਦੀ ਹੈ।***



**ਡਾ. ਜਸਪਾਲ ਸਿੰਘ**

ਸ੍ਰੀ ਗੁਰੂ ਗ੍ਰੰਥ ਸਾਹਿਬ ਨੇ ਸੰਸਾਰ ਨੂੰ ਸਾਂਝ ਤੇ ਸਦਭਾਵ ਦੀ ਰਾਹ 'ਤੇ ਤੁਰਨ ਦਾ ਪੈਗਾਮ ਦਿੱਤਾ ਹੈ। ਇਸ ਦੀ ਪਵਿੱਤਰ ਬਾਣੀ ਦੇ ਪਰਵਾਹ ਅੱਗੇ ਵਿਤਕਰੇ ਦੀ ਹਰ ਦੀਵਾਰ ਟੁੱਟ ਜਾਂਦੀ ਹੈ, ਹਰ ਲਕੀਰ ਮਿਟ ਜਾਂਦੀ ਹੈ। ਗੁਰੂ ਗ੍ਰੰਥ ਸਾਹਿਬ ਦੀ ਅਦੁੱਤੀ ਮਹਾਨਤਾ ਅਤੇ ਉਸ ਵਿਚ ਸਮੋਏ ਲਾਸਾਨੀ ਸੰਦੇਸ਼ ਦਾ ਜ਼ਿਕਰ ਕਰਦਿਆਂ ਸਾਬਕਾ ਰਾਸ਼ਟਰਪਤੀ ਡਾ. ਰਾਧਾ ਕ੍ਰਿਸ਼ਨਨ ਨੇ ਕਿਹਾ ਸੀ ਕਿ 'ਉਸ ਸਦੀਵੀ ਸੱਚ ਦੀ ਆਵਾਜ਼, ਜਿਸ ਨੂੰ 'ਆਦਿ ਗ੍ਰੰਥ' ਦੀ ਵੇਦਨਾ ਦੀ ਨਿਰਮਲਤਾ ਅਤੇ ਸ਼ਰਧਾ ਦੀ ਤੀਬਰਤਾ ਨੇ ਸ਼ਿੰਗਾਰਿਆ ਹੈ, ਅੱਗੇ ਸਾਗਰਾਂ ਅਤੇ ਪਹਾੜਾਂ ਦੀਆਂ ਰੋਕਾਂ ਆਪਣਾ ਰਾਹ ਖੋਲ੍ਹ ਦੇਣਗੀਆਂ।'

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਸੰਕਲਨ ਤੇ ਸੰਪਾਦਨ ਕਿੱਦਾਂ ਹੋਇਆ, ਇਸ ਦੀ ਤਫਸੀਲ ਵੀ ਵਿਚਾਰਧਾਰਕ ਦ੍ਰਿਸ਼ਟੀ ਤੋਂ ਬੜੀ ਮਹੱਤਵਪੂਰਨ ਹੈ। ਅਸਲ ਵਿਚ, ਕਿਸੇ ਕੌਮ ਦੇ ਪੈਰੋਕਾਰਾਂ ਵਿਚਕਾਰ ਖਿਆਲਾਂ ਦੀ ਸਾਂਝ ਪੈਦਾ ਕਰਨ ਅਤੇ ਉਸ ਨੂੰ ਬਰਕਰਾਰ ਰੱਖਣ ਲਈ ਅਤੇ ਫਿਰ ਉਸ ਸਾਂਝ ਨੂੰ ਸਦੀਵੀ ਤੌਰ 'ਤੇ ਸਾਂਭੀ ਰੱਖਣ ਲਈ 'ਧਰਮ ਗ੍ਰੰਥ' ਦੀ ਲੋੜ ਹੁੰਦੀ ਹੈ। ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਸੰਕਲਨ ਤੇ ਸੰਪਾਦਨ ਕਰ ਕੇ ਇਹੋ ਮਹਾਨ ਕਾਰਜ ਕੀਤਾ ਸੀ। ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਨਾਲ ਇਕ ਪਾਸੇ ਸਮੁੱਚੀ ਮਾਨਵਤਾ ਨੂੰ ਚਾਨਣ-ਮੁਨਾਰਾ ਮਿਲ ਗਿਆ ਸੀ; ਦੂਜੇ ਪਾਸੇ, ਸਿੱਖ ਪੰਥ ਮਹਾਨ ਧਰਮ ਗ੍ਰੰਥ ਦਾ ਵਾਰਿਸ ਬਣ ਗਿਆ ਸੀ। ਮਹਿਮਾ ਪ੍ਰਕਾਸ਼ ਦੇ ਕਥਨ ਮੁਤਾਬਿਕ ਗੁਰੂ ਅਰਜਨ ਦੇਵ ਜੀ ਨੇ ਗੁਰਿਆਈ ਦੀ ਗੱਦੀ 'ਤੇ ਬਿਰਾਜਮਾਨ ਹੋਣ ਤੋਂ ਬਾਅਦ ਬੜੀ ਸ਼ਿੱਦਤ ਨਾਲ ਇਸ ਹਕੀਕਤ ਨੂੰ ਮਹਿਸੂਸ ਕੀਤਾ ਸੀ ਕਿ ਗੁਰੂ ਨਾਨਕ ਦੇ ਪੈਰੋਕਾਰਾਂ ਦਾ ਦਾਇਰਾ ਬਹੁਤ ਵਧ ਗਿਆ ਹੈ ਅਤੇ ਹੁਣ ਇਸ ਪੰਥ ਲਈ ਬਾਣੀ ਦਾ ਸੰਕਲਨ ਅਤੇ ਸੰਪਾਦਨ ਕਰ ਕੇ ਗ੍ਰੰਥ ਦੀ ਰਚਨਾ ਕੀਤੀ ਜਾਣੀ ਜ਼ਰੂਰੀ ਹੈ।

ਇਹ ਹਕੀਕਤ ਵੀ ਇਥੇ ਜ਼ਿਕਰਯੋਗ ਹੈ ਕਿ ਗੁਰੂ ਅਰਜਨ ਦੇਵ ਜੀ ਤੋਂ ਪਹਿਲਾਂ ਦੇ ਸਾਰੇ ਗੁਰੂ ਸਾਹਿਬਾਨ ਆਪੋ-ਆਪਣੇ ਸਮੇਂ ਬਾਣੀ ਸਿਰਜਣ ਦੇ ਨਾਲ-ਨਾਲ ਬਾਣੀ ਇਕੱਤਰ ਕਰਨ ਲਈ ਭਰਪੂਰ ਯਤਨ ਕਰਦੇ ਆ ਰਹੇ ਸਨ। ਇਤਿਹਾਸਕ ਲਿਖਤਾਂ ਦੱਸਦੀਆਂ ਹਨ ਕਿ ਗੁਰਗੱਦੀ ਦੇਣ ਸਮੇਂ ਹਰ ਗੁਰੂ ਸਾਹਿਬ ਆਪਣੇ ਵਾਰਿਸ ਨੂੰ ਆਪਣੀ ਬਾਣੀ ਅਤੇ ਪਹਿਲੇ ਗੁਰੂ ਸਾਹਿਬਾਨ ਤੋਂ ਪ੍ਰਾਪਤ ਬਾਣੀ-ਸੰਗ੍ਰਹਿ ਸੌਂਪਦੇ ਚਲੇ ਗਏ ਅਤੇ ਇਸ ਤਰ੍ਹਾਂ ਸਮੁੱਚੀ ਬਾਣੀ ਇਕੱਤਰ ਹੁੰਦੀ ਹੋਈ ਪੰਚਮ ਪਾਤਸ਼ਾਹ, ਗੁਰੂ ਅਰਜਨ ਦੇਵ ਜੀ ਪਾਸ ਪਹੁੰਚ ਗਈ। ਗੁਰੂ ਅਰਜਨ ਦੇਵ ਜੀ ਨੇ ਆਪ ਬੀੜ ਦੀ ਤਿਆਰੀ ਲਈ ਅੰਮ੍ਰਿਤਸਰ ਦੇ ਨਜ਼ਦੀਕ ਰਮਣੀਕ ਥਾਂ ਦੀ ਚੋਣ ਕੀਤੀ ਸੀ। ਇਸੇ ਅਸਥਾਨ 'ਤੇ ਤੰਬੂ ਲਾ ਲਿਆ ਗਿਆ ਅਤੇ ਗੁਰੂ ਸਾਹਿਬ ਨੇ ਭਾਈ ਗੁਰਦਾਸ ਪਾਸੋਂ ਬਾਣੀ ਨੂੰ ਤਰਤੀਬਵਾਰ ਲਿਖਾਉਣ ਦਾ ਕੰਮ ਆਰੰਭ ਕੀਤਾ। ਜਿਥੇ ਬੈਠ ਕੇ ਬੀੜ ਤਿਆਰ ਕੀਤੀ ਗਈ ਸੀ, ਉਸ ਪਵਿੱਤਰ ਇਤਿਹਾਸਕ ਸਥਾਨ ਨੂੰ ਹੁਣ ਗੁਰਦੁਆਰਾ ਰਾਮਸਰ ਸਾਹਿਬ ਕਰ ਕੇ ਜਾਣਿਆ ਜਾਂਦਾ ਹੈ।

ਇਤਿਹਾਸਕ ਲਿਖਤਾਂ ਦੱਸਦੀਆਂ ਹਨ ਕਿ ਗੁਰੂ ਅਰਜਨ ਦੇਵ ਜੀ ਨੇ ਪ੍ਰਚਾਰ ਮੁਹਿੰਮ ਦੇ ਆਖਰੀ ਦੌਰ ਵਿਚ ਤਕਰੀਬਨ ਇਕ ਸਾਲ ਗੁਰਦਾਸਪੁਰ ਦੇ ਇਲਾਕੇ ਵਿਚ ਸਿੱਖੀ ਦਾ ਪ੍ਰਚਾਰ ਕੀਤਾ ਸੀ ਅਤੇ ਫਿਰ ਪ੍ਰਚਾਰ ਦਾ ਸਾਰਾ ਕੰਮ ਮੁਕਾ ਕੇ ਗੁਰੂ ਸਾਹਿਬ 1601 ਈਸਵੀ ਵਿਚ ਅੰਮ੍ਰਿਤਸਰ ਆ ਗਏ ਸਨ। ਅੰਮ੍ਰਿਤਸਰ ਪਹੁੰਚ ਕੇ ਆਪ ਨੇ ਆਪਣਾ ਸਾਰਾ ਧਿਆਨ ਬਾਣੀ ਦੇ ਸੰਕਲਨ ਤੇ ਸੰਪਾਦਨ 'ਤੇ ਲਾ ਦਿੱਤਾ ਸੀ ਅਤੇ ਅਗਲੇ ਤਕਰੀਬਨ ਤਿੰਨ ਸਾਲ ਇਸ ਮਹਾਨ ਕਾਰਜ ਨੂੰ ਨੇਪਰੇ ਚਾੜ੍ਹਨ ਵਿਚ ਲੱਗ ਗਏ ਸਨ। ਫਿਰ 1604 ਈਸਵੀ ਵਿਚ ਗੁਰੂ ਅਰਜਨ ਦੇਵ ਜੀ ਦੁਆਰਾ ਸੰਪਾਦਤ ਗੁਰੂ ਗ੍ਰੰਥ ਸਾਹਿਬ ਦੀ ਬੀੜ ਦਾ ਪਹਿਲਾ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ ਵਿਚ ਕਰ ਦਿੱਤਾ ਗਿਆ ਅਤੇ ਬਾਬਾ ਬੁੱਢਾ ਜੀ ਨੂੰ ਪਹਿਲਾ ਗ੍ਰੰਥੀ ਥਾਪ ਦਿੱਤਾ ਗਿਆ। ਮਹਾਨ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ ਨੇ ਗੁਰੂ ਗ੍ਰੰਥ ਸਾਹਿਬ ਦੀ ਰਚਨਾ, ਸੰਪਾਦਨਾ ਅਤੇ ਪਹਿਲੇ ਪ੍ਰਕਾਸ਼ ਬਾਰੇ ਜਿਹੜੀ ਇਬਾਰਤ ਦਰਜ ਕੀਤੀ ਹੈ, ਉਹ ਧਿਆਨ ਯੋਗ ਹੈ - 'ਸਾਰੇ ਧਰਮ ਗ੍ਰੰਥਾਂ ਦਾ ਸਵਾਮੀ, ਸਿੱਖ ਧਰਮ ਦਾ ਮਹਾਮਾਨਯ ਗ੍ਰੰਥ, ਸ੍ਰੀ ਗੁਰੂ ਅਰਜਨ ਦੇਵ ਨੇ ਪਹਿਲੇ ਸਤਿਗੁਰਾਂ ਦੀ ਬਾਣੀ ਇਕੱਤਰ ਕਰ ਕੇ ਸੰਮਤ 1660 ਵਿਚ, ਇਹ ਰਾਮਸਰ ਦੇ ਕਿਨਾਰੇ (ਅੰਮ੍ਰਿਤਸਰ) ਭਾਈ ਗੁਰਦਾਸ ਜੀ ਤੋਂ ਲਿਖਾਉਣਾ ਆਰੰਭਿਆ। ਆਪਣੀ ਰਚਨਾ ਅਤੇ ਭਗਤ ਆਦਿਕਾਂ ਦੀ ਬਾਣੀ ਸ਼ਾਮਿਲ ਕਰ ਕੇ ਸੰਮਤ 1661 ਵਿਚ ਸਮਾਪਤ ਕੀਤਾ। ਇਸੇ ਸਾਲ ਭਾਦੋਂ ਸੁਦੀ ੧ ਨੂੰ ਹਰਿਮੰਦਰ ਸਾਹਿਬ ਵਿਚ ਗੁਰਮਤ ਦੇ ਪ੍ਰਚਾਰ ਲਈ ਅਸਥਾਪਨ ਕਰ ਕੇ ਬਾਬਾ ਬੁੱਢਾ ਜੀ ਨੂੰ ਗ੍ਰੰਥੀ ਥਾਪਿਆ।'



ਗੁਰੂ ਪ੍ਰਤਾਪ ਸੂਰਜ ਗ੍ਰੰਥ ਵਿਚ ਮਹਾਂਕਵੀ ਸੰਤੋਖ ਸਿੰਘ ਨੇ ਵਿਸਤਾਰ ਨਾਲ ਬਾਣੀ ਦੇ ਸੰਗ੍ਰਹਿ 'ਆਦਿ ਗ੍ਰੰਥ' ਦੇ ਸ੍ਰੀ ਹਰਿਮੰਦਰ ਸਾਹਿਬ ਵਿਚ ਪਹਿਲੀ ਵਾਰ ਪ੍ਰਕਾਸ਼ ਕੀਤੇ ਜਾਣ ਦੀ ਘਟਨਾ ਦਾ ਜ਼ਿਕਰ ਕੀਤਾ ਹੈ। ਭਾਈ ਸਾਹਿਬ ਅਨੁਸਾਰ ਬਾਬਾ ਬੁੱਢਾ ਜੀ ਨੇ ਗ੍ਰੰਥ ਨੂੰ ਸਿਰ 'ਤੇ ਚੁੱਕ ਲਿਆ ਸੀ ਅਤੇ ਗੁਰੂ ਅਰਜਨ ਪਾਤਸ਼ਾਹ ਨੇ ਚਵਰ ਕਰਨੀ ਸ਼ੁਰੂ ਕਰ ਦਿੱਤੀ ਸੀ। ਹਰਿਮੰਦਰ ਵਿਚ ਪਹੁੰਚ ਕੇ ਗੁਰੂ ਗ੍ਰੰਥ ਸਾਹਿਬ ਨੂੰ ਬਿਰਾਜਮਾਨ ਕਰ ਦਿੱਤਾ ਗਿਆ ਸੀ ਅਤੇ ਗੁਰੂ ਸਾਹਿਬ ਨੇ ਨੇੜੇ ਹੀ ਭੂਤਲ ਅਰਥਾਤ ਜ਼ਮੀਨ 'ਤੇ ਆਪਣਾ ਆਸਣ ਕਰ ਲਿਆ ਸੀ। ਕਦੇ-ਕਦਾਈਂ ਹੀ ਗੁਰੂ ਜੀ ਆਪਣੇ ਨਿਵਾਸ 'ਤੇ ਜਾਂਦੇ ਸਨ, ਨਹੀਂ ਤਾਂ ਬਹੁਤਾ ਸਮਾਂ ਗ੍ਰੰਥ ਸਾਹਿਬ ਦੇ ਚਰਨਾਂ ਵਿਚ ਰਹਿੰਦੇ ਸਨ।

ਇਤਿਹਾਸ ਵਿਚ ਇਸ ਹਕੀਕਤ ਦੇ ਬਹੁਤ ਸਾਰੇ ਪ੍ਰਮਾਣ ਮਿਲਦੇ ਹਨ ਕਿ ਸ੍ਰੀ ਹਰਿਮੰਦਰ ਸਾਹਿਬ ਵਿਚ ਪਹਿਲੇ ਪ੍ਰਕਾਸ਼ ਤੋਂ ਬਾਅਦ ਗੁਰੂ ਗ੍ਰੰਥ ਸਾਹਿਬ ਨੂੰ ਉੱਚੀ ਥਾਂ 'ਤੇ ਪ੍ਰਕਾਸ਼ਮਾਨ ਕਰ ਕੇ ਆਪਣਾ ਆਸਣ ਥੱਲੇ ਜ਼ਮੀਨ 'ਤੇ ਲਾਉਣ ਦੀ ਪਰੰਪਰਾ ਅੱਗੇ ਆਉਣ ਵਾਲੇ ਗੁਰੂ ਸਾਹਿਬਾਨ ਨੇ ਨਿਭਾਈ ਹੈ। ਸਰੂਪ ਦਾਸ ਭੱਲਾ ਦੇ ਮਹਿਮਾ ਪ੍ਰਕਾਸ਼ ਮੁਤਾਬਿਕ, ਬਾਣੀ ਦਾ ਸੰਕਲਨ ਜਦੋਂ ਮੁਕੰਮਲ ਹੋ ਗਿਆ ਅਤੇ ਗੁਰੂ ਅਰਜਨ ਸਾਹਿਬ ਨੇ ਜਦੋਂ ਉਸ ਨੂੰ ਗ੍ਰੰਥ ਰੂਪ ਵਿਚ ਪਹਿਲੀ ਵਾਰ ਵੇਖਿਆ ਤਾਂ ਉਹ ਬਹੁਤ ਪ੍ਰਸੰਨ ਹੋਏ। ਆਪ ਗੁਰੂ ਸਾਹਿਬ ਨੇ ਅਤੇ ਸਾਰੀ ਸੰਗਤ ਨੇ ਧੂਪ-ਦੀਪ ਕਰ ਕੇ, ਗ੍ਰੰਥ ਅੱਗੇ ਮੱਥਾ ਟੇਕ ਕੇ ਆਪਣਾ ਅਦਬ-ਸਤਿਕਾਰ ਭੇਟ ਕੀਤਾ ਅਤੇ ਇਸ ਤਰ੍ਹਾਂ ਗ੍ਰੰਥ ਸਾਹਿਬ ਦੇ ਸਤਿਕਾਰ ਦੀ ਪਰੰਪਰਾ ਦਾ ਮੁੱਢ ਬੰਨ੍ਹਿਆ।

ਸਮਾਂ ਪਾ ਕੇ, ਜਦੋਂ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੂੰ ਗੁਰਿਆਈ ਦੀ ਜ਼ਿੰਮੇਵਾਰੀ ਪ੍ਰਾਪਤ ਹੋਈ ਤਾਂ ਉਨ੍ਹਾਂ ਨੇ ਆਪਣੇ ਮਨ ਵਿਚ ਸੰਕਲਪ ਕਰ ਲਿਆ ਕਿ ਉਨ੍ਹਾਂ ਤੋਂ ਬਾਅਦ ਗੁਰਿਆਈ ਦੀ ਗੱਦੀ 'ਤੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸੁਸ਼ੋਭਿਤ ਕੀਤਾ ਜਾਵੇਗਾ। ਇਸ ਲਈ ਗੁਰੂ ਅਰਜਨ ਦੇਵ ਜੀ ਦੁਆਰਾ ਸੰਪਾਦਤ ਗੁਰੂ ਗ੍ਰੰਥ ਸਾਹਿਬ ਦੀ ਬੀੜ ਜਿਸ ਦਾ ਪਹਿਲਾ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ ਵਿਚ ਕੀਤਾ ਗਿਆ ਸੀ, ਵਿਚ ਗੁਰੂ ਤੇਗ ਬਹਾਦਰ ਜੀ ਦੇ ਸ਼ਬਦਾਂ ਤੇ ਸਲੋਕਾਂ ਨੂੰ ਜੋੜ ਕੇ ਗੁਰੂ ਗੋਬਿੰਦ ਪਾਤਸ਼ਾਹ ਨੇ ਆਪਣੀ ਸਰਪ੍ਰਸਤੀ ਹੇਠਾਂ ਸ੍ਰੀ ਦਮਦਮਾ ਸਾਹਿਬ ਦੇ ਮੁਕਾਮ 'ਤੇ ਨਵੇਂ ਸਿਰਿਉਂ ਬੀੜ ਤਿਆਰ ਕਰਵਾਈ ਸੀ। ਫਿਰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇਸੇ ਦਮਦਮੀ ਬੀੜ ਨੂੰ ਨਾਂਦੇੜ ਦੀ ਧਰਤੀ 'ਤੇ 1708 ਈਸਵੀ ਵਿਚ ਸਦੀਵ ਕਾਲ ਲਈ ਗੁਰਿਆਈ ਦੇ ਤਖਤ 'ਤੇ ਬਿਰਾਜਮਾਨ ਕਰ ਦਿੱਤਾ।

ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਸਾਹਿਬਾਨ ਦੀ ਬਾਣੀ ਦੇ ਨਾਲ-ਨਾਲ ਸੰਤਾਂ-ਭਗਤਾਂ ਦੀ ਬਾਣੀ ਨੂੰ ਵੀ ਸ਼ਾਮਿਲ ਕੀਤਾ ਗਿਆ ਹੈ। ਸਿਰਫ ਏਨਾ ਹੀ ਨਹੀਂ, ਭਗਤਾਂ ਦੀ ਬਾਣੀ ਨੂੰ ਗੁਰੂਆਂ ਦੀ ਬਾਣੀ ਦੇ ਬਰਾਬਰ ਦਾ ਦਰਜਾ ਦਿੱਤਾ ਗਿਆ ਹੈ ਅਤੇ ਇਹ ਬਾਣੀ ਸਿੱਖਾਂ ਲਈ ਉਸੇ ਤਰ੍ਹਾਂ ਅਦਬ-ਸਤਿਕਾਰ ਦੀ ਹੱਕਦਾਰ ਅਤੇ ਪੂਜਣਯੋਗ ਹੈ, ਜਿਸ ਤਰ੍ਹਾਂ ਗੁਰੂ ਸਾਹਿਬਾਨ ਦੀ ਬਾਣੀ। ਅਸੀਂ ਵੇਖ ਸਕਦੇ ਹਾਂ ਕਿ ਗੁਰੂ ਗ੍ਰੰਥ ਸਾਹਿਬ ਦੇ ਰਚਨਾਕਾਰਾਂ ਦਾ ਘੇਰਾ ਬਹੁਤ ਵੱਡਾ ਹੈ। ਕਿਸੇ ਵੀ ਮਜ਼ਹਬ, ਜਾਤੀ ਜਾਂ ਕਿੱਤੇ ਨਾਲ ਸਬੰਧ ਰੱਖਣ ਵਾਲਾ ਇਸ ਦੀ ਬਾਣੀ ਦਾ ਰਚਨਾਕਾਰ ਹੋ ਸਕਦਾ ਹੈ; ਭਾਵੇਂ ਉਹ ਹਿੰਦੂ, ਮੁਸਲਿਮ ਤੇ ਹੋਰ ਕਿਸੇ ਵੀ ਧਰਮ ਨੂੰ ਮੰਨਣ ਵਾਲਾ ਜਾਂ ਕਿਸੇ ਵੀ ਜਾਤ ਨਾਲ ਸਬੰਧਿਤ ਹੋਵੇ। ਵੱਖ-ਵੱਖ ਜਾਤੀਆਂ ਅਤੇ ਧਰਮਾਂ ਵਿਚ ਵਿਸ਼ਵਾਸ ਰੱਖਣ ਵਾਲੇ ਭਗਤਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਕਰ ਕੇ ਗੁਰੂ ਸਾਹਿਬ ਨੇ ਵਿਤਕਰਿਆਂ ਨੂੰ ਖਤਮ ਕਰਨ ਅਤੇ ਲੋਕਾਂ ਵਿਚ ਸਦਭਾਵ ਤੇ ਸਹਿਹੋਂਦ ਦੀ ਭਾਵਨਾ ਕਾਇਮ ਕਰਨ ਦੀ ਕੋਸ਼ਿਸ਼ ਕੀਤੀ ਸੀ। ਫਿਰ ਇਕ ਲਿਹਾਜ਼ ਨਾਲ ਕਿਹਾ ਜਾ ਸਕਦਾ ਹੈ ਕਿ ਵੱਖ-ਵੱਖ ਮਜ਼ਹਬਾਂ, ਜਾਤੀਆਂ ਅਤੇ ਖਿੱਤਿਆਂ ਨਾਲ ਸਬੰਧ ਰੱਖਣ ਵਾਲੇ ਸੰਤਾਂ-ਭਗਤਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਕਰਨਾ ਗੁਰੂ ਸਾਹਿਬਾਨ ਦਾ ਇਨਕਲਾਬੀ ਕਦਮ ਸੀ। ਗੁਰੂਆਂ ਦੇ ਇਸ ਫੈਸਲੇ ਨਾਲ ਇਕ ਪਾਸੇ ਭਗਤਾਂ ਦੀ ਬਾਣੀ ਦੀ ਸਦੀਵ ਕਾਲ ਲਈ ਸਾਂਭ-ਸੰਭਾਲ ਹੋ ਗਈ, ਦੂਜੇ ਪਾਸੇ ਸਿੱਖ ਪਰੰਪਰਾ ਦੀ ਸਾਂਝ ਅਤੇ ਸਦਭਾਵਨਾ ਵਾਲੀ ਨੁਹਾਰ ਹੋਰ ਨਿੱਖਰ ਕੇ ਸਾਹਮਣੇ ਆ ਗਈ।

ਆਖਰ ਵਿਚ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪ੍ਰਕਾਸ਼ ਗੁਰਪੁਰਬ ਦੇ ਮੌਕੇ 'ਤੇ ਆਪਣੀ ਅਕੀਦਤ ਭੇਟ ਕਰਦਿਆਂ ਇਕ ਨੁਕਤਾ ਸਾਂਝਾ ਕਰਨਾ ਚਾਹੁੰਦਾ ਹਾਂ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਰਚਨਕਾਰਾਂ ਨੇ ਜਿਹੜਾ ਸੰਦੇਸ਼ ਦਿੱਤਾ, ਉਸ ਦਾ ਮੁੱਖ ਧੁਰਾ ਸਮੁੱਚੀ ਮਨੁੱਖਤਾ ਦੀ ਭਲਾਈ ਹੈ। ਬਾਣੀ ਵਿਚ ਥਾਂ-ਥਾਂ 'ਤੇ ਮਨੁੱਖੀ ਏਕਤਾ, ਸਮਾਜਕ ਬਰਾਬਰੀ ਅਤੇ ਵਿਚਾਰਾਂ ਦੀ ਆਜ਼ਾਦੀ ਦੀ ਗੱਲ ਨੂੰ ਜ਼ੋਰਦਾਰ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਅਸਲ ਵਿਚ, ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ 'ਰੱਬ ਦੀ ਇੱਕਤਾ' ਦੀ ਗੱਲ ਨੂੰ ਦ੍ਰਿੜ ਕਰਾਉਂਦੀ ਹੈ ਅਤੇ ਸੰਸਾਰ ਦੀ ਸਾਰੀ ਭੌਤਿਕ ਅਨੇਕਤਾ ਨੂੰ 'ਇਕ' ਦਾ ਪਾਸਾਰ ਮੰਨਦੀ ਹੈ। ਫਿਰ ਰੱਬ ਦੀ ਇੱਕਤਾ ਦੇ ਇਸੇ ਸਿਧਾਂਤ ਵਿਚੋਂ ਹੀ ਮਨੁੱਖੀ ਏਕਤਾ ਦੇ ਵਿਚਾਰ ਦੀ ਜ਼ਮੀਨ ਤਿਆਰ ਹੁੰਦੀ ਨਜ਼ਰ ਆਉਂਦੀ ਹੈ। 'ਏਕੁ ਪਿਤਾ ਏਕਸ ਕੇ ਹਮ ਬਾਰਿਕ' ਦੇ ਸੰਕਲਪ ਦਾ ਪ੍ਰਤੀਪਾਦਨ ਹੁੰਦਾ ਦਿਸਦਾ ਹੈ। 'ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ' ਅਤੇ 'ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ' ਦਾ ਫਲਸਫਾ ਵੀ ਇਸੇ ਸਿਧਾਂਤ ਵਿਚੋਂ ਪਰਵਾਹਿਤ ਹੁੰਦਾ ਲਗਦਾ ਹੈ। ਸੱਚਮੁੱਚ, ਸਮੁੱਚੀ ਮਨੁੱਖਤਾ ਦੀ ਸਰਬਸਾਂਝੀ ਵਿਰਾਸਤ ਹੈ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ।

# ਅਮਰੀਕੀ ਤਾਕਤ ਦਾ ਭਵਿੱਖ



ਅਫਗਾਨਿਸਤਾਨ ਵਿਚੋਂ ਵਾਪਸ ਜਾ ਰਹੇ ਅਮਰੀਕੀ ਫੌਜੀ।

ਫਰਵਰੀ 1989 'ਚ ਆਖਰੀ ਸੋਵੀਅਤ ਟੈਂਕ ਅਫਗਾਨਿਸਤਾਨ ਵਿਚੋਂ ਨਿੱਕਲ ਗਿਆ, ਉਸ ਦੀ ਫੌਜ ਨੂੰ ਮੁਜਾਹਿਦੀਨ ਦੇ ਢਿੱਲੜ ਜਿਹੇ ਗੱਠਜੋੜ (ਜਿਸ ਨੂੰ ਸਿਖਲਾਈ, ਹਥਿਆਰ, ਫੰਡਿੰਗ ਤੇ ਪ੍ਰੇਰਨਾ ਅਮਰੀਕੀ ਅਤੇ ਪਾਕਿਸਤਾਨੀ ਖੁਫੀਆ ਸੇਵਾਵਾਂ ਨੇ ਦਿੱਤੀ ਸੀ) ਨੇ ਲੱਗਭੱਗ ਦਹਾਕਾ ਲੰਮੇ, ਸਬਕ ਸਿਖਾਊ ਯੁੱਧ 'ਚ ਫੈਸਲਾਕੁਨ ਰੂਪ ਵਿਚ ਹਰਾ ਦਿੱਤਾ ਗਿਆ ਸੀ। ਉਸ ਸਾਲ ਨਵੰਬਰ ਤੱਕ ਬਰਲਿਨ ਦੀ ਦੀਵਾਰ ਢਹਿ ਗਈ ਸੀ ਅਤੇ ਸੋਵੀਅਤ ਸੰਘ ਦਾ ਪਤਨ ਸ਼ੁਰੂ ਹੋ ਗਿਆ ਸੀ। ਜਦੋਂ ਸ਼ੀਤ ਯੁੱਧ ਖਤਮ ਹੋਇਆ ਤਾਂ ਅਮਰੀਕਾ ਇਕ-ਧਰੁਵੀ ਆਲਮੀ ਵਿਵਸਥਾ ਦਾ ਮੁਖੀ ਬਣ ਗਿਆ। ਬਹੁਤ ਥੋੜ੍ਹੇ ਸਮੇਂ 'ਚ ਕੱਟੜਪੰਥੀ ਇਸਲਾਮ ਨੇ ਆਲਮੀ ਸ਼ਾਂਤੀ ਲਈ ਸਭ ਤੋਂ ਵੱਡੇ ਖਤਰੇ ਦੇ ਰੂਪ 'ਚ ਕਮਿਊਨਿਜ਼ਮ ਦੀ ਜਗ੍ਹਾ ਲੈ ਲਈ। ਜਿਵੇਂ ਅਸੀਂ ਜਾਣਦੇ ਸੀ, 11 ਸਤੰਬਰ 2001 ਵਾਲੇ ਹਮਲਿਆਂ ਤੋਂ ਬਾਅਦ ਰਾਜਨੀਤਕ



**ਅਰੁੰਧਤੀ ਰਾਏ**
**ਅਨੁਵਾਦ: ਬੂਟਾ ਸਿੰਘ**

ਦੁਨੀਆ ਆਪਣੀ ਧੁਰੀ ਦੁਆਲੇ ਘੁੰਮਦੀ ਸੀ; ਤੇ ਉਸ ਧੁਰੀ ਦੀ ਧੁਰੀ ਕਿਤੇ ਅਫਗਾਨਿਸਤਾਨ ਦੇ ਪਹਾੜਾਂ ਵਿਚ ਸਥਿਤ ਜਾਪਦੀ ਸੀ।

ਹੁਣ ਜਦੋਂ ਅਮਰੀਕਾ ਦੀ ਅਫਗਾਨਿਸਤਾਨ ਵਿਚੋਂ ਨਮੋਸ਼ੀ ਭਰੀ ਵਾਪਸੀ ਹੋਈ ਹੈ ਤਾਂ ਜੇ ਹੋਰ ਕੁਝ ਨਹੀਂ ਤਾਂ ਬਿਰਤਾਂਤ ਦੀ ਸਮਰੂਪਤਾ ਦੇ ਕਾਰਨਾਂ ਕਰਕੇ ਇਸ ਦੀ ਤਾਕਤ ਦੇ ਪਤਨ, ਚੀਨ ਦੇ ਉਭਾਰ ਅਤੇ ਇਸ ਦੀਆਂ ਬਾਕੀ ਦੁਨੀਆ ਲਈ ਜੋ ਅਰਥ-ਸੰਭਾਵਨਾਵਾਂ ਹੋ ਸਕਦੀਆਂ ਹਨ, ਉਸ ਨੂੰ ਲੈ ਕੇ ਗੱਲਬਾਤ ਨੇ ਅਚਾਨਕ ਤੇਜ਼ੀ ਫੜ ਲਈ ਹੈ। ਯੂਰਪ, ਖਾਸ ਕਰਕੇ ਬਰਤਾਨੀਆ ਲਈ ਅਮਰੀਕਾ ਦੀ ਆਰਥਕ ਅਤੇ ਫੌਜੀ ਤਾਕਤ ਨੇ ਯਥਾ-ਸਥਿਤੀ ਨੂੰ ਕਾਰਗਰ ਤਰੀਕੇ ਨਾਲ ਬਰਕਰਾਰ ਰੱਖ ਕੇ ਇਕ ਤਰ੍ਹਾਂ ਦੀ ਸਭਿਆਚਾਰਕ ਲਗਾਤਾਰਤਾ ਮੁਹੱਈਆ ਕੀਤੀ ਹੈ। ਉਨ੍ਹਾਂ ਲਈ ਆਪਣਾ ਸਥਾਨ ਲੈਣ ਲਈ ਨਵੀਂ, ਕਰੂਰ ਸੱਤਾ ਦੀ ਇੰਤਜ਼ਾਰ ਲਾਜ਼ਮੀ ਹੀ ਡੂੰਘੀ ਚਿੰਤਾ ਦਾ ਸਰੋਤ ਹੋਣੀ ਚਾਹੀਦੀ ਹੈ।

ਦੁਨੀਆ ਦੇ ਹੋਰ ਹਿੱਸਿਆਂ ਜਿੱਥੇ ਯਥਾ-ਸਥਿਤੀ ਵੱਲੋਂ ਅਸਹਿ ਕਸ਼ਟ ਦਿੱਤੇ ਗਏ ਹਨ, ਵਿਚ ਅਫਗਾਨਿਸਤਾਨ ਤੋਂ ਆ ਰਹੀਆਂ ਖਬਰਾਂ ਨੂੰ ਘੱਟ ਭੈਅ ਨਾਲ ਲਿਆ ਗਿਆ ਹੈ।

ਜਿਸ ਦਿਨ ਤਾਲਿਬਾਨ ਨੇ ਕਾਬੁਲ 'ਚ ਪ੍ਰਵੇਸ਼ ਕੀਤਾ, ਮੈਂ ਪਹਾੜਾਂ ਵਿਚ ਤੋਸਾ ਮੈਦਾਨ 'ਚ ਸੀ। ਇਹ ਕਸ਼ਮੀਰ ਵਿਚ ਉਚੀ ਜਗ੍ਹਾ ਅਲਪਾਈਨ ਘਾਹ ਦਾ ਮੈਦਾਨ ਹੈ ਜਿਸ ਦਾ ਇਸਤੇਮਾਲ ਭਾਰਤੀ ਫੌਜ ਅਤੇ ਹਵਾਈ ਫੌਜ ਦਹਾਕਿਆਂ ਤੋਂ ਤੋਪਖਾਨੇ ਅਤੇ ਹਵਾਈ ਬੰਬਾਰੀ ਦਾ ਅਭਿਆਸ ਕਰਨ ਲਈ ਕਰਦੀ ਸੀ। ਘਾਹ ਦੇ ਮੈਦਾਨ ਦੇ ਇਕ ਕਿਨਾਰੇ ਤੋਂ ਅਸੀਂ ਥੱਲੇ ਘਾਟੀ ਦੇਖ ਸਕਦੇ ਹਾਂ ਜੋ ਸ਼ਹੀਦਾਂ ਦੇ ਕਬਰਸਤਾਨਾਂ ਨਾਲ ਘਿਰੀ ਹੋਈ ਹੈ। ਉਥੇ ਕਸ਼ਮੀਰ ਦੇ ਸਵੈ-ਨਿਰਣੇ ਲਈ ਸੰਘਰਸ਼ ਦੌਰਾਨ ਮਾਰੇ ਗਏ ਹਜ਼ਾਰਾਂ ਕਸ਼ਮੀਰੀ ਮੁਸਲਮਾਨਾਂ ਨੂੰ ਦਫਨਾਇਆ ਗਿਆ ਹੈ।

ਭਾਰਤ ਵਿਚ ਇਕ ਹਿੰਦੂ ਰਾਸ਼ਟਰਵਾਦੀ ਸਮੂਹ- ਭਾਰਤੀ ਜਨਤਾ ਪਾਰਟੀ (ਬੀ.ਜੇ.ਪੀ.) 9/11 ਤੋਂ ਬਾਅਦ ਦੇ ਕੌਮਾਂਤਰੀ ਇਸਲਾਮੀ ਹਊਏ ਦਾ ਚਲਾਕੀ ਨਾਲ ਇਸਤੇਮਾਲ ਕਰਦੇ ਹੋਏ ਸੱਤਾ ਵਿਚ ਆਈ ਜੋ ਮੁਸਲਿਮ ਵਿਰੋਧੀ ਕਤਲੇਆਮਾਂ ਦੀ ਖੂਨੀ ਲਹਿਰ 'ਤੇ ਸਵਾਰ ਸੀ ਜਿਸ ਵਿਚ ਹਜ਼ਾਰਾਂ ਲੋਕ ਦਾ ਕਤਲੇਆਮ ਕੀਤਾ ਗਿਆ। ਉਹ ਖੁਦ ਨੂੰ ਅਮਰੀਕਾ ਦਾ ਕੱਟੜ ਸੰਗੀ ਮੰਨਦਾ ਹੈ। ਭਾਰਤੀ ਸੁਰੱਖਿਆ ਦੀ ਸਥਾਪਿਤ ਵਿਵਸਥਾ ਇਸ ਗੱਲ ਤੋਂ ਜਾਣੂ ਹੈ ਕਿ ਤਾਲਿਬਾਨ ਦੀ ਜਿੱਤ ਉਪ ਮਹਾਂਦੀਪ ਦੀ ਘਿਨਾਉਣੀ ਸਿਆਸਤ ਵਿਚ ਢਾਂਚਾਗਤ ਬਦਲਾਓ ਦੀ ਪ੍ਰਤੀਕ ਹੈ ਜਿਸ ਵਿਚ ਤਿੰਨ ਪਰਮਾਣੂ ਤਾਕਤਾਂ ਭਾਰਤ, ਪਾਕਿਸਤਾਨ ਤੇ ਚੀਨ ਸ਼ਾਮਿਲ ਹਨ ਜਿਸ ਦਾ ਉਤੇਜਨਾ ਬਿੰਦੂ ਕਸ਼ਮੀਰ ਹੈ। ਤਾਲਿਬਾਨ ਦੀ ਇਹ ਜਿੱਤ, ਇਸ ਨੇ ਭਾਵੇਂ ਕਿੰਨੀ ਵੀ ਕੀਮਤ ਵਸੂਲੀ, ਨੂੰ ਆਪਣੇ ਜਾਨੀ ਦੁਸ਼ਮਣ ਪਾਕਿਸਤਾਨ ਦੀ ਜਿੱਤ ਦੇ ਰੂਪ 'ਚ ਦੇਖਦਾ ਹੈ ਜੋ ਤਾਲਿਬਾਨ ਨੂੰ ਅਮਰੀਕੀ ਕਬਜ਼ੇ ਖਿਲਾਫ ਆਪਣੀ 20 ਸਾਲ ਦੀ ਲੜਾਈ 'ਚ ਗੁਪਤ ਰੂਪ ਵਿਚ ਹਮਾਇਤ ਦਿੰਦਾ ਰਿਹਾ ਹੈ। ਭਾਰਤ ਦੇ ਮੁੱਖ ਹਿੱਸੇ ਦੀ ਸਾਢੇ ਸਤਾਰਾਂ ਕਰੋੜ ਦੀ ਤਕੜੀ ਮੁਸਲਿਮ ਆਬਾਦੀ ਜੋ ਪਹਿਲਾਂ ਹੀ ਕਰੂਰ ਜਬਰ ਦੀ ਮਾਰ ਹੇਠ ਸੀ, ਜਿਸ ਨੂੰ ਬੰਦ ਬਸਤੀਆਂ 'ਚ ਡੱਕਿਆ ਹੋਇਆ ਹੈ ਤੇ ਜਿਸ ਨੂੰ 'ਪਾਕਿਸਤਾਨੀ' ਹੋਣ ਦਾ ਠੱਪਾ ਲਾ ਕੇ ਕਲੰਕਤ ਕੀਤਾ ਗਿਆ ਹੈ, ਲਈ ਹੁਣ 'ਤਾਲਿਬਾਨ' ਦੇ ਰੂਪ ਵਿਚ ਵਿਤਕਰਾ ਅਤੇ ਜ਼ੁਲਮ ਹੋਰ ਵਧੇਰੇ ਜੋਖਮ ਭਰਿਆ ਹੋ ਗਿਆ ਹੈ।

ਭਾਰਤ ਦਾ ਜ਼ਿਆਦਾਤਰ ਮੁੱਖਧਾਰਾ ਮੀਡੀਆ ਜੋ ਘਿਨਾਉਣੇ ਰੂਪ 'ਚ ਬੀ.ਜੇ.ਪੀ. ਦਾ ਹੱਥਠੋਕਾ ਹੈ, ਤਾਲਿਬਾਨ ਦਾ ਜ਼ਿਕਰ ਦਹਿਸ਼ਤਵਾਦੀ ਸਮੂਹ ਦੇ ਰੂਪ 'ਚ ਕਰਦਾ ਆ ਰਿਹਾ ਹੈ। ਪੰਜ ਲੱਖ ਭਾਰਤੀ ਫੌਜ ਦੀਆਂ ਬੰਦੂਕਾਂ ਹੇਠ ਦਹਾਕਿਆਂ ਤੋਂ ਰਹਿ ਰਹੇ ਕਈ ਕਸ਼ਮੀਰੀ ਇਸ ਖਬਰ ਨੂੰ ਵੱਖਰੀ ਤਰ੍ਹਾਂ ਪੜ੍ਹਦੇ ਹਨ। ਚਾਹਤ ਨਾਲ। ਉਹ ਆਪਣੀ ਅੰਧਕਾਰ ਅਤੇ ਰੋਹ ਦੀ ਦੁਨੀਆ 'ਚ ਝੀਤ ਵਿਚੋਂ ਆ ਰਹੇ ਚਾਨਣ ਦੀ ਭਾਲ ਵਿਚ ਸਨ।


ਦਰਅਸਲ ਜੋ ਕੁਝ ਹੋ ਰਿਹਾ ਸੀ, ਉਸ ਦਾ ਵੇਰਵਾ ਤੇ ਢਾਂਚਾ ਅਜੇ ਵੀ ਉਲਝਿਆ ਹੋਇਆ ਸੀ। ਜਿਨ੍ਹਾਂ ਲੋਕਾਂ ਨਾਲ ਮੈਂ ਗੱਲ ਕੀਤੀ, ਉਨ੍ਹਾਂ ਵਿਚੋਂ ਕੁਝ ਇਸ ਨੂੰ ਦੁਨੀਆ ਦੀ ਸਭ ਤੋਂ ਤਾਕਤਵਰ ਫੌਜ ਦੇ ਖਿਲਾਫ ਇਸਲਾਮ ਦੀ ਜਿੱਤ ਦੇ ਰੂਪ 'ਚ ਦੇਖਦੇ ਸਨ। ਹੋਰ ਇਸ ਸੰਕੇਤ ਦੇ ਰੂਪ 'ਚ ਕਿ ਧਰਤੀ ਉਪਰ ਕੋਈ ਵੀ ਤਾਕਤ ਸੱਚੇ ਸੁਤੰਤਰਤਾ ਸੰਗਰਾਮ ਨੂੰ ਕੁਚਲ ਨਹੀਂ ਸਕਦੀ। ਉਨ੍ਹਾਂ ਦਾ ਪੁਰਜੋਸ਼ ਵਿਸ਼ਵਾਸ ਸੀ, ਉਹ ਵਿਸ਼ਵਾਸ ਕਰਨਾ ਚਾਹੁੰਦੇ ਸਨ ਕਿ ਤਾਲਿਬਾਨ ਪੂਰੀ ਤਰ੍ਹਾਂ ਬਦਲ ਗਿਆ ਹੈ ਅਤੇ ਇਹ ਦੁਬਾਰਾ ਆਪਣੇ ਵਹਿਸ਼ੀ ਤਰੀਕੇ ਨਾਲ ਨਹੀਂ ਆਵੇਗਾ। ਉਨ੍ਹਾਂ ਨੇ ਵੀ ਦੇਖਿਆ ਕਿ ਖੇਤਰੀ ਸਿਆਸਤ ਅੰਦਰ ਇਸ ਦੀਆਂ ਹੇਠਲੀਆਂ ਤਹਿਆਂ 'ਚ ਕੀ ਰੱਦੋਬਦਲ ਹੋਈ ਹੈ, ਜਿਸ ਨਾਲ ਉਨ੍ਹਾਂ ਨੂੰ ਉਮੀਦ ਬੱਝਦੀ ਸੀ ਕਿ ਕਸ਼ਮੀਰੀਆਂ ਨੂੰ ਕੁਛ ਸਾਹ ਲੈਣ ਦੀ ਜਗ੍ਹਾ ਮਿਲੇਗੀ, ਕੁਛ ਸਨਮਾਨ ਦੀ ਸੰਭਾਵਨਾ ਬਣੇਗੀ।

ਵਿਡੰਬਨਾ ਇਹ ਸੀ ਕਿ ਅਸੀਂ ਇਹ ਗੱਲਬਾਤ ਬੰਬਾਂ ਨਾਲ ਬਣੇ ਖੱਡਿਆਂ ਨਾਲ ਭਰੇ ਘਾਹ ਦੇ ਮੈਦਾਨ 'ਚ ਬੈਠੇ ਕਰ ਰਹੇ ਸੀ। ਇਹ ਭਾਰਤ ਵਿਚ ਸੁਤੰਤਰਤਾ ਦਿਵਸ ਦਾ ਵਕਤ ਸੀ ਅਤੇ ਵਿਰੋਧ ਨੂੰ ਰੋਕਣ ਲਈ ਕਸ਼ਮੀਰ ਨੂੰ ਬੰਦ ਕਰ ਦਿੱਤਾ ਗਿਆ ਸੀ। ਇਕ ਸਰਹੱਦ ਉਪਰ ਭਾਰਤ ਅਤੇ ਪਾਕਿਸਤਾਨ ਦੀਆਂ ਫੌਜਾਂ ਤਣਾਓਪੂਰਨ ਹਾਲਾਤ 'ਚ ਆਹਮੋ-ਸਾਹਮਣੇ ਸਨ। ਦੂਜੇ ਪਾਸੇ, ਲਾਗੇ ਲੱਦਾਖ ਵਿਚ ਚੀਨੀ ਫੌਜ ਨੇ ਸਰਹੱਦ ਪਾਰ ਕਰਕੇ ਭਾਰਤੀ ਖੇਤਰ 'ਚ ਡੇਰਾ ਲਾ ਲਿਆ ਸੀ। ਅਫਗਾਨਿਸਤਾਨ ਬਹੁਤ ਨੇੜੇ ਮਹਿਸੂਸ ਹੋਇਆ।



ਵੀਅਤਨਾਮ ਵਿਚੋਂ ਵਾਪਸ ਜਾ ਰਹੇ ਅਮਰੀਕੀ ਫੌਜੀਆਂ ਦੀ ਝਲਕ।

ਦੂਜੇ ਆਲਮੀ ਯੁੱਧ ਤੋਂ ਬਾਅਦ ਆਪਣਾ ਗਲਬਾ ਸਥਾਪਤ ਕਰਨ ਅਤੇ ਸਲਾਮਤ ਰੱਖਣ ਦੀਆਂ ਬੇਸ਼ੁਮਾਰ ਫੌਜੀ ਮੁਹਿੰਮਾਂ 'ਚ ਅਮਰੀਕਾ ਨੇ ਇਕ ਤੋਂ ਬਾਅਦ ਇਕ ਮੁਲਕ (ਗੈਰ ਗੋਰੇ ਮੁਲਕਾਂ) ਨੂੰ ਤੋੜ ਦਿੱਤਾ ਹੈ। ਇਸ ਨੇ ਮਿਲੀਸ਼ੀਆ ਦੀਆਂ ਵਾਗਾਂ ਖੁੱਲ੍ਹੀਆਂ ਛੱਡ ਦਿੱਤੀਆਂ ਹਨ, ਲੱਖਾਂ ਲੋਕਾਂ ਦਾ ਕਤਲੇਆਮ ਕੀਤਾ ਹੈ, ਨਵਜੰਮੀਆਂ ਜਮਹੂਰੀਅਤਾਂ ਦੇ ਤਖਤ ਉਲਟਾ ਦਿੱਤੇ ਹਨ ਅਤੇ ਉਨ੍ਹਾਂ ਦੀ ਜਗ੍ਹਾ ਜ਼ਾਲਮ ਅਤੇ ਵਹਿਸ਼ੀ ਫੌਜੀ ਕਬਜ਼ੇ ਦੀਆਂ ਹਕੂਮਤਾਂ ਸਥਾਪਤ ਕੀਤੀਆਂ ਹਨ। ਇਸ ਨੇ ਇਕ ਜਾਂ ਦੂਜੇ ਤਰੀਕੇ ਨਾਲ ਨਿਰਸਵਾਰਥ, ਸਭਿਅਕ ਬਣਾਉਣ ਦੀ ਬਰਤਾਨਵੀ ਬਸਤੀਵਾਦੀ ਲਫਾਜ਼ੀ ਦਾ ਆਧੁਨਿਕ ਐਡੀਸ਼ਨ ਲਾਗੂ ਕੀਤਾ ਹੈ। ਵੀਅਤਨਾਮ ਦੇ ਮਾਮਲੇ 'ਚ ਵੀ ਇਹ ਇਸੇ ਤਰ੍ਹਾਂ ਸੀ; ਤੇ ਅਫਗਾਨਿਸਤਾਨ ਦੇ ਮਾਮਲੇ 'ਚ ਵੀ ਇਸੇ ਤਰ੍ਹਾਂ ਹੈ।



ਇਸ ਉਪਰ ਮੁਨੱਸਰ ਕਰਦੇ ਹੋਏ ਕਿ ਤੁਸੀਂ ਇਤਿਹਾਸ ਦੇ ਨਿਸ਼ਾਨਾਂ ਨੂੰ ਕਿੱਥੇ ਲਗਾਉਣਾ ਚਾਹੁੰਦੇ ਹੋ, ਸੋਵੀਅਤ ਸੰਘ, ਅਮਰੀਕੀ ਅਤੇ ਪਾਕਿਸਤਾਨੀ ਹਮਾਇਤੀ ਮੁਜਾਹਿਦੀਨ, ਤਾਲਿਬਾਨ, ਉਤਰੀ ਗੱਠਜੋੜ, ਅਕਹਿ ਰੂਪ ਵਿਚ ਹਿੰਸਕ ਅਤੇ ਵਿਸ਼ਵਾਸਘਾਤੀ ਸਰਦਾਰਾਂ ਅਤੇ ਅਮਰੀਕਾ ਤੇ ਨਾਟੋ ਦੇ ਲਸ਼ਕਰਾਂ ਵੱਲੋਂ ਅਫਗਾਨ ਲੋਕਾਂ ਦੀਆਂ ਹੱਡੀਆਂ ਨੂੰ ਫੌਜੀ ਦੇਗਚੇ 'ਚ ਉਬਾਲ ਕੇ ਉਨ੍ਹਾਂ ਦਾ ਬੇਕਿਰਕੀ ਨਾਲ ਲਹੂ ਪੀਤਾ ਗਿਆ ਹੈ। ਸਾਰਿਆਂ ਨੇ ਬਿਨਾ ਕਿਸੇ ਅਪਵਾਦ ਦੇ ਮਨੁੱਖਤਾ ਵਿਰੁੱਧ ਜੁਰਮ ਕੀਤੇ ਹਨ। ਸਾਰਿਆਂ ਨੇ ਅਲ-ਕਾਇਦਾ, ਆਈ.ਐਸ.ਆਈ.ਐਸ. ਅਤੇ ਉਨ੍ਹਾਂ ਦੇ ਸਹਿਯੋਗੀਆਂ ਵਰਗੇ ਦਹਿਸ਼ਤਵਾਦੀ ਗਰੁੱਪਾਂ ਦੇ ਕੰਮ ਕਰਨ ਲਈ ਮਿੱਟੀ ਅਤੇ ਪੌਣਪਾਣੀ ਮੁਹੱਈਆ ਕਰਨ 'ਚ ਯੋਗਦਾਨ ਪਾਇਆ ਹੈ।

ਜੇ ਔਰਤਾਂ ਨੂੰ ਸ਼ਕਤੀਸ਼ਾਲੀ ਬਣਾਉਣਾ ਅਤੇ ਉਨ੍ਹਾਂ ਉਨ੍ਹਾਂ ਦੇ ਪਰਿਵਾਰਾਂ ਅਤੇ ਸਮਾਜਾਂ ਤੋਂ ਉਨ੍ਹਾਂ ਤੋਂ ਰੱਖਿਆ ਕਰਨਾ ਵਰਗੇ ਸਨਮਾਨਜਨਕ 'ਇਰਾਦੇ' ਫੌਜੀ ਹਮਲਿਆਂ ਨੂੰ ਘਟਾਉਣ ਵਾਲੇ ਕਾਰਕ ਹਨ ਤਾਂ ਨਿਸ਼ਚਿਤ ਰੂਪ 'ਚ ਸੋਵੀਅਤ ਅਤੇ ਅਮਰੀਕੀ ਦੋਨੋਂ ਹੀ ਸ਼ਹਿਰੀ ਅਫਗਾਨ ਔਰਤਾਂ ਦੇ ਨਿੱਕੇ ਜਿਹੇ ਹਿੱਸੇ ਨੂੰ ਔਰਤ ਵਿਰੋਧੀ ਮੱਧਯੁਗ ਨਫਰਤ ਦੇ ਉਬਲਦੇ ਦੇਗਚੇ 'ਚ ਸੁੱਟਣ ਤੋਂ ਪਹਿਲਾਂ ਉਨ੍ਹਾਂ ਦੀ ਪਰਵਰਿਸ਼ ਕਰਨ, ਉਨ੍ਹਾਂ ਨੂੰ ਪੜ੍ਹਾਉਣ-ਲਿਖਾਉਣ ਅਤੇ ਸ਼ਕਤੀਸ਼ਾਲੀ ਬਣਾਉਣ ਦਾ ਹੱਕੀ ਦਾਅਵਾ ਕਰ ਸਕਦੇ ਹਨ। ਲੇਕਿਨ ਨਾ ਤਾਂ ਮੁਲਕਾਂ 'ਚ ਲੋਕਤੰਤਰ ਨੂੰ ਅਤੇ ਨਾ ਹੀ ਨਾਰੀਵਾਦ ਨੂੰ ਬੰਬਾਂ ਰਾਹੀਂ ਸੁੱਟਿਆ ਜਾ ਸਕਦਾ ਹੈ। ਅਫਗਾਨ ਔਰਤਾਂ ਨੇ ਆਪਣੀ ਆਜ਼ਾਦੀ ਅਤੇ ਆਪਣੇ ਮਾਣ-ਸਨਮਾਨ ਲਈ ਆਪਣੇ ਤਰੀਕੇ ਨਾਲ, ਆਪਣੇ ਸਮੇਂ 'ਚ ਲੜਾਈ ਲੜੀ ਹੈ ਅਤੇ ਅਗਾਂਹ ਵੀ ਲੜਦੀਆਂ ਰਹਿਣਗੀਆਂ।

ਕੀ ਅਮਰੀਕਾ ਦੀ ਵਾਪਸੀ ਉਸ ਦੇ ਗਲਬੇ ਦੇ ਅੰਤ ਦੀ ਸ਼ੁਰੂਆਤ ਹੈ? ਕੀ ਅਫਗਾਨਿਸਤਾਨ ਆਪਣੀ ਉਸੇ ਪੁਰਾਣੀ ਸੋਚ- ਸਾਮਰਾਜਾਂ ਦਾ ਕਬਰਸਤਾਨ - ਦੇ ਅਨੁਸਾਰ ਆਚਰਨ ਕਰਨ ਜਾ ਰਿਹਾ ਹੈ? ਸ਼ਾਇਦ ਨਹੀਂ। ਕਾਬੁਲ ਹਵਾਈ ਅੱਡੇ ਉਪਰ ਭਿਆਨਕ ਸ਼ੋਅ ਦੇ ਬਾਵਜੂਦ, ਵਾਪਸੀ ਦੀ ਹਾਰ ਅਮਰੀਕਾ ਲਈ ਉਨਾ ਬੜਾ ਝਟਕਾ ਨਹੀਂ ਹੋ ਸਕਦਾ, ਜਿੰਨਾ ਦੱਸਿਆ ਜਾ ਰਿਹਾ ਹੈ।

ਅਫਗਾਨਿਸਤਾਨ ਵਿਚ ਖਰਚੇ ਗਏ ਉਨ੍ਹਾਂ ਖਰਬਾਂ ਡਾਲਰਾਂ ਵਿਚੋਂ ਜ਼ਿਆਦਾਤਰ ਅਮਰੀਕੀ ਯੁੱਧ ਸਨਅਤ ਵਿਚ ਵਾਪਸ ਚਲੇ ਗਏ ਜਿਸ ਵਿਚ ਹਥਿਆਰ ਨਿਰਮਾਤਾ, ਨਿੱਜੀ ਭਾੜੇ ਦੇ ਫੌਜੀ, ਰਸਦ ਅਤੇ ਬੁਨਿਆਦੀ-ਢਾਂਚਾ ਕੰਪਨੀਆਂ ਅਤੇ ਗੈਰ-ਲਾਭਕਾਰੀ ਸੰਸਥਾਵਾਂ ਸ਼ਾਮਿਲ ਹਨ। ਅਫਗਾਨਿਸਤਾਨ ਉਪਰ ਅਮਰੀਕੀ ਹਮਲੇ ਅਤੇ ਕਬਜ਼ੇ 'ਚ (ਬਰਾਊਨ ਯੂਨੀਵਰਸਿਟੀ ਦੇ ਖੋਜਕਾਰਾਂ ਵੱਲੋਂ ਲੱਗਭੱਗ ਇਕ ਲੱਖ ਸੱਤਰ ਹਜ਼ਾਰ ਲੋਕਾਂ ਦਾ ਅੰਦਾਜ਼ਾ ਲਗਾਇਆ ਗਿਆ ਹੈ) ਜਾਨ ਗਵਾਉਣ ਵਾਲੇ ਜ਼ਿਆਦਾਤਰ ਲੋਕ ਅਫਗਾਨਾਂ 'ਚੋਂ ਸਨ, ਜਿਨ੍ਹਾਂ ਦੀ ਹਮਲਾਵਰਾਂ ਦੀ ਨਜ਼ਰ 'ਚ ਸਪਸ਼ਟ ਰੂਪ 'ਚ ਬਹੁਤ ਘੱਟ ਗਿਣਤੀ ਕੀਤੀ ਜਾਂਦੀ ਹੈ। ਮਗਰਮੱਛ ਦੇ ਹੰਝੂਆਂ ਨੂੰ ਛੱਡ ਦੇਈਏ ਤਾਂ ਮਾਰੇ ਗਏ 2400 ਅਮਰੀਕੀ ਫੌਜੀ ਵੀ ਕਿਸੇ ਗਿਣਤੀ 'ਚ ਨਹੀਂ ਆਉਂਦੇ।

ਮੁੜ ਉਭਰਨ ਵਾਲੇ ਤਾਲਿਬਾਨ ਨੇ ਅਮਰੀਕਾ ਨੂੰ ਅਪਮਾਨਿਤ ਤਾਂ ਕੀਤਾ ਹੈ। ਸੱਤਾ ਦੇ ਸ਼ਾਂਤੀਪੂਰਨ ਤਬਾਦਲੇ ਲਈ 2020 'ਚ ਦੋਨਾਂ ਧਿਰਾਂ ਵੱਲੋਂ ਦਸਤਖਤ ਕੀਤਾ ਦੋਹਾ ਸਮਝੌਤਾ ਇਸ ਦਾ ਸਬੂਤ ਹੈ ਲੇਕਿਨ ਇਹ ਵਾਪਸੀ ਅਮਰੀਕੀ ਸਰਕਾਰ ਵੱਲੋਂ ਇਕ ਸਖਤ ਗਿਣਤੀ-ਮਿਣਤੀ ਨੂੰ ਵੀ ਦਰਸਾ ਸਕਦੀ ਹੈ ਕਿ ਤੇਜ਼ੀ ਨਾਲ ਬਦਲਦੀ ਦੁਨੀਆ 'ਚ ਧਨ ਅਤੇ ਫੌਜੀ ਤਾਕਤ ਨੂੰ ਬਿਹਤਰ ਤਰੀਕੇ ਨਾਲ ਕਿਵੇਂ ਲਗਾਇਆ ਜਾਵੇ। ਲੌਕਡਾਊਨ ਅਤੇ ਕਰੋਨਾਵਾਇਰਸ ਨਾਲ ਤਬਾਹ ਹੋਏ ਅਰਥਚਾਰਿਆਂ ਨਾਲ, ਜਦੋਂ ਤਕਨਾਲੋਜੀ ਦੇ ਰੂਪ 'ਚ ਬਿੱਗ ਡੇਟਾ ਅਤੇ ਮਸਨੂਈ ਬੌਧਿਕਤਾ ਇਕ ਨਵੀਂ ਤਰ੍ਹਾਂ ਦੇ ਯੁੱਧ ਲਈ ਜਗ੍ਹਾ ਬਣਾ ਰਹੇ ਹਨ, ਉਦੋਂ ਖੇਤਰ ਉਪਰ ਕਬਜ਼ਾ ਰੱਖਣਾ ਪਹਿਲਾਂ ਨਾਲੋਂ ਘੱਟ ਜ਼ਰੂਰੀ ਹੋ ਸਕਦਾ ਹੈ। ਕਿਉਂ ਨਾ ਰੂਸ, ਚੀਨ, ਪਾਕਿਸਤਾਨ ਅਤੇ ਇਰਾਨ ਨੂੰ ਅਫਗਾਨਿਸਤਾਨ ਦੀ ਦਲਦਲੀ ਰੇਤ 'ਚ ਫਸਣ ਲਈ ਛੱਡ ਦਿੱਤਾ ਜਾਵੇ - ਜੋ ਛੇਤੀ ਹੀ ਕਾਲ, ਆਰਥਕ ਤਬਾਹੀ ਅਤੇ ਕੁਲ ਸੰਭਾਵਨਾਵਾਂ ਤਹਿਤ ਇਕ ਹੋਰ ਖਾਨਾਜੰਗੀ ਦਾ ਸਾਹਮਣਾ ਕਰਨ ਜਾ ਰਿਹਾ ਹੈ - ਅਤੇ ਅਮਰੀਕੀ ਫੌਜਾਂ ਨੂੰ ਦਮ ਦਿਵਾਇਆ ਜਾਵੇ, ਅਤੇ ਚੀਨ ਨਾਲ ਤਾਇਵਾਨ ਉਪਰ ਸੰਭਾਵਿਤ ਫੌਜੀ ਟੱਕਰ ਲਈ ਹਰਕਤ 'ਚ ਅਤੇ ਤਿਆਰ-ਬਰ-ਤਿਆਰ ਰੱਖਿਆ ਜਾਵੇ?

ਅਮਰੀਕਾ ਲਈ ਅਸਲ ਤ੍ਰਾਸਦੀ ਅਫਗਾਨਿਸਤਾਨ ਵਿਚ ਹਾਰ ਨਹੀਂ ਹੈ ਸਗੋਂ ਇਹ ਹੈ ਕਿ ਇਸ ਨੂੰ ਲਾਈਵ ਟੈਲੀਵਿਜ਼ਨ ਉਪਰ ਦਿਖਾਇਆ ਜਾਣਾ ਹੈ। ਜਦੋਂ ਇਸ ਨੇ ਯੁੱਧ ਤੋਂ ਪੈਰ ਖਿੱਚ ਲਏ ਤਾਂ ਇਹ ਵੀਅਤਨਾਮ ਵਿਚ ਜਿੱਤ ਨਹੀਂ ਸਕਿਆ, ਘਰੇਲੂ ਮੁਹਾਜ਼ ਯੁੱਧ ਵਿਰੋਧੀ ਵਿਰੋਧ ਪ੍ਰਦਰਸ਼ਨਾਂ ਨਾਲ ਟੁੱਟ ਭੱਜ ਰਿਹਾ ਸੀ, ਜੋ ਹਥਿਆਰਬੰਦ ਲਸ਼ਕਰਾਂ 'ਚ ਧੱਕੇ ਨਾਲ ਭਰਤੀ ਕੀਤੇ ਜਾਣ ਨਾਲ ਭੜਕ ਉਠੇ ਸਨ। ਜਦੋਂ ਮਾਰਟਿਨ ਲੂਥਰ ਕਿੰਗ ਨੇ ਪੂੰਜੀਵਾਦ, ਨਸਲਵਾਦ ਅਤੇ ਸਾਮਰਾਜਵਾਦ ਦਰਮਿਆਨ ਸਬੰਧ ਜੋੜ ਦੇ ਦਿਖਾਏ ਅਤੇ ਉਹ ਵੀਅਤਨਾਮ ਯੁੱਧ ਵਿਰੁੱਧ ਬੋਲਿਆ ਤਾਂ ਉਸ ਨੂੰ ਬਦਨਾਮ ਕੀਤਾ ਗਿਆ। ਮੁਹੰਮਦ ਅਲੀ, ਜਿਸ ਨੇ ਭਰਤੀ ਹੋਣ ਤੋਂ ਇਨਕਾਰ ਕਰ ਦਿੱਤਾ ਸੀ ਅਤੇ ਖੁਦ ਨੂੰ ਇਕ ਜਾਗਦੀ ਜ਼ਮੀਰ ਵਾਲਾ ਵਿਰੋਧੀ ਐਲਾਨ ਕਰ ਦਿੱਤਾ ਸੀ, ਉਸ ਦੇ ਮੁੱਕੇਬਾਜ਼ੀ ਦੇ ਖਿਤਾਬ ਖੋਹ ਲਏ ਗਏ ਅਤੇ ਉਸ ਨੂੰ ਜਲਾਵਤਨ ਕਰਨ ਦੀ ਧਮਕੀ ਦਿੱਤੀ ਗਈ। ਹਾਲਾਂਕਿ ਅਫਗਾਨਿਸਤਾਨ ਵਿਚ ਯੁੱਧ ਨੇ ਉਸ ਪੱਧਰ ਦਾ ਜਨੂੰਨ ਨਹੀਂ ਜਗਾਇਆ, ਲੇਕਿਨ ਬਲੈਕ ਲਾਈਵਜ਼ ਮੈਟਰ ਅੰਦੋਲਨ 'ਚ ਕਈ ਲੋਕਾਂ ਨੇ ਉਹ ਸੰਬੰਧ ਵੀ ਦਿਖਾਏ ਹਨ।

ਕੁਝ ਦਹਾਕਿਆਂ 'ਚ ਅਮਰੀਕਾ ਗੋਰੇ ਬਹੁਮਤ ਵਾਲਾ ਮੁਲਕ ਨਹੀਂ ਰਹੇਗਾ। ਗੈਰ-ਗੋਰੇ ਅਫਰੀਕੀਆਂ ਦੀ ਦਾਸਤਾ ਅਤੇ ਮੂਲ ਅਮਰੀਕੀਆਂ ਦੀ ਨਸਲਕੁਸ਼ੀ ਤੇ ਉਜਾੜਾ ਅੱਜ ਲੱਗਭੱਗ ਹਰ ਗੱਲਬਾਤ ਨੂੰ ਪ੍ਰੇਸ਼ਾਨ ਕਰਦਾ ਹੈ। ਗੱਲ ਸੰਭਾਵਨਾ ਤੋਂ ਕਿਤੇ ਜ਼ਿਆਦਾ ਹੈ ਕਿ ਇਹ ਕਹਾਣੀਆਂ ਅਮਰੀਕੀ ਯੁੱਧਾਂ ਜਾਂ ਅਮਰੀਕੀ ਸੰਗੀਆਂ ਵੱਲੋਂ ਦਿੱਤੇ ਦੁੱਖਾਂ-ਕਸ਼ਟਾਂ ਅਤੇ ਤਬਾਹੀ ਦੀਆਂ ਹੋਰ ਕਹਾਣੀਆਂ ਨਾਲ ਜੁੜ ਜਾਣਗੀਆਂ। ਰਾਸ਼ਟਰਵਾਦ ਅਤੇ ਵਿਸ਼ੇਸ਼ਵਾਦ ਦੇ ਐਸਾ ਹੋਣ ਤੋਂ ਰੋਕਣ 'ਚ ਸਮਰੱਥ ਹੋਣ ਦੀ ਸੰਭਾਵਨਾ ਨਹੀਂ ਹੈ। ਅਮਰੀਕਾ ਅੰਦਰਲੀ ਪਾਲਾਬੰਦੀ ਅਤੇ ਵਿਵਾਦ ਸਮੇਂ ਨਾਲ ਜਨਤਕ ਵਿਵਸਥਾ ਦੇ ਗੰਭੀਰ ਰੂਪ 'ਚ ਵਿਗੜ ਜਾਣ ਦਾ ਕਾਰਨ ਬਣ ਸਕਦੇ ਹਨ। ਸ਼ੁਰੂਆਤੀ ਸੰਕੇਤ ਅਸੀਂ ਪਹਿਲਾਂ ਹੀ ਦੇਖ ਚੁੱਕੇ ਹਾਂ। ਇਕ ਬਹੁਤ ਹੀ ਵੱਖਰੀ ਤਰ੍ਹਾਂ ਦੀ ਪ੍ਰੇਸ਼ਾਨੀ ਦੂਜੇ ਮੁਹਾਜ਼ ਉਪਰ ਵੀ ਹੈ। ਸਦੀਆਂ ਤੋਂ ਅਮਰੀਕਾ ਕੋਲ ਆਪਣੇ ਸਵੈ ਦੇ ਭੂਗੋਲ ਦੇ ਸੁੱਖ-ਆਰਾਮ 'ਚ ਪਿੱਛੇ ਹਟਣ ਦਾ ਬਦਲ ਸੀ। ਇਸ ਕੋਲ ਭਰਪੂਰ ਧਰਤੀ ਅਤੇ ਤਾਜ਼ਾ ਪਾਣੀ ਸੀ, ਕੋਈ ਦੁਸ਼ਮਣ ਗੁਆਂਢੀ ਨਹੀਂ ਸੀ, ਦੋਨੋਂ ਪਾਸੇ ਮਹਾਸਾਗਰ ਹੈ। ਅਤੇ ਹੁਣ ਫਰੈਕਿੰਗ ਵਿਧੀ ਨਾਲ ਬਹੁਤ ਸਾਰਾ ਤੇਲ ਕੱਢਿਆ ਗਿਆ ਹੈ। ਲੇਕਿਨ ਅਮਰੀਕੀ ਭੂਗੋਲ ਹੁਣ ਚੇਤਾਵਨੀ ਦੀ ਹਾਲਤ 'ਚ ਹੈ। ਇਸ ਦਾ ਕੁਦਰਤੀ ਲਾਭ ਹੁਣ 'ਅਮਰੀਕੀ ਤਰਜ਼ੇ-ਜ਼ਿੰਦਗੀ' ਜਾਂ ਯੁੱਧ ਨੂੰ ਬਰਕਰਾਰ ਨਹੀਂ ਰੱਖ ਸਕਦਾ (ਨਾ ਹੀ ਇਸ ਪੱਖੋਂ ਚੀਨ ਦਾ ਭੂਗੋਲ 'ਚੀਨੀ ਤਰਜ਼ੇ-ਜ਼ਿੰਦਗੀ' ਨੂੰ ਬਰਕਰਾਰ ਰੱਖ ਸਕਦਾ ਹੈ)।

ਸਾਗਰਾਂ ਦੇ ਪਾਣੀ ਦਾ ਪੱਧਰ ਉਚਾ ਉਠ ਰਿਹਾ ਹੈ, ਸਮੁੰਦਰੀ ਕੰਢੇ ਅਤੇ ਸਮੁੰਦਰੀ ਕੰਢਿਆਂ 'ਤੇ ਵਸੇ ਸ਼ਹਿਰ ਅਸੁਰੱਖਿਅਤ ਹਨ, ਜੰਗਲ ਸੜ ਰਹੇ ਹਨ, ਵਸੀ ਹੋਈ ਸਭਿਅਤਾ ਦੇ ਕਿਨਾਰਿਆਂ ਨੂੰ ਇਸ ਅੱਗ ਦੀਆਂ ਲਪਟਾਂ ਆਪਣੀ ਲਪੇਟ 'ਚ ਲੈ ਰਹੀਆਂ ਹਨ, ਇਹ ਪੂਰੇ ਸ਼ਹਿਰਾਂ ਨੂੰ ਭਸਮ ਕਰਨ ਦੀ ਹੱਦ ਤੱਕ ਫੈਲ ਰਹੀਆਂ ਹਨ। ਨਦੀਆਂ ਸੁੱਕ ਰਹੀਆਂ ਹਨ। ਹਰੀਆਂ-ਭਰੀਆਂ ਘਾਟੀਆਂ ਉਪਰ ਸੋਕੇ ਦਾ ਖਤਰਾ ਮੰਡਲਾ ਰਿਹਾ ਹੈ। ਝੱਖੜ ਅਤੇ ਹੜ੍ਹ ਸ਼ਹਿਰਾਂ 'ਚ ਤਬਾਹੀ ਮਚਾ ਰਹੇ ਹਨ। ਜਿਉਂ-ਜਿਉਂ ਧਰਤੀ ਹੇਠਲਾ ਪਾਣੀ ਖਤਮ ਹੁੰਦਾ ਜਾਂਦਾ ਹੈ, ਕੈਲੀਫੋਰਨੀਆ ਦੀ ਹਾਲਤ ਵਿਗੜਦੀ ਜਾ ਰਹੀ ਹੈ। ਕੋਲੋਰਾਡੋ ਨਦੀ ਉਪਰਲੇ ਮਸ਼ਹੂਰ ਹੂਵਰ ਡੈਮ ਦਾ ਜਲ-ਭੰਡਾਰ, ਜੋ ਚਾਰ ਕਰੋੜ ਲੋਕਾਂ ਨੂੰ ਤਾਜ਼ਾ ਪਾਣੀ ਸਪਲਾਈ ਕਰਦਾ ਹੈ, ਖਤਰਨਾਕ ਦਰ ਨਾਲ ਸੁੱਕ ਰਿਹਾ ਹੈ।

ਜੇ ਸਾਮਰਾਜਾਂ ਅਤੇ ਉਨ੍ਹਾਂ ਦੀਆਂ ਚੌਕੀਆਂ ਨੂੰ ਆਪਣਾ ਗਲਬਾ ਬਣਾਈ ਰੱਖਣ ਲਈ ਧਰਤੀ ਦੀ ਧਾੜਵੀ ਲੁੱਟਮਾਰ ਕਰਨ ਦੀ ਜ਼ਰੂਰਤ ਹੈ, ਤਾਂ ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਲੁੱਟ ਦਾ ਸੰਚਾਲਨ ਅਮਰੀਕੀ, ਯੂਰਪੀ, ਚੀਨੀ ਜਾਂ ਭਾਰਤੀ ਕਿਹੜੀ ਪੂੰਜੀ ਕਰਦੀ ਹੈ। ਇਹ ਹਕੀਕਤ 'ਚ ਉਹ ਗੱਲਬਾਤ ਨਹੀਂ ਹੈ ਜੋ ਹੋਣੀ ਚਾਹੀਦੀ ਹੈ ਕਿਉਂਕਿ ਜਦੋਂ ਅਸੀਂ ਗੱਲਬਾਤ ਕਰਨ 'ਚ ਮਸਰੂਫ ਹੁੰਦੇ ਹਾਂ, ਤਾਂ ਧਰਤੀ ਖਤਮ ਹੋਣ 'ਚ ਮਸਰੂਫ ਹੁੰਦੀ ਹੈ।

## ਕਿਸਾਨੀ ਸੰਘਰਸ਼ ਬਾਰੇ ਨਵੀਂ ਛਪੀ ਪੁਸਤਕ

# ਰਾਜ ਕਰੇਂਦੇ ਰਾਜਿਆ: ਦਿਲ ਦੀ ਗੱਲ

***ਅਮਰ ਸੂਫੀ ਨੇ ਦੋਹਿਆਂ ਦੀ ਆਪਣੀ ਕਿਤਾਬ ਵਿਚ ਲੋਕਾਈ ਦੇ ਵੱਖ-ਵੱਖ ਰੰਗ ਪੇਸ਼ ਕੀਤੇ ਹਨ। ਇਨ੍ਹਾਂ ਅੰਦਰ ਜ਼ਿੰਦਗੀ ਦੀ ਧੜਕਣ ਸੁਣਾਈ ਦਿੰਦੀ ਹੈ। ਇਸ ਲੇਖ ਵਿਚ ਲੇਖਕ ਨੇ ਇਨ੍ਹਾਂ ਸਾਰੇ ਰੰਗਾਂ ਦੀ ਇਕ-ਇਕ ਕਰਕੇ ਬਾਤ ਪਾਈ ਹੈ ਅਤੇ ਮੌਜੂਦਾ ਨਿਜ਼ਾਮ ਨੂੰ ਬੇਪਰਦ ਕਰਨ ਦਾ ਯਤਨ ਕੀਤਾ ਹੈ।***

ਵਰ੍ਹਿਆਂ ਤੋਂ ਪ੍ਰਚਾਰਿਆ ਜਾ ਰਿਹਾ ਹੈ ਕਿ ਭਾਰਤ ਦੁਨੀਆ ਵਿਚ ਸਭ ਤੋਂ ਵੱਡਾ ਲੋਕਤੰਤਰ ਹੈ। ਰਤਾ ਗਹੁ ਨਾਲ ਝਾਤੀ ਮਾਰੀ ਜਾਵੇ ਤਾਂ ਇਸ ਤੋਂ ਵੱਡਾ ਜੋਕ-ਤੰਤਰ ਕਿਧਰੇ ਵੀ ਨਹੀਂ। ਭਾਰਤ ਦੀ



ਹਾਲਤ ਬਹੁਤ ਗੰਭੀਰ ਤੇ ਤਰਸਯੋਗ ਹੈ। ਅੰਨਦਾਤਾ ਫਾਹਾ ਲੈ ਕੇ ਮਰ ਰਿਹਾ ਹੈ, ਮੰਤਰੀ ਇਸ ਗੱਲ ਨੂੰ ਫੈਸ਼ਨ ਦੱਸ ਰਹੇ ਹਨ। ਖੁਦਕੁਸ਼ੀ ਉਪਰੰਤ ਸਬੰਧਤ

**ਅਮਰ ਸੂਫੀ**
**ਫੋਨ: +91-98555-43660**

ਕਿਸਾਨ ਦੇ ਪਰਿਵਾਰ ਨੂੰ ਸਰਕਾਰ 'ਇਨਾਮ' ਵਜੋਂ ਕੁਝ ਧਨ ਭੇਟ ਕਰ ਕੇ ਹੋਰਨਾਂ ਨੂੰ ਆਤਮ-ਹੱਤਿਆ ਵਾਸਤੇ ਪ੍ਰੇਰ ਰਹੀ ਹੈ। ਨੌਜਵਾਨ ਥੱਬਾ-ਥੱਬਾ ਡਿਗਰੀਆਂ ਚੁੱਕੀ ਬੇਰੁਜ਼ਗਾਰ ਘੁੰਮ ਰਹੇ ਹਨ ਅਤੇ ਨਕਲੀ ਡਿਗਰੀਆਂ ਵਾਲੇ ਤਰੱਕੀਆਂ ਮਾਠੀ ਬੈਠੇ ਹਨ। ਸ਼ਰਮ ਵਾਲੀ ਗੱਲ ਇਹ ਹੈ ਕਿ ਚਪੜਾਸੀ ਲੱਗਣ ਵਾਸਤੇ ਪੀਐਚ.ਡੀ. ਕਰ ਚੁੱਕੇ ਨੌਜਵਾਨ ਅਰਜ਼ੀਆਂ ਦਿੰਦੇ ਹਨ। ਸਕੂਲਾਂ ਨਾਲੋਂ ਸ਼ਰਾਬ ਦੇ ਠੇਕੇ ਵੱਧ ਹਨ। ਸਰਕਾਰ ਸ਼ਰਾਬੀਆਂ ਦੇ ਸਿਰ 'ਤੇ ਚੱਲਦੀ ਹੈ। ਜਿੱਥੇ ਸਕੂਲ ਹਨ, ਉੱਥੇ ਪੂਰੇ ਅਧਿਆਪਕ ਨਹੀਂ। ਜਿੱਥੇ ਕਿਧਰੇ ਹਨ, ਉਹਨਾਂ ਨੂੰ ਰਸੋਈਏ ਤੇ ਡਾਕੀਏ ਬਣਾਇਆ ਹੋਇਆ ਹੈ। ਲੱਖ ਦਮਗਜ਼ੇ ਮਾਰੀ ਜਾਈਏ, ਅਮਲੀ ਰੂਪ ਵਿਚ ਕੁਝ ਵੀ ਨਹੀਂ ਹੋ ਰਿਹਾ। ਸਿੱਖਿਆ ਦੀ ਚੂਲ ਹਿੱਲੀ ਪਈ ਹੈ, ਐਪਰ ਸਰਕਾਰ ਨੂੰ ਸਿੱਖਿਆ ਦੇ ਖੇਤਰ ਵੱਲ ਧਿਆਨ ਦੇਣ ਦੀ ਕੀ ਲੋੜ ਹੈ? ਪੜ੍ਹ-ਲਿਖ ਕੇ ਨੌਜਵਾਨ ਸਿਆਣੇ ਹੋਣਗੇ, ਚੇਤਨਤਾ ਆਵੇਗੀ, ਚੰਗੇ ਤੇ ਮਾੜੇ ਦਾ ਫਰਕ ਪਤਾ ਕਰਨ ਦੀ ਸੂਝ ਆਵੇਗੀ, ਨੌਕਰੀਆਂ ਮੰਗਣਗੇ ਆਦਿ ਆਦਿ।

ਸਿੱਖਿਆ ਤੋਂ ਬਾਅਦ ਸਿਹਤ ਦੇ ਖੇਤਰ ਵਿਚ ਜਿੰਨਾ ਨਿਘਾਰ ਦੇਖਣ ਨੂੰ ਮਿਲ ਰਿਹਾ ਹੈ, ਦੁਨੀਆ ਭਰ ਵਿਚ ਸ਼ਾਇਦ ਹੀ ਕਿਧਰੇ ਹੋਵੇ। ਘਰ-ਘਰ ਕੈਂਸਰ ਤੇ ਕਾਲਾ ਪੀਲੀਆ ਵਰਗੀ ਨਾ-ਮੁਰਾਦ ਬਿਮਾਰੀ ਦੇ ਰੋਗੀ ਪਏ ਹੋਏ ਹਨ। ਇਲਾਜ ਮਹਿੰਗਾ ਹੋਣ ਕਾਰਨ ਰੋਗੀ ਦੁੱਖ ਭੋਗਦੇ ਫੌਤ ਹੋ ਰਹੇ ਹਨ। ਹਸਪਤਾਲਾਂ ਵਿਚ ਡਾਕਟਰ ਪੂਰੇ ਨਹੀਂ; ਜਿੱਥੇ ਹਨ, ਉਹਨਾਂ ਆਪਣੇ ਪ੍ਰਾਈਵੇਟ ਹਸਪਤਾਲ ਖੋਲ੍ਹੇ ਹੋਏ ਹਨ। ਆਮ ਆਦਮੀ ਚੱਕੀ ਦੇ ਪੁੜਾਂ ਵਿਚ ਪਿਸ ਰਿਹਾ ਹੈ।

ਕੋਵਿਡ-19 ਨੇ ਦੁਨੀਆ ਸੁੱਕਣੇ ਪਾਈ ਹੋਈ ਹੈ। ਇਮਾਨਦਾਰ ਸ਼ਾਸਕਾਂ ਤੇ ਯੋਗ ਪ੍ਰਬੰਧ ਵਾਲੇ ਮੁਲਕਾਂ ਨੇ ਇਸ ਵਬਾਅ 'ਤੇ ਕਾਬੂ ਪਾ ਲਿਆ ਹੈ। ਇੱਥੇ ਇਸ 'ਤੇ ਕਾਬੂ ਪਾਉਣ/ਭਜਾਉਣ ਵਾਸਤੇ ਪ੍ਰਧਾਨ ਮੰਤਰੀ ਥਾਲੀਆਂ ਖੜਕਾਉਣ ਲਈ ਕਹਿ ਰਿਹਾ ਹੈ। ਹਸਪਤਾਲ ਨਾਕਾਫੀ ਹਨ, ਸਟਾਫ ਦੀ ਤਾਂ ਗੱਲ ਹੀ ਛੱਡੋ। ਆਕਸੀਜਨ ਵੀ ਪੂਰੀ ਮਾਤਰਾ ਵਿਚ ਨਹੀਂ ਮਿਲ ਰਹੀ। ਲੋਕਾਂ ਨੂੰ ਡਰਾ ਕੇ 'ਡਰ ਦੀ ਸਿਆਸਤ' ਕੀਤੀ ਜਾ ਰਹੀ ਹੈ। ਸਿਹਤ ਖੇਤਰ ਦਾ ਦੀਵਾਲਾ ਨਿਕਲਿਆ ਪਿਆ ਹੈ।

ਹਾਲਾਤ ਦਾ ਵਿਅੰਗ ਦੇਖੋ, ਜਿਹੜਾ ਬੰਦਾ ਆਪਣਾ ਘਰ ਨਹੀਂ ਚਲਾ ਸਕਿਆ, ਉਹ ਦੂਜੀ ਵਾਰੀ ਦੇਸ਼ ਚਲਾ ਰਿਹਾ ਹੈ। ਉਹ 'ਅੱਛੇ ਦਿਨ ਆਨੇ ਵਾਲੇ ਹੈਂ" ਦਾ ਲਾਰਾ ਅਤੇ 'ਮਨ ਕੀ ਬਾਤ' ਦੀ ਲੋਰੀ ਸੁਣਾਉਂਦਾ ਹੈ। ਇਹ 'ਬਾਤ' ਉਹ ਇਸ ਤਰ੍ਹਾਂ ਪੇਸ਼ ਕਰਦਾ ਰਹਿੰਦਾ ਹੈ ਜਿਵੇਂ ਨਜ਼ੂਮੀ ਹੋਵੇ। ਪੁੱਛਣਾ ਬਣਦਾ ਹੈ ਕਿ ਸਰਕਾਰ ਚਲਾਈ ਜਾ ਰਹੀ ਹੈ ਜਾਂ ਜੋਤਿਸ਼ ਦਾ ਅੱਡਾ? ਨਿੱਤ ਨਵੇਂ ਆਡੰਬਰ ਰਚ ਕੇ ਲੋਕਾਂ ਦਾ ਧਿਆਨ ਅਸਲ ਮੁੱਦਿਆਂ ਵੱਲੋਂ ਭਟਕਾਉਣ ਦਾ ਯਤਨ ਕੀਤਾ ਜਾ ਰਿਹਾ ਹੈ। ਲੋਕਾਂ ਦੇ ਨਕਾਰੇ, ਹਾਰੇ ਹੋਏ ਲੋਕਾਂ ਨੂੰ ਵੱਡੀ ਜ਼ਿੰਮੇਵਾਰੀ ਵਾਲੇ ਵਿਭਾਗਾਂ ਦੇ ਮੰਤਰੀ ਥਾਪਿਆ ਜਾਂਦਾ ਹੈ। ਕਿਤੇ ਸਰਕਾਰ ਨੂੰ ਕੱਟੜ ਧਾਰਮਿਕ ਲੋਕ ਚਲਾ ਰਹੇ ਹਨ, ਕਿਧਰੇ ਘਾਗ ਸਿਆਸੀ ਲੋਕ ਧਰਮ ਨੂੰ ਆਪਣੇ ਹਿੱਤ ਵਾਸਤੇ ਵਰਤ ਰਹੇ ਹਨ। ਧਾਰਮਿਕ ਗ੍ਰੰਥਾਂ ਦੀ ਬੇਅਦਬੀ ਹੋ ਰਹੀ ਹੈ। ਸ਼ਰਾਰਤੀ ਲੋਕ ਲੱਭੇ ਨਹੀਂ ਜਾ ਰਹੇ। ਲੋਕਾਂ ਦਾ ਬਹੁਤਾ ਸਮਾਂ, ਤਾਕਤ ਅਤੇ ਧਨ ਧਰਨੇ-ਮੁਜ਼ਾਹਰੇ ਕਰਨ 'ਤੇ ਅਜਾਈਂ ਜਾ ਰਿਹਾ ਹੈ। ਪੁਲਿਸ ਦੀ ਗੋਲੀ ਨਾਲ ਗੱਭਰੂ ਮਰ ਰਹੇ ਹਨ। ਬੈਂਕਾਂ ਲੁੱਟੀਆਂ ਜਾ ਰਹੀਆਂ ਹਨ। ਔਰਤਾਂ ਤੋਂ ਪਰਸ ਤੇ ਮੋਬਾਈਲ ਖੋਹਣ ਅਤੇ ਗਹਿਣੇ ਲੁੱਟਣ ਵਾਲਾ ਵਰਤਾਰਾ ਆਮ ਹੈ। ਵੱਖ-ਵੱਖ ਤਰ੍ਹਾਂ ਦਾ ਮਾਫੀਆ ਆਪਣੀ ਸਮਾਨੰਤਰ ਸਰਕਾਰ ਚਲਾ ਰਿਹਾ ਹੈ। ਜਾਨਵਰ ਮਾਰਨ 'ਤੇ ਤਾਂ ਸਜ਼ਾ ਭੁਗਤਣੀ ਪੈਂਦੀ ਹੈ, ਐਪਰ ਮਨੁੱਖੀ ਘਾਣ ਕਰਨ ਵਾਲਿਆਂ ਨੂੰ ਅਹੁਦੇ ਬਖਸ਼ੇ ਜਾਂਦੇ ਹਨ। ਕਾਨੂੰਨ ਦੀ ਦੇਵੀ ਅੱਖਾਂ 'ਤੇ ਪੱਟੀ ਬੰਨ੍ਹ ਕੇ ਮੂਕ ਦਰਸ਼ਕ ਬਣ ਕੇ ਬੈਠੀ ਹੈ।

ਚੋਣਾਂ ਵੀ ਹੁਣ ਲੜੀਆਂ ਨਹੀਂ, ਲੁੱਟੀਆਂ ਜਾਂਦੀਆਂ ਹਨ। ਹੋਰ ਸੂਬਿਆਂ ਤੋਂ ਲਿਆਂਦੇ ਬਦਮਾਸ਼ ਦਿੱਖ ਵਾਲੇ ਲੱਠਮਾਰ, ਵੋਟਰਾਂ ਨੂੰ ਡਰਾਉਣ ਧਮਕਾਉਣ ਅਤੇ ਧੌਂਸ ਦੇਣ ਵਾਸਤੇ ਹਰਲ ਹਰਲ ਕਰਦੇ ਫਿਰਦੇ ਹਨ। ਚੋਣ ਲੜਨ ਵਾਲੇ ਥਾਂ-ਪੁਰ-ਥਾਂ ਤਰ੍ਹਾਂ-ਤਰ੍ਹਾਂ ਦੇ ਨਸ਼ਿਆਂ ਦੇ ਲੰਗਰ ਲਾਉਂਦੇ ਹਨ। ਪੁਲਿਸ ਇਸ ਵਰਤਾਰੇ ਨੂੰ ਰੋਕਣ ਦੀ ਥਾਂ ਮੂਕ ਦਰਸ਼ਕ ਬਣ ਕੇ ਕੇਵਲ ਦੇਖਦੀ ਹੀ ਨਹੀਂ ਸਗੋਂ 'ਗੱਫਾ' ਵੀ ਛਕਦੀ ਹੈ। ਬੋਲੀ ਦੇ ਕੇ ਵੋਟਾਂ ਖਰੀਦੀਆਂ ਜਾਂਦੀਆਂ ਹਨ। ਹਰ ਚੋਣ ਦੌਰਾਨ ਗੋਲੀਬਾਰੀ, ਕਤਲ, ਸੱਟਾਂ ਮਾਰਨ, ਚੋਣ ਬੂਥ ਲੁੱਟਣ ਤੇ ਡਰਾਉਣ ਧਮਕਾਉਣ ਦੀਆਂ ਘਟਨਾਵਾਂ ਆਮ ਹਨ। ਕੋਈ ਵੀ ਚੋਣ ਸੁੱਖੀਂ-ਸਾਂਦੀ ਨੇਪਰੇ ਨਹੀਂ ਚੜ੍ਹਦੀ। ਸਿਆਸਤ ਵਿਚ ਸ਼ਰੀਫ ਆਦਮੀ ਦੀ ਕੋਈ ਅਹਿਮੀਅਤ ਨਹੀਂ ਰਹੀ। ਸਾਊ ਮਨੁੱਖ ਹਾਰ ਜਾਂਦੇ ਹਨ ਅਤੇ ਘਟੀਆ ਕਿਰਦਾਰ ਵਾਲੇ ਲੋਕ ਜਿੱਤ ਜਾਂਦੇ ਹਨ।

ਬੇਕਾਰੀ ਦੀ ਭੰਨੀ ਨੌਜਵਾਨੀ ਪੁੱਠੇ ਸਿੱਧੇ ਤਰੀਕੇ ਨਾਲ ਵਿਦੇਸ਼ ਨਿਕਲਣ ਦਾ ਯਤਨ ਕਰਦਿਆਂ ਸਾਗਰਾਂ ਵਿਚ ਡੁੱਬ ਰਹੀ ਹੈ ਜਾਂ ਨਸ਼ਿਆਂ ਦੀ ਦਲਦਲ ਵਿਚ ਫਸ ਰਹੀ ਹੈ। ਪ੍ਰਤਿਭਾਸ਼ਾਲੀ ਮੁੰਡੇ ਕੁੜੀਆਂ ਦੀ ਵੱਡੀ ਗਿਣਤੀ ਵਿਦੇਸ਼ਾਂ ਵਿਚ ਪੜ੍ਹਨ ਬਹਾਨੇ ਜਾ ਰਹੇ ਹਨ। ਮੋਟਾ ਧਨ ਵੀ ਬਾਹਰ ਜਾ ਰਿਹਾ ਹੈ। ਵਿਹਲ ਦੇ ਸਤਾਏ ਗੱਭਰੂ ਨਸ਼ਾ ਸੌਦਾਗਰਾਂ ਦੇ 'ਪਿੱਠੂ' ਬਣ ਤੁਰਦੇ ਹਨ। ਸਿਆਸਤਦਾਨਾਂ ਦੀ ਨਸ਼ੇ ਦੇ ਵਪਾਰ ਵਿਚ ਸ਼ਮੂਲੀਅਤ ਮੁੱਢੋਂ ਹੀ ਚਰਚਾ ਦਾ ਵਿਸ਼ਾ ਰਹੀ ਹੈ। ਕਰੋੜਾਂ ਰੁਪਏ ਨਿੱਤ ਨਸ਼ੇ ਦੀ ਭੇਟ ਚੜ੍ਹ ਰਹੇ ਹਨ। ਕਿਸੇ ਵੀ ਖੇਤਰ ਵਿਚ ਬਦਲਾਓ ਲਿਆਉਣ ਵਿਚ ਨੌਜਵਾਨੀ ਦਾ ਅਹਿਮ ਯੋਗਦਾਨ ਹੁੰਦਾ ਹੈ ਪਰ ਗਿਣੀ-ਮਿਥੀ ਸਾਜ਼ਿਸ਼ ਅਧੀਨ ਨੌਜਵਾਨੀ ਨੂੰ ਬਰਬਾਦ ਕੀਤਾ ਜਾ ਰਿਹਾ ਹੈ, ਸੋਚ ਖੁੰਢੀ ਕੀਤੀ ਜਾ ਰਹੀ ਹੈ, ਨਿਪੁੰਸਕ ਬਣਾਇਆ ਜਾ ਰਿਹਾ ਹੈ। ਵਿਰਲਾ ਹੀ ਕੋਈ ਪਰਿਵਾਰ ਅਜਿਹਾ ਬਚਿਆ ਹੋਵੇਗਾ ਜਿਸ ਨੂੰ ਨਸ਼ੇ ਦਾ ਸੰਤਾਪ ਨਾ ਹੰਢਾਉਣਾ ਪੈ ਰਿਹਾ ਹੋਵੇ। ਅੱਧ ਤੋਂ ਵੱਧ ਘਰਾਂ ਵਿਚ ਨਸ਼ੇ ਦੀਆਂ ਮਾਰੀਆਂ ਸਾਹ ਲੈਂਦੀਆਂ ਲੋਥਾਂ ਦੇਖੀਆਂ ਜਾ ਸਕਦੀਆਂ ਹਨ। ਸਿਆਸੀ ਨੇਤਾ ਅਤੇ ਭ੍ਰਿਸ਼ਟ ਅਫਸਰ ਲੋਕਾਂ ਦੀ ਰੱਤ ਚੂਸ ਕੇ ਇਕੱਠਾ ਕੀਤਾ ਧਨ ਧੜਾਧੜ ਸਵਿੱਸ ਬੈਂਕਾਂ ਵਿਚ ਜਮ੍ਹਾਂ ਕਰਵਾ ਰਹੇ ਹਨ। ਭਾਈ-ਭਤੀਜਾਵਾਦ ਸਿਖਰ 'ਤੇ ਹੈ। ਧਾਰਮਿਕ ਕੱਟੜਤਾ ਚਰਮ-ਸੀਮਾ 'ਤੇ ਹੈ। ਜਾਣਬੁੱਝ ਕੇ ਕਿਸੇ ਖਾਸ ਨੀਤੀ ਤਹਿਤ ਅਸਹਿਣਸ਼ੀਲਤਾ ਦਾ ਮਾਹੌਲ ਸਿਰਜਿਆ ਜਾ ਰਿਹਾ ਹੈ। ਮੁਕਾਬਲੇ ਦੇ ਇਸ ਦੌਰ ਵਿਚ ਨੌਕਰੀ ਲੈਣ ਵਾਸਤੇ ਦਲਾਲ ਕਿਸਮ ਦੇ ਲੋਕ ਹਰ ਮੋੜ 'ਤੇ ਮਿਲ ਜਾਂਦੇ ਹਨ।

ਡੇਰਾਵਾਦ ਆਪਣੇ ਪੈਰ ਪੂਰੀ ਤਰ੍ਹਾਂ ਪਸਾਰ ਚੁੱਕਾ ਹੈ। ਇਸ ਵਿਚ ਸਿਆਸੀ ਲੋਕਾਂ ਦੀ ਪੂਰੀ ਸ਼ਹਿ ਹੈ। ਆਰਥਿਕ ਤੌਰ 'ਤੇ ਟੁੱਟੇ, ਅਨਪੜ੍ਹਤਾ ਦੇ ਮਾਰੇ ਅਤੇ ਅਗਿਆਨੀ ਲੋਕ ਡੇਰਿਆਂ 'ਚੋਂ ਮਾਨਸਿਕ ਸ਼ਾਂਤੀ ਭਾਲ ਰਹੇ ਹਨ। ਇਹ ਲੋਕ ਆਪਣਾ ਬਹੁਮੁੱਲਾ ਵਕਤ ਖਰਾਬ ਕਰ ਕੇ, ਚੜ੍ਹਾਵਾ ਚੜ੍ਹਾਅ ਅਤੇ ਵਗਾਰ ਦੇ ਰੂਪ ਵਿਚ ਸੇਵਾ ਕਰ ਕੇ ਡੇਰੇ ਪ੍ਰਫੁੱਲਤ ਕਰ ਰਹੇ ਹਨ। ਅਸਲ ਵਿਚ ਡੇਰੇ ਸਿਆਸੀ ਦਲਾਂ ਦੇ ਵੋਟ ਬੈਂਕ ਹਨ। ਇਹਨਾਂ ਡੇਰਾ ਮੁਖੀਆਂ ਦੇ ਹਲਕੇ ਜਿਹੇ ਇਸ਼ਾਰੇ 'ਤੇ ਹੀ ਡੇਰਾ ਪੈਰੋਕਾਰ ਕਿਸੇ ਵੀ ਉਮੀਦਵਾਰ ਦਾ ਪਲੜਾ ਭਾਰੀ ਕਰ ਸਕਦੇ ਹਨ।

ਗਾਇਕਾਂ ਮਾੜੇ/ਲੱਚਰ ਗੀਤ ਗਾ ਕੇ ਸਭਿਆਚਾਰ ਦੀ ਮਿੱਟੀ ਪੁੱਟ ਰਹੇ ਹਨ। ਸੱਚੀਆਂ ਸੁੱਚੀਆਂ ਕਦਰਾਂ-ਕੀਮਤਾਂ ਦਾ ਘਾਣ ਕੀਤਾ ਜਾ ਰਿਹਾ ਹੈ। ਧਨ ਪ੍ਰਾਪਤੀ ਅਤੇ ਸਥਾਪਿਤ ਹੋਣ ਦੀ ਅੰਨ੍ਹੀ ਦੌੜ ਵਿਚ ਮਨੁੱਖੀ ਰਿਸ਼ਤਿਆਂ ਅਤੇ ਮਾਂ ਬੋਲੀ ਨੂੰ ਪੈਰਾਂ ਹੇਠ ਰੋਲਿਆ-ਮਧੋਲਿਆ ਜਾ ਰਿਹਾ ਹੈ। ਗਾਣਿਆਂ ਵਿਚਲੇ ਵਿਸ਼ੇਸ਼ ਪਾਤਰ 'ਜੱਟ' ਨੂੰ ਬੱਦੂ ਕਰ ਕੇ ਬਲੀ ਦਾ ਬੱਕਰਾ ਬਣਾਇਆ ਜਾ ਰਿਹਾ ਹੈ ਜਦੋਂਕਿ ਜੱਟ ਕਰਜ਼ੇ ਦਾ ਸਤਾਇਆ ਹੋਇਆ ਜੀਵਨ ਲੀਲ੍ਹਾ ਖਤਮ ਕਰਨ ਵਾਸਤੇ ਸਲਫਾਸ ਖਾ ਰਿਹਾ ਹੈ, ਕੋਈ ਖੂਹ ਟੋਭਾ ਜਾਂ ਗੱਡੀ ਦੀ ਲੀਹ ਗੰਦੀ ਕਰ ਰਿਹਾ ਹੈ ਜਾਂ ਰੁੱਖ ਨਾਲ ਫਾਹਾ ਲੈ ਕੇ ਤੋਰੀ ਵਾਂਙ ਲਮਕ ਰਿਹਾ ਹੈ। ਬੱਸਾਂ ਵਿਚ ਅਜਿਹੇ ਗਾਣੇ ਚਲਾਏ ਜਾ ਰਹੇ ਹਨ ਜਿਸ ਨੂੰ ਪਿਉ-ਧੀ ਜਾਂ ਭੈਣ-ਭਰਾ ਇਕੱਠੇ ਬਹਿ ਕੇ ਸੁਣ ਨਹੀਂ ਸਕਦੇ। ਲੱਚਰ ਗੀਤਾਂ ਜਿਨ੍ਹਾਂ ਨੂੰ ਗੀਤ ਕਹਿੰਦਿਆਂ ਵੀ ਸ਼ਰਮ ਆਉਂਦੀ ਹੈ, ਦਾ ਸ਼ੋਰ-ਸ਼ਰਾਬਾ ਧੱਕੇ ਨਾਲ ਥੋਪਿਆ ਜਾ ਰਿਹਾ ਹੈ। ਕਿਸੇ ਕਿਸਮ ਦਾ ਕੋਈ ਨਿਯਮ ਲਾਗੂ ਨਹੀਂ, ਕੋਈ ਪਾਬੰਦੀ ਨਹੀਂ, ਕੋਈ ਰੋਕ-ਟੋਕ ਨਹੀਂ।

ਹਰ ਸਿਆਸੀ ਦਲ ਦੇ ਆਗੂ ਦਮਗਜ਼ੇ ਮਾਰ ਰਹੇ ਹਨ ਕਿ ਅਸੀਂ ਆਹ ਕਰ ਦਿੱਤਾ, ਅਸੀਂ ਅਹੁ ਕਰ ਦਿੱਤਾ ਪਰ ਸਾਰਥਿਕ ਨਤੀਜਾ ਕੁਝ ਵੀ ਨਹੀਂ ਹੁੰਦਾ। ਉਹ ਵਿਕਾਸ ਦੀਆਂ ਟਾਹਰਾਂ ਤਾਂ ਮਾਰਦੇ ਹਨ ਪਰ ਇਹ ਦਿਖਾਈ ਕਿਧਰੇ ਵੀ ਨਹੀਂ ਦਿੰਦਾ। ਗੈਰ-ਜ਼ਿੰਮੇਵਾਰਾਨਾ ਬਿਆਨ ਦੇ ਕੇ, ਧੜੀ ਧੜੀ ਦੇ ਗੱਪ ਰੋੜ੍ਹੇ ਜਾ ਰਹੇ ਹਨ। ਜਦੋਂ ਕਿਸੇ ਆਗੂ ਦੇ ਮੂੰਹੋਂ 'ਵਿਕਾਸ' ਸ਼ਬਦ ਨਿਕਲਦਾ ਹੈ ਤਾਂ ਕੀ ਇੰਵ ਨਹੀਂ ਲੱਗਦਾ, ਜਿਵੇਂ ਉਸ ਨੇ ਵਿਨਾਸ਼ ਸ਼ਬਦ ਬੋਲਿਆ ਹੋਵੇ! ਲੋਕ-ਲੁਭਾਊ ਜੁਮਲੇ ਛੱਡ ਕੇ ਲੋਕਾਂ ਨੂੰ ਬੁੱਧੂ ਬਣਾਇਆ ਜਾ ਰਿਹਾ ਹੈ। ਸਾਰੇ ਆਗੂਆਂ ਦਾ ਹਾਲ ਉਸ ਨਵੀਂ ਨਵੇਲੀ ਬਹੂ ਵਰਗਾ ਹੈ ਜੋ ਕੰਮ ਘੱਟ ਕਰਦੀ ਹੈ, ਚੂੜਾ ਵੱਧ ਛਣਕਾਉਂਦੀ ਹੈ।



ਧਰਮਾਂ, ਜਾਤਾਂ, ਫਿਰਕਿਆਂ ਦੇ ਨਾਂ 'ਤੇ ਵੰਡੀਆਂ ਪਾ ਕੇ ਲੋਕਾਂ ਨੂੰ ਆਪਸ ਵਿਚ ਲੜਾਉਣ ਦਾ ਕੋਝਾ ਯਤਨ ਕੀਤਾ ਜਾ ਰਿਹਾ ਹੈ। ਨਿੱਜੀ ਸਵਾਰਥ ਵਾਸਤੇ ਫਿਰਕੂ ਭਾਵਨਾਵਾਂ ਭੜਕਾਉਣ ਤੋਂ ਵੀ ਗੁਰੇਜ਼ ਨਹੀਂ ਕੀਤਾ ਜਾ ਰਿਹਾ। ਜਾਤੀਵਾਦ ਦਾ ਜਿੰਨ ਬੂ-ਮਾਨਸ ਬੂ-ਮਾਨਸ ਕਰਦਾ ਫਿਰਦਾ ਹੈ। ਜਬਰ ਜ਼ੁਲਮ ਵਿਰੁੱਧ ਜਿਹੜਾ ਬੋਲਦਾ ਹੈ, ਉਸ 'ਤੇ ਦੇਸ਼ਧ੍ਰੋਹੀ ਹੋਣ ਦਾ ਠੱਪਾ ਲਾ, ਪੁੱਠੀਆਂ ਸਿੱਧੀਆਂ ਧਾਰਾਵਾਂ ਲਾ ਕੇ ਮੁਕੱਦਮੇ ਦਰਜ ਕੀਤੇ ਜਾਂਦੇ ਹਨ। ਉਸ ਨੂੰ ਗਦਾਰ ਕਹਿ ਕੇ ਬੱਦੂ ਕੀਤਾ ਜਾਂਦਾ ਹੈ। ਲੋਕਾਂ ਦਾ ਚੁਣਿਆ ਪ੍ਰਤੀਨਿਧ ਲੋਕ ਸੇਵਕ ਵਜੋਂ ਨਹੀਂ, ਰਾਜੇ ਵਜੋਂ ਵਿਚਰਦਾ ਪਿਆ ਹੈ। ਉਹ ਆਪਣੀ ਜ਼ਿੰਮੇਵਾਰੀ ਉਸ ਤਰ੍ਹਾਂ ਨਹੀਂ ਨਿਭਾਉਂਦਾ, ਜਿਵੇਂ ਦੇਸ਼ ਦਾ ਸੰਵਿਧਾਨ ਆਖਦਾ ਹੈ। ਲੋਕ ਰਾਜ ਦੀ ਥਾਂ ਆਪਹੁਦਰੇਪਣ ਤੋਂ ਕੰਮ ਲਿਆ ਜਾ ਰਿਹਾ ਹੈ। ਇਹ ਇਕ ਕਿਸਮ ਦਾ ਆਪਹੁਦਰਾ ਲੋਕਰਾਜ ਹੈ। ਸੱਤਾ ਆਸੀਨ ਲੋਕ, ਆਮ ਲੋਕਾਂ ਦੀ ਬਿਹਤਰੀ ਜਾਂ ਭਲਾਈ ਨੂੰ ਖਿਆਲ ਵਿਚ ਰੱਖਣ ਦੀ ਥਾਂ ਨਿੱਜ ਦੇ ਨਾਲ-ਨਾਲ ਆਪਣੇ ਸਿਆਸੀ ਦਲ ਨੂੰ ਸਾਹਵੇਂ ਰੱਖ ਕੇ, ਇਸ ਨੂੰ ਮਜ਼ਬੂਤ ਕਰਨ ਵਾਸਤੇ ਹਰ ਹਰਬਾ ਵਰਤਰਹੇ ਹਨ।

ਕਲਮ ਨੇ ਕੁਰਸੀ ਨੂੰ ਸਦਾ ਸੇਧ ਦਿੱਤੀ ਹੈ, ਚੇਤਨ ਕੀਤਾ ਹੈ। ਲੋੜ ਪਈ ਤਾਂ ਫਿਟਕਾਰ ਵੀ ਪਾਈ ਹੈ ਪਰ ਇੱਥੇ ਸੱਚ ਬੋਲਣਾ ਗੁਨਾਹ ਹੋਇਆ ਪਿਆ ਹੈ। ਨਰੇਂਦਰ ਦਾਭੋਲਕਰ, ਐਮ.ਐਮ. ਕੁਲਬਰਗੀ ਤੇ ਗੋਬਿੰਦ ਪਨਸਾਰੇ ਵਰਗੇ ਅਨੇਕਾਂ ਜ਼ਹੀਨ ਲੋਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਜਾਂਦਾ ਹੈ। ਕਈ ਵਿਦਵਾਨਾਂ ਨੂੰ ਜੇਲ੍ਹਾਂ ਵਿਚ ਬੰਦ ਕੀਤਾ ਹੋਇਆ ਹੈ। ਮੰਤਰ ਉਚਾਰ ਕੇ ਦੇਸ਼ ਦੀ ਤਰੱਕੀ ਕਰਵਾਈ ਜਾ ਰਹੀ ਹੈ। ਲੜਾਕੂ ਜਹਾਜ਼ਾਂ ਨੂੰ ਨਿੰਬੂ-ਮਿਰਚਾਂ ਦੇ ਹਾਰ ਪਾਏ ਜਾ ਰਹੇ ਹਨ, ਸੰਧੂਰੀ ਟਿੱਕੇ ਲਾਏ ਜਾ ਰਹੇ ਹਨ। ਕੋਵਿਡ ਦੇ ਮਰਨਊ ਮਰੀਜ਼ ਹਸਪਤਾਲਾਂ ਵਿਚ ਤੜਫਦੇ ਆਕਸੀਜਨ ਉਡੀਕ ਰਹੇ ਹਨ ਪਰ ਆਕਸੀਜਨ ਦੇ ਟੈਂਕਰਾਂ ਨੂੰ ਹਵਨ ਕਰਨ ਤੇ ਆਗੂਆਂ ਵੱਲੋਂ ਮੂਰਤਾਂ ਖਿੱਚਣ ਵਾਸਤੇ ਕਈ ਕਈ ਘੰਟੇ ਰਾਹ 'ਚ ਰੋਕ ਕੇ ਰੱਖਿਆ ਜਾਂਦਾ ਹੈ। ਸਾਜ਼ਿਸ਼ ਰਚ ਕੇ ਕੁਰਸੀ-ਕਾਰੋਬਾਰ ਕੀਤਾ ਜਾ ਰਿਹਾ ਹੈ। ਹੱਕ ਮੰਗਣ ਵਾਲਿਆਂ 'ਤੇ ਡਾਂਗ ਵਰ੍ਹਾਈ ਜਾ ਰਹੀ ਹੈ। ਔਰਤਾਂ ਨੂੰ ਵਾਲਾਂ ਤੋਂ ਫੜ ਕੇ ਧੂਹਣਾ ਘੜੀਸਣਾ ਆਮ ਵਰਤਾਰਾ ਹੈ। ਭ੍ਰਿਸ਼ਟ ਮੰਤਰੀਆਂ ਤੇ ਅਫਸਰਾਂ ਨੂੰ ਬਚਾਉਣ ਦਾ ਹਰ ਹੀਲਾ ਕੀਤਾ ਜਾਂਦਾ ਹੈ। ਸੜਕਾਂ ਦਾ ਹਾਲ ਅੱਡ ਬੁਰਾ ਹੋਇਆ ਪਿਆ ਹੈ। ਸੈਂਕੜੇ ਲੋਕ ਦੁਰਘਟਨਾਵਾਂ ਕਾਰਨ ਨਿੱਤ ਅਣਿਆਈ ਮੌਤ ਮਰ ਰਹੇ ਹਨ।

ਇਹਨਾਂ ਦਿਨਾਂ ਵਿਚ ਸਭ ਤੋਂ ਵੱਡਾ ਮਸਲਾ ਕਿਸਾਨੀ ਨਾਲ ਸਬੰਧਤ ਹੈ। ਕੇਂਦਰ ਸਰਕਾਰ ਨੇ ਮੋਟਾ ਪਾਰਟੀ ਫੰਡ ਲੈਣ ਦੇ ਬਦਲੇ ਕਾਰਪੋਰੇਟ ਘਰਾਣਿਆਂ ਨੂੰ ਵਡੇਰਾ ਲਾਭ ਪਹੁੰਚਾਉਣ ਅਤੇ ਕਿਰਤੀ ਕਿਸਾਨਾਂ ਤੋਂ ਜ਼ਮੀਨ ਖੋਹਣ ਵਾਸਤੇ ਕਰੋਨਾ ਕਾਲ ਦੌਰਾਨ ਪੁੱਠੇ-ਸਿੱਧੇ ਢੰਗ ਨਾਲ ਤਿੰਨ ਬਿੱਲ ਲਿਆ ਕੇ ਕਾਨੂੰਨ ਬਣਾ ਧਰੇ ਹਨ। ਇਹ ਕਾਨੂੰਨ ਰੱਦ ਕਰਵਾਉਣ ਵਾਸਤੇ ਕਿਸਾਨ ਮਜ਼ਦੂਰ ਤੇ ਹੋਰ ਸੰਘਰਸ਼ੀ ਲੋਕ, ਨੰਗੇ ਧੜ ਲੱਖਾਂ ਦੀ ਤਾਦਾਦ ਵਿਚ ਦਿੱਲੀ ਦੁਆਲੇ ਮੋਰਚਾ ਲਾ ਕੇ ਬੈਠੇ ਹਨ। ਇਹ ਮੋਰਚਾ ਦੁਨੀਆ ਭਰ ਦਾ ਸਭ ਤੋਂ ਵੱਡਾ ਤੇ ਲੰਮਾ ਮੋਰਚਾ ਬਣ ਚੁੱਕਾ ਹੈ। ਸਰਕਾਰ ਨੇ ਕਈ ਹਰਬੇ ਵਰਤ ਕੇ ਇਹ ਮੋਰਚਾ ਚੁਕਵਾਉਣ ਦਾ ਨਾਕਾਮ ਯਤਨ ਕੀਤਾ। ਇਹਨਾਂ ਸੰਘਰਸ਼ਸ਼ੀਲਾਂ ਨੂੰ ਕਦੇ ਖਾਲਿਸਤਾਨੀ ਪ੍ਰਚਾਰ ਕੇ ਬੱਦੂ ਕੀਤਾ ਜਾਂਦਾ ਹੈ, ਕਦੇ ਨਕਸਲਵਾਦੀ ਹੋਣ ਦਾ ਠੱਪਾ ਲਾ ਦਿੱਤਾ ਜਾਂਦਾ। ਕਦੇ ਗੁੰਡੇ ਲਿਆ ਕੇ ਮਾਹੌਲ ਵਿਗਾੜਨ ਦਾ ਕੋਝਾ ਯਤਨ ਕੀਤਾ ਜਾਂਦਾ ਹੈ। ਵਿਕਾਊ ਮੀਡੀਆ ਆਪਣਾ ਅਸਲ ਕਾਰਜ ਨਿਭਾਉਣ ਦੀ ਥਾਂ ਇਹਨਾਂ ਦੇ ਵਿਰੁਧ ਤੇ ਸਰਕਾਰ ਦੇ ਹੱਕ 'ਚ ਤਿੰਘ-ਤਿੰਘ ਕੇ ਪ੍ਰਚਾਰ ਕਰਨ ਵਾਲਾ ਧੂਤੂ ਬਣਿਆ ਹੋਇਆ ਹੈ। ਸੜਕਾਂ 'ਤੇ ਕਿਧਰੇ ਖਾਈਆਂ ਪੁੱਟੀਆਂ ਜਾ ਰਹੀਆਂ ਹਨ, ਕਿਧਰੇ ਨੁਕੀਲੇ ਕਿੱਲ ਗੱਡੇ ਜਾ ਰਹੇ ਹਨ। ਇਹ ਕਿਹੋ ਜਿਹੀ ਕਿਸਮ ਦਾ ਲੋਕਤੰਤਰ ਹੈ?

ਸਰਕਾਰ ਅਤੇ ਕਿਸਾਨਾਂ ਵਿਚ ਕਈ ਗੇੜਾਂ ਦੀ ਗੱਲਬਾਤ ਹੋਈ ਹੈ, ਐਪਰ ਸਰਕਾਰ ਆਪਣਾ ਅੜੀਅਲ ਰਵੱਈਆ ਛੱਡ ਨਹੀਂ ਰਹੀ। ਰਾਜ ਧਰਮ ਦੀ ਥਾਂ ਹਠ ਧਰਮੀ ਤੋਂ ਕੰਮ ਲਿਆ ਜਾ ਰਿਹਾ ਹੈ। ਸਿਰੜੀ ਤੇ ਸਿਦਕੀ ਯੋਧੇ ਆਪਣੇ ਹੱਕਾਂ ਵਾਸਤੇ ਪੂਰੀ ਮੁਸਤੈਦੀ ਨਾਲ ਡਟੇ ਹੋਏ ਹਨ। ਮਾਰੂ ਸਰਦੀ ਤੇ ਗਰਮੀ, ਮਾਨਸਿਕ ਤਣਾਅ ਅਤੇ ਬਦਤਰ ਹਾਲਾਤ ਵਿਚ ਰਹਿਣ ਕਾਰਨ ਸੈਂਕੜੇ ਲੋਕ ਆਪਣੀ ਜਾਨ ਗੁਆ ਚੁੱਕੇ ਹਨ ਪਰ ਢੀਠਤਾਈ ਦੀ ਹੱਦ ਦੇਖਣ ਵਾਲੀ ਹੈ ਕਿ ਅਜੇ ਤਕ ਸਰਕਾਰ ਦੇ ਕੰਨ 'ਤੇ ਜੂੰਅ ਨਹੀਂ ਸਰਕੀ। ਹੋਰ ਤਾਂ ਹੋਰ, ਸੈਂਕੜੇ ਮੌਤਾਂ 'ਤੇ ਇਕ ਵਾਰ ਵੀ ਅਫਸੋਸ ਪ੍ਰਗਟ ਨਹੀਂ ਕੀਤਾ ਗਿਆ।

ਇਹ ਅੜੀਅਲ ਆਗੂ ਕਰੋੜਾਂ ਦਾ ਤੇਲ ਘੁਮੱਕੜੀ 'ਤੇ ਉਡਾ ਰਹੇ ਹਨ, ਹਜ਼ਾਰਾਂ ਮੁਲਾਜ਼ਮ ਆਪਣੀ ਸੁਰੱਖਿਆ 'ਤੇ ਲਾਏ ਹਨ। ਇਕ ਆਗੂ ਦੇ ਕਿਧਰੇ ਜਾਣ ਵਾਸਤੇ ਦਰਜਨਾਂ ਗੱਡੀਆਂ ਦਾ ਕਾਫਲਾ ਅੱਗੇ ਪਿੱਛੇ ਹੁੰਦਾ ਹੈ। ਗੱਡੀਆਂ ਵਿਚ ਤੇਲ ਨਹੀਂ, ਆਮ ਲੋਕਾਂ ਦੀ ਰੱਤ ਮੱਚਦੀ ਹੈ। ਆਗੂਆਂ ਨੇ ਵਿਦੇਸ਼ਾਂ ਨੂੰ ਬਾਹਰਲਾ ਘਰ ਹੀ ਸਮਝ ਰੱਖਿਆ ਹੈ। ਲੋਕਾਂ ਵੱਲੋਂ ਦਿੱਤੇ ਕਰ ਵਾਲੇ ਧਨ ਨੂੰ ਬੇਰੋਕ-ਟੋਕ ਉਡਾਇਆ ਜਾ ਰਿਹਾ ਹੈ। ਕੋਈ ਪੁੱਛ-ਗਿੱਛ ਨਹੀਂ।

ਪੁਲਿਸ ਲੋਕਾਂ ਦੀ ਜਾਨ ਮਾਲ ਦੀ ਰਾਖੀ ਵਾਸਤੇ ਹੁੰਦੀ ਹੈ, ਐਪਰ ਸਿਆਸੀ ਲੋਕਾਂ ਨੇ ਇਸ ਨੂੰ ਆਪਣੀ ਰਖੇਲ ਬਣਾਇਆ ਹੋਇਆ ਹੈ। ਕਤਲ ਅਤੇ ਲੁੱਟ-ਖੋਹ ਦਾ ਪਰਚਾ ਦਰਜ ਕਰਵਾਉਣ ਵਾਸਤੇ ਵੀ ਵੱਢੀ ਦੇਣੀ ਪੈਂਦੀ ਹੈ, ਧਰਨੇ ਲਾਉਣੇ ਜਾਂ ਮੁਜ਼ਾਹਰੇ ਕਰਨੇ ਪੈਂਦੇ ਹਨ। ਇਹ ਕਾਨੂੰਨ ਨੂੰ ਛਿੱਕੇ ਟੰਗ ਕੇ, ਸੱਤਾ ਆਸੀਨ ਲੋਕਾਂ ਦੇ ਇਸ਼ਾਰੇ 'ਤੇ ਕੰਮ ਕਰਦੀ ਹੈ। ਪੁਲਿਸ ਰਾਹੀਂ ਸਿਆਸੀ ਵਿਰੋਧੀਆਂ 'ਤੇ ਨਾਜਾਇਜ਼ ਪਰਚੇ ਦਰਜ ਕਰਵਾ ਕੇ ਉਹਨਾਂ ਨੂੰ ਕਮਜ਼ੋਰ ਅਤੇ ਬੱਦੂ ਕਰਨ ਦਾ ਚਾਰਾ ਕੀਤਾ ਜਾਂਦਾ ਹੈ। ਨਿੱਜੀ ਕਿੜਾਂ ਵੀ ਕੱਢੀਆਂ ਜਾਂਦੀਆਂ ਹਨ। ਅਜੋਕੀ ਸਿਆਸਤ, ਲੋਕ ਸੇਵਾ ਦੀ ਥਾਂ ਜੱਦੀ-ਪੁਸ਼ਤੀ ਕਿੱਤਾ ਅਤੇ ਕਮਾਈ ਦਾ ਸਾਧਨ ਬਣੀ ਹੋਈ ਹੈ।

ਸਿਆਸੀ ਲੋਕਾਂ ਵਿਚੋਂ ਨੈਤਿਕਤਾ ਨਾਂ ਦੀ ਚੀਜ਼ ਖੰਭ ਲਾ ਕੇ ਉੱਡ ਗਈ ਹੋਈ ਹੈ। ਸਿਆਸੀ ਦਲਾਂ ਵੱਲੋਂ ਪ੍ਰੈਸ ਤੇ ਮੀਡੀਆ ਨੂੰ ਆਪਣੇ ਪੱਖ 'ਚ ਭੁਗਤਾਉਣ ਵਾਸਤੇ ਕੋਝੇ ਯਤਨ ਕੀਤੇ ਜਾਂਦੇ ਹਨ। ਲੋਕਤੰਤਰ ਦੇ ਇਸ ਚੌਥੇ ਥੰਮ੍ਹ ਦਾ ਪੱਖਪਾਤੀ ਝੁਕਾਅ ਖਾਸ ਦਲਾਂ ਵੱਲ ਹੋਣਾ ਵੀ ਕਿਸੇ ਤੋਂ ਗੁੱਝਾ ਨਹੀਂ ਹੈ।

ਮਹਿੰਗਾਈ ਦਾ ਆਲਮ ਇਹ ਹੈ ਕਿ ਆਮ ਆਦਮੀ ਇਕ ਦਿਹਾੜੀ ਦੀ ਉਜਰਤ ਬਦਲੇ ਕਿਲੋ ਦਾਲ ਹੀ ਮਸਾਂ ਖਰੀਦ ਸਕਦਾ ਹੈ। ਗੈਸ ਤੇ ਬਿਜਲੀ ਦੀਆਂ ਕੀਮਤਾਂ ਲੱਕ ਤੋੜ ਰਹੀਆਂ ਹਨ। ਡੀਜ਼ਲ ਤੇ ਪੈਟਰੋਲ ਦੇ ਭਾਅ ਵਿਚ ਨਿੱਤ ਵਾਧਾ ਹੋ ਰਿਹਾ ਹੈ। ਆਮ ਆਦਮੀ ਦੀ ਵਰਤੋਂ ਦੀਆਂ ਚੀਜ਼ਾਂ ਨੂੰ ਅੱਗ ਲੱਗੀ ਪਈ ਹੈ। ਦੋ ਚਾਰ ਲੱਖ ਦੇ ਕਰਜ਼ੇ ਵਾਲੇ ਕਿਰਤੀ ਕਿਸਾਨਾਂ ਨੂੰ ਬੈਂਕਾਂ ਤੇ ਸ਼ਾਹੂਕਾਰਾਂ ਵਿਸ਼ੇਸ਼ ਕਰ ਕੇ ਫਾਇਨਾਂਸ ਕੰਪਨੀਆਂ ਵੱਲੋਂ ਇੰਨਾ ਤੰਗ ਪ੍ਰੇਸ਼ਾਨ ਕੀਤਾ ਜਾਂਦਾ ਹੈ ਕਿ ਉਹਨਾਂ ਕੋਲ ਆਤਮ-ਹੱਤਿਆ ਕਰਨ ਤੋਂ ਬਿਨਾ ਹੋਰ ਕੋਈ ਚਾਰਾ ਹੀ ਨਹੀਂ ਬਚਦਾ ਜਦੋਂ ਕਿ ਉਦਯੋਗਪਤੀਆਂ ਵੱਲੋਂ ਬੈਂਕਾਂ ਤੋਂ ਲਏ ਕਰੋੜਾਂ ਰੁਪਏ ਕਿਸੇ ਨਾ ਕਿਸੇ ਬਹਾਨੇ ਮੁਆਫ ਕਰ ਕੇ ਵੱਟੇ-ਖਾਤੇ ਪਾ ਦਿੱਤੇ ਜਾਂਦੇ ਹਨ। ਪਰਦੇ ਪਿਛਲਾ ਚਿੱਟਾ ਸੱਚ ਇਹ ਹੈ ਕਿ ਉਦਯੋਗਪਤੀ ਸਿਆਸੀ ਦਲਾਂ ਨੂੰ ਮੋਟਾ ਚੋਣ ਫੰਡ ਦਿੰਦੇ ਹਨ, ਇਸ ਬਦਲੇ ਉਹਨਾਂ ਨੂੰ ਵੱਡੀਆਂ ਛੋਟਾਂ ਦਿੱਤੀਆਂ ਜਾਂਦੀਆਂ ਹਨ। ਪਿਛਲੇ ਕੁਝ ਕੁ ਸਮੇਂ ਦੌਰਾਨ ਕਿੰਨੇ ਹੀ ਉਦਯੋਗਪਤੀ ਅਰਬਾਂ ਰਪਏ ਦੀ ਠੱਗੀ ਮਾਰ ਕੇ ਚੁੱਪ-ਚਾਪ ਵਿਦੇਸ਼ਾਂ 'ਚ ਜਾ ਬੈਠੇ ਹੀ ਨਹੀਂ ਹਨ ਸਗੋਂ ਇੱਥੋਂ ਦੇ ਪ੍ਰਬੰਧ ਨੂੰ ਟਿੱਚਰਾਂ ਵੀ ਕਰ ਰਹੇ ਹਨ, ਇਸ ਦਾ ਮੂੰਹ ਚਿੜਾਅ ਰਹੇ ਹਨ। ਸਾਡੀ ਸਰਕਾਰ ਦੀ ਇੰਨੀ ਵੀ ਜੁਰਅਤ ਨਹੀਂ ਕਿ ਠੱਗਾਂ ਨੂੰ ਵਾਪਿਸ ਲਿਆ ਕੇ ਉਹਨਾਂ 'ਤੇ ਮੁਕੱਦਮੇ ਚਲਾ ਕੇ ਸਜ਼ਾ ਦਾ ਭਾਗੀ ਬਣਾਇਆ ਜਾ ਸਕੇ ਤੇ ਉਹਨਾਂ ਤੋਂ ਧਨ ਵਾਪਿਸ ਲਿਆ ਜਾ ਸਕੇ।

ਭਾਸ਼ਾ/ਬੋਲੀ ਦੇ ਮਾਮਲੇ 'ਤੇ ਵੀ ਪੁੱਠੀ ਗੰਗਾ ਵਗਾਈ ਜਾ ਰਹੀ ਹੈ। ਵੇਲਾ ਵਿਹਾਅ ਕੇ ਮਰ ਮੁੱਕ ਚੁੱਕੀ ਸੰਸਕ੍ਰਿਤ ਨੂੰ ਪੂਰੇ ਦੇਸ਼ ਵਿਚ ਹਰ ਸੰਸਥਾ ਵਿਚ ਪੜ੍ਹਾਉਣ ਦੇ ਤੁਗਲਕੀ ਹੁਕਮ ਜਾਰੀ ਕੀਤੇ ਗਏ। ਹਾਸਾ ਤੇ ਗੁੱਸਾ ਵੀ ਆਉਂਦਾ ਹੈ ਕਿ ਇਹ ਹੁਕਮ ਦੇਸ਼ ਦੀ ਉਸ ਤਤਕਾਲੀ ਸਿੱਖਿਆ ਮੰਤਰੀ ਨੇ ਜਾਰੀ ਕੀਤੇ ਸਨ ਜਿਸ ਦੇ ਆਪਣੇ ਵਿੱਦਿਅਕ ਪ੍ਰਮਾਣ ਪੱਤਰ ਨਕਲੀ ਹੋਣ ਦਾ ਰੌਲਾ ਪੈਂਦਾ ਰਿਹਾ ਹੈ। ਕੀ ਅਸੀਂ ਆਉਣ ਵਾਲੀ ਪੀੜ੍ਹੀ ਨੂੰ ਕੇਵਲ ਪੁਜਾਰੀ ਜਾਂ ਜੋਤਸ਼ੀ ਬਣਾਉਣਾ ਹੈ ਜਾਂ ਵਿਗਿਆਨ ਤੇ ਤਕਨੀਕ ਦੇ ਖੇਤਰ ਵਿਚ ਦੂਜੇ ਮੁਲਕਾਂ ਦੇ ਮੁਕਾਬਲੇ ਖੜ੍ਹੇ ਕਰਨਾ ਹੈ। ਖੈਰ, ਇਹ ਤਾਂ ਗੱਲ ਹੀ ਕੁਝ ਨਹੀਂ, ਰਾਜਨੀਤੀ ਦੀ ਮਾਸਟਰ ਡਿਗਰੀ ਤਾਂ ਆਪਣੇ ਨਰਿੰਦਰ ਮੋਦੀ ਦੀ ਵੀ ਸ਼ੱਕ ਦੇ ਘੇਰੇ ਵਿਚ ਹੈ। ਦੂਜੇ ਪਾਸੇ ਦੁਨੀਆ ਭਰ ਵਿਚ ਅਹਿਮ ਸਥਾਨ ਬਣਾਈ ਬੈਠੀਆਂ ਪੰਜਾਬੀ ਤੇ ਉਰਦੂ ਵਰਗੀਆਂ ਜ਼ਬਾਨਾਂ ਦੇ ਗਲ ਅੰਗੂਠਾ ਦਿੱਤਾ ਜਾ ਰਿਹਾ ਹੈ। ਇਸ ਮਾਮਲੇ ਵਿਚ ਸਰਕਾਰ ਦੇ ਭਾਈਵਾਲ, ਘੋਗਲ-ਕੰਨੇ ਆਗੂ ਵੀ ਚੁੱਪ ਧਾਰ ਕੇ ਬੈਠੇ ਰਹੇ ਹਨ। ਆਮ ਆਦਮੀ ਦਾ ਜਿਉਣਾ ਦੁੱਭਰ ਹੋਇਆ ਪਿਆ ਹੈ। ਬੇਕਾਰੀ ਦੇ ਮਾਰੇ ਹੱਥ ਕੰਮ ਮੰਗਦੇ ਹਨ। ਸਿਆਸੀ ਕਮਾਲ ਵੇਖੋ, ਉਹਨਾਂ ਨੂੰ ਕੰਮ ਦੇਣ ਦੀ ਥਾਂ ਆਟਾ ਦਾਲ ਦਾ ਚੋਗਾ ਪਾ ਕੇ ਕਾਣਾ ਕਰ ਲਿਆ ਜਾਂਦਾ ਹੈ ਅਤੇ ਵਿਹਲੜ ਤੇ ਨਿਕੰਮੇ ਬਣਾਇਆ ਜਾ ਰਿਹਾ ਹੈ। ਲੋਕਤੰਤਰੀ ਰਾਜ ਕਲਿਆਣਕਾਰੀ ਹੁੰਦਾ ਹੈ, ਹੋਣਾ ਵੀ ਚਾਹੀਦਾ ਹੈ। ਰਾਜੇ ਦਾ ਕੰਮ ਲੋਕ ਹਿੱਤਾਂ ਨੂੰ ਤਰਜੀਹ ਦੇਣਾ ਹੁੰਦਾ ਹੈ ਨਾ ਕਿ ਕੇਵਲ ਚੌਧਰ ਕਰਨੀ। ਅਫਸੋਸ ਕਿ ਇਸ ਮਾੜੇ ਵਰਤਾਰੇ ਵਿਰੁੱਧ ਬੋਲਣ ਵਾਲੀਆਂ ਕਲਮਾਂ ਵੀ ਚੁੱਪ ਹਨ।

'ਆਗਿਆ ਭਈ ਅਕਾਲ ਕੀ' ਸੁਣਦਿਆਂ ਸੁਣਦਿਆਂ, ਦੋਹਾ ਪੰਜਾਬੀ ਲੋਕਾਂ ਦੇ ਮਨ ਮਸਤਕ ਵਿਚ ਪੂਰੀ ਤਰ੍ਹਾਂ ਘਰ ਕਰ ਕੇ ਬੈਠਾ ਹੋਇਆ ਕਾਵਿ ਰੂਪ ਹੈ। ਇਸ ਦੇ ਦੋ ਮਿਸਰਿਆਂ ਵਿਚ ਹੀ ਪੂਰੇ ਵਿਸ਼ੇ ਨੂੰ ਸਮੇਟਿਆ ਜਾ ਸਕਦਾ ਹੈ। ਬਾਕੀ ਇਸ ਦੇ ਉਚਾਰਨ ਦੀ ਚਾਲ ਇਸ ਤਰ੍ਹਾਂ ਦੀ ਹੈ ਕਿ ਇਹ ਆਪ ਮੁਹਾਰੇ ਹੀ ਮੂੰਹ 'ਤੇ ਚੜ੍ਹ ਜਾਂਦਾ ਹੈ, ਸੌਖਾ ਹੀ ਮੂੰਹ ਜ਼ਬਾਨੀ ਚੇਤੇ ਹੋ ਜਾਂਦਾ ਹੈ। ਆਪਣੀ ਦੋਹਾ

***(ਬਾਕੀ ਅਗਲੇ ਸਫੇ 'ਤੇ)***

# ਕੀ ਖਣਿਜ ਪਦਾਰਥਾਂ ਸਦਕਾ ਅਫਗਾਨਿਸਤਾਨ ਦੀ ਬਦਲੇਗੀ ਤਕਦੀਰ!



ਮੁਹੰਮਦ ਅੱਬਾਸ ਧਾਲੀਵਾਲ
ਫੋਨ: 91-98552-59650

ਅਫਗਾਨਿਸਤਾਨ ਵਿਚ ਤਾਲਿਬਾਨ ਦੀ ਵਾਪਸੀ ਤੋਂ ਬਾਅਦ ਵਿਸ਼ਵ ਦੇ ਬਹੁਤੇ ਲੋਕਾਂ ਦੇ ਮਨਾਂ ਵਿਚ ਇਹੋ ਸਵਾਲ ਘੁੰਮ ਰਿਹਾ ਹੈ ਕਿ ਸਰਕਾਰ ਬਣਾਉਣ ਤੋਂ ਬਾਅਦ ਤਾਲਿਬਾਨ ਦੇਸ਼ ਨੂੰ ਕਿਵੇਂ ਚਲਾਉਣਗੇ? ਅਫਗਾਨਿਸਤਾਨ ਦੀ ਅਰਥ ਵਿਵਸਥਾ ਦਾ ਕੀ ਹੋਵੇਗਾ? ਦੇਸ਼ ਦੇ ਖਰਚਿਆਂ ਲਈ ਪੈਸਾ ਕਿੱਥੋਂ ਆਵੇਗਾ? ਇਹ ਸਵਾਲ ਇਸ ਲਈ ਉਠਾਏ ਜਾ ਰਹੇ ਹਨ, ਕਿਉਂਕਿ ਅਮਰੀਕਾ ਨੇ ਅਫਗਾਨਿਸਤਾਨ ਦੇ ਖਾਤੇ ਫਰੀਜ਼ ਕਰ ਦਿੱਤੇ ਹਨ ਅਤੇ ਵਿਸ਼ਵ ਬੈਂਕ ਨੇ ਹਾਲ ਦੀ ਘੜੀ ਸਾਰੀਆਂ ਸਹਾਇਤਾ ਸਹੂਲਤਾਂ ਬੰਦ ਕਰਨ ਦਾ ਫੈਸਲਾ ਕੀਤਾ ਹੈ। ਅਜਿਹੀ ਸਥਿਤੀ ਵਿਚ, ਜੇ ਦੁਨੀਆਂ ਦੇ ਦੇਸ਼ ਤਾਲਿਬਾਨ ਸਰਕਾਰ ਨੂੰ ਮਾਨਤਾ ਨਹੀਂ ਦਿੰਦੇ, ਤਾਂ ਇਸ ਦੇ ਨਤੀਜੇ ਵਜੋਂ ਅੰਤਰਰਾਸ਼ਟਰੀ ਫੰਡਿੰਗ ਨਹੀਂ ਹੋਵੇਗੀ। ਫਿਰ ਅਫਗਾਨਿਸਤਾਨ ਦੇ ਵਿਕਾਸ ਕਾਰਜਾਂ ਨੂੰ ਚਲਾਉਣਾ ਕਿਵੇਂ ਸੰਭਵ ਹੋਵੇਗਾ? ਬਿਨਾ ਸ਼ੱਕ, ਇਹ ਇੱਕ ਵੱਡਾ ਪ੍ਰਸ਼ਨ ਹੈ। ਅਫਗਾਨਿਸਤਾਨ ਅਜਿਹੇ ਬਹੁਤ ਸਾਰੇ ਪ੍ਰਸ਼ਨਾਂ ਨੂੰ ਲੈ ਕੇ ਵਿਸ਼ਲੇਸ਼ਕਾਂ ਅਤੇ ਬੁੱਧੀਜੀਵੀਆਂ ਦੇ ਵਿਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਜਦੋਂ ਅਸੀਂ ਵਿਸ਼ਵ ਪੱਧਰ 'ਤੇ ਅਫਗਾਨਿਸਤਾਨ ਦੀ ਸਥਿਤੀ 'ਤੇ ਨਜ਼ਰ ਮਾਰਦੇ ਹਾਂ, ਤਾਂ ਵੇਖਦੇ ਹਾਂ ਕਿ ਜਿਸ ਤਰੀਕੇ ਨਾਲ ਅਫਗਾਨਿਸਤਾਨ ਪਿਛਲੇ ਚਾਰ ਦਹਾਕਿਆਂ ਤੋਂ ਲਗਾਤਾਰ ਬਾਹਰੀ ਅਤੇ ਅੰਦਰੂਨੀ ਘਰੇਲੂ ਯੁੱਧਾਂ ਨਾਲ ਜੂਝਦਾ ਆ ਰਿਹਾ ਹੈ, ਉਸ ਦੇ ਨਤੀਜੇ 'ਚ ਅਫਗਾਨਿਸਤਾਨ ਚੋਟੀ ਦੇ ਦੋ-ਤਿੰਨ ਦੇਸ਼ਾਂ ਵਿਚੋਂ ਇੱਕ ਅਜਿਹੇ ਦੇਸ਼ ਦੇ ਰੂਪ ਵਿਚ ਸਾਹਮਣੇ ਆਉਂਦਾ ਹੈ, ਜਿਸ ਦੇ ਫਲਸਰੂਪ ਆਮਦਨੀ, ਸਿੱਖਿਆ ਅਤੇ ਸਿਹਤ ਦੇ ਮਾਮਲੇ ਵਿਚ ਦੁਨੀਆਂ ਦੇ ਤਿੰਨ ਸਭ ਤੋਂ ਪਛੜੇ ਦੇਸ਼ਾਂ ਦੀ ਸ਼੍ਰੇਣੀ ਵਿਚ ਆਉਂਦਾ ਹੈ।

ਅਫਗਾਨਿਸਤਾਨ ਦੇ ਮਾਮਲੇ ਵਿਚ, ਜੇ ਨਿਊਯਾਰਕ ਟਾਈਮਜ਼ 2010 ਵਿਚ ਪੈਂਟਾਗਨ ਦੀ ਇੱਕ ਰਿਪੋਰਟ ਦਾ ਵਿਸ਼ਲੇਸ਼ਣ ਕਰੀਏ ਤਾਂ ਅਫਗਾਨਿਸਤਾਨ ਇਸ ਵੇਲੇ ਘੱਟੋ ਘੱਟ ਇੱਕ ਟ੍ਰਿਲੀਅਨ ਡਾਲਰ ਦੇ ਖਣਿਜਾਂ ਨਾਲ ਭਰਪੂਰ ਹੈ। ਯੂ. ਐਸ. ਡਿਪਾਰਟਮੈਂਟ ਆਫ ਡਿਫੈਂਸ ਅਤੇ ਜੀਓਲੌਜੀਕਲ ਸਰਵੇ ਦੇ ਸਹਿਯੋਗ ਨਾਲ ਕੀਤੇ ਗਏ ਵਿਸ਼ਲੇਸ਼ਣ ਅਨੁਸਾਰ ਖਣਿਜ ਪਦਾਰਥ ਭੰਡਾਰਾਂ ਵਿਚ ਇੱਕ ਧਾਤ ਸ਼ਾਮਲ ਹੈ, ਜੇ ਉਹ ਅੱਜ ਖਤਮ ਹੋ ਗਈ ਤਾਂ ਕੱਲ੍ਹ ਤੱਕ ਵਿਸ਼ਵ 'ਚ ਵਿਕਾਸ ਕਾਰਜਾਂ ਵਿਚ ਇੱਕ ਖੜੋਤ ਆ ਜਾਏਗੀ। ਦਰਅਸਲ ਲਿਥੀਅਮ ਨਾਂ ਵਜੋਂ ਜਾਣੀ ਜਾਂਦੀ ਇਸ ਧਾਤ ਦੀ ਵਰਤੋਂ ਮੋਬਾਈਲ ਫੋਨਾਂ, ਟੈਬਲੇਟਾਂ, ਲੈਪਟੌਪਾਂ, ਕੈਮਰਿਆਂ, ਡਰੋਨਾਂ ਤੇ ਹੋਰ ਉਪਕਰਣਾਂ ਦੀਆਂ ਬੈਟਰੀਆਂ ਦੇ ਨਾਲ ਨਾਲ ਚੱਲਣ ਵਾਲੀਆਂ ਇਲੈਕਟ੍ਰਿਕ ਕਾਰਾਂ ਲਈ ਰੀਚਾਰਜ ਕਰਨ ਯੋਗ ਬੈਟਰੀਆਂ ਲਈ ਕੀਤੀ ਜਾਂਦੀ ਹੈ।

ਦੂਜੇ ਪਾਸੇ 2017 ਵਿਚ ਕਰਵਾਏ ਗਏ ਇੱਕ ਹੋਰ ਸਰਵੇਖਣ ਅਨੁਸਾਰ ਅਫਗਾਨਿਸਤਾਨ ਦੇ ਖਣਿਜ ਸਰੋਤਾਂ ਦੀ ਕੀਮਤ 30 ਟ੍ਰਿਲੀਅਨ ਤੋਂ ਵੱਧ ਹੈ, ਪਰ ਦੇਸ਼ ਅੰਦਰ ਲੰਮੇ ਸਮੇਂ ਤੋਂ ਚੱਲ ਰਹੇ ਤਣਾਅ ਦੇ ਕਾਰਨ ਇਸ ਸਰਵੇਖਣ ਨੂੰ ਅੰਤਿਮ ਨਹੀਂ ਕਿਹਾ ਜਾ ਸਕਦਾ।

ਜਿਵੇਂ ਕਿ ਅਸੀਂ ਜਾਣਦੇ ਹਾਂ ਕਿ ਅੱਜ ਦੇ ਇੰਟਰਨੈਟ ਦੇ ਇਸ ਯੁੱਗ ਵਿਚ ਮੋਬਾਈਲ ਉਪਕਰਣਾਂ ਅਤੇ ਇਲੈਕਟ੍ਰਿਕ ਵਾਹਨਾਂ ਦੀ ਵਰਤੋਂ ਦਾ ਰੁਝਾਨ ਦਿਨ ਪ੍ਰਤੀ ਦਿਨ ਵਧ ਰਿਹਾ ਹੈ। ਇਸ ਲਈ ਲਿਥੀਅਮ ਦੀ ਮੰਗ ਵੀ ਦਿਨੋ ਦਿਨ ਵਧ ਰਹੀ ਹੈ। ਇੱਕ ਅਨੁਮਾਨ ਮੁਤਾਬਕ 2040 ਵਿਚ ਇਸ ਧਾਤ ਦੀ ਮੰਗ 40 ਗੁਣਾਂ ਵਧਣ ਦੀ ਸੰਭਾਵਨਾ ਹੈ। ਮਾਹਿਰਾਂ ਦਾ ਇਹ ਵੀ ਮੰਨਣਾ ਹੈ ਕਿ ਜਿਸ ਤਰ੍ਹਾਂ ਤੇਲ ਨੇ ਮੱਧ ਪੂਰਬ ਦੀ ਅਰਥ ਵਿਵਸਥਾ ਨੂੰ ਬਦਲ ਕੇ ਰੱਖ ਦਿੱਤਾ ਹੈ, ਉਸੇ ਤਰ੍ਹਾਂ ਖਣਿਜ ਪਦਾਰਥਾਂ ਨਾਲ ਭਰਪੂਰ ਅਫਗਾਨਿਸਤਾਨ ਵੀ ਇਨ੍ਹਾਂ ਸਰੋਤਾਂ ਦੀ ਵਰਤੋਂ ਕਰਕੇ ਆਪਣੀ ਕਿਸਮਤ ਬਦਲਣ ਦੀ ਸਮਰੱਥਾ ਰੱਖਦਾ ਹੈ। ਸਵਾਲ ਇਹ ਵੀ ਉੱਠਦਾ ਹੈ ਕਿ ਅਫਗਾਨਿਸਤਾਨ ਵਿਚ ਆਖਰ ਕਿੰਨੀ ਕੁ ਲਿਥੀਅਮ ਮੌਜੂਦ ਹੈ? ਇਸ ਸਬੰਧੀ ਪੈਂਟਾਗਨ ਦੀ ਇੱਕ ਰਿਪੋਰਟ ਵਿਚ ਅਫਗਾਨਿਸਤਾਨ ਨੂੰ "ਲਿਥੀਅਮ ਦਾ ਸਾਊਦੀ ਅਰਬ" ਦੱਸਿਆ ਗਿਆ ਹੈ। ਯੂ. ਐਸ. ਫੌਜ ਦੇ ਕਮਾਂਡਰ-ਇਨ-ਚੀਫ ਜਨਰਲ ਡੇਵਿਡ ਪੈਟਰੌਇਸ ਨੇ ਇੱਕ ਬਿਆਨ ਵਿਚ ਕਿਹਾ ਕਿ 'ਇੱਥੇ ਬਹੁਤ ਸੰਭਾਵਨਾਵਾਂ ਹਨ।'



ਇਥੇ ਜ਼ਿਕਰਯੋਗ ਹੈ ਕਿ ਲਿਥੀਅਮ ਅਫਗਾਨਿਸਤਾਨ ਦੇ ਗਜ਼ਨੀ, ਹੇਰਾਤ ਅਤੇ ਨਿਮਰੋਜ਼ ਪ੍ਰਾਂਤਾਂ ਵਿਚ ਮੌਜੂਦ ਹੈ। ਮਾਹਿਰਾਂ ਅਨੁਸਾਰ ਲਿਥੀਅਮ ਤੋਂ ਇਲਾਵਾ ਤਾਂਬਾ, ਸੋਨਾ, ਲੋਹਾ ਅਤੇ ਕੋਬਾਲਟ ਵੀ ਅਫਗਾਨਿਸਤਾਨ ਵਿਚ ਵੱਡੀ ਮਾਤਰਾ ਵਿਚ ਪਾਇਆ ਜਾਂਦਾ ਹੈ।

ਇਕ ਹੋਰ ਰਿਪੋਰਟ ਅਨੁਸਾਰ ਅਫਗਾਨਿਸਤਾਨ ਕੋਲ ਅਰਬਾਂ ਡਾਲਰ ਦੇ ਖਣਿਜ ਹਨ। ਇੱਕ ਅੰਦਾਜ਼ਾ ਇਹ ਵੀ ਹੈ ਕਿ ਅਫਗਾਨਿਸਤਾਨ ਦੀਆਂ ਵਾਦੀਆਂ, ਚੱਟਾਨਾਂ ਅਤੇ ਪਹਾੜਾਂ ਵਿਚ ਲਗਭਗ ਤਿੰਨ ਟ੍ਰਿਲੀਅਨ ਡਾਲਰ ਦੇ ਖਣਿਜ ਅਤੇ ਧਾਤ ਲੁਕੇ ਹੋਏ ਹੋ ਸਕਦੇ ਹਨ, ਜੋ ਕਿਸੇ ਨੂੰ ਕਦੇ ਨਹੀਂ ਮਿਲੇ। ਸ਼ਾਇਦ ਇਹੋ ਕਾਰਨ ਹੈ ਕਿ ਅਫਗਾਨਿਸਤਾਨ ਨੂੰ ਇਨ੍ਹਾਂ ਧਾਤਾਂ ਦੇ ਕਾਰਨ ਲਿਥੀਅਮ ਦਾ ਸਾਊਦੀ ਅਰਬ ਕਿਹਾ ਜਾ ਰਿਹਾ ਹੈ।

ਅਫਗਾਨਿਸਤਾਨ ਵਿਚ ਦੁਰਲਭ ਧਾਤਾਂ ਵਿਚੋਂ ਨਿਓਹੀਡੀਮੀਅਮ, ਪ੍ਰੈਜੀਡੀਮੀਅਮ ਤੇ ਡਿਸਪ੍ਰੋਜ਼ੀਅਮ ਅਤੇ ਤਾਂਬੇ ਦੇ ਵਿਸ਼ਾਲ ਭੰਡਾਰ ਹਨ, ਜਿਨ੍ਹਾਂ ਦੀ ਭਵਿੱਖ ਵਿਚ ਜਲਵਾਯੂ ਤਬਦੀਲੀ ਨਾਲ ਨਜਿੱਠਣ ਲਈ ਵਿਸ਼ਵ ਨੂੰ ਕਲੀਨ ਐਨਰਜੀ ਦੀ ਵੱਡੀ ਮਾਤਰਾ ਵਿਚ ਲੋੜ ਪਵੇਗੀ।

ਇਸ ਤੋਂ ਇਲਾਵਾ ਅਫਗਾਨਿਸਤਾਨ ਦੀਆਂ ਚੱਟਾਨਾਂ ਦੁਰਲਭ ਪੱਥਰਾਂ ਦੀਆਂ ਖਾਣਾਂ ਹਨ। ਇਨ੍ਹਾਂ ਵਿਚ ਕੀਮਤੀ ਪੱਥਰ ਜਿਵੇਂ ਕਿ ਜਮਰਦ, ਯਾਕੂਤ, ਲਾਲ, ਸੰਗਮਰਮਰ ਅਤੇ ਲੈਪਿਸ ਲਾਜਵਰਦ ਜਿਹੇ ਕੀਮਤੀ ਪੱਥਰ ਮਿਲਦੇ ਹਨ। ਇਨ੍ਹਾਂ ਖਾਣਾਂ ਤੋਂ ਕੋਲਾ, ਆਇਰਨ ਕੋਬਾਲਟ ਅਤੇ ਟਾਲਕ ਵੀ ਉਪਲਬਧ ਹੈ।

ਅਫਗਾਨਿਸਤਾਨ ਵਿਚ ਇਨ੍ਹਾਂ ਖਣਿਜਾਂ ਦੀ ਮੌਜੂਦਗੀ ਦੇ ਮੱਦੇਨਜ਼ਰ ਹੀ ਸ਼ਾਇਦ ਚੀਨ, ਰੂਸ ਅਤੇ ਹੋਰ ਯੂਰਪੀਅਨ ਦੇਸ਼ ਹੁਣ ਅਫਗਾਨਿਸਤਾਨ ਵਿਚ ਇੱਕ ਸਥਿਰ ਸਰਕਾਰ ਦੇਖਣਾ ਚਾਹੁੰਦੇ ਹਨ। ਇਸ ਦਾ ਅੰਦਾਜ਼ਾ ਇਸ ਗੱਲ ਤੋਂ ਵੀ ਲਾਇਆ ਜਾ ਸਕਦਾ ਹੈ ਕਿ ਚੀਨ ਅਜਿਹਾ ਕਰਨ ਵਾਲਾ ਪਹਿਲਾ ਦੇਸ਼ ਹੈ, ਜੋ ਤਾਲਿਬਾਨ ਨਾਲ 'ਦੋਸਤਾਨਾ ਸੰਬੰਧ' ਸਥਾਪਤ ਕਰਨ ਦਾ ਚਾਹਵਾਨ ਹੈ। ਇਸੇ ਦੇ ਫਲਸਰੂਪ 28 ਜੁਲਾਈ ਨੂੰ ਚੀਨ ਦੇ ਵਿਦੇਸ਼ ਮੰਤਰੀ ਵਾਂਗ ਯੀ ਨੇ ਬੀਜਿੰਗ ਵਿਚ ਤਾਲਿਬਾਨ ਦੇ ਵਫਦ ਨਾਲ ਮੁਲਾਕਾਤ ਕੀਤੀ ਅਤੇ ਕਿਹਾ, "ਤਾਲਿਬਾਨ ਅਫਗਾਨਿਸਤਾਨ ਵਿਚ ਸ਼ਾਂਤੀ, ਸੁਲ੍ਹਾ ਅਤੇ ਪੁਨਰ ਨਿਰਮਾਣ ਵਿਚ ਮੁੱਖ ਭੂਮਿਕਾ ਨਿਭਾਉਣਗੇ।" ਜਦੋਂ ਕਿ ਇਸ ਮੌਕੇ ਅਫਗਾਨ ਵਫਦ ਦੇ ਮੁਖੀ ਮੁੱਲਾ ਅਬਦੁਲ ਗਨੀ ਬਰਾਦਰ ਨੇ ਉਮੀਦ ਪ੍ਰਗਟ ਕੀਤੀ ਕਿ ਚੀਨ ਅਫਗਾਨਿਸਤਾਨ ਦੇ ਮੁੜ ਨਿਰਮਾਣ ਅਤੇ ਆਰਥਿਕ ਵਿਕਾਸ ਵਿਚ ਵੱਡੀ ਭੂਮਿਕਾ ਨਿਭਾਏਗਾ।

ਇਥੇ ਵਰਣਨਯੋਗ ਹੈ ਕਿ ਜਦੋਂ ਅਮਰੀਕਾ ਨੇ 2001 ਵਿਚ ਤਾਲਿਬਾਨ ਉੱਤੇ ਹਮਲਾ ਕੀਤਾ ਤਾਂ ਚੀਨ ਨੇ ਅਫਗਾਨਿਸਤਾਨ ਦੇ ਲੋਗਰ ਪ੍ਰਾਂਤ ਵਿਚ 'ਮਿਸ ਐਨ' (ਪਸ਼ਤੋ ਅਤੇ ਫਾਰਸੀ ਭਾਸ਼ਾ ਵਿਚ 'ਮਿਸ' ਨੂੰ ਤਾਂਬਾ ਅਤੇ ਅਰਬੀ ਭਾਸ਼ਾ ਦੇ 'ਐਨ' ਦਾ ਅਰਥ ਹੈ, ਮਾਖਜ ਭਾਵ ਸਰੋਤ) ਨਾਮਕ ਤਾਂਬੇ ਦੀ ਖਾਣ ਵਿਚ ਇੱਕ ਖਨਨ ਪ੍ਰਾਜੈਕਟ 'ਤੇ ਕੰਮ ਕਰ ਰਿਹਾ ਸੀ।

ਉਧਰ ਆਸਟ੍ਰੀਆ ਇੰਸਟੀਚਿਊ ਫਾਰ ਯੂਰਪੀਅਨ ਐਂਡ ਸਿਕਿਉਰਿਟੀ ਪਾਲਿਸੀ ਦੇ ਸੀਨੀਅਰ ਫੈਲੋ ਮਾਈਕਲ ਟੈਂਕਮ ਡੋਏਚੇ ਵੈਲੇ ਦਾ ਕਹਿਣਾ ਹੈ ਕਿ ਅਫਗਾਨਿਸਤਾਨ 'ਤੇ ਤਾਲਿਬਾਨ ਦਾ ਕਬਜ਼ਾ ਅਜਿਹੇ ਸਮੇਂ ਹੋਇਆ ਹੈ, ਜਦੋਂ ਦੁਨੀਆਂ ਨੂੰ ਨੇੜੇ ਭਵਿੱਖ ਵਿਚ ਉਕਤ ਖਣਿਜਾਂ ਦੀ ਘਾਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਤੇ ਚੀਨ ਨੂੰ ਇਸ ਦੀ ਬੇਹੱਦ ਲੋੜ ਹੈ। ਇਸ ਦੇ ਨਾਲ ਹੀ ਉਨ੍ਹਾਂ ਦਾ ਇਹ ਵੀ ਕਹਿਣਾ ਹੈ, "ਚੀਨ ਪਹਿਲਾਂ ਹੀ ਇਨ੍ਹਾਂ ਖਣਿਜਾਂ ਨੂੰ ਕੱਢਣ ਦੀ ਸਥਿਤੀ 'ਚ ਹੈ।"

## ਰਾਜ ਕਰੇਂਦੇ ਰਾਜਿਆ: ਦਿਲ ਦੀ ਗੱਲ

*(ਪਿਛਲੇ ਸਫੇ ਦੀ ਬਾਕੀ)*

ਮਟਕੀ 'ਰਾਜ ਕਰੇਂਦੇ ਰਾਜਿਆ' ਵਿਚ ਮੈਂ ਵੇਲੇ ਦੇ ਹੁਕਮਰਾਨ, ਚਾਹੇ ਉਹ ਸੂਬੇ ਦਾ ਮੁੱਖ ਮੰਤਰੀ ਹੋਵੇ, ਚਾਹੇ ਦੇਸ਼ ਦਾ ਪ੍ਰਧਾਨ ਮੰਤਰੀ ਹੋਵੇ ਪਰ ਉਹ ਆਪਣੇ ਆਪ ਨੂੰ ਲੋਕ ਸੇਵਕ ਸਮਝਣ ਦੀ ਥਾਂ ਰਾਜਾ ਸਮਝਦਾ ਹੋਵੇ, ਨੂੰ ਕੁਝ ਸਵਾਲ ਕੀਤੇ ਹਨ, ਸੁਚੇਤ ਕੀਤਾ ਹੈ, ਕਿਤੇ ਤਨਜ਼ੀਆ ਢੰਗ ਨਾਲ ਵੀ ਕੁਝ ਕਿਹਾ ਹੈ ਤੇ ਕਿਤੇ ਉਲਾਂਭਾ ਦੇ ਕੇ ਫਿਟਕਾਰ ਵੀ ਪਾਈ ਹੈ।

ਮੈਂ ਤਾਂ ਕੀ, ਸਾਰੇ ਚੇਤਨ ਲੋਕ ਹੀ ਮਹਿਸੂਸ ਕਰਦੇ ਹਨ ਕਿ ਮਾੜੇ ਵਰਤਾਰੇ ਦੇ ਵਿਰੁੱਧ ਸੋਚਿਆ, ਬੋਲਿਆ, ਲਿਖਿਆ ਤੇ ਪ੍ਰਚਾਰ ਕੀਤਾ ਜਾਵੇ ਅਤੇ ਜੇ ਕਰ ਲੋੜ ਪਵੇ ਤਾਂ ਜਥੇਬੰਦਕ ਤਰੀਕੇ ਨਾਲ ਸੰਘਰਸ਼ਸ਼ੀਲ ਹੋ ਕੇ ਲੜਾਈ ਵੀ ਲੜੀ ਜਾਵੇ। ਇਸ ਯੁਗ ਵਿਚ ਲੜਾਈ ਦਾ ਸਭ ਤੋਂ ਕਾਰਗਰ ਹਥਿਆਰ ਵੋਟ ਹੈ। ਵੋਟ ਪਾਉਣ ਵੇਲੇ ਵੀ ਡਾਢੀ ਸੋਚ-ਵਿਚਾਰ ਤੋਂ ਕੰਮ ਲੈਣਾ ਚਾਹੀਦਾ ਹੈ। ਹਰਲ-ਹਰਲ ਕਰ ਕੇ ਬਿਨਾ ਸੋਚੇ ਸਮਝੇ ਵੋਟ ਪਾ ਕੇ ਅਸੀਂ ਬਹੁਤ ਵੱਡੇ ਨੁਕਸਾਨ ਕਰਵਾ ਚੁੱਕੇ ਹਾਂ।

ਮੇਰੀ ਇਹ ਪੁਸਤਕ ਸੰਘਰਸ਼ੀ ਕਿਰਤੀ ਕਿਸਾਨਾਂ ਤੇ ਮੋਰਚੇ 'ਤੇ ਸ਼ਹੀਦੀਆਂ ਪ੍ਰਾਪਤ ਕਰ ਚੁੱਕੇ ਯੋਧਿਆਂ ਦੇ ਨਾਂ ਹੈ। ਮੇਰੀ ਇੱਛਾ ਵਿਚ ਸ਼ਾਮਿਲ ਹੈ ਕਿ ਮੇਰੀ ਇਸ ਪੁਸਤਕ ਨੂੰ ਹਰ ਇਕ ਜਾਗਰੂਕ ਤੇ ਸੂਝਵਾਨ ਮਨੁੱਖ, ਵਿਸ਼ੇਸ਼ ਤੌਰ 'ਤੇ ਕਿਰਤੀ, ਕਿਸਾਨ ਤੇ ਹਰ ਵੋਟਰ ਪੜ੍ਹੇ ਤੇ ਹੋਰਾਂ ਨੂੰ ਵੀ ਪੜ੍ਹਾਵੇ। ਪੜ੍ਹ ਕੇ ਇਸ ਬਾਰੇ ਸੋਚੇ, ਅਮਲ ਕਰੇ ਤੇ ਬਣਦਾ ਸਰਦਾ ਪ੍ਰਚਾਰ ਵੀ ਕਰੇ। ਇਸ ਵਿਚ ਰਹਿ ਗਈਆਂ ਘਾਟਾਂ ਬਾਰੇ ਉਹ ਮੈਨੂੰ ਸੁਝਾਅ ਦੇਵੇ। ਸੁਧਾਰ ਵਾਸਤੇ ਸਭ ਦੀ ਠੋਸ ਰਾਇ ਦਾ ਤਲਬਗ਼ਾਰ ਹਾਂ। ਪੂਰੇ ਭਾਰਤ ਦੇ 'ਰਾਜਿਆਂ' ਨੂੰ ਸ਼ੀਸ਼ਾ ਵਿਖਾਉਣ ਵਾਸਤੇ, ਇਸ ਪੁਸਤਕ ਨੂੰ ਦੇਵਨਾਗਰੀ ਲਿੱਪੀ ਵਿਚ ਅਨੁਵਾਦ ਕਰਵਾਉਣ ਬਾਰੇ ਵੀ ਯਤਨ ਕੀਤਾ ਜਾ ਰਿਹਾ ਹੈ।

ਲੋਕ-ਪੀੜਾ ਨੂੰ ਮੈਂ ਜਿਸ ਤਰ੍ਹਾਂ ਮਹਿਸੂਸ ਕੀਤਾ, ਉਸ ਤਰ੍ਹਾਂ ਹੀ ਆਪਣੀ ਸਮਰੱਥਾ ਅਨੁਸਾਰ, ਛੇ ਸੌ ਅਠੱਤਰ ਦੋਹਿਆਂ ਦੀ ਦੋਹਾ-ਮਟਕੀ ਤੁਹਾਡੇ ਅੱਗੇ ਪਰੋਸ ਦਿੱਤੀ ਹੈ। ਪੜ੍ਹਨ ਉਪਰੰਤ ਫੈਸਲਾ ਤੁਸੀਂ ਕਰਨਾ ਹੈ ਕਿ ਮੈਂ ਸਮੁੱਚੇ ਆਮ ਲੋਕਾਂ ਦੀ ਗੱਲ ਕਰਨ 'ਚ ਕਿੰਨਾ ਕੁ ਕਾਮਯਾਬ ਹੋਇਆ ਹਾਂ?

ਇਸ ਤੋਂ ਅਗਲੀ ਗੱਲ, ਮੇਰੀ ਦੋਹਾ-ਮਟਕੀ 'ਰਾਜ ਕਰੇਂਦੇ ਰਾਜਿਆ' ਕਿਤਾਬੀ ਰੂਪ 'ਚ ਆ ਗਈ ਹੈ। ਇਸ ਨੂੰ ਆਮ ਕਿਤਾਬ ਵਾਂਙ ਪੜ੍ਹਨ ਦੀ ਥਾਂ ਕਿਸਾਨੀ ਸੰਘਰਸ਼/ਮੋਰਚਾ, ਮੁਲਾਜ਼ਮਾਂ ਦੀ ਹੱਕਾਂ ਪ੍ਰਤੀ ਲੜਾਈ, ਮਹਿੰਗਾਈ, ਸਿਹਤ, ਸਿੱਖਿਆ, ਸੁਰੱਖਿਆ ਤੇ ਪ੍ਰਬੰਧ 'ਚ ਨਿਘਾਰ, ਰਿਸ਼ਵਤਖੋਰੀ, ਸਾਮਰਾਜਵਾਦ ਦਾ ਵਿਸਥਾਰ ਅਤੇ ਨਪੀੜੇ ਜਾ ਰਹੇ ਆਮ ਆਦਮੀ ਦੀ ਹੋਣੀ ਆਦਿ ਨੂੰ ਧਿਆਨ ਵਿਚ ਰੱਖ ਕੇ ਪੜ੍ਹਨਾ ਹੈ। ਇਹ ਦੋਹੇ ਸਖਤ ਰੌਂਅ ਵਿਚ ਰਚੇ ਗਏ ਹਨ। ਇਹਨਾਂ ਦੋਹਿਆਂ ਵਿਚੋਂ ਪ੍ਰੇਮ-ਰਸ ਤੇ ਇਸ਼ਕ-ਮੁਸ਼ਕ ਦੇ ਚਟਖਾਰੇ ਨਹੀਂ, ਲੋਕ-ਪੱਖੀ ਹੁਲਾਰੇ ਮਿਲਣਗੇ।

ਦੋਹਾ ਲੋਕਾਂ ਦੀ ਮਾਨਸਿਕਤਾ ਵਿਚ ਵਸਿਆ ਹੋਇਆ ਕਾਵਿ-ਰੂਪ ਹੈ। ਇਸ ਦੇ ਦੋ ਮਿਸਰਿਆਂ ਵਿਚ ਹੀ ਵਡੇਰੀ/ਪੂਰੀ ਗੱਲ ਕੀਤੀ ਜਾ ਸਕਦੀ ਹੈ। ਮੈਂ ਇਹਨਾਂ ਦੋਹਿਆਂ ਵਿਚ ਹਾਕਮ ਨੂੰ ਮਾੜੀ ਨੀਤੀ ਤੋਂ ਹੋੜਨ ਦਾ ਯਤਨ ਕੀਤਾ ਹੈ, ਬਣਦੀ ਰਾਇ ਦਿੱਤੀ ਹੈ, ਚੂੰਢੀ ਵੱਢੀ ਹੈ, ਫਿਟਕਾਰ ਪਾਈ ਹੈ, ਲਾਣ੍ਹਤ ਘੱਲੀ ਹੈ। ਜਿੰਨੀ ਮੇਰੀ ਸਮਰੱਥਾ ਹੈ, ਮੈਂ ਕਲਮਕਾਰ ਹੋਣ ਦਾ ਆਪਣਾ ਫਰਜ਼ ਨਿਭਾਅ ਦਿੱਤਾ ਹੈ। ਮੇਰਾ ਇਕ ਦੋਹਾ ਹੈ:

ਬੋਲੇ ਜੇਕਰ ਸ਼ਾਇਰ ਨਾ, ਬੋਲੇਗਾ ਫਿਰ ਕੌਣ।
ਬਿਨ ਬੋਲੇ ਨਾ ਨਿਕਲਣੀ, ਜੂਲੇ ਹੇਠੋਂ ਧੌਣ।

ਜਾਗਰੂਕ ਹੋਣਾ ਇਸ ਵੇਲੇ ਦੀ ਮੁੱਢਲੀ ਤੇ ਅਤਿਅੰਤ ਜ਼ਰੂਰੀ ਲੋੜ ਹੈ। ਨਾ ਜਾਗੇ ਤਾਂ ਹਰਲ-ਹਰਲ ਕਰਦੇ ਛਤਰੇ ਸਾਡੇ ਖੇਤ ਚਰ ਜਾਣਗੇ, ਸਾਡੀਆਂ ਰੀਝਾਂ ਵਲੂੰਧਰ ਕੇ ਰੱਖ ਦੇਣਗੇ, ਸਾਡੇ ਚਾਵਾਂ ਨੂੰ ਲੰਗਾਰ ਕਰ ਦੇਣਗੇ, ਸਾਡੀਆਂ ਖੁਸ਼ੀਆਂ ਮਧੋਲ ਕੇ ਸੁੱਟ ਦੇਣਗੇ। ਆਪਣੀ ਰਾਖੀ ਵਾਸਤੇ ਹੁਣ ਪੂਰੀ ਤਰ੍ਹਾਂ ਮੁਸਤੈਦ ਹੋ ਕੇ ਸਭ ਨੂੰ ਚੌਕੀਦਾਰਾ ਕਰਨਾ ਪੈਣਾ ਹੈ।

ਕੀਮਤ ਬਾਰੇ ਗੱਲ ਕਰਾਂ, ਕਿਤਾਬ ਦਾ ਮੁੱਲ ਛਿੱਲੜਾਂ ਵੱਲ ਵੇਖ ਕੇ ਨਹੀਂ ਭਰਨਾ ਚਾਹੀਦਾ, ਕੀਮਤ ਵਿਚਲੀ ਸਮੱਗਰੀ ਦੀ ਹੁੰਦੀ ਹੈ। ਪੜ੍ਹਨ ਵਾਲਿਆਂ ਵਾਸਤੇ ਕਿਤਾਬ ਦੀ ਕੀਮਤ ਨਹੀਂ ਹੁੰਦੀ, ਕਿਤਾਬ ਕੀਮਤੀ ਹੁੰਦੀ ਹੈ।

ਆਕਾਰ ਵਜੋਂ ਇਹ 128 ਪੰਨਿਆਂ ਦੀ ਕਿਤਾਬ ਹੈ ਅਤੇ 678 ਦੋਹਿਆਂ ਨਾਲ ਇਕ ਪੈਂਤੀ ਅੱਖਰੀ (ਦੋਹੇ) ਵੀ ਹੈ। ਸ੍ਰ. ਮਹਿੰਦਰ ਸਾਥੀ ਜੀ ਅਤੇ ਜਨਾਬ ਸੁਲੱਖਣ ਸਰਹੱਦੀ ਜੀ ਨੇ ਇਸ ਕਿਤਾਬ ਦੀ ਭੂਮਿਕਾ ਲਿਖੀ ਹੈ। ਮੇਰਾ ਯਕੀਨ ਹੈ ਕਿ ਇਸ ਪੁਸਤਕ ਵਿਚਲੇ ਦੋਹੇ ਤੁਹਾਨੂੰ ਹਲੂਣ ਕੇ ਰੱਖ ਦੇਣਗੇ।

## ਮਾਸਟਰ ਹਰਨਾਮ ਸਿੰਘ ਗਿੱਲ ਦਾ ਵਿਛੋੜਾ

ਡਾ. ਚਰਨਜੀਤ ਸਿੰਘ ਗੁਮਟਾਲਾ

ਮਾਸਟਰ ਹਰਨਾਮ ਸਿੰਘ ਗਿੱਲ ਦਾ ਜਨਮ 15 ਅਪਰੈਲ 1925 ਨੂੰ ਅਟਾਰੀ ਬਾਰਡਰ ਦੇ ਲਾਗੇ ਇੱਕ ਛੋਟੇ ਜਿਹੇ ਪਿੰਡ ਰਤਨ ਵਿਚ ਹੋਇਆ। ਉਨ੍ਹਾਂ ਦੀ ਮਾਤਾ ਦਾ ਨਾਂ ਬੀਬੀ ਤੇਜ ਕੌਰ ਤੇ ਪਿਤਾ ਦਾ ਨਾਂ ਸ. ਪ੍ਰਤਾਪ ਸਿੰਘ ਸੀ। ਉਨ੍ਹਾਂ ਨੇ ਪ੍ਰਾਇਮਰੀ ਪਿੰਡ ਪੁਲ ਕੰਜਰੀ ਦੇ ਪ੍ਰਾਇਮਰੀ ਸਕੂਲ ਤੋਂ ਕੀਤੀ ਤੇ ਮੈਟ੍ਰਿਕ ਸਰਕਾਰੀ ਹਾਈ ਸਕੂਲ ਅਟਾਰੀ ਤੋਂ 1945 ਵਿਚ ਕੀਤੀ। ਉਨ੍ਹਾਂ ਐਫ. ਏ. 1947 ਵਿਚ ਸਿੱਖ ਨੈਸ਼ਨਲ ਕਾਲਜ ਲਾਹੌਰ, ਜਿੱਥੋਂ ਦੇ ਪ੍ਰਿੰਸੀਪਲ ਮਾਸਟਰ ਤਾਰਾ ਸਿੰਘ ਦੇ ਭਰਾ ਸ. ਨਿਰੰਜਨ ਸਿੰਘ ਸਨ, ਤੋਂ ਕੀਤੀ। ਫਿਰ ਪਾਕਿਸਤਾਨ ਬਣ ਗਿਆ ਤੇ ਇਹ ਸਿੱਖ ਨੈਸ਼ਨਲ ਕਾਲਜ ਕਾਦੀਆਂ ਜਿਲਾ ਗੁਰਦਾਸਪੁਰ ਵਿਚ ਆ ਗਿਆ, ਜਿੱਥੇ ਕਿ ਅਜੇ ਵੀ ਚੱਲ ਰਿਹਾ ਹੈ। ਇਸ ਕਾਲਜ ਤੋਂ ਉਨ੍ਹਾਂ ਨੇ 1950 ਵਿਚ ਬੀ. ਏ. ਕੀਤੀ।

ਮਾਸਟਰ ਹਰਨਾਮ ਸਿੰਘ ਗਿੱਲ ਦੇ ਪਿਤਾ ਸਰਗਰਮ ਅਕਾਲੀ ਆਗੂ ਸਨ ਤੇ ਉਨ੍ਹਾਂ ਨੇ ਸ. ਈਸ਼ਰ ਸਿੰਘ ਮਝੈਲ, ਗਿਆਨੀ ਕਰਤਾਰ ਸਿੰਘ ਤੇ ਜਥੇਦਾਰ ਮੋਹਨ ਸਿੰਘ ਤੁੜ ਨਾਲ ਅਕਾਲੀ ਮੋਰਚਿਆਂ ਵਿਚ ਕੈਦ ਕੱਟੀ ਹੋਈ ਸੀ। ਸ. ਈਸ਼ਰ ਸਿੰਘ ਮਝੈਲ ਚੋਣਾਂ ਵਿਚ ਸ. ਗਿੱਲ ਦੇ ਪਿੰਡ ਆਏ। ਉਨ੍ਹਾਂ ਦੱਸਿਆ ਕਿ ਪਿਤਾ ਜੀ ਤਾਂ ਸਵਰਗਵਾਸ ਹੋ ਗਏ ਹਨ, ਪਰ ਮੈਂ ਤੁਹਾਡੀ ਚੋਣਾਂ ਵਿਚ ਜਰੂਰ ਮਦਦ ਕਰਾਂਗਾ। ਮਝੈਲ ਸਾਹਿਬ ਨੇ ਪੁੱਛਿਆ ਕਿ ਤੁਸੀਂ ਕੀ ਕੰਮ ਕਰਦੇ ਹੋ। ਉਨ੍ਹਾਂ ਕਿਹਾ ਕਿ ਵਿਹਲਾ ਹੁੰਦਾ ਹਾਂ। ਉਨ੍ਹਾਂ ਕਿਹਾ ਕਿ ਤੁਸੀਂ ਮੈਨੂੰ ਅੰਮ੍ਰਿਤਸਰ ਮਿਲੋ। ਉਹ ਉਸ ਸਮੇਂ ਸ਼੍ਰੋਮਣੀ ਗੁਰਦੁਆਰੇ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਨ। ਉਨ੍ਹਾਂ ਨੇ ਸ. ਗਿੱਲ ਨੂੰ ਸ੍ਰੀ ਗੁਰੂ ਰਾਮਦਾਸ ਖਾਲਸਾ ਹਾਈ ਸਕੂਲ, ਅੰਮ੍ਰਿਤਸਰ ਵਿਚ ਅਨਟਰੇਂਡ ਮਾਸਟਰ ਲਵਾ ਦਿੱਤਾ।

ਉਨ੍ਹਾਂ ਦਿਨਾਂ ਵਿਚ ਤਾਂ ਖਾਲਸਾ ਕਾਲਜ ਆਫ ਐਜੂਕੇਸ਼ਨ ਅੰਮ੍ਰਿਤਸਰ ਵਿਚ ਬੀ. ਟੀ. ਦੇ ਦਾਖਲੇ ਵਿਚ ਸਿਫਾਰਸ਼ ਚੱਲਦੀ ਸੀ। ਸ. ਗਿੱਲ ਨੇ ਸ. ਈਸ਼ਰ ਸਿੰਘ ਮਝੈਲ ਤੇ ਗਿਆਨੀ ਕਰਤਾਰ ਸਿੰਘ ਪਾਸ ਦਾਖਲੇ ਲਈ ਪਹੁੰਚ ਕੀਤੀ। ਉਨ੍ਹਾਂ ਨੇ ਉਸ ਸਮੇਂ ਦੇ ਵਾਈਸ ਪ੍ਰਿੰਸੀਪਲ ਸ. ਹਰਨਾਮ ਸਿੰਘ ਨੂੰ ਸਿਫਾਰਸ਼ ਕਰਕੇ ਸ. ਗਿੱਲ ਨੂੰ ਬੀ. ਟੀ. ਵਿਚ ਦਾਖਲਾ ਦਵਾ ਦਿੱਤਾ। ਇਸ ਤਰ੍ਹਾਂ ਉਨ੍ਹਾਂ ਨੇ 1954-55 ਵਿਚ ਬੀ. ਟੀ. ਕਰ ਲਈ ਤੇ ਉਹ ਸਕੂਲ ਵਿਚ ਪੱਕੇ ਹੋ ਗਏ।

1960 ਵਿਚ ਖਾਲਸਾ ਕਾਲਜ ਹਾਈ ਸਕੂਲ ਵਿਚ ਆਸਾਮੀਆਂ ਨਿਕਲੀਆਂ। ਉਨ੍ਹਾਂ ਨੇ ਅਰਜੀ ਦੇ ਦਿੱਤੀ ਤੇ ਚੋਣ ਹੋ ਗਈ। ਉਨ੍ਹਾਂ ਦੇ ਨਾਲ ਹੀ ਪ੍ਰੋ. ਮੋਹਨ ਸਿੰਘ ਵੀ ਉਸ ਸਮੇਂ ਬਤੌਰ ਸਾਇੰਸ ਮਾਸਟਰ ਚੁਣੇ ਗਏ। ਸ. ਸ਼ਂਗਾਰਾ ਸਿੰਘ ਜੋ ਕਿ ਬਾਅਦ ਵਿਚ ਰਾਮਗੜ੍ਹੀਆ ਸਕੂਲ ਤੇ ਖਾਲਸਾ ਕਾਲਜ ਹਾਇਰ ਸੈਕੰਡਰੀ ਸਕੂਲ ਅੰਮ੍ਰਿਤਸਰ ਦੇ ਪ੍ਰਿੰਸੀਪਲ ਬਣੇ, ਉਸ ਸਮੇਂ ਸ. ਗਿੱਲ ਨਾਲ ਹੀ ਸਾਇੰਸ ਮਾਸਟਰ ਨਿਯੁਕਤ ਹੋਏ।



1965 ਈ. ਵਿਚ ਇੰਗਲੈਂਡ ਵਿਚ ਨੌਕਰੀਆਂ ਲਈ ਵਾਊਚਰ ਮਿਲਣ ਲੱਗੇ ਤਾਂ ਸ. ਗਿੱਲ ਨੇ ਵੀ ਨੌਕਰੀ ਲਈ ਅਰਜੀ ਭੇਜ ਦਿੱਤੀ। ਪ੍ਰਵਾਨਗੀ ਮਿਲਣ 'ਤੇ ਉਨ੍ਹਾਂ ਨੇ ਇੰਗਲੈਂਡ ਲਈ 14 ਸਤੰਬਰ 1965 ਦੀ ਹਵਾਈ ਜਹਾਜ਼ ਦੀ ਟਿਕਟ ਬੁੱਕ ਕਰਾਈ, ਪਰ 4 ਸਤੰਬਰ 1965 ਨੂੰ ਹਿੰਦ-ਪਾਕਿਸਤਾਨ ਲੜਾਈ ਲੱਗ ਗਈ ਤੇ ਉਹ ਇੰਗਲੈਂਡ ਜਾ ਨਾ ਸਕੇ। ਇਸ ਲੜਾਈ ਵਿਚ ਖੇਮਕਰਨ ਤੇ ਕਈ ਹੋਰ ਪਿੰਡ ਪਾਕਿਸਤਾਨ ਦੇ ਕਬਜ਼ੇ ਵਿਚ ਆ ਗਏ। ਜਦ ਲੜਾਈ ਖਤਮ ਹੋਈ ਤਾਂ ਸਰਕਾਰ ਨੇ ਫੈਸਲਾ ਕੀਤਾ ਕਿ ਵਲਟੋਹਾ ਤੇ ਹੋਰ ਬਾਰਡਰ ਦੇ ਜਿਹੜੇ ਸਕੂਲ ਲੜਾਈ ਕਰਕੇ ਉਜੜ ਗਏ ਹਨ, ਉਹ ਸਰਕਾਰ ਆਪਣੇ ਹੱਥ ਵਿਚ ਲਵੇਗੀ। ਸ. ਗਿੱਲ ਨੇ ਵਲਟੋਹਾ ਸਕੂਲ ਵਿਚ ਨੌਕਰੀ ਲੈ ਲਈ। ਇਸ ਤਰ੍ਹਾਂ ਆਪ ਸਰਕਾਰੀ ਨੌਕਰੀ 'ਚ ਆ ਗਏ। ਫਿਰ ਕਈ ਸਕੂਲਾਂ ਵਿਚ ਕੰਮ ਕਰਦੇ ਰਹੇ। ਅੰਤ ਵਿਚ 30 ਅਪਰੈਲ 1983 ਨੂੰ ਸਰਕਾਰੀ ਹਾਇਰ ਸੈਕੰਡਰੀ ਸਕੂਲ ਟਾਊਨ ਹਾਲ ਅੰਮ੍ਰਿਤਸਰ ਤੋਂ ਬਤੌਰ ਸੋਸ਼ਲ ਸਟੱਡੀਜ਼ ਮਾਸਟਰ ਸੇਵਾ ਮੁਕਤ ਹੋਏ।

ਸ. ਗਿੱਲ ਬਹੁਤ ਹੀ ਨੇਕ ਦਿਲ ਤੇ ਮਿਲਾਪੜੇ ਸੁਭਾਅ ਦੇ ਮਾਲਕ ਸਨ। ਉਨ੍ਹਾਂ ਦੇ ਪੜ੍ਹਾਏ ਹੋਏ ਵਿਦਿਆਰਥੀ ਵੱਖ ਵੱਖ ਖੇਤਰਾਂ ਵਿਚ ਮੱਲਾਂ ਮਾਰ ਰਹੇ ਹਨ। ਕਈ ਡਾਕਟਰ, ਇੰਜੀਨੀਅਰ, ਅਧਿਆਪਕ, ਪੀ. ਸੀ. ਐਸ. ਤੇ ਆਈ. ਏ. ਐਸ. ਬਣੇ। ਉਹ ਅਗਾਂਹਵਧੂ ਖਿਆਲਾਂ ਦੇ ਮਾਲਕ ਸਨ ਤੇ ਵਿਦਿਆਰਥੀਆਂ ਨੂੰ ਉਸਾਰੂ ਸਾਹਿਤ ਪੜ੍ਹਨ ਲਈ ਦਿੰਦੇ ਸਨ। ਉਨ੍ਹਾਂ ਨੇ ਸ੍ਰੀ ਗੁਰੂ ਰਾਮਦਾਸ ਹਾਇਰ ਸੈਕੰਡਰੀ ਸਕੂਲ ਅੰਮ੍ਰਿਤਸਰ ਵਿਚ ਨੌਂਵੀ ਜਮਾਤ ਦੇ ਵਿਦਿਆਰਥੀ ਨ੍ਰਿਪਇੰਦਰ ਰਤਨ, ਜੋ ਇਸ ਸਮੇਂ ਸੇਵਾ ਮੁਕਤ ਆਈ. ਏ. ਐਸ. ਅਫਸਰ ਹਨ, ਨੂੰ ਪੰਜਾਬੀ ਵਿਚ ਲਾਲਾ ਹਰਦਿਆਲ ਦੀ ਪੁਸਤਕ 'ਹਿੰਟਸ ਫਾਰ ਸੈਲਫ ਕਲਚਰ' ਪੜ੍ਹਨ ਨੂੰ ਦਿੱਤੀ, ਜਿਸ ਨਾਲ ਉਹ ਵਿਗਿਆਨਕ ਸੋਚ ਦੇ ਮਾਲਕ ਹੋ ਗਏ। ਉਨ੍ਹਾਂ ਨੇ ਆਪਣੀ ਪੁਸਤਕ 'ਮੇਰੀ ਪਹਿਲੀ ਕਮਾਈ' ਵਿਚ ਲਿਖਿਆ ਹੈ ਕਿ ਉਨ੍ਹਾਂ (ਮਾਸਟਰ ਹਰਨਾਮ ਸਿੰਘ) ਦੇ ਕਹਿਣ ਉੱਤੇ ਹੀ ਮੈਂ ਸਭ ਤੋਂ ਪਹਿਲਾਂ ਲਾਲਾ ਹਰਦਿਆਲ ਦੀ ਪ੍ਰਸਿੱਧ ਕਿਤਾਬ 'ਹਿੰਟਸ ਫਾਰ ਸੈਲਫ ਕਲਚਰ' ਪੰਜਾਬੀ ਵਿਚ ਪੜ੍ਹੀ ਅਤੇ ਅੱਖਾਂ ਖੁੱਲ੍ਹਣੀਆਂ ਸ਼ੁਰੂ ਹੋਈਆਂ। ਪਾਠ ਕਰਨ, ਮੱਥੇ ਟੇਕਣ, ਅਰਦਾਸਾਂ ਕਰਨ ਤੋਂ ਪਾਸਾ ਵੱਟਣਾ ਸ਼ੁਰੂ ਕੀਤਾ। ਸ਼ੁਰੂ ਸ਼ੁਰੂ ਵਿਚ ਡਰਦੇ ਡਰਦੇ, ਚਰਨ ਧੂੜ ਭਰਵੱਟਿਆਂ ਉੱਤੇ ਲਾਉਣੀ ਬੰਦ ਕੀਤੀ। ਹੌਲੀ ਹੌਲੀ ਮਾਰਕਸ ਬਾਰੇ, ਸਮਾਜਵਾਦ, ਕਮਿਊਨਿਜ਼ਮ ਬਾਰੇ ਪੜ੍ਹਨਾ ਅਤੇ ਜਾਣਨਾ ਸ਼ੁਰੂ ਕੀਤਾ। ਇਸ ਤਰ੍ਹਾਂ ਉਨ੍ਹਾਂ ਦੀ ਜ਼ਿੰਦਗੀ ਵਿਚ ਬਦਲਾਅ ਆ ਗਿਆ।

ਮਾਸਟਰ ਹਰਨਾਮ ਸਿੰਘ ਪਰਮਾਤਮਾ ਵੱਲੋਂ ਦਿੱਤੀ ਸੁਆਸਾਂ ਦੀ ਪੂੰਜੀ ਪੂਰੀ ਕਰਕੇ 30 ਅਗਸਤ 2021 ਨੂੰ ਇਸ ਦੁਨੀਆਂ ਨੂੰ ਅਲਵਿਦਾ ਕਹਿ ਗਏ।

# ਗਵਰਨਰੀ ਰਾਜ ਵੱਲ ਵਧਦਾ ਜਾਪਣ ਲੱਗ ਪਿਐ ਪੰਜਾਬ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਕਰੀਬ ਦੋ ਹਫਤੇ ਪਹਿਲਾਂ ਜਦੋਂ ਇਨ੍ਹਾਂ ਸਤਰਾਂ ਦੇ ਲੇਖਕ ਨੇ ਇੱਕ ਟੀ. ਵੀ. ਪ੍ਰੋਗਰਾਮ ਵਿਚ ਇਹ ਗੱਲ ਕਹੀ ਸੀ ਕਿ ਜਿਸ ਪਾਸੇ ਨੂੰ ਹਾਲਾਤ ਵਧਦੇ ਜਾਂਦੇ ਹਨ, ਕੇਂਦਰ ਸਰਕਾਰ ਨੂੰ ਪੰਜਾਬ ਵਿਚ ਰਾਸ਼ਟਰਪਤੀ ਰਾਜ ਲਾਗੂ ਕਰਨ ਦਾ ਮੌਕਾ ਮਿਲ ਸਕਦਾ ਹੈ ਤਾਂ ਕਈ ਲੋਕਾਂ ਨੇ ਮਜ਼ਾਕ ਉਡਾਇਆ ਸੀ। ਕੁਝ ਲੋਕ ਇਸ ਗੱਲ ਦਾ ਬੁਰਾ ਮਨਾ ਰਹੇ ਸਨ ਕਿ ਇਹ ਕਿਹਾ ਹੀ ਕਿਉਂ ਹੈ, ਪਰ ਉਹ ਇਹ ਨਹੀਂ ਸੀ ਕਹਿੰਦੇ ਕਿ ਏਦਾਂ ਹੋ ਨਹੀਂ ਸਕਦਾ। ਹਕੀਕਤ ਦਾ ਅਹਿਸਾਸ ਬਹੁਤ ਸਾਰੇ ਲੋਕਾਂ ਨੂੰ ਮੋਗਾ ਦੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਦੀ ਰੈਲੀ ਵਾਲੇ ਹਾਲਾਤ ਤੋਂ ਹੋਣ ਲੱਗਾ ਹੈ, ਜਿਸ ਪਿੱਛੋਂ ਸੁਖਬੀਰ ਸਿੰਘ ਬਾਦਲ ਨੂੰ ਆਪਣੇ ਕੁਝ ਅਗਲੇ ਰੱਖੇ ਹੋਏ ਪ੍ਰੋਗਰਾਮ ਰੱਦ ਕਰਨੇ ਅਤੇ ਤਿੰਨ ਮੈਂਬਰੀ ਕਮੇਟੀ ਬਣਾ ਕੇ ਕਿਸਾਨ ਆਗੂਆਂ ਦੇ ਨਾਲ ਗੱਲਬਾਤ ਦੀ ਪੇਸ਼ਕਸ਼ ਕਰਨੀ ਪਈ ਹੈ। ਇਸ ਤੋਂ ਪਹਿਲਾਂ ਉਹ ਲਗਾਤਾਰ ਹਵਾ ਵਿਚ ਤਲਵਾਰਾਂ ਮਾਰਦੇ ਅਤੇ ਇਹੋ ਕਹਿੰਦੇ ਸਨ ਕਿ ਬਾਕੀ ਪਾਰਟੀਆਂ ਨੂੰ ਡਰ ਹੋਵੇਗਾ, ਅਕਾਲੀ ਦਲ ਕਿਸੇ ਦੀ ਪ੍ਰਵਾਹ ਨਹੀਂ ਕਰਦਾ। ਉਹ ਅਗਲੀ ਗੱਲ ਇਹ ਵੀ ਕਹਿੰਦੇ ਸਨ ਕਿ ਅਕਾਲੀ ਦਲ ਮੁੱਢਾਂ ਤੋਂ ਕਿਸਾਨਾਂ ਦਾ ਸਹਿਯੋਗੀ ਰਿਹਾ ਹੈ, ਇਸ ਲਈ ਕਿਸਾਨ ਇਸ ਦਾ ਵਿਰੋਧ ਨਹੀਂ ਕਰਦੇ, ਉਨ੍ਹਾਂ ਦਾ ਨਾਂ ਵਰਤ ਕੇ ਕੁਝ ਸਿਆਸੀ ਪਾਰਟੀਆਂ ਇਸ ਵਿਰੋਧ ਦਾ ਡਰਾਮਾ ਕਰਾਉਂਦੀਆਂ ਹਨ।

**ਪੰਜਾਬ ਦੇ ਲੋਕਾਂ ਨੂੰ ਪਤਾ ਹੈ ਕਿ ਜਦੋਂ ਅੱਗੇ ਗਵਰਨਰੀ ਰਾਜ ਹੁੰਦਾ ਸੀ, ਕੇਂਦਰ ਵਿਚ ਕਾਂਗਰਸ ਦੀ ਸਰਕਾਰ ਹੋਣ ਕਰ ਕੇ ਜਿਲਿਆਂ ਦੇ ਸਾਰੇ ਸਿਵਲ ਤੇ ਪੁਲਿਸ ਅਫਸਰ ਕਾਂਗਰਸ ਦੇ ਜਿਲਾ ਪ੍ਰਧਾਨ ਦੇ ਹੁਕਮ ਮੁਤਾਬਕ ਚੱਲਦੇ ਹੁੰਦੇ ਸਨ ਤੇ ਜਿਹੜਾ ਉਨ੍ਹਾਂ ਦਾ ਕਿਹਾ ਨਹੀਂ ਸੀ ਮੰਨਦਾ, ਸ਼ਾਮ ਤੱਕ ਬਦਲ ਦਿੱਤਾ ਜਾਂਦਾ ਸੀ। ਭਾਜਪਾ ਦੀ ਜੜ੍ਹ ਪੰਜਾਬ 'ਚ ਏਦਾਂ ਦੀ ਨਹੀਂ ਕਿ ਉਹ ਅਗਲੇ ਸਾਲਾਂ ਵਿਚ ਏਨੀ ਤੇਜ਼ੀ ਨਾਲ ਫੈਲ ਸਕੇ ਕਿ ਇਸ ਰਾਜ ਦੇ ਲੋਕ ਵੋਟਾਂ ਪਾ ਕੇ ਉਸ ਦੇ ਆਗੂਆਂ ਨੂੰ ਸਰਕਾਰ ਬਣਾਉਣ ਦਾ ਹੱਕ ਦੇ ਦੇਣ।**

ਜਦੋਂ ਅਕਾਲੀ ਦਲ ਦਾ ਪ੍ਰਧਾਨ ਸੁਖਬੀਰ ਸਿੰਘ ਇਹ ਕਹਿੰਦਾ ਸੀ ਕਿ ਅਕਾਲੀ ਦਲ ਮੁੱਢਾਂ ਤੋਂ ਕਿਸਾਨਾਂ ਦੀ ਹਿਤੈਸ਼ੀ ਧਿਰ ਰਹੀ ਹੈ, ਉਸ ਨੂੰ ਇਹ ਗੱਲ ਯਾਦ ਨਹੀਂ ਸੀ ਕਿ ਉਸ ਦੇ ਪਿਤਾ ਨੇ ਕਦੀ ਕਿਸਾਨਾਂ ਦੀ ਜ਼ਮੀਨ ਖੋਹਣ ਦੇ ਕਾਨੂੰਨਾਂ ਦੀ ਉਸ ਤਰ੍ਹਾਂ ਹਾਮੀ ਨਹੀਂ ਸੀ ਭਰਨੀ, ਜਿਵੇਂ ਸੁਖਬੀਰ ਸਿੰਘ ਤੇ ਉਸ ਦੀ ਪਤਨੀ ਦਿੱਲੀ ਵਿਚ ਭਰ ਚੁਕੇ ਸਨ। ਪੰਜਾਬ ਦੇ ਕਿਸਾਨਾਂ ਵਿਚ ਇਸ ਕਦਮ ਦੀ ਚਰਚਾ ਕਿਸੇ ਹੋਰ ਨੇ ਨਹੀਂ ਸੀ ਕਰਵਾਈ, ਖੁਦ ਸੁਖਬੀਰ ਸਿੰਘ ਨੇ ਪਿਛਲੇ ਸਾਲ ਪੰਜਾਬ ਦੀ ਸਰਬ ਪਾਰਟੀ ਮੀਟਿੰਗ ਦੌਰਾਨ ਨਰਿੰਦਰ ਮੋਦੀ ਸਰਕਾਰ ਦੇ ਬਿੱਲਾਂ ਦੀ ਹਮਾਇਤ ਵਿਚ ਇਹ ਸ਼ਬਦ ਕਹਿ ਕੇ ਕਰਵਾ ਲਈ ਸੀ ਕਿ ਐਵੇਂ ਕਿਸਾਨਾਂ ਨੂੰ ਗੁੰਮਰਾਹ ਨਾ ਕਰੋ, ਕੇਂਦਰ ਦੇ ਖੇਤੀ ਬਿੱਲ ਕਿਸਾਨਾਂ ਦਾ ਭਲਾ ਕਰਨ ਵਾਲੇ ਹਨ। ਅੱਜ ਜਦੋਂ ਅਕਾਲੀ ਦਲ ਕਹਿੰਦਾ ਹੈ ਕਿ ਉਹ ਮੁੱਢ ਤੋਂ ਇਨ੍ਹਾਂ ਬਿੱਲਾਂ ਦੇ ਖਿਲਾਫ ਸੀ ਤਾਂ ਭੁੱਲ ਜਾਂਦਾ ਹੈ ਕਿ ਕੇਂਦਰੀ ਸਰਕਾਰ ਛੱਡਣ ਪਿੱਛੋਂ ਵੀ ਤਲਵੰਡੀ ਸਾਬੋ ਦੀ ਅਕਾਲੀ ਰੈਲੀ ਵਿਚ ਬੀਬੀ ਹਰਸਿਮਰਤ ਕੌਰ ਨੇ ਕਿਹਾ ਸੀ ਕਿ ਤੁਹਾਡੇ ਇਤਰਾਜ਼ ਕਾਰਨ ਮੈਂ ਕੇਂਦਰੀ ਮੰਤਰੀ ਦੀ ਕੁਰਸੀ ਛੱਡੀ ਹੈ, ਉਂਜ ਮੈਂ ਅੱਜ ਵੀ ਇਹ ਬਿੱਲ ਤੁਹਾਡੇ ਭਲੇ ਵਾਲੇ ਸਮਝਦੀ ਹਾਂ। ਇਨ੍ਹਾਂ ਗੱਲਾਂ ਦੇ ਕਾਰਨ ਇਸ ਪਾਰਟੀ ਦੀ ਵੱਡੇ ਬਾਦਲ ਵਾਲੇ ਦੌਰ ਨਾਲ ਕੋਈ ਤੁਲਨਾ ਕੀਤੀ ਕਿਸਾਨਾਂ ਨੂੰ ਹਜ਼ਮ ਨਹੀਂ ਹੋ ਰਹੀ।

ਭਾਰਤ ਸਰਕਾਰ ਦੇ ਤਿੰਨ ਵਿਵਾਦ ਵਾਲੇ ਬਿੱਲਾਂ ਦਾ ਜਦੋਂ ਕਿਸਾਨਾਂ ਨੇ ਵਿਰੋਧ ਸ਼ੁਰੂ ਕੀਤਾ ਸੀ, ਇਹ ਵਿਰੋਧ ਪੂਰੀ ਤਰ੍ਹਾਂ ਜਾਇਜ਼ ਮੰਨਦਿਆਂ ਵੀ ਅਸੀਂ ਉਦੋਂ ਤੋਂ ਕਹਿੰਦੇ ਰਹੇ ਸਾਂ ਕਿ ਵਿਰੋਧ ਦੇ ਬਾਕੀ ਸਭ ਤਰੀਕੇ ਜਾਇਜ਼ ਹਨ, ਕਿਸੇ ਦੇ ਗਲ ਪੈਣਾ ਜਾਂ ਘੇਰਾਓ ਕਰਨ ਦੇ ਨਾਂ ਉੱਤੇ ਭੰਨ-ਤੋੜ ਕਰ ਦੇਣੀ ਠੀਕ ਨਹੀਂ ਹੁੰਦੀ। ਜਿਹੜੇ ਲੋਕ ਵਿਰੋਧ ਦੇ ਨਾਂ ਉੱਤੇ ਇਹੋ ਜਿਹੇ ਵਿਹਾਰ ਨੂੰ ਮਾੜਾ ਨਹੀਂ ਸੀ ਮੰਨਦੇ, ਉਹ ਭੁੱਲ ਜਾਂਦੇ ਸਨ ਕਿ ਖੁਦ ਉਨ੍ਹਾਂ ਦੇ ਵਿਰੋਧ ਤੱਕ ਵੀ ਗੱਲ ਆ ਸਕਦੀ ਹੈ। ਫਿਰ ਇਹ ਹੋਣ ਲੱਗ ਪਿਆ। ਕਿਸਾਨਾਂ ਨੇ ਕਈ ਥਾਂਈਂ ਭਾਜਪਾ ਤੋਂ ਬਾਅਦ ਅਕਾਲੀ ਆਗੂ, ਫਿਰ ਕਾਂਗਰਸ ਵਾਲੇ ਅਤੇ ਅੰਤ ਵਿਚ ਆਮ ਆਦਮੀ ਪਾਰਟੀ ਦੇ ਆਗੂ ਵੀ ਘੇਰ ਕੇ ਬੇਇੱਜ਼ਤ ਕੀਤੇ। ਅੱਜ ਕੱਲ੍ਹ ਉਹ ਕਿਸੇ ਵੀ ਧਿਰ ਦਾ ਕੋਈ ਆਗੂ ਕਿਤੇ ਜਾਂਦਾ ਸੁਣ ਲੈਣ ਤਾਂ ਘਿਰਾਓ ਕਰਨ ਲਈ ਉੱਠ ਤੁਰਦੇ ਹਨ ਤੇ ਕੁਝ ਥਾਂਈਂ ਉਹ ਜਿਸ ਦੇ ਘਰ ਗਏ ਹੋਏ ਸਨ, ਉਸ ਪਰਿਵਾਰ ਨੂੰ ਵੀ ਅਵਾਜ਼ਾਰ ਹੋਣਾ ਪਿਆ ਹੈ। ਇਸ ਵਿਹਾਰ ਦੇ ਅੱਗੋਂ ਹੋਰ ਵਧਣ ਦੇ ਸੰਕੇਤਾਂ ਨਾਲ ਅਗਲੇ ਦਿਨਾਂ ਵਿਚ ਹੋਣ ਵਾਲੀ ਵਿਧਾਨ ਸਭਾ ਚੋਣ ਦਾ ਚੇਤਾ ਵੀ ਰੱਖਣਾ ਪੈਣਾ ਹੈ। ਮਸਾਂ ਛੇ ਮਹੀਨਿਆਂ ਨੂੰ ਚੋਣਾਂ ਹੋਣੀਆਂ ਹਨ ਅਤੇ ਹਰ ਕਿਸੇ ਦਾ ਘਿਰਾਓ ਕਰਨ ਦਾ ਜਿਹੜਾ ਰੁਖ ਚੱਲਦਾ ਪਿਆ ਹੈ, ਇਹੋ ਚੱਲਦਾ ਰਿਹਾ ਤਾਂ ਕਾਗਜ਼ ਪੇਸ਼ ਕਰਨ ਜਾਂਦੇ ਉਮੀਦਵਾਰਾਂ ਨੂੰ ਵੀ ਘੇਰਨ ਦਾ ਕੰਮ ਸ਼ੁਰੂ ਹੋ ਸਕਦਾ ਹੈ। ਪੰਜਾਬ ਦੀਆਂ ਪਾਰਟੀਆਂ ਦੇ ਆਗੂ ਭਾਵੇਂ ਇਸ ਬਾਰੇ ਕੁਝ ਨਾ ਸੋਚਣ, ਜਿਹੜੀ ਧਿਰ ਇਸ ਦੇਸ਼ ਉੱਤੇ ਰਾਜ ਕਰਦੀ ਹੈ, ਉਹ ਉਸ ਵਕਤ ਦੀ ਉਡੀਕ ਵਿਚ ਹੈ, ਜਦੋਂ ਕਿਸਾਨ ਚੋਣਾਂ ਵੇਲੇ ਉਮੀਦਵਾਰਾਂ ਤੇ ਉਨ੍ਹਾਂ ਲਈ ਚੋਣ ਪ੍ਰਚਾਰ ਕਰਨ ਗਏ ਲੀਡਰਾਂ ਦਾ ਘਿਰਾਓ ਕਰਨ ਲਈ ਜਾਣਗੇ। ਉਸ ਵਕਤ ਕੇਂਦਰ ਦਾ ਚੋਣ ਕਮਿਸ਼ਨ ਹੇਠੋਂ ਰਿਟਰਨਿੰਗ ਅਫਸਰਾਂ ਤੋਂ ਰਿਪੋਰਟ ਮੰਗੇ ਜਾਂ ਕੇਂਦਰ ਦਾ ਗ੍ਰਹਿ ਮੰਤਰੀ ਪੰਜਾਬ ਦੇ ਨਵੇਂ ਗਵਰਨਰ ਤੋਂ ਪੰਜਾਬ ਦੇ ਅਮਨ-ਕਾਨੂੰਨ ਬਾਰੇ ਰਿਪੋਰਟ ਮੰਗੇ, ਦੋਵਾਂ ਪਾਸਿਆਂ ਤੋਂ ਉਨ੍ਹਾਂ ਦੀ ਮਨ ਦੀ ਮੁਰਾਦ ਪੂਰੀ ਕਰਨ ਵਾਲੀ ਇਹੋ ਰਿਪੋਰਟ ਜਾਵੇਗੀ ਕਿ ਇਹੋ ਜਿਹੇ ਹਾਲਾਤ ਵਿਚ ਚੋਣ ਕਰਾਉਣਾ ਸੰਭਵ ਨਹੀਂ। ਇਸ ਪਿੱਛੋਂ ਉਹੋ ਕੁਝ ਹੋਵੇਗਾ, ਜਿਸ ਦਾ ਜ਼ਿਕਰ ਅੱਜ ਕੋਈ ਵੀ ਨਹੀਂ ਕਰਨਾ ਚਾਹੁੰਦਾ ਤੇ ਪੰਜਾਬ ਇੱਕ ਵਾਰ ਫਿਰ ਲੋਕਾਂ ਵੱਲੋਂ ਚੁਣੀ ਹੋਈ ਸਰਕਾਰ ਦੀ ਥਾਂ ਕੇਂਦਰੀ ਸਰਕਾਰ ਦੇ ਸ਼ਿਕੰਜੇ ਵਿਚ ਜਾਵੇਗਾ ਅਤੇ ਗਵਰਨਰ ਨੂੰ ਅੱਗੇ ਲਾ ਕੇ ਭਾਜਪਾ ਦਾ ਸਿੱਕਾ ਇਸ ਰਾਜ ਵਿਚ ਚੱਲੇਗਾ।

ਪੰਜਾਬ ਦੇ ਲੋਕਾਂ ਨੂੰ ਪਤਾ ਹੈ ਕਿ ਜਦੋਂ ਅੱਗੇ ਗਵਰਨਰੀ ਰਾਜ ਹੁੰਦਾ ਸੀ, ਕੇਂਦਰ ਵਿਚ ਕਾਂਗਰਸ ਦੀ ਸਰਕਾਰ ਹੋਣ ਕਰ ਕੇ ਜਿਲਿਆਂ ਦੇ ਸਾਰੇ ਸਿਵਲ ਤੇ ਪੁਲਿਸ ਅਫਸਰ ਕਾਂਗਰਸ ਦੇ ਜਿਲਾ ਪ੍ਰਧਾਨ ਦੇ ਹੁਕਮ ਮੁਤਾਬਕ ਚੱਲਦੇ ਹੁੰਦੇ ਸਨ ਤੇ ਜਿਹੜਾ ਉਨ੍ਹਾਂ ਦਾ ਕਿਹਾ ਨਹੀਂ ਸੀ ਮੰਨਦਾ, ਸ਼ਾਮ ਤੱਕ ਬਦਲ ਦਿੱਤਾ ਜਾਂਦਾ ਸੀ। ਭਾਜਪਾ ਦੀ ਜੜ੍ਹ ਪੰਜਾਬ ਵਿਚ ਏਦਾਂ ਦੀ ਨਹੀਂ ਕਿ ਉਹ ਅਗਲੇ ਸਾਲਾਂ ਵਿਚ ਏਨੀ ਤੇਜ਼ੀ ਨਾਲ ਫੈਲ ਸਕੇ ਕਿ ਇਸ ਰਾਜ ਦੇ ਲੋਕ ਵੋਟਾਂ ਪਾ ਕੇ ਉਸ ਦੇ ਆਗੂਆਂ ਨੂੰ ਸਰਕਾਰ ਬਣਾਉਣ ਦਾ ਹੱਕ ਦੇ ਦੇਣ। ਅਜੇ ਤੱਕ ਉਸ ਨਾਲ ਪੰਜਾਬ ਵਿਚੋਂ ਜਿੰਨੇ ਕੁ ਸਿੱਖ ਆਗੂ ਜੁੜੇ ਹਨ, ਉਨ੍ਹਾਂ ਵਿਚੋਂ ਬਹੁਤੇ ਏਦਾਂ ਦੇ ਹਨ ਕਿ ਉਨ੍ਹਾਂ ਨੂੰ ਲੋਕਾਂ ਨੇ ਛੇਤੀ ਕੀਤੇ ਆਗੂ ਨਹੀਂ ਮੰਨਣਾ, ਪਰ ਜਦੋਂ ਗਵਰਨਰੀ ਰਾਜ ਲਾਗੂ ਹੋ ਜਾਵੇਗਾ ਤਾਂ ਉਨ੍ਹਾਂ ਹੀ ਅਣਗੌਲੇ ਕਰਨ ਜੋਗੇ ਭਾਜਪਾ ਆਗੂਆਂ ਦੇ ਵਿਹੜੇ ਤੇ ਡਰਾਇੰਗ ਰੂਮ ਵਿਚ ਦਰਬਾਰ ਲੱਗਿਆ ਕਰਨਗੇ ਅਤੇ ਨਤੀਜੇ ਵਜੋਂ ਅਗਲੀਆਂ ਚੋਣਾਂ ਤੱਕ ਉਹ ਲੋਕਾਂ ਵਿਚ ਇੱਕ ਵੱਡੀ ਧਿਰ ਖੜ੍ਹੀ ਕਰਨ ਦਾ ਯਤਨ ਕਰਨਗੇ।

ਜੰਮੂ-ਕਸ਼ਮੀਰ ਵਿਚ ਪਿਛਲੇ ਦੋ ਸਾਲਾਂ ਤੋਂ ਵੱਧ ਸਮੇਂ ਤੋਂ ਇਹੋ ਕੁਝ ਹੁੰਦਾ ਪਿਆ ਹੈ। ਜਿਹੜੇ ਆਗੂ ਚੋਣਾਂ ਲੜਦੇ ਅਤੇ ਜਿੱਤਦੇ ਹੁੰਦੇ ਸਨ, ਉਹ ਘਰਾਂ ਵਿਚ ਘੇਰ ਕੇ ਬਿਠਾ ਕੇ ਅਣਗੌਲੇ ਕੀਤੇ ਜਾਣ ਪਿੱਛੋਂ ਉਹੋ ਜਿਹੇ ਆਗੂ ਲੋਕਾਂ ਵਿਚ ਸਰਕਾਰੀ ਦਫਤਰਾਂ ਦੇ ਕੰਮਾਂ ਦੇ ਬਹਾਨੇ ਪ੍ਰਵਾਨ ਕਰਵਾਏ ਜਾ ਰਹੇ ਹਨ, ਜਿਹੜੇ ਕਿਸੇ ਮੁਹੱਲੇ ਦੀ ਚੋਣ ਜਿੱਤਣ ਜੋਗੇ ਨਹੀਂ ਸੀ। ਪੰਜਾਬ ਵਿਚ ਵੀ ਏਦਾਂ ਦਾ ਤਜਰਬਾ ਦੁਹਰਾਇਆ ਜਾ ਸਕਦਾ ਹੈ ਅਤੇ ਇਹ ਤਜਰਬਾ ਅੰਦਰੋਂ ਖੋਖਲੀ ਕਾਂਗਰਸ ਪਾਰਟੀ ਦੇ ਸਮੇਂ ਲੱਗੇ ਗਵਰਨਰੀ ਰਾਜ ਦੇ ਤਜਰਬਿਆਂ ਵਰਗਾ ਨਹੀਂ ਹੋਣਾ, ਭਗਵੇਂਕਰਨ ਦੇ ਨਾਗਪੁਰੀ ਤਜਰਬੇ ਦੀ ਏਦਾਂ ਦੀ ਮਿਸਾਲ ਹੋਵੇਗਾ, ਜਿਸ ਵਿਚ ਆਮ ਲੋਕਾਂ ਤੋਂ ਪਹਿਲਾਂ ਅੱਧੇ ਤੋਂ ਵੱਧ ਸਿੱਖ ਸੰਤ ਉਨ੍ਹਾਂ ਦੀ ਜੀ-ਹਜ਼ੂਰੀ ਕਰਨ ਲਈ ਤੁਰ ਪੈਣਗੇ। ਜਿਨ੍ਹਾਂ ਸੰਤਾਂ ਨੂੰ ਕੁੰਭ ਦੇ ਮੇਲੇ ਵਿਚ ਆਰ. ਐੱਸ. ਐੱਸ. ਆਗੂਆਂ ਦੇ ਨਾਲ ਤੁਰਦੇ ਵੇਖਿਆ ਜਾ ਚੁਕਾ ਹੈ, ਜਿਹੜੇ ਅਖੌਤੀ ਵਿਦਵਾਨ ਅਯੁੱਧਿਆ ਕੇਸ ਵਿਚ ਇੱਕ ਵਾਰ ਸਿੱਖ ਪੰਥ ਨੂੰ 'ਕਲਟ' ਕਹਿਣ ਦੀ ਗਵਾਹੀ ਦੇ ਚੁਕੇ ਹਨ ਤੇ ਕਾਨੂੰਨੀ ਚੁਣੌਤੀ ਦੇਣ ਦੇ ਐਲਾਨ ਕਰਨ ਦੇ ਬਾਵਜੂਦ ਕਿਸੇ ਸਿੱਖ ਸੰਸਥਾ ਨੇ ਉਨ੍ਹਾਂ ਨੂੰ ਅੱਜ ਤੱਕ ਚੁਣੌਤੀ ਨਹੀਂ ਦਿੱਤੀ, ਉਹ ਝੱਟ ਭਾਜਪਾ ਨਾਲ ਜਾ ਖੜੋਣਗੇ।

ਅਸੀਂ ਗਾਰੰਟੀ ਨਾਲ ਇਹ ਨਹੀਂ ਕਹਿ ਸਕਦੇ ਕਿ ਚੋਣਾਂ ਤੋਂ ਪਹਿਲਾਂ ਇਹ ਹੀ ਹੋਵੇਗਾ, ਪਰ ਘਟਨਾਵਾਂ ਜਿਸ ਵਹਿਣ ਵਿਚ ਵਗੀ ਜਾਂਦੀਆਂ ਹਨ, ਉਨ੍ਹਾਂ ਦਾ ਸਿੱਟਾ ਇਹ ਵੀ ਨਿਕਲ ਸਕਦਾ ਹੈ। ਰਾਜਨੀਤੀ ਕਿਸੇ ਮਿਥੇ ਨਕਸ਼ੇ ਦੀ ਮੁਥਾਜ ਨਹੀਂ ਹੁੰਦੀ, ਇਹ ਕਿਸੇ ਪਾਸੇ ਜਾਂਦੀ ਦਿੱਸਦੀ ਤੇ ਕਿਸੇ ਹੋਰ ਥਾਂ ਨਿਕਲ ਜਾਂਦੀ ਹੈ, ਪਰ ਅੱਜ ਦੀ ਘੜੀ ਜਿਸ ਕਿਸਮ ਦੇ ਹਾਲਤ ਹਨ, ਉਹ ਕੂਕ-ਕੂਕ ਕਹਿ ਰਹੇ ਹਨ ਕਿ ਪੰਜਾਬ ਮੁੜ ਕੇ ਗਵਰਨਰੀ ਰਾਜ ਵੱਲ ਵਧ ਰਿਹਾ ਹੈ।

# ਅਮਰੀਕਨ ਫੌਜ ਅਫਗਾਨਿਸਤਾਨ 'ਚੋਂ ਕਿਉਂ ਭੱਜੀ?

## ਭਖਦੇ ਮਸਲੇ

ਸੋਵੀਅਤ ਯੂਨੀਅਨ ਦੇ ਅਫਗਾਨਿਸਤਾਨ ਵਿਚ 'ਘੁਸਣ' ਤੋਂ ਪਹਿਲਾਂ ਅਫਗਾਨਿਸਤਾਨ ਇੱਕ ਅਮੀਰ ਅਤੇ ਖੁਸ਼ਹਾਲ ਮੁਲਕ ਸੀ। ਸ਼ਾਇਦ ਕੋਈ ਇਸ ਗੱਲ ਤੋਂ ਅਣਭਿੱਜ ਹੋਵੇ ਕਿ ਅਫਗਾਨਿਸਤਾਨ ਵਿਚ 1400 ਤੋਂ ਜ਼ਿਆਦਾ ਖਣਿੱਜ ਖੇਤਰ ਹਨ, ਜਿਨ੍ਹਾਂ ਵਿਚ ਬਰੇਟ, ਕ੍ਰੋਮਾਈਟ, ਕੋਇਲਾ, ਤਾਂਬਾ, ਸੋਨਾ, ਲੋਹਾ ਧਾਤ, ਸ਼ੀਸ਼ਾ, ਸੰਗਮਰਮਰ, ਕੁਦਰਤੀ ਗੈਸ, ਪੈਟਰੋਲੀਅਮ, ਕੀਮਤੀ ਤੇ ਅਰਧ ਕੀਮਤੀ ਪੱਥਰ, ਨਮਕ, ਸਲਫਰ, ਟੈਲਕ ਅਤੇ ਜ਼ਿੰਕ ਸ਼ਾਮਲ ਹਨ। ਰਤਨ ਪੱਥਰਾਂ ਵਿਚ ਉੱਚ ਗੁਣਵਤਾ ਵਾਲਾ ਪੰਨਾ, ਲੈਪਿਸ ਲਾਜ਼ਲੀ, ਲਾਲ



ਸ਼ਿਵਚਰਨ ਜੱਗੀ ਕੁੱਸਾ
jaggikussa@yahoo.de

ਗਾਰਨੇਟ ਅਤੇ ਰੂਬੀ ਵੀ ਸ਼ਾਮਲ ਹਨ। ਇਸ ਦੇਸ਼ ਵਿਚ ਯੂਰੇਨੀਅਮ ਵੀ ਉਪਲੱਭਦ ਹੈ, ਜੋ ਪ੍ਰਮਾਣੂ ਹਥਿਆਰ ਬਣਾਉਣ ਲਈ ਵਰਤਿਆ ਜਾਂਦਾ ਹੈ। ਇਸ ਦੇਸ਼ ਵਿਚ ਡੋਡਿਆਂ ਦੀ ਖੇਤੀ ਵੱਡੇ ਪੱਧਰ 'ਤੇ ਹੁੰਦੀ ਹੈ ਅਤੇ ਇਸ ਤੋਂ ਉਪਜਣ ਵਾਲੀ ਅਫੀਮ ਦੁਨੀਆਂ ਭਰ ਵਿਚ ਦੁਆਈਆਂ ਬਣਾਉਣ ਵਾਲੀਆਂ ਨਾਮੀ ਕੰਪਨੀਆਂ ਨੂੰ ਸਪਲਾਈ ਹੁੰਦੀ ਸੀ। ਦੁਨੀਆਂ ਭਰ ਵਿਚੋਂ 22% ਸੋਨੇ ਦੀ ਉਪਜ ਇਕੱਲੇ ਅਫਗਾਨਿਸਤਾਨ ਵਿਚ ਹੁੰਦੀ ਹੈ।

ਇੱਥੇ ਦੱਸਣਾ ਵੀ ਕੁਥਾਂ ਨਹੀਂ ਹੋਵੇਗਾ ਕਿ ਕੰਧਾਰ, ਗਜ਼ਨੀ ਅਤੇ ਕਾਬਲ ਦੇ ਦੇਸ਼ਾਂ ਨੇ ਖੁਰਾਸਾਨ ਅਤੇ ਸਿੰਧੂ ਦਰਮਿਆਨ ਸਰਹੱਦੀ ਖੇਤਰ ਬਣਾਇਆ। ਅਫਗਾਨ ਕਬੀਲਿਆਂ ਭਾਵ ਪਸ਼ਤੂਨ ਦੇ ਪੂਰਵਜਾਂ ਦੁਆਰਾ ਵਸੇ ਇਸ ਦੇਸ਼ ਨੂੰ 'ਅਫਗਾਨਿਸਤਾਨ' ਕਿਹਾ ਜਾਂਦਾ ਸੀ, ਜੋ ਸੁਲੇਮਾਨ ਪਹਾੜਾਂ ਦੇ ਆਲੇ-ਦੁਆਲੇ, ਹਿੰਦੂਕੁਸ਼ ਅਤੇ ਸਿੰਧੂ ਨਦੀ ਦੇ ਵਿਚਕਾਰ ਇੱਕ ਵਿਸ਼ਾਲ ਖੇਤਰ ਨੂੰ ਕਵਰ ਕਰਦਾ ਸੀ। 24 ਦਸੰਬਰ 1979 ਨੂੰ ਸੋਵੀਅਤ ਯੂਨੀਅਨ ਨੇ 1978 ਦੀ ਸੋਵੀਅਤ-ਅਫਗਾਨ ਦੀ ਮਿੱਤਰਤਾ ਸੰਧੀ ਨੂੰ ਬਰਕਰਾਰ ਰੱਖਣ ਦੇ ਬਹਾਨੇ ਅਫਗਾਨਿਸਤਾਨ ਉਤੇ ਹਮਲਾ ਕਰ ਦਿੱਤਾ। ਮੁਜਾਹਿਦੀਨ ਅਖਵਾਉਣ ਵਾਲੇ ਵਿਰੋਧੀਆਂ ਨੇ ਈਸਾਈ ਜਾਂ ਨਾਸਤਿਕ ਸੋਵੀਅਤ ਸੰਘ ਨੂੰ ਅਫਗਾਨਿਸਤਾਨ ਨੂੰ ਨਿਯੰਤ੍ਰਿਤ ਕਰਦਿਆਂ ਇਸਲਾਮ ਦੇ ਨਾਲ ਨਾਲ ਉਨ੍ਹਾਂ ਦੇ ਰਵਾਇਤੀ ਸੱਭਿਆਚਾਰ ਨੂੰ ਅਪਵਿੱਤਰ ਸਮਝਿਆ।

ਦਸੰਬਰ 1979 ਦੇ ਅੰਤ ਵਿਚ ਸੋਵੀਅਤ ਯੂਨੀਅਨ ਨੇ ਹਜ਼ਾਰਾਂ ਫੌਜੀਆਂ ਨੂੰ ਅਫਗਾਨਿਸਤਾਨ ਵਿਚ ਭੇਜਿਆ ਅਤੇ ਤੁਰੰਤ ਕਾਬੁਲ ਤੇ ਦੇਸ਼ ਦੇ ਵੱਡੇ ਹਿੱਸਿਆਂ ਦਾ ਪੂਰਾ ਫੌਜੀ ਅਤੇ ਰਾਜਨੀਤਕ ਨਿਯੰਤਰਣ ਗ੍ਰਹਿਣ ਕਰ ਲਿਆ। 1973 ਦੀਆਂ ਗਰਮੀਆਂ ਵਿਚ ਅਫਗਾਨਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਮੁਹੰਮਦ ਦਾਊਦ ਨੇ ਰਾਜਾ ਜ਼ਾਹਿਰ ਦੇ ਵਿਰੁੱਧ ਇੱਕ 'ਸਫਲ' ਤਖਤਾ ਪਲਟ ਸਰਗਰਮੀ ਸ਼ੁਰੂ ਕੀਤੀ। 24 ਦਸੰਬਰ 1979 ਤੋਂ ਲੈ ਕੇ 15 ਫਰਵਰੀ 1989 ਤੱਕ ਕੀਤੇ ਯੁੱਧ ਦੌਰਾਨ ਸੋਵੀਅਤ ਬੁਰੀ ਤਰ੍ਹਾਂ ਅਸਫਲ ਹੋਇਆ ਅਤੇ ਅਫਗਾਨ ਮੁਜਾਹਿਦੀਨ ਦੀ 1988 ਦੇ ਜਨੇਵਾ ਸਮਝੌਤੇ ਅਨੁਸਾਰ ਜਿੱਤ ਹੋਈ, ਪਰ ਸਮਝੌਤੇ ਅਨੁਸਾਰ ਸੋਵੀਅਤ ਫੌਜਾਂ ਦੀ ਵਾਪਸੀ ਉਪਰੰਤ ਅਫਗਾਨਿਸਤਾਨ ਵਿਚ ਘਰੇਲੂ ਯੁੱਧ ਛਿੜ ਗਿਆ, ਜੋ ਅੱਜ ਤੱਕ ਨਿਰੰਤਰ ਜਾਰੀ ਹੈ।

ਅਫਗਾਨਿਸਤਾਨ ਵਿਚ ਅਮਰੀਕਾ ਦਾ ਦਾਖਲਾ ਓਸਾਮਾ ਬਿਨ ਲਾਦੇਨ ਕਰ ਕੇ ਹੋਇਆ ਸੀ ਅਤੇ ਰੂਸ ਅਮਰੀਕਾ ਦੇ 'ਸੀਤ ਯੁੱਧ' ਵੀ ਇਸ ਦੇਸ਼ ਦਾ ਹੀ ਹਿੱਸਾ ਸੀ। ਜਦ ਇਨ੍ਹਾਂ ਨੇ ਓਸਾਮਾ ਬਿਨ ਲਾਦੇਨ ਨੂੰ ਖਤਮ ਕਰ ਦਿੱਤਾ ਤਾਂ ਇਨ੍ਹਾਂ ਦਾ ਕਾਰਜ ਵੀ ਇੱਕ ਤਰ੍ਹਾਂ ਨਾਲ ਖਤਮ ਹੋ ਗਿਆ। ਅਮਰੀਕਾ ਦੇ ਅਫਗਾਨਿਸਤਾਨ 'ਚ ਜਾਣ ਤੋਂ ਪਹਿਲਾਂ ਵੀ ਤਾਲਿਬਾਨ ਕਾਬਜ਼ ਸਨ ਅਤੇ ਹੁਣ ਇਨ੍ਹਾਂ ਦੀਆਂ ਫੌਜਾਂ ਨਿਕਲਣ ਤੋਂ ਬਾਅਦ ਵੀ ਤਾਲਿਬਾਨ ਦਾ ਰਾਜ ਹੋ ਗਿਆ। ਅਮਰੀਕਾ ਨੇ ਤਾਂ ਕਰੀਬ ਵੀਹ ਸਾਲ ਅਫਗਾਨਿਸਤਾਨ ਦੀ 'ਸਰਕਾਰ' ਬਣਾ ਕੇ ਵੀ ਚਲਾਈ। ਹੁਣ ਸ਼ਾਇਦ ਤਾਲਿਬਾਨ ਇਸ ਦੇਸ਼ ਨੂੰ ਚਲਾ ਲੈਣਗੇ। ਚਰਚਾ ਹੈ ਕਿ ਤਾਲਿਬਾਨ ਨੇ ਆਉਣਸਾਰ ਅਫਗਾਨਿਸਤਾਨ ਦਾ ਨਾਂ ਬਦਲਣ ਦਾ ਨਿਰਣਾ ਵੀ ਕਰ ਲਿਆ ਹੈ।

ਘਰੇਲੂ ਜੰਗ ਜਿੱਤਣੀ ਹਮੇਸ਼ਾ ਔਖੀ ਹੁੰਦੀ ਹੈ। ਮਨੋਵਗਿਆਨੀ ਦੱਸਦੇ ਹਨ ਕਿ ਜਿਨ੍ਹਾਂ ਲੋਕਾਂ ਨੂੰ ਤੁਸੀਂ ਉਨ੍ਹਾਂ ਦੇ ਆਪਣੇ ਸਕੇ ਸਬੰਧੀਆਂ ਤੋਂ ਡਰਾ ਧਮਕਾ ਕੇ ਜਾਂ ਮਜਬੂਰ ਕਰ ਕੇ ਵਕਤੀ ਤੌਰ 'ਤੇ ਪਾਸੇ ਕਰਦੇ ਹੋ, ਇੱਕ ਨਾ ਇੱਕ ਦਿਨ ਉਹ ਤੁਹਾਡੇ ਤੋਂ ਬਾਗੀ ਹੋ ਕੇ, ਅਤੇ ਤੁਹਾਡੀ ਹਿੱਕ 'ਤੇ ਪੈਰ ਧਰ ਕੇ ਆਪਣਿਆਂ ਨੂੰ ਗਲਵੱਕੜੀ ਪਾਉਣ ਲੱਗੇ ਪਲ ਨਹੀਂ ਲਾਉਣਗੇ। ਹੁਣ ਅਫਗਾਨ ਦੇ ਆਮ ਲੋਕਾਂ ਨੂੰ ਇੱਕ ਚਿੰਤਾ ਸਤਾ ਰਹੀ ਹੈ ਕਿ ਸਭ ਤੋਂ ਭੈੜੀਆਂ ਘਟਨਾਵਾਂ ਮਾਸੂਮ ਅਤੇ ਬੇਕਸੂਰ ਮੁਟਿਆਰਾਂ ਨਾਲ ਹੋਣਗੀਆਂ। ਉਨ੍ਹਾਂ ਦੇ ਸਮੂਹਿਕ ਬਲਾਤਕਾਰ ਕੀਤੇ ਜਾਣਗੇ ਅਤੇ ਬਹੁਤ ਸਾਰੇ ਮਾਸੂਮ ਲੋਕ ਨਮੋਸ਼ੀ ਦੇ ਮਾਰੇ ਖੁਦਕਸ਼ੀ ਕਰ ਲੈਣਗੇ। ਬਹੁਤ ਸਾਰੀਆਂ ਕੁੜੀਆਂ ਬਲਾਤਕਾਰ ਦੇ ਡਰ ਕਾਰਨ ਆਪਣੇ ਹੀ ਮਾਪਿਆਂ ਹੱਥੋਂ ਮਾਰੀਆਂ ਜਾਣਗੀਆਂ। ਅਮਰੀਕਾ ਨੇ ਅਰਬਾਂ ਡਾਲਰ ਬਰਬਾਦ ਕੀਤੇ ਅਤੇ ਦੋ ਦੇਸ਼ਾਂ ਨੂੰ ਤਬਾਹ ਕਰ ਦਿੱਤਾ, ਪਰ ਹਾਸਲ ਕੱਖ ਵੀ ਨਾ ਹੋਇਆ।



ਤਾਲਿਬਾਨ ਦੇ ਅਫਗਾਨਿਸਤਾਨ 'ਤੇ ਕਬਜੇ ਨੂੰ ਇਉਂ ਪੇਸ਼ ਕੀਤਾ ਜਾ ਰਿਹਾ ਹੈ, ਜਿਵੇਂ ਉਨ੍ਹਾਂ ਨੇ ਅਮਰੀਕਾ ਜਿੱਤ ਲਿਆ ਹੋਵੇ। ਬਹੁਤ ਘੱਟ ਮੌਕੇ ਅਜਿਹੇ ਹੁੰਦੇ ਨੇ, ਜਿੱਥੇ ਅਮਰੀਕਾ ਦੀ ਮਰਜ਼ੀ ਦੇ ਖਿਲਾਫ ਕੁਝ ਵਾਪਰਦਾ ਹੋਵੇ! ਅਮਰੀਕਾ ਦੀ ਮਰਜ਼ੀ ਤੋਂ ਬਿਨਾ ਕੁਝ ਹੋ ਵੀ ਜਾਵੇ ਤਾਂ ਅਮਰੀਕਾ ਬਹੁਤਾ ਚਿਰ ਉਹ ਸਥਿਤੀ ਰਹਿਣ ਨਹੀਂ ਦਿੰਦਾ। ਅਮਰੀਕਾ ਦੀ ਫੌਜੀ ਤਾਕਤ ਅਸੀਮ ਹੈ। ਅਫਗਾਨਿਸਤਾਨ ਵਿਚ ਦਸ-ਵੀਹ ਹਜ਼ਾਰ ਫੌਜੀ ਬਿਠਾ ਕੇ ਰੱਖਣਾ ਅਮਰੀਕਾ ਵਾਸਤੇ ਕੋਈ ਵੱਡੀ ਗੱਲ ਨਹੀਂ। ਦੁਨੀਆਂ ਭਲੀਭਾਂਤ ਸੱਚਾਈ ਜਾਣਦੀ ਹੈ ਕਿ ਅਮਰੀਕਾ ਦਾ ਤਾਲਿਬਾਨ ਨਾਲ ਕੋਈ ਅੰਦਰੂਨੀ ਸਮਝੌਤਾ ਹੋਇਆ ਅਤੇ ਤਾਲਿਬਾਨ ਅਮਰੀਕਾ ਦੇ ਇਸ਼ਾਰੇ 'ਤੇ ਹੀ ਅਫਗਾਨਿਸਤਾਨ ਉਪਰ ਕਾਬਜ ਹੋਇਆ ਹੈ। ਕਿਉਂ ਹੋਇਆ ਹੈ? ਇਸ ਦੇ ਅਸਲ ਕਾਰਨ ਆਉਣ ਵਾਲੇ ਸਮੇਂ ਵਿਚ ਸਪੱਸ਼ਟ ਹੋਣਗੇ। ਸਾਡਾ ਇਹ ਮੰਨਣਾ ਹੈ ਕਿ ਅਮਰੀਕਾ ਨੇ ਜਿਹੜਾ ਇਹ ਜਿੰਨ ਕੱਢ ਕੇ ਦਿਖਾਇਆ, ਇਹ ਦੱਖਣੀ ਏਸ਼ੀਆ ਦੀਆਂ ਵੱਡੀਆਂ ਤਾਕਤਾਂ ਦੀ ਸਿਰਦਰਦੀ ਬਣੇਗਾ। ਕਿਸੇ ਕੋਲੋਂ ਲੁਕਿਆ ਛੁਪਿਆ ਨਹੀਂ ਕਿ ਅਫਗਾਨਿਸਤਾਨ ਦਾ ਮੌਜੂਦਾ ਹਾਕਮ ਅਬਦੁੱਲ ਗਨੀ ਬਰਾਦਰ ਅਮਰੀਕਾ ਨੇ ਖੁਦ 2018 ਵਿਚ ਪਾਕਿਸਤਾਨ ਦੀ ਜੇਲ੍ਹ ਵਿਚੋਂ ਛੁਡਵਾਇਆ ਸੀ।

ਚਾਹੇ ਸਾਰੀ ਦੁਨੀਆਂ ਤਬਾਹ ਹੋ ਜਾਵੇ, ਪਰ ਅਮਰੀਕਾ ਕਦੇ ਇਹ ਨਹੀਂ ਚਾਹੇਗਾ ਕਿ ਹਾਂਗ ਕਾਂਗ ਤੇ ਚੀਨ ਅਫਗਾਨਿਸਤਾਨ ਦੇ ਰਸਤੇ ਭਾਰਤ ਅਤੇ ਪਾਕਿਸਤਾਨ ਵਰਗੇ ਦੇਸ਼ਾਂ ਨਾਲ ਵਪਾਰ ਕਰਨ। ਜੇ ਵਪਾਰ ਚੱਲੇਗਾ ਤਾਂ ਦੇਸ਼ਾਂ ਦੀ ਆਪਸ ਵਿਚ ਸਾਂਝ ਤਾਂ ਵਧੇਗੀ ਹੀ, ਨਾਲ ਦੀ ਨਾਲ ਖੁਸ਼ਹਾਲੀ ਵੀ ਆਵੇਗੀ। ਇਸ ਲਈ ਅਫਗਾਨਿਸਤਾਨ ਦੇ ਬੇਕਸੂਰ ਲੋਕਾਂ ਨੂੰ ਬਲਦੀ ਦੇ ਬੁੱਥੇ ਝੋਕਣਾ ਅਤੇ ਉਥੋਂ ਦੀ ਸ਼ਾਂਤੀ ਦੀ ਬਲੀ ਦੇਣੀ ਜ਼ਰੂਰੀ ਸੀ। ਜੇ ਅਫਗਾਨਿਸਤਾਨ ਵਿਚ ਦਹਿਸ਼ਤ ਵਾਲਾ ਮਾਹੌਲ ਹੋਵੇਗਾ ਤਾਂ ਕੋਈ ਵੀ ਦੇਸ਼ ਸੜਕੀ ਰਸਤੇ ਵਪਾਰ ਕਰਨ ਦੀ ਹਿੰਮਤ ਨਹੀਂ ਕਰੇਗਾ। ਚੀਨ, ਭਾਰਤ, ਪਾਕਿਸਤਾਨ ਅਤੇ ਹੋਰ ਦੇਸ਼ਾਂ ਦਾ ਆਪਸੀ ਵਪਾਰ ਠੱਪ ਰਹੇਗਾ ਅਤੇ ਲੋਕ ਭੁੱਖਮਰੀ ਤੇ ਗਰੀਬੀ ਨਾਲ ਜੁੱਤੀਓ-ਜੁੱਤੀ ਰਹਿਣਗੇ। ਇਹ ਵੀ ਗੱਲ ਭੁੱਲਣ ਵਾਲੀ ਨਹੀਂ ਕਿ ਅਫਗਾਨਿਸਤਾਨ 'ਤੇ ਕਾਬਜ ਹੋ ਕੇ ਤਾਲਿਬਾਨ ਹੋਰ 'ਕੱਟੜਪੰਥੀ' ਸੰਗਠਨਾਂ ਨੂੰ ਹਵਾ ਦੇਵੇਗਾ, ਇਸ ਨਾਲ ਖਾਸ ਤੌਰ 'ਤੇ ਪਾਕਿਸਤਾਨ ਲਈ ਵੱਡੀ ਮੁਸੀਬਤ ਖੜ੍ਹੀ ਹੋ ਸਕਦੀ ਹੈ। ਹੁਣ ਤਾਲਿਬਾਨ ਦੀ ਜਿੱਤ 'ਤੇ ਖੁਸ਼ੀਆਂ ਮਨਾਉਣ ਵਾਲੇ ਕੀ ਇਹ ਭੁੱਲ ਗਏ ਕਿ ਕੁੜੀਆਂ ਨੂੰ ਪੜ੍ਹਨ ਦੀ ਮਨਾਹੀ, ਜੋ ਬੁਰਕੇ ਤੋਂ ਬਗੈਰ ਬਾਹਰ ਨਿਕਲੇ ਸਿਰ ਕਲਮ, ਕੋਈ ਔਰਤ ਦੋ ਮਿੰਟ ਤੋਂ ਜ਼ਿਆਦਾ ਬਾਹਰ ਜਾਵੇ ਤਾਂ ਉਸ ਦੇ ਪਤੀ ਦਾ ਨਾਲ ਹੋਣਾ ਜ਼ਰੂਰੀ, ਔਰਤ ਬਿਮਾਰ ਜਾਂ ਗਰਭਵਤੀ ਹੋਵੇ ਉਸ ਦਾ ਇਲਾਜ ਔਰਤ ਹੀ ਕਰ ਸਕਦੀ ਹੈ। ਜਦ ਕੁੜੀਆਂ ਨੂੰ ਦਸਵੀਂ ਤੋਂ ਵੱਧ ਪੜ੍ਹਨ ਦਾ ਹੁਕਮ ਹੀ ਨਹੀਂ, ਡਾਕਟਰ ਕਿੱਥੋਂ ਬਣਗੀਆਂ? ਇਨ੍ਹਾਂ ਹਾਲਾਤਾਂ ਵਿਚ ਜੇ ਬਿਮਾਰ ਜਾਂ ਗਰਭਵਤੀ ਔਰਤਾਂ ਆਪਣੀ ਜਾਨ ਨਹੀਂ ਗੁਆਉਣਗੀਆਂ ਤਾਂ ਹੋਰ ਕੀ ਹੋਵੇਗਾ?

"ਅਫਗਾਨਿਸਤਾਨ ਵਿਚ ਵਾਪਰ ਰਹੀਆਂ ਦੁਖਦਾਈ ਘਟਨਾਵਾਂ ਨੂੰ ਡੂੰਘੀ ਉਦਾਸੀ ਨਾਲ ਵੇਖ ਰਹੇ ਹਾਂ!" ਜਿਹੇ ਲਫਜ਼ ਆਖ ਕੇ 2001 ਵਿਚ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਜਾਰਜ ਡਬਲਿਊ ਬੁਸ਼ ਨੇ ਫੌਜੀ ਦਖਲ ਨੂੰ ਅਧਿਕਾਰਤ ਕੀਤਾ ਸੀ। ਸੰਯੁਕਤ ਰਾਜ ਨੇ ਅਫਗਾਨਿਸਤਾਨ ਵਿਚ ਸੰਘਰਸ਼ ਨੂੰ ਇੱਕ ਸੀਤ ਯੁੱਧ ਦੇ ਰੂਪ ਵਿਚ ਦੇਖਿਆ ਅਤੇ ਸੀ. ਆਈ. ਏ. ਨੇ ਪਾਕਿਸਤਾਨੀ ਖੁਫੀਆ ਸੇਵਾਵਾਂ ਦੁਆਰਾ ਵਿਰੋਧੀ ਮੁਜਾਹਿਦੀਨ ਵਿਦਰੋਹੀਆਂ ਨੂੰ ਆਪਰੇਸ਼ਨ ਚੱਕਰਵਾਤ ਨਾਮਕ ਵਿਚ ਸਹਾਇਤਾ ਪ੍ਰਦਾਨ ਕੀਤੀ, ਪਰ ਹੁਣ ਰਾਤੋ ਰਾਤ ਜੁੱਲੀ ਬਿਸਤਰਾ ਚੁੱਕ ਅਫਗਾਨੀਆਂ ਨੂੰ ਤਾਲਿਬਾਨਾਂ ਦੇ ਰਹਿਮ 'ਤੇ ਛੱਡ ਕੇ ਭੱਜਣ ਵਾਲੀ ਨੀਅਤ ਕਿਸ ਪਾਸੇ ਵੱਲ ਨੂੰ ਇਸ਼ਾਰਾ ਕਰਦੀ ਹੈ, ਦੁਨੀਆਂ ਬਹੁਤ ਜਲਦੀ ਦੇਖੇਗੀ।

# ਸਿਸਟਮ ਨੇ ਸਟੇਨ ਸਵਾਮੀ ਨੂੰ ਕਿਵੇਂ ਤੋੜਿਆ

**ਫਾਦਰ ਸਟੇਨ ਸਵਾਮੀ ਭਾਰਤ ਵਿਚ ਸਭ ਤੋਂ ਵੱਡੀ ਉਮਰ (84 ਸਾਲ) ਦੇ ਸ਼ਖ਼ਸ ਸਨ ਜਿਨ੍ਹਾਂ ਨੂੰ ਦਹਿਸ਼ਤਪਸੰਦੀ ਦੇ ਦੋਸ਼ ਵਿਚ ਜੇਲ੍ਹਾਂ ਅੰਦਰ ਸੁੱਟਿਆ ਗਿਆ। ਸਾਰੀ ਉਮਰ ਲੋਕਾਂ, ਖਾਸ ਕਰਕੇ ਕਬਾਇਲੀ ਲੋਕਾਂ ਦੇ ਹੱਕਾਂ ਲਈ ਆਵਾਜ਼ ਬੁਲੰਦ ਕਰਨ ਵਾਲੇ ਫਾਦਰ ਸਟੇਨ ਸਵਾਮੀ (26 ਅਪਰੈਲ 1937-5 ਜੁਲਾਈ 2021) ਜਾਬਰ ਜੇਲ੍ਹ ਪ੍ਰਬੰਧ ਦਾ ਮੁਕਾਬਲਾ ਕਰਦਿਆਂ 5 ਜੁਲਾਈ ਨੂੰ ਸਦੀਵੀ ਵਿਛੋੜਾ ਦੇ ਗਏ ਸਨ। ਉਨ੍ਹਾਂ ਨਾਲ ਇਕੋ ਸੈੱਲ ਵਿਚ ਬੰਦ ਰਹੇ ਅਰੁਣ ਫਰੇਰਾ ਨੇ ਇਸ ਲੇਖ ਰਾਹੀਂ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਹੈ।**

**ਅਰੁਣ ਫਰੇਰਾ**
**ਅਨੁਵਾਦ: ਬੂਟਾ ਸਿੰਘ**

ਸਾਨੂੰ ਫਾਦਰ ਸਟੇਨ ਸਵਾਮੀ ਦੀ ਗ੍ਰਿਫਤਾਰੀ ਦੀ ਖ਼ਬਰ 8 ਅਕਤੂਬਰ 2020 ਨੂੰ ਦੇਰ ਸ਼ਾਮ ਨੂੰ ਮਿਲੀ ਪਰ ਅਗਲੀ ਸਵੇਰ ਮੁਲਤਵੀ ਬੈਰਕ ਵਿਚ ਕੈਦੀਆਂ ਨਾਲ ਉਨ੍ਹਾਂ ਨੂੰ ਸ਼ੁੱਧ ਹਿੰਦੀ ਵਿਚ ਗੱਲਬਾਤ ਕਰਦੇ ਦੇਖ ਕੇ ਸਾਨੂੰ ਬਹੁਤ ਹੈਰਾਨੀ ਹੋਈ। ਮੈਂ ਉਸ ਸਮੇਂ ਆਪਣੇ ਸਹਿ-ਦੋਸ਼ੀ ਵਰਵਰਾ ਰਾਓ (ਵੀ.ਵੀ.) ਅਤੇ ਵਰਨੋਨ ਗੋਂਜ਼ਾਲਵੇਜ਼ ਨਾਲ ਜੇਲ੍ਹ ਹਸਪਤਾਲ ਦੀ ਇਕ ਕੋਠੜੀ (ਸੈੱਲ) ਵਿਚ ਬੰਦ ਸੀ। ਵੀ.ਵੀ. ਅਤੇ ਮੇਰੇ ਵੱਲੋਂ ਸਵੇਰ ਦੇ ਨਾਸ਼ਤੇ ਤੋਂ ਪਹਿਲਾਂ ਉਸ ਦੀ ਵ੍ਹੀਲਚੇਅਰ 'ਤੇ ਕੁਝ ਚੱਕਰ ਲਗਾਉਣਾ ਸਾਡੇ ਨਿੱਤਨੇਮ ਦਾ ਹਿੱਸਾ ਸੀ। ਅਸੀਂ ਤਿੰਨਾਂ ਨੇ ਇਹ ਮੰਨ ਲਿਆ ਸੀ ਕਿ ਕੌਮੀ ਜਾਂਚ ਏਜੰਸੀ ਸਟੇਨ ਨੂੰ ਪੁੱਛਗਿੱਛ ਲਈ ਹਿਰਾਸਤ 'ਚ ਲੈਣਾ ਚਾਹੇਗੀ ਅਤੇ ਇਸ ਲਈ ਉਸ ਨੂੰ ਨਿਆਂਇਕ ਹਿਰਾਸਤ, ਭਾਵ ਜੇਲ੍ਹ ਭੇਜਣ ਤੋਂ ਕੁਝ ਦਿਨ ਪਹਿਲਾਂ ਤੱਕ ਐਸਾ ਨਹੀਂ ਹੋਣ ਲੱਗਾ।

ਅਸੀਂ ਗਲਤ ਸੀ, ਉਹ ਤਾਂ ਉਸ ਨੂੰ ਜੇਲ੍ਹ ਵਿਚ ਸੁੱਟਣਾ ਚਾਹੁੰਦੇ ਸਨ।

ਸਟੇਨ ਸਾਨੂੰ ਮਿਲ ਕੇ ਬਹੁਤ ਖ਼ੁਸ਼ ਹੋਏ ਅਤੇ ਰਾਤ, ਭਾਵ ਜੇਲ੍ਹ ਵਿਚ ਉਨ੍ਹਾਂ ਦੀ ਪਹਿਲੀ ਰਾਤ ਦਾ ਤਣਾਓ ਤੁਰੰਤ ਕਾਫ਼ੂਰ ਹੋ ਗਿਆ। ਅਗਲੇ ਦੋ ਮਹੀਨਿਆਂ ਦੌਰਾਨ ਸਾਡੀ ਤਿੰਨਾਂ ਦੀ ਸਟੇਨ ਨਾਲ ਦੋਸਤੀ ਹੋ ਗਈ ਜਿਸ ਨੇ ਸਾਨੂੰ ਆਪਣੇ ਵਿਸ਼ਾਲ ਤਜਰਬੇ ਦੀਆਂ ਕਹਾਣੀਆਂ ਤੇ ਕਦੇ-ਕਦੇ ਗੀਤਾਂ ਨਾਲ ਜੋੜਿਆ। ਵੀ.ਵੀ. ਜਲਦੀ ਹੀ ਹਾਈ ਕੋਰਟ ਦੇ ਆਦੇਸ਼ ਦੁਆਰਾ ਪ੍ਰਾਈਵੇਟ ਹਸਪਤਾਲ ਵਿਚ ਭੇਜ ਦਿੱਤੇ ਗਏ ਅਤੇ ਵਰਨੋਨ ਅਤੇ ਮੈਨੂੰ ਜੋ ਉਸ ਸਮੇਂ ਤੱਕ ਵੀ.ਵੀ. ਦੀ ਦੇਖਭਾਲ ਕਰ ਰਹੇ ਸੀ, ਵਾਪਸ ਸਾਡੀਆਂ ਬੈਰਕਾਂ ਵਿਚ ਭੇਜ ਦਿੱਤਾ ਗਿਆ।

### ਅਮਿੱਟ ਛਾਪ

ਸਟੇਨ ਨੇ ਹਾਲਾਂਕਿ, ਜੇਲ੍ਹ ਅਧਿਕਾਰੀਆਂ ਨੂੰ ਜ਼ੋਰ ਦੇ ਕੇ ਕਿਹਾ ਕਿ ਉਸ ਨੂੰ ਸਹਾਇਤਾ ਦੀ ਲੋੜ ਹੈ, ਨਾ ਸਿਰਫ ਉਸ ਨੂੰ ਆਪਣੇ ਨਿੱਤ ਦੇ ਕਿਰਿਆਕ੍ਰਮ ਸਗੋਂ ਸਾਰਥਕ ਸੰਚਾਰ ਲਈ ਵੀ। ਫਿਰ 5 ਦਸੰਬਰ 2020 ਨੂੰ ਮੈਨੂੰ ਇਕ ਹੋਰ ਕੈਦੀ ਨਾਲ ਸਟੇਨ ਵਾਲੀ ਕੋਠੜੀ 'ਚ ਭੇਜ ਦਿੱਤਾ ਗਿਆ ਜਿਸ ਨੂੰ ਅਸੀਂ ਪਿਆਰ ਨਾਲ 'ਚਾਚਾ' ਕਹਿੰਦੇ ਹਾਂ। ਅਸੀਂ ਤਿੰਨਾਂ ਨੇ ਘੰਟੇ, ਦਿਨ ਅਤੇ ਮਹੀਨੇ ਇਕੱਠਿਆਂ ਗੁਜ਼ਾਰੇ, ਤੇ ਇਹ ਉਹ ਵਕਤ ਸੀ ਜਦੋਂ ਮੈਨੂੰ ਮਨੁੱਖ ਸਟੇਨ ਦਾ ਅਨੁਭਵ ਹੋਇਆ ਜਿਸ ਕੋਲ ਹਰ ਮਿਲਣ ਵਾਲੇ ਉਪਰ ਅਮਿੱਟ ਛਾਪ ਛੱਡਣ ਦੀ ਕਮਾਲ ਦੀ ਯੋਗਤਾ ਸੀ। ਚਕਾਚੌਂਧ ਕਰਨ ਵਾਲੀ ਇਹ ਕਾਬਲੀਅਤ ਉਸ ਦੀ ਸਾਦੀ ਅਤੇ ਸ਼ੁੱਧ ਸਾਦਗੀ ਤੋਂ ਆਈ ਸੀ, ਅਜਿਹੀ ਸਾਦਗੀ ਜੋ ਉਸ ਦੇ ਜੀਵਨ ਦੇ ਹਰ ਕਾਰਜ ਅਤੇ ਪਹਿਲੂ ਵਿਚ ਰਚ ਗਈ ਸੀ। ਮਿਸਾਲ ਵਜੋਂ, ਸਟੇਨ ਦੀ ਖ਼ੂਬਸੂਰਤ ਆਦਤ ਸੀ ਕਿ ਉਹ ਨਿਮਰਤਾ ਸਹਿਤ ਆਪਣੀ ਛਾਤੀ ਉਪਰ ਹੱਥ ਰੱਖ ਕੇ ਹਰ ਕਿਸੇ ਨੂੰ ਮੋਹ ਨਾਲ ਸਵੀਕਾਰ ਕਰਦੇ ਸਨ। ਨੌਜਵਾਨ ਕੈਦੀਆਂ ਜਾਂ ਜੇਲ੍ਹ ਅਫਸਰਾਂ ਨਾਲ ਆਪਸੀ ਸਤਿਕਾਰ ਦੇ ਇਸ ਸਾਧਾਰਨ ਸੰਕੇਤ ਵਿਚ ਦਿਲਾਂ ਨੂੰ ਮੋਹ ਲੈਣ ਦਾ ਸੁਹਜ ਸੀ।

ਸਟੇਨ ਨੂੰ ਮੈਂ ਕਦੇ ਵੀ ਦੂਜਿਆਂ ਨੂੰ ਇੱਥੋਂ ਤੱਕ ਕਿ ਜੋ ਉਨ੍ਹਾਂ ਤੋਂ ਉਮਰ 'ਚ ਬਹੁਤ ਛੋਟੇ ਸਨ, ਨਜ਼ਰਅੰਦਾਜ਼ ਕਰਦੇ ਜਾਂ ਅਹਿਸਾਨ ਜਤਾਉਂਦੇ ਨਹੀਂ ਦੇਖਿਆ। ਉਹ ਹਮੇਸ਼ਾ ਵਿਸ਼ਵਾਸ ਕਰਦੇ ਸਨ ਕਿ ਪਿਆਰ ਦਾ ਸਿੱਧਾ ਜਿਹਾ ਮਤਲਬ ਹੈ ਸਾਂਝੀ ਕਰਨ ਵਾਲੀ ਚੀਜ਼; ਤੇ ਸਾਂਝਾ ਕਰਨ ਦਾ ਮਤਲਬ ਦੇਣ ਦਾ ਕਾਰਜ ਨਹੀਂ ਹੋਵੇਗਾ, ਜਿਵੇਂ ਸਾਡੇ ਵਿਚੋਂ ਬਹੁਤ ਸਾਰੇ ਸਮਝਦੇ ਹਨ। ਸਟੇਨ ਲਈ ਇਸ ਦੇ ਮਾਇਨੇ ਬਹੁਤ ਬੜੇ ਸਨ - ਇਸ ਦਾ ਮਤਲਬ ਦੂਜਿਆਂ ਦੇ ਦੁੱਖਾਂ, ਦਰਦਾਂ ਵਿਚ ਸ਼ਰੀਕ ਹੋਣਾ ਸੀ।

ਚਾਚਾ ਅਤੇ ਮੈਂ ਤਕਰੀਬਨ ਰੋਜ਼ ਹੀ ਸਟੇਨ ਨੂੰ ਹੋਰ ਖਾਣਾ ਖਾ ਲੈਣ ਦੀ ਬੇਨਤੀ ਕਰਦੇ। ਅਸੀਂ ਫਿਕਰਮੰਦ ਸੀ ਕਿ ਕੈਦ ਦੇ ਹਾਲਾਤ ਵਿਚ ਉਨ੍ਹਾਂ ਦੀ ਥੋੜ੍ਹਾ ਖਾਣ ਦੀ ਆਦਤ ਅਕਲਮੰਦੀ ਨਹੀਂ ਹੋਵੇਗੀ। ਜਵਾਬ ਵਿਚ ਸਟੇਨ ਸਾਨੂੰ ਦੱਸਦੇ ਕਿ ਕਿਵੇਂ ਇਕ ਨੌਜਵਾਨ ਈਸਾਈ ਦੇ ਰੂਪ 'ਚ ਝਾਰਖੰਡ ਦੇ ਚਾਇਬਾਸਾ ਵਿਖੇ ਇਕ ਕਬਾਇਲੀ ਪਰਿਵਾਰ ਦੇ ਨਾਲ ਰਹਿੰਦੇ ਹੋਏ ਉਸ ਨੂੰ ਆਪਣੇ ਆਪ ਨੂੰ ਪਰਿਵਾਰ ਦੇ ਦੂਜੇ ਬਾਲਗਾਂ ਵਾਂਗ ਅੱਧਾ ਖਾਣਾ ਖਾਣ ਦੇ ਅਭਿਆਸ ਅਨੁਸਾਰ ਢਾਲਣਾ ਪਿਆ ਸੀ, ਇਸ ਕਰਕੇ 50 ਸਾਲਾਂ ਤੋਂ ਐਸੀ ਆਦਤ ਨਾਲ ਉਸ ਦਾ 'ਪੇਟ ਸੁੰਗੜ ਗਿਆ ਸੀ'।

ਸਾਨੂੰ ਇਹ ਦਲੀਲ ਜਚਦੀ ਨਹੀਂ ਸੀ। ਇਸ ਕਰਕੇ ਮੈਂ ਅਤੇ ਚਾਚਾ ਨੇ ਫਿਰ ਜੇਲ੍ਹ ਦੀ ਕੰਟੀਨ ਤੋਂ ਸਪਲੀਮੈਂਟ ਵਜੋਂ ਕੁਝ ਪੌਸ਼ਟਿਕ ਸਨੈਕਸ ਅਤੇ ਸੁੱਕੇ ਮੇਵੇ ਖਰੀਦਣ ਦੀ ਕੋਸ਼ਿਸ਼ ਕੀਤੀ। ਸਟੇਨ ਆਪਣੀ ਗੱਲ 'ਤੇ ਅੜੇ ਰਹੇ। ਉਨ੍ਹਾਂ ਵਾਲੀ ਸਾਦ-ਮੁਰਾਦੀ ਅਤੇ ਤਪੱਸਵੀ ਜੀਵਨ ਸ਼ੈਲੀ ਸਮਝੌਤਾ ਨਹੀਂ ਕਰ ਸਕਦੀ ਸੀ, ਜੇਲ੍ਹ ਵਿਚ ਤਾਂ ਇਹ ਹੋਰ ਵੀ ਜ਼ਿਆਦਾ ਸੀ। ਉਨ੍ਹਾਂ ਨੇ ਆਪਣੀ ਮਨਪਸੰਦ ਮੂੰਗਫਲੀ (ਭੁੰਨੀ ਹੋਈ ਮੂੰਗਫਲੀ) ਖਰੀਦਣ ਲਈ ਕਿਹਾ। ਦੂਜਿਆਂ ਦੇ ਦੁੱਖਾਂ 'ਚ ਸ਼ਰੀਕ ਹੋਣ ਦੇ ਰੂਪ ਵਿਚ ਪਿਆਰ ਦੀ ਇਹ ਡੂੰਘੀ ਅੰਦਰੂਨੀ ਸਮਝਦਾਰੀ ਹੀ ਸ਼ਾਇਦ ਉਨ੍ਹਾਂ ਨੂੰ ਉਨ੍ਹਾਂ ਸਭ ਤੋਂ ਨਿਤਾਣੇ ਲੋਕਾਂ ਦੀ ਮਾੜੀ ਦਸ਼ਾ ਵੱਲ ਖਿੱਚਦੀ ਸੀ।

ਸਟੇਨ ਨੇ ਯਾਦ ਸਾਂਝੀ ਕੀਤੀ ਸੀ ਕਿ ਕਿਵੇਂ ਨਵੇਂ ਨਿਯੁਕਤ ਹੋਏ ਪਾਦਰੀ ਵਜੋਂ ਉਸ ਨੇ ਜਮਸ਼ੇਦਪੁਰ ਦੇ ਆਦਿਵਾਸੀਆਂ 'ਚ ਕੰਮ ਕਰਨ ਦੀ ਚੋਣ ਕੀਤੀ ਸੀ। ਇਸ ਖੇਤਰ ਦਾ ਬਹੁਤਾ ਹਿੱਸਾ ਹੁਣ ਝਾਰਖੰਡ ਵਿਚ ਪੈਂਦਾ ਹੈ। ਇਹ ਉਹ ਸਮਾਂ ਸੀ ਜਦੋਂ ਚਰਚ ਆਪਣੇ ਦਾਨ-ਪੁੰਨ ਦੇ ਕਾਰਜ ਵਜੋਂ ਭੋਜਨ ਸਹਾਇਤਾ ਵੰਡਣ ਵਿਚ ਸ਼ਾਮਲ ਸੀ। ਹਾਲਾਂਕਿ ਸਟੇਨ ਨੇ ਆਪਣੇ ਆਪ ਨੂੰ ਇਨ੍ਹਾਂ ਪ੍ਰੋਗਰਾਮਾਂ ਵਿਚ ਸ਼ਾਮਿਲ ਕੀਤਾ, ਉਹ ਸ਼ੁਰੂ ਤੋਂ ਹੀ ਜਾਣਦੇ ਸਨ ਕਿ ਉਸ ਨੂੰ ਇਸ ਤੋਂ ਅੱਗੇ ਜਾਣਾ ਹੈ।

ਸਟੇਨ ਕਹਿੰਦੇ ਸਨ, ਈਸਾਈ ਮੱਤ ਦੇ ਬਾਨੀ ਸੇਂਟ ਇਗਨਾਟਿਅਸ ਲੋਯੋਲਾ ਦਾ ਮੰਨਣਾ ਸੀ ਕਿ 'ਇਕ ਜ਼ਰੂਰੀ ਚੀਜ਼' ਕਰਨਾ ਹਮੇਸ਼ਾ ਮਹੱਤਵਪੂਰਨ ਹੁੰਦਾ ਹੈ; ਇਸ ਦਾ ਭਾਵ ਗਰੀਬਾਂ ਉਤੇ ਹੋ ਰਹੇ ਜ਼ੁਲਮ ਦੀ ਜੜ੍ਹ ਤੱਕ ਪਹੁੰਚਣ ਦੀ ਜ਼ਰੂਰਤ ਹੈ ਤਾਂ ਜੋ ਉਨ੍ਹਾਂ ਦੀ ਮੁਕਤੀ ਸੰਭਾਵਨਾ ਬਣ ਜਾਵੇ।

ਇਥੇ ਹੀ ਸਟੇਨ ਨੇ ਦੇਖਿਆ ਹੋਣਾ ਹੈ ਕਿ ਵਿਸ਼ਲੇਸ਼ਣ ਦੇ ਮਾਰਕਸਵਾਦੀ ਸੰਦ ਸਮਾਜੀ ਬਦਲਾਓ ਅਤੇ ਲੋਕਾਂ ਦੇ ਸੰਘਰਸ਼ਾਂ ਦੀ ਕੇਂਦਰੀ ਏਜੰਸੀ ਨੂੰ ਸਮਝਣ ਲਈ ਸਭ ਤੋਂ ਢੁੱਕਵੇਂ ਸਨ। ਬਾਅਦ ਵਿਚ ਇੰਡੀਅਨ ਸੋਸ਼ਲ ਇੰਸਟੀਚਿਊਟ, ਬੰਗਲੌਰ ਦੇ ਡਾਇਰੈਕਟਰ ਦੇ ਰੂਪ ਵਿਚ ਉਨ੍ਹਾਂ ਨੂੰ ਨਾ ਸਿਰਫ ਇਸ ਸਮਝ ਨੂੰ ਸਾਣ 'ਤੇ ਲਾਉਣ ਦਾ ਮੌਕਾ ਮਿਲਿਆ ਸਗੋਂ ਉਨ੍ਹਾਂ ਨੌਜਵਾਨਾਂ ਨੂੰ ਸਮਾਜੀ ਕਾਰਜਾਂ ਵਿਚ ਸ਼ਾਮਲ ਹੋਣ ਲਈ ਵੀ ਪ੍ਰੇਰਿਆ (ਵਰਨੋਨ ਗੋਂਜ਼ਾਲਵੇਜ਼ ਉਨ੍ਹਾਂ ਵਿਚੋਂ ਇਕ ਹਨ)।

### ਸੋਚ ਦੀ ਸਪਸ਼ਟਤਾ

ਸਾਂਝੀ ਕੋਠੜੀ ਵਿਚ ਨਜ਼ਰਬੰਦ ਹੋਣ ਕਰਕੇ ਸਾਨੂੰ ਵੱਖ-ਵੱਖ ਵਿਸ਼ਿਆਂ ਜਿਵੇਂ ਆਸਤਿਕਤਾ, ਧਰਮ, ਇਨਕਲਾਬ, ਰਾਜਨੀਤੀ, ਪਾਰਟੀਆਂ, ਕਬਾਇਲੀ ਸਮਾਜ ਅਤੇ ਕੈਥੋਲਿਕ ਚਰਚ ਉਪਰ ਵਿਚਾਰ-ਚਰਚਾ ਅਤੇ ਬਹਿਸ ਕਰਨ ਦਾ ਮੌਕਾ ਮਿਲਿਆ। ਰਾਤ ਨੂੰ ਜਦੋਂ ਸਾਨੂੰ ਕੋਠੜੀ ਵਿਚ ਬੰਦ ਕਰ ਦਿੱਤਾ ਜਾਂਦਾ ਸੀ ਤਾਂ ਭੁੰਨੀ ਹੋਈ ਮੂੰਗਫਲੀ ਚੱਬਦਿਆਂ ਐਸੀਆਂ ਚਰਚਾਵਾਂ ਸ਼ਾਮ ਦੇ ਸਮੇਂ ਹਮੇਸ਼ਾ ਹੁੰਦੀਆਂ ਰਹਿੰਦੀਆਂ ਸਨ।

ਇਨ੍ਹਾਂ ਸਾਰੇ ਵਿਸ਼ਿਆਂ 'ਤੇ ਸਟੇਨ ਦੀ ਦਲੀਲ ਕਦੇ ਪੇਚੀਦਾ ਨਹੀਂ ਸੀ ਹੁੰਦੀ, ਉਨ੍ਹਾਂ ਦੀ ਸੋਚ ਸਪਸ਼ਟ ਤੇ ਸਰਲ ਹੁੰਦੀ। ਮੈਂ ਸ਼ਰਾਰਤੀ ਸਵਾਲਾਂ ਨਾਲ ਉਨ੍ਹਾਂ ਦੀ ਦਲੀਲ ਕੱਟਣ ਦੀ ਉਮੀਦ ਨਾਲ ਸ਼ੈਤਾਨ ਦੇ ਵਕੀਲ ਦਾ ਕਿਰਦਾਰ ਨਿਭਾਉਣਾ ਪਸੰਦ ਕਰਦਾ। ਮੈਂ ਦੇਖਿਆ ਕਿ ਸਟੇਨ ਹਮੇਸ਼ਾ ਦ੍ਰਿੜ ਹੁੰਦੇ ਸਨ, ਖ਼ਾਸਕਰ ਲੋਕਾਂ ਦੇ ਹੱਕਾਂ ਨਾਲ ਸਬੰਧਿਤ ਮੁੱਦਿਆਂ ਉਪਰ, ਫਿਰ ਵੀ ਉਨ੍ਹਾਂ ਮਾਮਲਿਆਂ 'ਚ ਉਹ ਬਹੁਤ ਲਚਕੀਲੇ ਹੁੰਦੇ ਜਿਨ੍ਹਾਂ ਬਾਰੇ ਉਹ ਕਹਿੰਦੇ ਕਿ ਉਸ ਨੂੰ ਸੱਚਮੁੱਚ ਜਾਣਕਾਰੀ ਨਹੀਂ ਤੇ ਉਹ ਜਾਣਨਾ ਚਾਹੁੰਦੇ ਹਨ।

ਮੈਂ ਇਸ ਨਤੀਜੇ 'ਤੇ ਪਹੁੰਚਿਆ ਕਿ ਉਨ੍ਹਾਂ ਦੀ ਸਮਝ (ਘੱਟੋ-ਘੱਟ ਪੁਜਾਰੀ ਵਜੋਂ ਸ਼ੁਰੂਆਤੀ ਸਾਲਾਂ ਵਿਚ) 1968 ਦੇ ਫਰਾਂਸੀਸੀ ਵਿਦਿਆਰਥੀ ਵਿਦਰੋਹ ਅਤੇ ਮੁਕਤੀ ਧਰਮ-ਸ਼ਾਸਤਰ (ਲਿਬਰੇਸ਼ਨ ਥੀਓਲੌਜੀ) ਦੇ ਆਦਰਸ਼ਾਂ ਤੋਂ ਬਹੁਤ ਪ੍ਰਭਾਵਤ ਸੀ ਜਿਸ ਨੇ ਚਰਚ ਦੇ ਅੰਦਰ ਆਲੋਚਨਾਤਮਕ ਸਵਾਲ ਉਠਾਉਣੇ ਸ਼ੁਰੂ ਕਰ ਦਿੱਤੇ ਸਨ। ਸਟੇਨ ਦੀ ਸਾਦਗੀ ਵੀ ਈਸਾ ਦੀ ਜ਼ਿੰਦਗੀ ਤੋਂ ਬਹੁਤ ਪ੍ਰਭਾਵਿਤ ਸੀ। ਸਟੇਨ ਲਈ ਈਸਾ ਦੇ ਤੌਰ-ਤਰੀਕੇ ਗੈਲੀਲੀਓ ਵਾਲੇ ਸਨ ਜਿਸ ਨੇ ਪਰਮਾਤਮਾ ਦੀ ਹਕੂਮਤ ਦਾ ਐਲਾਨ ਭਵਿੱਖ ਦੀ ਚੀਜ਼ ਵਜੋਂ ਨਹੀਂ ਸਗੋਂ ਵਰਤਮਾਨ ਵਿਚ ਸਭ ਤੋਂ ਦੱਬੇ-ਕੁਚਲਿਆਂ ਤੇ ਨਫ਼ਰਤ ਦਾ ਸ਼ਿਕਾਰ ਭਾਈਚਾਰੇ ਵਿਚ ਅਤੇ ਬਿਨਾ ਸ਼ਰਤ ਪ੍ਰੇਮ ਦੇ ਸਰਲ ਕਾਰਜਾਂ ਰਾਹੀਂ ਕੀਤਾ। ਸਟੇਨ ਅਕਸਰ ਈਸਾ ਵੱਲੋਂ ਉਸ ਵਕਤ ਦੇ ਸ਼ਕਤੀਸ਼ਾਲੀ ਰੋਮਨ ਸਾਮਰਾਜ ਨੂੰ ਸੱਚ ਸੁਣਾਏ ਜਾਣ ਦੀ ਮਿਸਾਲ ਐਸੇ ਮਹੱਤਵਪੂਰਨ ਗੁਣ ਦੇ ਰੂਪ ਵਿਚ ਦਿੰਦੇ ਸਨ ਜੋ ਸਾਡੇ 'ਚ ਵੀ ਹੋਣਾ ਚਾਹੀਦਾ ਹੈ। ਹਾਲਾਂਕਿ ਧਾਰਮਿਕ ਰਵਾਇਤਾਂ ਦਾ ਸਤਿਕਾਰ ਕਰਨ ਦੀ ਜ਼ਰੂਰਤ ਹੈ, ਉਹ ਮੰਨਦੇ ਸਨ ਕਿ ਮਨੁੱਖ ਨੂੰ ਹਮੇਸ਼ਾ ਬਾਹਰੀ ਦਿਖਾਵੇ ਤੋਂ ਉਪਰ ਉੱਠਣਾ ਚਾਹੀਦਾ ਹੈ ਤਾਂ ਜੋ ਮੂਲ ਸਮਾਜੀ ਅਤੇ ਭਾਈਚਾਰਕ ਤੱਤ ਨੂੰ ਸਮਝਿਆ ਜਾ ਸਕੇ। ਸਟੇਨ ਮਹਿਸੂਸ ਕਰਦੇ ਸਨ ਕਿ ਇਸ ਰੌਸ਼ਨੀ ਵਿਚ ਕਬਾਇਲੀ ਸਮਾਜ ਐਸਾ ਸਮਾਜ ਸੀ ਜਿਸ ਨੇ ਭਾਈਚਾਰੇ ਨੂੰ ਕੇਂਦਰੀ ਮਹੱਤਵ ਦਿੱਤਾ। ਇਸੇ ਕਰਕੇ 'ਅਪਰੇਸ਼ਨ ਗ੍ਰੀਨ ਹੰਟ' ਦੇ ਰੂਪ ਵਿਚ ਕਾਰਪੋਰੇਟ ਵੱਲੋਂ ਉਜਾੜੇ ਦੇ ਹਮਲੇ ਜਾਂ ਸਟੇਟ ਦੇ ਜਬਰ ਤੋਂ ਆਦਿਵਾਸੀ ਸਮਾਜ ਨੂੰ ਬਚਾਉਣ ਦਾ ਮਤਲਬ ਇਸ ਦੀ ਭਾਈਚਾਰਕ ਰੂਹ ਦੀ ਰੱਖਿਆ ਕਰਨਾ ਹੋਵੇਗਾ। ਐਸੇ ਟਾਕਰੇ ਵਿਚ ਸਟੇਨ ਦੇ ਸ਼ਾਮਿਲ ਹੋਣ ਨੂੰ ਉਸ ਦੇ ਅਖੌਤੀ ਮਾਓਵਾਦੀ ਅਕੀਦਿਆਂ ਅਤੇ ਸਬੰਧਾਂ ਦੇ ਸਬੂਤ ਵਜੋਂ ਦੇਖਣਾ ਲੋਕ ਭਾਈਚਾਰਿਆਂ 'ਚ ਸਟੇਨ ਦੇ ਦ੍ਰਿੜ ਵਿਸ਼ਵਾਸ ਨੂੰ ਦੇਖਣ-ਸਮਝਣ 'ਚ ਨਾਕਾਮੀ ਤੋਂ ਸਿਵਾਏ ਹੋਰ ਕੁਝ ਨਹੀਂ ਹੈ।



ਸਟੇਨ ਸਵਾਮੀ ਦੇ ਹੱਕ ਵਿਚ ਕੋਲਕਾਤਾ ਵਿਚ ਕੀਤੇ ਮੁਜ਼ਾਹਰੇ ਦੀ ਝਲਕ।

ਸਟੇਨ ਮੇਰੇ ਨਾਲੋਂ ਦੁੱਗਣੀ ਉਮਰ ਦੇ ਸਨ। ਮੇਰੇ ਡੈਡੀ ਤੋਂ ਕੁਝ ਸਾਲ ਛੋਟੇ ਪਰ ਬਹੁਤ ਸਾਰੇ ਤਰੀਕਿਆਂ ਨਾਲ ਉਨ੍ਹਾਂ ਵਰਗੇ ਸਨ। ਉਹ ਮੇਰੇ ਮਾਮੇ ਦੇ ਗੂੜ੍ਹੇ ਮਿੱਤਰ ਵੀ ਸਨ ਜੋ ਪੁਜਾਰੀ ਵੀ ਸੀ। ਮੇਰੇ ਮਾਮੇ ਦੇ ਦੇਹਾਂਤ ਤੋਂ ਪਹਿਲਾਂ ਉਹ ਦੋਵੇਂ ਮੁਕਤੀ ਧਰਮ-ਸ਼ਾਸਤਰ ਦੇ ਆਪਣੇ ਵਿਸ਼ਵਾਸ ਵਿਚ ਸਾਥੀ ਸਨ ਅਤੇ ਸਟੇਨ ਅਕਸਰ ਯਾਦ ਕਰਦੇ ਸਨ ਕਿ ਜਦੋਂ ਵੀ ਉਹ ਅੱਸੀ ਵਾਲੇ ਦਹਾਕੇ 'ਚ ਬੰਬਈ ਜਾਂਦੇ ਸਨ ਤਾਂ ਉਹ ਉਨ੍ਹਾਂ ਕੋਲ ਠਹਿਰਦੇ ਹੁੰਦੇ ਸਨ। ਸ਼ੁਰੂ ਵਿਚ ਵਰਨੋਨ ਅਤੇ ਮੈਂ, ਸਟੇਨ ਨੂੰ ਉਨ੍ਹਾਂ ਉਪਰ ਬਣਾਏ ਝੂਠੇ ਕੇਸ ਨੂੰ ਸਮਝਣ ਅਤੇ ਬੁੱਝਣ 'ਚ ਭੂਮਿਕਾ ਨਿਭਾਈ। ਵਰਨੋਨ ਦੇ ਜਾਣ ਤੋਂ ਬਾਅਦ ਸਟੇਨ ਦੇ ਗੈਰ-ਰਸਮੀ ਕਾਨੂੰਨੀ ਸਲਾਹਕਾਰ ਵਜੋਂ ਇਹ ਜ਼ਿੰਮੇਵਾਰੀ ਮੇਰੇ ਉਪਰ ਆ ਪਈ ਸੀ।


ਅਰੁਣ ਫਰੇਰਾ

ਬਾਅਦ ਵਿਚ ਸਟੇਨ ਨਾਲ ਮੇਰਾ ਰਿਸ਼ਤਾ ਇਸ ਸਭ ਕਾਸੇ ਤੋਂ ਅੱਗੇ ਨਿਕਲ ਗਿਆ। ਹੋਰ ਸਹਿ-ਦੋਸ਼ੀਆਂ ਵਾਂਗ ਛੇਤੀ ਹੀ ਅਸੀਂ ਦੋਸਤਾਂ ਤੋਂ ਵੀ ਵਧ ਨੇੜੇ ਹੋ ਗਏ। ਅਸੀਂ ਇਕ ਪਰਿਵਾਰ, ਜਿਨ੍ਹਾਂ ਲਈ ਸਾਂਝੇ ਸੰਘਰਸ਼ ਦੇ ਸੰਗੀ-ਸਾਥੀ ਬਣ ਗਏ। ਫਾਦਰ ਸਟੇਨ ਸਾਡੇ ਸਾਰਿਆਂ ਲਈ ਸਿਰਫ ਸਟੇਨ ਸਨ। ਸਟੇਟ ਨੇ ਸਾਨੂੰ ਸਾਰਿਆਂ ਨੂੰ ਐਸੇ ਤਰੀਕਿਆਂ ਨਾਲ ਏਕਤਾ ਅਤੇ ਬੰਧਨ ਵਿਚ ਬੰਨ੍ਹ ਦਿੱਤਾ ਸੀ ਜਿਨ੍ਹਾਂ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਫਰਵਰੀ 2021 ਵਿਚ ਵੀ.ਵੀ. ਨੂੰ ਬੰਬੇ ਹਾਈ ਕੋਰਟ ਨੇ ਛੇ ਮਹੀਨਿਆਂ ਲਈ ਅੰਤ੍ਰਿਮ ਜ਼ਮਾਨਤ ਦੇ ਦਿੱਤੀ। ਹਾਲਾਂਕਿ ਇਸ ਆਦੇਸ਼ ਨਾਲ ਸਾਨੂੰ ਸਾਰਿਆਂ ਨੂੰ ਬਹੁਤ ਖ਼ੁਸ਼ੀ ਹੋਈ ਸੀ, ਸਟੇਨ ਦੀ ਖ਼ੁਸ਼ੀ ਬਹੁਤ ਸੰਜਮੀ ਸੀ। ਉਹ ਅਦਾਲਤ ਦੁਆਰਾ ਲਾਈਆਂ ਸ਼ਰਤਾਂ ਤੋਂ ਬਹੁਤ ਫਿਕਰਮੰਦ ਸਨ, ਖ਼ਾਸ ਕਰਕੇ ਜਿਨ੍ਹਾਂ ਤਹਿਤ ਵੀ.ਵੀ. ਨੂੰ ਮੁੰਬਈ ਵਿਚ ਰਹਿਣਾ ਪੈਣਾ ਸੀ, ਸਹਿ-ਦੋਸ਼ੀਆਂ ਨਾਲ ਸੰਪਰਕ ਤੋੜਨਾ ਪੈਣਾ ਸੀ ਅਤੇ ਭੀਮਾ ਕੋਰੇਗਾਓਂ ਕੇਸ ਨਾਲ ਜੁੜੇ ਮੁੱਦਿਆਂ ਉਪਰ ਸੋਸ਼ਲ ਮੀਡੀਆ ਸਮੇਤ ਮੀਡੀਆ ਵਿਚ ਆਪਣੀ ਰਾਏ ਪ੍ਰਗਟਾਉਣ ਤੋਂ ਪਰਹੇਜ਼ ਕਰਨਾ ਪੈਣਾ ਸੀ।

ਮੈਂ ਉਸ ਦੇ ਨਜ਼ਰੀਏ ਨੂੰ ਬੁੱਝਣ ਵਿਚ ਅਸਫਲ ਰਿਹਾ ਅਤੇ ਅਕਸਰ ਹੀ ਉਨ੍ਹਾਂ ਨੂੰ ਕਾਨੂੰਨੀ ਰਣਨੀਤੀ ਦੀਆਂ ਬਾਰੀਕੀਆਂ ਬਾਰੇ ਸਿੱਖਿਅਤ ਕਰਨ ਦੀ ਕੋਸ਼ਿਸ਼ ਵਿਚ ਬਹਿਸ ਕਰਦਾ ਰਹਿੰਦਾ ਸੀ ਪਰ ਦੇਖਣ ਨੂੰ ਭੋਲੇ-ਭਾਲੇ ਜਾਪਦੇ ਨਜ਼ਰੀਏ ਪਿੱਛੇ ਦਰਅਸਲ ਉਨ੍ਹਾਂ ਦੀ ਇਹ ਡੂੰਘੀ ਸਮਝ ਕੰਮ ਕਰਦੀ ਸੀ ਕਿ ਉਸ ਲਈ ਆਜ਼ਾਦੀ ਦੇ ਮਾਇਨੇ ਕੀ ਹਨ। ਇਸ ਦਾ ਮਤਲਬ ਨਾ ਸਿਰਫ ਪਾਬੰਦੀਆਂ ਤੋਂ ਮੁਕਤ ਅੰਦੋਲਨ ਦਾ ਹੋਣਾ ਸੀ ਸਗੋਂ ਦਰਅਸਲ ਆਪਣੇ ਵਿਚਾਰਾਂ ਦਾ ਸੰਚਾਰ ਕਰਨ ਅਤੇ ਸਾਂਝੇ ਕਰਨ ਦੀ ਖ਼ੁਸ਼ੀ ਅਤੇ ਸੱਚ ਬੋਲਣ ਦੀ ਕਾਬਲੀਅਤ ਸੀ। ਇਸ ਤੋਂ ਬਾਅਦ ਆਪਣੇ ਈਸਾਈ ਸਾਥੀਆਂ ਅਤੇ ਵਕੀਲਾਂ ਨੂੰ ਆਪਣੇ ਕੁਲ ਸੰਦੇਸ਼ਾਂ ਵਿਚ ਸਟੇਨ ਨੇ ਜ਼ੋਰ ਦੇ ਕੇ ਕਿਹਾ ਕਿ ਉਸ ਦੀ ਜ਼ਮਾਨਤ ਦੀ ਸੁਣਵਾਈ ਕਰਨ ਵਾਲੀ ਅਦਾਲਤ ਨੂੰ ਇਸ ਬਾਬਤ ਉਨ੍ਹਾਂ ਦੀ ਇੱਛਾ ਬਾਰੇ ਸੂਚਿਤ ਕਰ ਦਿੱਤਾ ਜਾਵੇ।

ਮਈ 'ਚ ਜਦੋਂ ਹਾਈ ਕੋਰਟ ਨੇ ਵੀਡੀਓ ਕਾਨਫਰੰਸ ਰਾਹੀਂ ਸਟੇਨ ਦੀ ਸੁਣਵਾਈ ਕੀਤੀ ਤੇ ਉਨ੍ਹਾਂ ਨੂੰ ਮੌਕਾ ਦਿੱਤਾ, ਉਨ੍ਹਾਂ ਇਹੀ ਗੱਲ ਦੁਹਰਾਈ। ਕੈਦ ਤੋਂ ਰਾਹਤ ਦਾ ਮਤਲਬ ਸਿਰਫ ਆਪਣੇ ਲੋਕਾਂ (ਰਾਂਚੀ, ਝਾਰਖੰਡ ਵਿਚ) ਦੇ ਨਾਲ ਹੋਣਾ ਹੋ ਸਕਦਾ ਹੈ। ਇਹ ਸਿਖਾਇਆ ਹੋਇਆ ਨਹੀਂ ਸੀ ਸਗੋਂ ਚੰਗੀ ਤਰ੍ਹਾਂ ਸੋਚਿਆ ਵਿਚਾਰਿਆ ਸੀ।

### ਗੁਣਵਾਨ ਸਟੇਨ

ਸਟੇਨ ਦੀ ਸ਼ਖ਼ਸੀਅਤ ਦਾ ਸਾਰ ਇਹ ਸੀ, ਉਨ੍ਹਾਂ ਨੂੰ ਸੰਜਮੀ ਗੱਲ ਕਰਨਾ ਪਸੰਦ ਸੀ। ਉਹ ਬੋਲੇ ਜਾਂ ਲਿਖੇ ਸ਼ਬਦਾਂ ਵੱਲ ਬਹੁਤ ਧਿਆਨ ਦਿੰਦੇ ਸਨ, ਆਪਣੇ ਵਾਕਾਂ ਨੂੰ ਨਿਖਾਰਦੇ ਰਹਿੰਦੇ ਤਾਂ ਜੋ ਆਪਣੀ ਰਾਇ ਦੀ ਬਿਹਤਰ ਨੁਮਾਇੰਦਗੀ ਕਰ ਸਕਣ। ਉਨ੍ਹਾਂ ਨਾਲ ਗੱਲਬਾਤ ਕਰਦੇ ਸਮੇਂ ਗੱਲ ਪੂਰੇ ਧਿਆਨ ਨਾਲ ਸੁਣਨੀ ਪੈਂਦੀ ਸੀ। ਉਹ ਕਦੇ ਵੀ ਊਲ-ਜਲੂਲ ਨਹੀਂ ਬੋਲਦੇ ਸਨ। ਇਹ ਐਸੀ ਗੱਲ ਸੀ ਜਿਸ ਨੂੰ ਅਫਸਰ ਅਕਸਰ ਸਮਝਣ ਵਿਚ ਅਸਫਲ ਰਹਿੰਦੇ ਸਨ। ਉਨ੍ਹਾਂ ਦੇ ਥੋੜ੍ਹੇ ਸ਼ਬਦਾਂ ਦਾ ਹਮੇਸ਼ਾ ਵੱਧ ਤੋਂ ਵੱਧ ਪ੍ਰਭਾਵ ਪੈਂਦਾ। ਉਨ੍ਹਾਂ ਦੁਆਰਾ ਰਚੇ ਸਾਧਾਰਨ ਵਾਕੰਸ਼ ਵਿਚ ਸੁਰਖ਼ੀਆਂ ਬਣਨ ਦੀ ਸਮਰੱਥਾ ਸੀ। ਇੱਥੋਂ ਤੱਕ ਕਿ ਉਨ੍ਹਾਂ ਵੱਲੋਂ ਮੌਤ ਨੂੰ ਗਲੇ ਲਗਾਉਣ ਦੀ ਆਖ਼ਰੀ ਕਾਰਵਾਈ ਵੀ ਸਾਡੇ ਫੌਜਦਾਰੀ ਨਿਆਂ ਪ੍ਰਬੰਧ, ਨਿਆਂਪਾਲਿਕਾ ਅਤੇ ਸਮੁੱਚੇ ਰੂਪ 'ਚ ਲੋਕਤੰਤਰ ਬਾਰੇ ਬੇਹੱਦ ਡੂੰਘੀਆਂ ਟਿੱਪਣੀਆਂ ਵਿਚੋਂ ਇਕ ਸਾਬਤ ਹੋਈ।

28 ਮਈ, 2021 ਨੂੰ ਜਦੋਂ ਅਸੀਂ ਆਖ਼ਰੀ ਵਾਰ ਗਲਵੱਕੜੀ ਪਾ ਕੇ ਮਿਲੇ ਅਤੇ ਅਲਵਿਦਾ ਕਹੀ, ਮੈਨੂੰ ਸੱਚਮੁੱਚ ਵਿਸ਼ਵਾਸ ਸੀ ਕਿ ਸਟੇਨ ਕੈਦ ਨੂੰ ਮਾਤ ਦੇ ਦੇਣਗੇ। ਹਾਲਾਂਕਿ ਪਿਛਲਝਾਤ ਮਾਰਦਿਆਂ ਮੈਂ ਇਹ ਦੇਖਣ 'ਚ ਨਾਕਾਮ ਰਿਹਾ ਕਿ ਪ੍ਰਬੰਧ ਤੋਂ ਸਟੇਨ ਦੀ ਆਸ ਮੁੱਕਦੀ ਜਾ ਰਹੀ ਸੀ। ਆਦਿਵਾਸੀਆਂ ਅਤੇ ਗਰੀਬਾਂ ਦੇ ਹੱਕਾਂ ਲਈ ਦਹਾਕਿਆਂ ਤੋਂ ਸੰਘਰਸ਼ ਲੜਨ ਦੇ ਬਾਵਜੂਦ ਸਟੇਨ ਦਾ ਮੰਨਣਾ ਸੀ ਕਿ ਜਦੋਂ ਪ੍ਰਬੰਧ ਨੂੰ ਤਰਕ ਅਤੇ ਸਮੂਹਿਕ ਕਾਰਵਾਈ ਦਾ ਸਾਹਮਣਾ ਕਰਨਾ ਪਿਆ ਤਾਂ ਆਖ਼ਰਕਾਰ ਇਸ ਨੂੰ ਹੱਕ ਦੇਣੇ ਪੈਣਗੇ।

ਭੀਮਾ ਕੋਰੇਗਾਓਂ-ਐਲਗਰ ਪ੍ਰੀਸ਼ਦ ਕੇਸ 'ਚ ਸਰਕਾਰੀ ਪੱਖ ਇਸ ਵਿਸ਼ਵਾਸ ਨੂੰ ਵਾਰ-ਵਾਰ ਅਤੇ ਘਾਤਕ ਸੱਟਾਂ ਮਾਰਦਾ ਰਿਹਾ। ਇਸ ਕੇਸ ਵਿਚ ਉਨ੍ਹਾਂ ਨੂੰ ਸ਼ਾਮਲ ਕੀਤਾ ਜਾਣਾ ਇਕ ਐਸੀ ਚੀਜ਼ ਸੀ ਜੋ ਉਨ੍ਹਾਂ ਦੀ ਸਮਝ ਤੋਂ ਬਾਹਰ ਸੀ। ਸਟੇਨ ਵਾਰ-ਵਾਰ ਕਹਿੰਦੇ ਰਹੇ ਕਿ ਉਸ ਦੇ ਕੰਪਿਊਟਰ ਵਿਚੋਂ ਜਿਸ ਸੁਭਾਅ ਦੀਆਂ ਇਲੈਕਟ੍ਰਾਨਿਕ ਫਾਈਲਾਂ ਬਰਾਮਦ ਹੋਈਆਂ ਦੱਸੀਆਂ ਜਾ ਰਹੀਆਂ ਹਨ, ਉਹ '(ਉਸ ਦੀ) ਕਲਪਨਾ ਤੋਂ ਬਾਹਰ' ਹੈ। ਆਪਣੀ ਗ੍ਰਿਫਤਾਰੀ ਤੋਂ ਬਾਅਦ ਪਹਿਲੇ ਕੁਝ ਮਹੀਨਿਆਂ ਤੱਕ ਉਹ ਇਹ ਸਮਝਣ ਵਿਚ ਅਸਫਲ ਰਹੇ ਕਿ ਐਨ.ਆਈ.ਏ. ਦੇ ਅਧਿਕਾਰੀ ਉਸ ਨੂੰ ਹਿਰਾਸਤ ਵਿਚ ਲੈਣ ਲਈ ਵਾਰ-ਵਾਰ ਝੂਠ ਕਿਉਂ ਬੋਲ ਰਹੇ ਸਨ। ਸਿਸਟਮ ਦੀ ਆਮ ਅਸੰਵੇਦਨਸ਼ੀਲਤਾ ਅਤੇ ਬੇਇਨਸਾਫੀ ਉਨ੍ਹਾਂ ਨੂੰ ਵਧੇਰੇ ਤੋਂ ਵਧੇਰੇ ਦੁਖੀ ਕਰ ਰਹੀ ਸੀ। ਹਾਲਾਂਕਿ ਉਨ੍ਹਾਂ ਨੂੰ ਅਜੇ ਵੀ ਇਹ ਭਰੋਸਾ ਸੀ ਕਿ ਐਨ.ਆਈ.ਏ. ਦੀ ਵਿਸ਼ੇਸ਼ ਅਦਾਲਤ ਇਹ ਸਭ ਕਾਸੇ ਦੀ ਘੋਖ-ਪੜਤਾਲ ਕਰੇਗੀ ਅਤੇ ਉਸ ਨੂੰ ਜ਼ਮਾਨਤ ਦੇ ਦੇਵੇਗੀ। ਫਿਰ ਜ਼ਮਾਨਤ ਦੀ ਸੁਣਵਾਈ ਬਹੁਤ ਲੰਮੀ ਹੋਣੀ ਸ਼ੁਰੂ ਹੋ ਗਈ। ਇਸ ਅਮਲ ਦਾ ਹੋਰ ਵਿਸਤਾਰ ਕਰਨ ਲਈ ਐਨ.ਆਈ.ਏ. ਨੇ ਉਸ ਦੇ ਰਾਂਚੀ ਨਿਵਾਸ (ਬਗਾਇਚਾ) ਦੇ ਖ਼ਾਤਿਆਂ ਦੀ ਛਾਣਬੀਣ ਕਰਨ ਅਤੇ ਉਸ ਦੇ ਈਸਾਈ ਸਾਥੀਆਂ ਨੂੰ ਪ੍ਰੇਸ਼ਾਨ ਕਰਨ ਦਾ ਸਹਾਰਾ ਲਿਆ। ਇਸ ਨਾਲ ਸਟੇਨ ਨੂੰ ਹੋਰ ਠੇਸ ਪਹੁੰਚੀ, ਤੇ ਆਖ਼ਿਰਕਾਰ ਜਦੋਂ ਐਨ.ਆਈ.ਏ. ਦੇ ਵਿਸ਼ੇਸ਼ ਜੱਜ ਨੇ ਜ਼ਮਾਨਤ ਰੱਦ ਕਰਨ ਦਾ ਆਦੇਸ਼ ਦਿੱਤਾ ਤਾਂ ਸਟੇਨ ਨੂੰ ਇਸ ਦੇ ਨਤੀਜਿਆਂ 'ਤੇ ਵਿਸ਼ਵਾਸ ਨਹੀਂ ਹੋਇਆ। ਅਦਾਲਤ ਨੇ ਐਨ.ਆਈ.ਏ. ਵੱਲੋਂ ਲਗਾਏ ਸਾਰੇ ਦੋਸ਼ਾਂ ਨੂੰ ਸਵੀਕਾਰ ਕਰ ਲਿਆ ਸੀ।

ਉਸ ਆਦੇਸ਼ ਨੂੰ ਵਾਰ-ਵਾਰ ਪੜ੍ਹਦਿਆਂ ਅਸੀਂ ਸ਼ਾਮ ਖ਼ਾਮੋਸ਼ੀ 'ਚ ਲੰਘਾ ਦਿੱਤੀ। ਇਹ ਅਪਰੈਲ ਦੇ ਸ਼ੁਰੂ ਦੀ ਗੱਲ ਸੀ ਅਤੇ ਸਟੇਨ ਦੇ ਮਿਜ਼ਾਜ ਵਿਚ ਬਦਲਾਓ ਹੋਰ ਪ੍ਰਤੱਖ ਹੋ ਰਿਹਾ ਸੀ। ਉਨ੍ਹਾਂ ਦਾ ਹਾਸਾ ਵੀ ਹੌਲੀ-ਹੌਲੀ ਲੋਪ ਹੋ ਗਿਆ। ਇੱਥੋਂ ਤਕ ਕਿ 26 ਅਪਰੈਲ ਨੂੰ ਦੁਨੀਆ ਭਰ ਦੇ ਬਹੁਤ ਸਾਰੇ ਸ਼ੁਭਚਿੰਤਕਾਂ ਨੇ ਉਨ੍ਹਾਂ ਨੂੰ ਜਨਮ ਦਿਨ ਦੀਆਂ ਜੋ ਸ਼ੁਭਕਾਮਨਾਵਾਂ ਭੇਜੀਆਂ, ਉਨ੍ਹਾਂ ਨਾਲ ਵੀ ਹਾਲਤ 'ਚ ਕੋਈ ਸੁਧਾਰ ਨਹੀਂ ਹੋਇਆ।

ਵਧਦੀ ਕਮਜ਼ੋਰੀ ਨੇ ਉਨ੍ਹਾਂ ਦੀਆਂ ਦਿਮਾਗੀ ਬਿਮਾਰੀਆਂ ਹੋਰ ਵਧਾ ਦਿੱਤੀਆਂ। ਉਨ੍ਹਾਂ ਦੀ ਸੁਣਨ ਸ਼ਕਤੀ ਹੋਰ ਖ਼ਰਾਬ ਗਈ, ਪਾਰਕਿਨਸਨ ਦੇ ਝਟਕੇ ਹੋਰ ਵੀ ਹਿੰਸਕ ਹੋ ਗਏ, ਉਨ੍ਹਾਂ ਦੀ ਨਜ਼ਰ ਦੀ ਸਮੱਸਿਆ ਐਨੀ ਵਧ ਗਈ ਕਿ ਅਖ਼ਬਾਰ ਪੜ੍ਹਨਾ ਵੀ ਮੁਸ਼ਕਿਲ ਹੋ ਗਿਆ। ਇਸ ਲਈ ਉਸ ਭਿਆਨਕ ਦਿਨ 'ਤੇ ਜਦੋਂ ਅਸੀਂ ਵਿਦਾ ਹੋਏ, ਮੈਨੂੰ ਸੱਚਮੁੱਚ ਵਿਸ਼ਵਾਸ ਸੀ ਕਿ ਘਟਨਾਵਾਂ ਦਾ ਇਹ ਸਕਾਰਾਤਮਕ ਮੋੜ ਸਟੇਨ ਨੂੰ ਠੀਕ ਹੋਣ ਵਿਚ ਸਹਾਇਤਾ ਕਰੇਗਾ (28 ਮਈ ਨੂੰ ਬੰਬਈ ਹਾਈ ਕੋਰਟ ਨੇ ਮਹਾਰਾਸ਼ਟਰ ਸਰਕਾਰ ਨੂੰ ਆਦੇਸ਼ ਦਿੱਤਾ ਕਿ ਉਹ ਸਵਾਮੀ ਨੂੰ ਇਲਾਜ ਲਈ ਨਿੱਜੀ ਹੋਲੀ ਫੈਮਿਲੀ ਹਸਪਤਾਲ ਵਿਚ ਤਬਦੀਲ ਕਰੇ, ਹਾਲਾਂਕਿ ਅਦਾਲਤ ਨੇ ਉਸ ਨੂੰ ਜ਼ਮਾਨਤ ਨਹੀਂ ਦਿੱਤੀ)।

ਮੈਨੂੰ ਲਗਦਾ ਹੈ, ਮੈਂ ਗਲਤ ਸੀ। ਉਹ ਜੋ ਆਜ਼ਾਦੀ ਚਾਹੁੰਦੇ ਸਨ, ਉਹ ਅਜੇ ਵੀ ਬਹੁਤ ਦੂਰ ਜਾਪਦੀ ਸੀ। ਐਨੀ ਦੂਰ ਕਿ ਜਿਸ ਨੂੰ ਉਨ੍ਹਾਂ ਦਾ ਥੱਕ ਕੇ ਚੂਰ-ਚੂਰ ਹੋਇਆ ਸਰੀਰ ਸਹਿਣ ਨਹੀਂ ਸੀ ਕਰ ਸਕਦਾ।

ਅਸੀਂ ਸਟੇਨ ਨੂੰ ਗੁਆ ਲਿਆ।

# ਰੰਗਮੰਚ ਦਾ ਰੰਗ



ਕਲਾ ਪਰਿਕਰਮਾ

ਜਦੋਂ ਆਦਿ ਮਨੁੱਖ ਦੇ ਕਬੀਲੇ ਬਣੇ, ਕਬੀਲਿਆਂ ਦੀ ਸਮਾਜਕ ਸੰਰਚਨਾ ਸਿਰੇ ਚੜ੍ਹੀ, ਪਰਿਵਾਰ ਬਣਿਆ, ਵਸੋਂ ਦੀ ਪਿੰਡ ਰੂਪੀ ਇਕਾਈ ਸਾਹਮਣੇ ਆਈ ਤਾਂ ਪਿੰਡ ਆਪਣੇ ਖਾਣ-ਪੀਣ ਤੇ ਨਿਰਬਾਹ ਲਈ ਮੁਸ਼ੱਕਤਾਂ ਕਰਦਾ ਤਾਂ ਵਿਹਲੇ ਸਮੇਂ ਉਸ ਨੂੰ ਮਨੋਰੰਜਨ ਚਾਹੀਦਾ ਸੀ। ਜਿੱਥੇ ਆਰਥਿਕ ਵਸੀਲੇ ਪੈਦਾ ਹੋ ਰਹੇ ਸਨ, ਮਨੁੱਖ ਆਪਣੇ ਵਿੱਤ ਅਨੁਸਾਰ ਮਨੋਰੰਜਨ ਦੇ ਤਰੀਕੇ



ਖੋਜਣ ਲੱਗਾ। ਟਕੋਰ ਕਰਨੀ, ਹੱਸਣਾ ਤੇ ਹਸਾਉਣਾ, ਉਚੀ ਬੋਲ ਕੇ ਵੱਡੇ ਸਮੂਹ ਨੂੰ ਕਥਾ ਸੁਣਾਉਣੀ, ਕੰਨ 'ਤੇ ਹੱਥ ਰੱਖ ਹੇਕ ਲਾ ਕੇ ਗਾਉਣਾ, ਹਵਾ 'ਚ ਛਾਲਾਂ ਮਾਰਨੀਆਂ,

**ਡਾ. ਸਾਹਿਬ ਸਿੰਘ**
ਫੋਨ: +91-98880-11096

ਸਰੀਰ ਨੂੰ ਪੁੱਠੇ ਸਿੱਧੇ ਢੰਗ ਨਾਲ ਤੋੜਨਾ ਮਰੋੜਨਾ। ਇਹ ਸਭ ਕੁਝ ਕਲਾ ਰੂਪ ਦਾ ਮੁੱਢਲਾ ਅਭਿਆਸੀ ਤੇ ਅਪ੍ਰਭਾਸ਼ਿਤ ਦੌਰ ਸੀ। ਇਸ ਵਿਚੋਂ ਨਕਲਾਂ ਪੈਦਾ ਹੋ ਗਈਆਂ। ਉਹ ਵਿਅਕਤੀ ਲੱਭੇ ਗਏ ਜੋ ਦੂਜਿਆਂ ਦੀ ਨਕਲ ਉਤਾਰਦੇ ਤਾਂ ਚੰਗੇ ਲੱਗਦੇ। ਉਨ੍ਹਾਂ ਵਿਅਕਤੀਆਂ ਦੀ ਸ਼ਨਾਖਤ ਹੋਈ ਜੋ ਆਵਾਜ਼ ਦੇ ਉਤਰਾਅ ਚੜ੍ਹਾਅ ਰਾਹੀਂ ਗੱਲ ਦੂਰ ਤੱਕ ਪਹੁੰਚਾ ਸਕਦੇ ਸੀ ਜੋ ਗਾ ਕੇ ਕਥਾ ਅੱਗੇ ਤੋਰ ਸਕਦੇ ਸਨ। ਇਹ ਸਭ ਕਰਦਿਆਂ ਹੀ ਕਿਸੇ ਨੇ ਰੁੱਖ ਦੇ ਪੱਤੇ ਤੋੜ ਪੀਪਨੀ ਬਣਾ ਮੂੰਹ ਨੂੰ ਲਾਈ ਹੋਵੇਗੀ ਤੇ ਫੂਕ ਮਾਰਨ 'ਤੇ ਸੰਗੀਤ ਪੈਦਾ ਹੋਇਆ ਹੋਵੇਗਾ। ਇਹ ਪੀਪਨੀ ਅੱਗੇ ਕਿਸੇ ਬਾਂਸ ਦੀ ਪੋਰੀ 'ਚ ਤਬਦੀਲ ਹੋਈ ਹੋਵੇਗੀ। ਫਿਰ ਉਸ ਪੋਰੀ 'ਚ ਮੋਰੀਆਂ ਕਰਨ ਦਾ ਖਿਆਲ ਆਇਆ ਹੋਵੇਗਾ ਤੇ ਬੰਸਰੀ ਵਜਾਉਣ ਵਾਲਾ ਸਾਹਮਣੇ ਆਇਆ ਹੋਵੇਗਾ। ਕਿਸੇ ਨੇ ਲੱਕੜ ਦੀ ਤਖਤੀ 'ਤੇ ਅਚਾਨਕ ਹੱਥ ਦੀ ਥਾਪ ਦਿੱਤੀ ਹੋਏਗੀ ਤਾਂ ਜਿਹੜੀ ਆਵਾਜ਼ ਨਿਕਲੀ ਹੋਏਗੀ, ਉਹ ਆਮ ਆਵਾਜ਼ ਨਾਲੋਂ ਵਧੇਰੇ ਖਿੱਚ ਪਾਊ ਤੇ ਵੱਖਰੀ ਮਹਿਸੂਸ ਹੋਈ ਹੋਵੇਗੀ। ਫਿਰ ਇਸ ਹੱਥ ਨੇ ਅਭਿਆਸ ਕੀਤਾ ਹੋਵੇਗਾ, ਹੌਲੀ ਹੌਲੀ ਇਹ ਸੰਗੀਤ ਬਣਿਆ। ਸਰੀਰ ਨੂੰ ਤੋੜਨ ਮਰੋੜਨ ਦੀਆਂ ਅਦਾਵਾਂ ਨ੍ਰਿਤ ਬਣ ਗਈਆਂ। ਫਿਰ ਕਥਾਵਾਂ ਜੁੜੀਆਂ। ਕਹਿਣ ਦਾ ਢੰਗ ਦਿਲਚਸਪ ਹੁੰਦਾ ਗਿਆ। ਇਹ ਲੋਕ ਨਾਟਕ ਸੀ। ਜਗਿਆਸੂ ਮਨੁੱਖ ਦੁਆਰਾ ਸਿਰਜਿਆ ਤੇ ਤਰਾਸ਼ਿਆ ਲੋਕ ਰੰਗਮੰਚ।

ਜਿਵੇਂ-ਜਿਵੇਂ ਮਨੁੱਖ ਵਿਕਾਸ ਦੇ ਰਾਹ ਪਿਆ, ਉਹਦੇ ਸਾਹਮਣੇ ਨਵੀਆਂ ਚੁਣੌਤੀਆਂ ਆ ਖੜ੍ਹੀਆਂ। ਜਿਸ ਕੁਦਰਤ ਦੀ ਗੋਦ 'ਚ ਉਹ ਪਲਿਆ ਸੀ, ਉਸੇ ਕੁਦਰਤ ਨਾਲ ਉਹਦਾ ਮੁਕਾਬਲਾ ਸ਼ੁਰੂ ਹੋ ਗਿਆ। ਜੰਗਲ 'ਚ ਫੈਲਦੀ ਅੱਗ ਉਸ ਦਾ ਨੁਕਸਾਨ ਕਰਦੀ, ਉਹ ਡਰਨ ਲੱਗਿਆ। ਪਾਣੀ ਜਦੋਂ ਹੜ੍ਹਾਂ ਦਾ ਰੂਪ ਲੈਂਦਾ, ਉਹ ਪਾਣੀ ਅੱਗੇ ਹੱਥ ਜੋੜ ਖੜ੍ਹ ਜਾਂਦਾ। ਤੇਜ਼ ਹਵਾ ਹਨੇਰੀਆਂ, ਤੂਫਾਨਾਂ ਵਿਚ ਬਦਲਦੀ ਤਾਂ ਉਹ ਤ੍ਰਹਿ ਜਾਂਦਾ। ਆਕਾਸ਼ ਉਸ ਨੂੰ ਪਹੁੰਚ ਤੋਂ ਬਾਹਰ ਲੱਗਦਾ। ਮਿੱਟੀ ਉਸ ਦਾ ਢਿੱਡ ਭਰਨ ਲਈ ਉਸ ਨੂੰ ਖਾਣ ਸਮੱਗਰੀ ਮੁਹੱਈਆ ਕਰ ਰਹੀ ਸੀ। ਉਸ ਨੂੰ ਕੋਈ ਵੀ ਵਰਤਾਰਾ ਸਮਝ ਨਾ ਆਉਂਦਾ। ਉਸ ਨੇ ਅਗਨੀ, ਆਕਾਸ਼, ਹਵਾ, ਮਿੱਟੀ, ਪਾਣੀ ਨੂੰ ਦੇਵਤਾ ਮਿੱਥ ਲਿਆ। ਦੇਵਤਿਆਂ ਦੀ ਅਰਾਧਨਾ ਕਰਨ ਦੀ ਲੋੜ ਮਹਿਸੂਸ ਹੋਈ। ਅਰਾਧਨਾ ਲਈ ਕੋਈ ਸਥਾਨ ਚਾਹੀਦਾ ਸੀ, ਕੋਈ ਰੂਪ ਚਾਹੀਦਾ ਸੀ। ਕੋਈ ਵੱਖਰਾ ਰੰਗ ਚਾਹੀਦਾ ਸੀ। ਵਿਸ਼ੇਸ਼ ਦਿਨ ਦੀ ਲੋੜ ਸੀ। ਇਹ ਪੂਜਾ ਅਰਾਧਨਾ ਡਰ ਤੇ ਸ਼ਰਧਾ 'ਚੋਂ ਪੈਦਾ ਹੋ ਕੇ ਹੌਲੀ-ਹੌਲੀ ਰਸਮ ਬਣ ਗਈ। ਇਸ ਰਸਮ 'ਚ ਚਾਅ ਅਤੇ ਹੁਲਾਸ ਵੀ ਆ ਜੁੜਿਆ। ਮਨੁੱਖੀ ਸਮੂਹ ਲਈ ਰਸਮਾਂ ਸਮਾਗਮ ਦਾ ਰੂਪ ਧਾਰ ਗਈਆਂ। ਉਹ ਸਮਾਗਮ ਨੂੰ ਦਿਲਚਸਪ ਬਣਾਉਣ ਲਈ ਤੇ ਦੇਵਤੇ ਪ੍ਰਤੀ ਸ਼ਰਧਾ ਪ੍ਰਗਟ ਕਰਨ ਦੀ ਸ਼ਿੱਦਤ ਵਧਾਉਣ ਲਈ ਵਿਉਂਤਬੰਦੀ ਦੇ ਰਾਹ ਪੈ ਗਿਆ। ਲੋਕ ਨਾਟਕ ਦੀ ਡਿਜ਼ਾਈਨਿੰਗ ਦਾ ਖਾਕਾ ਤਿਆਰ ਹੋ ਰਿਹਾ ਸੀ। ਉਸ ਦਿਵਸ ਲਈ ਵੱਖਰੀ ਤਰ੍ਹਾਂ ਦੇ ਪਹਿਰਾਵੇ ਹੋਂਦ ਵਿਚ ਆਏ। ਗੀਤ ਸੰਗੀਤ ਸ਼ਾਮਲ ਹੋ ਗਿਆ, ਦੇਵਤੇ ਨੂੰ ਪ੍ਰਸੰਨ ਕਰਨ ਲਈ ਨਾਚ ਅਦਾਵਾਂ ਜ਼ਰੂਰੀ ਸਮਝੀਆਂ ਜਾਣ ਲੱਗੀਆਂ। ਦੇਵਤਿਆਂ ਨਾਲ ਸਬੰਧਤ ਕਥਾਵਾਂ ਸਿਰਜੀਆਂ ਗਈਆਂ। ਉਨ੍ਹਾਂ ਕਥਾਵਾਂ ਨੂੰ ਜਨ ਸਮੂਹ ਸੁਣਾਉਣ ਲੱਗ ਪਿਆ। ਨੱਚਣ ਗਾਉਣ ਲੱਗ ਪਿਆ। ਸੁਣਾਉਣ ਤੇ ਦਿਖਾਉਣ ਲੱਗ ਪਿਆ। ਪੰਜ ਤੱਤਾਂ ਦਾ ਪੁਤਲਾ ਪੰਜ ਤੱਤਾਂ ਦੀ ਉਸਤਤ ਕਰਦਾ ਰੰਗਮੰਚ ਕਰ ਰਿਹਾ ਸੀ ਪਰ ਉਸ ਨੂੰ ਨਹੀਂ ਸੀ ਪਤਾ ਕਿ ਇਹ ਰੰਗਮੰਚ ਹੈ। ਉਹ ਤਾਂ ਦੇਵਤਾ ਨੂੰ ਪ੍ਰਸੰਨ ਕਰ ਰਿਹਾ ਸੀ। ਅਛੋਪਲੇ ਹੀ ਇਸ ਖੇਡ 'ਚ ਕਲਾਕਾਰ ਦੀ ਪਛਾਣ ਹੋਣ ਲੱਗੀ। ਗਾਇਕ, ਅਦਾਕਾਰ, ਨਾਚੇ, ਸੰਗੀਤਕਾਰ, ਗੀਤਕਾਰ ਆਪਣੀ ਪਛਾਣ ਦੇ ਅਣਘੜੇ ਰੂਪ ਦਾ ਨਜ਼ਾਰਾ ਦੇਖ ਰਹੇ ਸੀ। ਇਹ ਕਲਾਕਾਰ ਬਿਨਾ ਕਲਾਕਾਰੀ ਦਾ ਰੁਤਬਾ ਹਾਸਲ ਕੀਤਿਆਂ ਕਲਾਤਮਕ ਜ਼ਿੰਮੇਵਾਰੀ ਨਿਭਾ ਰਹੇ ਸਨ।

ਮੁੱਢਲੇ ਦੌਰ ਦਾ ਲੋਕ ਨਾਟਕ/ਰੰਗਮੰਚ ਆਪਣੀਆਂ ਅਨੇਕ ਵਿਸ਼ੇਸ਼ਤਾਵਾਂ ਕਰਕੇ ਮੌਲਿਕ ਸੀ। ਮਨੁੱਖ ਕੁਦਰਤ ਦੇ ਨਜ਼ਦੀਕ ਸੀ। ਉਹ ਕਿਰਦਾਰ ਘੜਨ ਲੱਗਿਆ ਕਲਪਨਾ ਦਾ ਸਹਾਰਾ ਲੈਂਦਾ, ਵੇਸਭੂਸ਼ਾ ਨੂੰ ਰੌਚਕ ਬਣਾਉਣ ਲਈ ਪੰਛੀਆਂ ਦੇ ਖੰਭ, ਜਾਨਵਰਾਂ ਦੀਆਂ ਹੱਡੀਆਂ, ਸ਼ੇਰ ਚੀਤੇ ਦੀ ਖੱਲ, ਬੋਰੀ, ਟਾਟ, ਪੱਤੇ ਆਦਿ ਵਰਤਦਾ। ਸੂਰਜ ਨੂੰ ਤਪਦਿਆਂ ਤੇ ਰੋਸ਼ਨੀ ਕਰਦਿਆਂ ਦੇਖਦਾ ਤਾਂ ਅਗਨ ਦੇਵਤਾ ਦੇ ਕਿਰਦਾਰ ਨੂੰ ਸਜਾਉਣ ਲੱਗਿਆ ਮੱਥੇ 'ਤੇ ਸੁਰਖ ਰੰਗ ਨਾਲ ਸੂਰਜ ਦੀ ਸ਼ਕਲ ਵਾਹ ਦਿੰਦਾ ਜਿਸ 'ਚੋਂ ਚਿੱਟੇ ਰੰਗ ਨਾਲ ਕਿਰਨਾਂ ਨਿਕਲਦੀਆਂ ਦਿਖਾਉਂਦਾ। ਅੰਬਰ ਦੇਵਤਾ ਨੂੰ ਨੀਲੇ ਸਲੇਟੀ ਰੰਗ 'ਚ ਰੰਗ ਲੈਂਦਾ। ਉਸ ਦੀ ਕਲਪਨਾ ਮੌਲਿਕ ਸੀ। ਉਹਦਾ ਅੰਦਾਜ਼ ਮੌਲਿਕ ਸੀ। ਉਹਦੀ ਲੋੜ ਮੌਲਿਕ ਸੀ ਤੇ ਮਕਸਦ ਸਮਾਜਕ ਜ਼ਿੰਮੇਵਾਰੀ ਵਾਲਾ ਸੀ। ਆਪਣੇ ਕਬੀਲੇ ਨੂੰ ਕੁਦਰਤੀ ਆਫਤਾਂ ਤੋਂ ਬਚਾਉਣ ਦੀ ਪੂਜਾ ਅਰਾਧਨਾ ਕਰਨੀ ਤੇ ਦੇਵਤਿਆਂ ਨੂੰ ਵਡਿਆਉਣਾ ਸੀ ਤਾਂ ਕਿ ਉਹ ਖੁਸ਼ ਰਹਿਣ ਤੇ ਕਰੋਪੀ ਨਾ ਵਰਸਾਉਣ। ਲੋਕ ਰੰਗਮੰਚ ਪ੍ਰਤੀਬੱਧਤਾ ਦੀ 'ਅਨੁਸ਼ਾਸਿਤ ਪਛਾਣ' ਤੋਂ ਕੋਹਾਂ ਦੂਰ ਸੀ, ਪਰ ਪ੍ਰਤੀਬੱਧ ਸੀ। ਜੰਗਲੀ ਜਾਨਵਰ, ਸ਼ੇਰ, ਸੱਪ ਉਸ ਦੀ ਜਾਨ ਦਾ ਖੌਅ ਸਨ। ਉਹ ਇਨ੍ਹਾਂ ਦੇ ਸਥਲ ਸਿਰਜਣ ਲੱਗਾ, ਗੁਣਗਾਨ ਕਰਨ ਲੱਗਾ, ਆਪਣੀ ਵਿਸ਼ੇਸ਼ ਅੰਦਾਜ਼ ਵਾਲੀ ਕਲਾ ਰਾਹੀਂ ਇਨ੍ਹਾਂ ਡਾਢਿਆਂ ਨੂੰ ਬੇਨਤੀ ਕਰਦਾ ਕਿ ਤੁਸੀਂ ਆਪਣੇ ਸਥਾਨ 'ਤੇ ਰਹੋ, ਬਲੀ ਮਨੁੱਖ ਦੇਵੇਗਾ। ਮਾਸੂਮ ਮਨੁੱਖ ਮਾਸੂਮ ਰੰਗਮੰਚ ਸਿਰਜ ਰਿਹਾ ਸੀ।

ਹੌਲੀ-ਹੌਲੀ ਵਿਕਾਸ ਅੱਗੇ ਵਧਿਆ। ਪਿੰਡ ਦਾ ਵਿਸਥਾਰ ਹੁੰਦਾ ਗਿਆ। ਸਮਝ ਮੋਕਲੀ ਹੋਣ ਲੱਗੀ। ਢੋਲ, ਨਗਾਰੇ, ਵਾਜੇ, ਚਿਮਟੇ, ਖੜਤਾਲਾਂ, ਘੁੰਗਰੂ ਬਣ ਗਏ। ਉਸਤਾਦ ਬਣਨ ਲੱਗੇ। ਸ਼ਾਗਿਰਦੀ ਦਾ ਦੌਰ ਆਰੰਭ ਹੋ ਗਿਆ। ਕਲਾਕਾਰਾਂ ਦੇ ਸਮੂਹ ਬਣਨ ਲੱਗੇ। ਉਹ ਇੱਕ ਪਿੰਡ ਤੋਂ ਦੂਜੇ ਪਿੰਡਾਂ ਤੱਕ ਯਾਤਰਾ ਕਰਨ ਲੱਗ ਪਏ। ਸਮਾਂ ਨੀਅਤ ਹੋ ਗਿਆ। ਕਾਲ ਮਿਥ ਲਏ ਗਏ। ਰੂਪ ਵਿਉਂਤੇ ਜਾਣ ਲੱਗੇ। ਵਿਆਹ 'ਚ ਭੰਡ ਜਾਣਗੇ ਤੇ ਬਰਾਤੀਆਂ ਦਾ ਮਨੋਰੰਜਨ ਕਰਨਗੇ। ਉਨ੍ਹਾਂ ਨੂੰ ਦਿਨ ਤੇ ਰਾਤ ਦੀ ਖੁੱਲ੍ਹ ਦਿੱਤੀ ਗਈ, ਉਹ ਦੋਵੇਂ ਸਮੇਂ ਜਾ ਪਹੁੰਚਦੇ ਤੇ ਟਕੋਰਾਂ ਕਰਦੇ। ਪਿੰਡ 'ਚ ਰਾਸ ਪੈਂਦੀ, ਦਿਨ ਢਲਦਿਆਂ ਆਰੰਭ ਹੁੰਦੀ ਤੇ ਅਗਲੀ ਸਵੇਰ ਸੂਰਜ ਦੀ ਟਿੱਕੀ ਚੜ੍ਹਨ ਤਕ ਚਲਦੀ। ਉਸ ਰਾਸ ਵਿਚ ਇੱਕ ਕਥਾ ਹੁੰਦੀ-ਧਾਰਮਿਕ, ਭਗਤੀ ਭਾਵ ਵਾਲੀ। ਇੱਕ ਸਾਜ਼ਿੰਦਾ ਤੈਅਸ਼ੁਦਾ ਸਥਾਨ 'ਤੇ ਬੈਠਦਾ, ਢੋਲਕ ਵਾਲਾ ਨਾਲ ਬੈਠਦਾ, ਉਹ ਰਾਗ ਛੇੜਦੇ, ਲੋਕ ਛੱਤਾਂ, ਗਲੀਆਂ, ਚੌਂਤਰਿਆਂ 'ਤੇ ਆ ਬੈਠਦੇ। ਕੋਈ ਭੁੰਜੇ ਬਹਿੰਦਾ, ਕੋਈ ਲਾਗਲੇ ਘਰਵਾਲਾ ਮੰਜਾ ਵਿਹੜੇ 'ਚ ਧਰ ਲੈਂਦਾ। ਮੁੱਖ ਰਾਸਧਾਰੀ ਕਥਾ ਛੇੜਦਾ, ਬਾਬਾ ਬਾਲਕ ਨਾਥ, ਗੁਰੂ ਰਵਿਦਾਸ, ਗੁਰੂ ਬਾਲਮੀਕ, ਭਗਤ ਪ੍ਰਹਲਾਦ, ਪੂਰਨ ਭਗਤ। ਗਾਇਨ ਰੰਗ ਭਰਦਾ। ਮੰਡਲੀ ਦਾ ਕੋਈ ਗੱਭਰੂ ਕੁੜੀ ਦਾ ਰੂਪ ਧਾਰਨ ਕਰਦਾ, ਉਹ ਅਦਾਵਾਂ ਦਿਖਾਉਂਦਾ, ਲੋਕਾਂ ਵਿਚ ਘੁੰਮਦਾ, ਪੈਸੇ ਇਕੱਠੇ ਕਰਦਾ, ਕੋਈ ਮਨਚਲਾ ਸ਼ਰਾਰਤ ਕਰਦਾ, ਉਹ ਹੱਸ ਕੇ ਸ਼ਰਾਰਤ ਕਬੂਲ ਕਰਦਾ, ਪਰ ਲੋੜ ਪੈਣ 'ਤੇ ਚੂੰਡੀ ਵੱਢ ਦਿੰਦਾ ਤੇ ਅਨੁਸ਼ਾਸਨ ਵਿਚ ਰਹਿਣ ਦਾ ਸੰਦੇਸ਼ ਦਿੰਦਾ। ਲੋਕ ਖਿੜ ਉਠਦੇ। ਰਾਸਧਾਰੀ ਦਰਦ ਦਾ ਕਿੱਸਾ ਛੇੜਦਾ, ਲੋਕਾਂ ਦੀਆਂ ਅੱਖਾਂ 'ਚੋਂ ਅੱਥਰੂ ਵਹਿ ਤੁਰਦੇ। ਮੁੱਖ ਰਾਸਧਾਰੀ ਕਥਾ ਨੂੰ ਇਕ ਸਿਖਰ 'ਤੇ ਲਿਜਾ ਕੇ ਰੋਕ ਦਿੰਦਾ। ਉਸ ਨੂੰ ਪਤਾ ਹੈ ਕਿ ਦਰਸ਼ਕਾਂ ਦੇ ਸਾਹ ਸੂਤੇ ਹੋਏ ਹਨ, ਹੁਣ ਉਠ ਕੇ ਘਰਾਂ ਨੂੰ ਨਹੀਂ ਜਾਣਗੇ। ਉਹ ਹੰਢੇ ਹੋਏ ਵਪਾਰਕ ਕਲਾਕਾਰ ਵਾਂਗ ਹੁਣ ਲੋਕਾਂ ਦੀਆਂ ਜੇਬਾਂ ਹਲਕੀਆਂ ਕਰਨਾ ਚਾਹੁੰਦਾ ਹੈ। ਉਹ ਹਾਰਮੋਨੀਅਮ ਦਾ ਪੱਖਾ ਜ਼ੋਰ ਨਾਲ ਹਿਲਾਉਣ ਲੱਗਦਾ, ਢੋਲਕ ਵਾਲਾ ਢੋਲਕ ਘੁੱਟਦਾ, ਕੁੜੀ ਬਣਿਆ ਗੱਭਰੂ ਲੋਕਾਂ ਅੱਗੇ ਝੋਲੀ ਅੱਡ ਦਿੰਦਾ, ਲੋਕ ਦਾਣੇ, ਗੁੜ, ਦਾਲਾਂ ਚੌਂਤਰੇ 'ਤੇ ਪਏ ਖੇਸ 'ਚ ਉਲੱਦਣ ਲੱਗਦੇ। ਕੋਈ-ਕੋਈ ਧੇਲੀ ਰੁਪਈਆ ਦਿੰਦਾ। ਰਾਸ ਫਿਰ ਆਪਣੇ ਉਸੇ ਮੋੜ ਤੋਂ ਸ਼ੁਰੂ ਹੋ ਜਾਂਦੀ ਤੇ ਕਥਾ ਅੱਗੇ ਰਿੜ੍ਹ ਪੈਂਦੀ। ਸਰਘੀ ਵੇਲੇ ਕਥਾ ਦਾ ਸਮਾਪਨ ਹੋਣਾ ਹੈ, ਇਸ ਗੱਲ ਦਾ ਰਾਸਧਾਰੀਆਂ ਨੂੰ ਵੀ ਪਤਾ ਹੈ ਤੇ ਦਰਸ਼ਕਾਂ ਨੂੰ ਵੀ। ਰਾਸਧਾਰੀ ਨੇ ਕਥਾ ਬੰਨ੍ਹੀ ਹੋਈ ਹੈ, ਪਲ ਛਿਣ ਇੱਧਰ ਉਧਰ ਨਹੀਂ ਹੋ ਸਕਦੀ। ਇਹ ਲੋਕ ਨਾਟਕ/ਰੰਗਮੰਚ ਹੈ, ਖੁੱਲ੍ਹੇ ਅੰਬਰ ਹੇਠਾਂ, ਕੱਚੀ ਮਿੱਟੀ ਦੇ ਥੜ੍ਹੇ 'ਤੇ, ਬਿਨ ਸਜੇ ਪੰਡਾਲ 'ਚ ਤੇ ਆਲੇ ਦੁਆਲੇ ਬੈਠੀ ਦਰਸ਼ਕ ਮੰਡਲੀ ਸੰਗ। ਅਦਾਕਾਰੀ, ਗੀਤ, ਸੰਗੀਤ, ਨ੍ਰਿਤ ਦਾ ਸੁਮੇਲ ਸਿਰਜਣ ਦੀ ਕਲਾ ਸਾਰੀ ਰਾਤ ਲੋਕਾਂ ਨੂੰ ਬੰਨ੍ਹੀ ਰੱਖਦੀ। ਅੱਜ ਵੀ ਆਧੁਨਿਕ ਰੰਗਮੰਚ ਦੇ ਮਹਾਂਰਥੀ ਡਾ. ਨੀਲਮ ਮਾਨ ਸਿੰਘ ਚੌਧਰੀ ਤੇ ਕੇਵਲ ਧਾਲੀਵਾਲ ਵਰਗੇ ਨਿਰਦੇਸ਼ਕ ਲੋਕ ਰੰਗਮੰਚ ਦੇ ਰੰਗ/ਤੱਤ ਨੂੰ ਆਧੁਨਿਕ ਰੰਗਮੰਚ ਦੀ ਛਾਣਨੀ 'ਚੋਂ ਛਾਣ ਕੇ ਖੂਬਸੂਰਤੀ ਨਾਲ ਪੇਸ਼ ਕਰਦੇ ਹਨ। ਇਹ ਲੋਕ ਰੰਗਮੰਚ ਦੀ ਤਾਕਤ ਹੈ।

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 18 ਸਤੰਬਰ 2021 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-499



**ਵਕਤ ਦਾ ਪਹੀਆ ਉਡਾਰੀ ਭਰਦਾ ਹੈ,**
**ਬੰਦਾ ਸਭ ਕੁਝ ਖਿੜੇ ਮੱਥੇ ਜਰਦਾ ਹੈ।**
**ਕਿੰਨੀਆਂ ਦੁਸ਼ਵਾਰੀਆਂ ਤੇ ਔਕੜਾਂ,**
**ਵਕਤ ਨੂੰ ਕੱਲ੍ਹ ਦੇ ਹਵਾਲੇ ਕਰਦਾ ਹੈ।**

### ਕੈਪਸ਼ਨ ਮੁਕਾਬਲਾ-497



ਕਰ ਪਰਵਾਸ ਆਏ ਸੀ ਘਰ ਤੋਂ
ਆਸ ਰੱਖ ਕੁਝ ਪਾਵਣ ਦੀ।
ਦੇਹ ਤੋੜ ਕੇ ਮਿਹਨਤ ਕੀਤੀ
ਆਪਣੀ ਭੁੱਖ ਮਿਟਾਵਣ ਲਈ।
ਮਹਾਂਮਾਰੀ ਨੇ ਪਾਇਆ ਘੇਰਾ
ਕੋਈ ਨਾ ਆਇਆ ਬਚਾਵਣ ਲਈ।
'ਆਤਮ-ਨਿਰਭਰ' ਭਾਰਤ ਹੋਇਆ
ਭੱਜ ਲਏ ਜਾਨ ਬਚਾਵਣ ਲਈ।
*-ਜਗਮੀਤ ਸਿੰਘ ਪੰਧੇਰ*

---

ਮਜ਼ਦੂਰ ਮੁੱਲ ਜਾਣਦਾ ਹੈ
ਹਰੇ ਇਨਕਲਾਬ ਦੇ,
ਜਿਹਨੇ ਦੋਨੋਂ ਕਟਵਾਏ ਹੱਥ
ਵਿਚ ਨੇ ਪੰਜਾਬ ਦੇ।
ਲੀਡਰਾਂ ਦੇ ਧੀਆਂ-ਪੁੱਤ
ਚੌਧਰਾਂ ਨੇ ਮਾਣਦੇ,
ਕਿਰਤੀ ਤੇ ਕਿਸਾਨ
ਮੁੱਲ ਮਿਹਨਤਾਂ ਦੇ ਜਾਣਦੇ।
ਨਿਕਲੇ ਸੀ ਘਰੋਂ
ਅੱਗ ਪੇਟ ਦੀ ਬੁਝਾਉਣ ਨੂੰ
ਫੈਲਿਆ ਕਰੋਨਾ,
ਮਜਬੂਰ ਹੋਏ ਜਾਣ ਨੂੰ।
*-ਮਾਸਟਰ ਪ੍ਰੀਤਮ ਸਿੰਘ ਲੰਮੇ*

---

ਬੱਸ ਨਾ ਮਿਲਦੀ ਗੱਡੀ ਨਾ ਜਾਵੇ,
ਮੰਜ਼ਿਲ ਪੁੱਜਣ ਦਾ ਡਰ ਸਤਾਵੇ।
ਸ਼ਾਮਾਂ ਪਈਆਂ ਨੇ ਪੰਧ ਲੰਮੇਰੇ,
ਕਿੱਦਾਂ ਘਰ ਜਾਣਾ ਘੁੱਪ ਹਨੇਰੇ।
ਇੱਕ ਬਾਂਹ ਬੱਚੇ ਇੱਕ ਬਾਂਹ ਰੱਸੇ,
ਡਿਗਦੇ ਡਿਗਦੇ ਮਸਾਂ ਹੀ ਬਚੇ।
ਸੁੱਖ ਦਾ ਸਾਹ ਲਿਆ ਚੜ੍ਹੇ ਟਰੱਕੇ,
ਭੀੜ ਭੜੱਕਾ, ਉੱਪਰੋਂ ਧੱਕਮ ਧੱਕੇ।
*-ਕਲਵੰਤ ਸਿੰਘ ਸਹੋਤਾ*

---

ਕਰੋਨਾ ਕਾਲ ਦਾ ਇਹ ਨਜ਼ਾਰਾ
ਦੇਖ ਕੇ ਮਨ ਭਰ ਆਇਆ,
ਢਿੱਡੋਂ ਭੁੱਖੇ ਤਨੋਂ ਨੰਗੇ ਲੋਕਾਂ ਨੂੰ
ਜਦੋਂ ਸੜਕਾਂ 'ਤੇ ਨਠਾਇਆ।
ਚੰਗੇ ਭਲੇ ਵੱਸਦੇ ਲੋਕਾਂ ਨੂੰ ਸੀ
ਵਿਚ ਨਰਕਾਂ ਦੇ ਪਾਇਆ,
ਬੇਕਿਰਕ ਹਾਕਮਾਂ ਸੀ
'ਆਤਮ ਨਿਰਭਰ' ਆਖ ਸੁਣਾਇਆ।
*-ਸੇਵਾ ਸਿੰਘ ਨੂਰਪੁਰੀ*

---

ਕਿੰਨੀ ਔਖੀ ਹੈ ਪਰਵਾਸੀਆਂ ਦੀ ਜ਼ਿੰਦਗੀ
ਖਤਰਿਆਂ 'ਚ ਪਈ ਰਹਿੰਦੀ ਹਰ ਵੇਲੇ।
ਬੜੀ ਮੁਸ਼ਕਿਲ ਨਾਲ ਲੱਭੇ ਰੁਜ਼ਗਾਰ
ਕੁੱਲੀ-ਗੁੱਲੀ-ਜੁੱਲੀ ਤੋਂ ਬਿਨਾ
ਹੋਰ ਬੜੇ ਝਮੇਲੇ।
ਦੇਸ਼-ਵਿਆਪੀ ਆਫਤਾਂ 'ਚ ਘਰ ਵਾਪਸੀ
ਰਾਹਾਂ 'ਚ ਹੁੰਦੀ ਖੱਜਲ-ਖੁਆਰੀ।
ਲਟਾ-ਪੀਂਘ ਹੁੰਦੇ ਜਾਣ ਟਰੱਕਾਂ 'ਚ
ਮਿਲਦੀ ਨਾ ਕੋਈ ਸਸਤੀ ਸਵਾਰੀ।
*-ਅਮਰਜੀਤ ਸਿੰਘ ਤੂਰ*

---


ਘਿਰੇ ਹੋਈਏ ਜਦ ਬਿਪਤਾ 'ਚ
ਦਿਸਦਾ ਨਾ ਹੋਵੇ ਕੋਈ ਹੀਲਾ ਸੁਰੱਖਿਆ ਦਾ।
ਭੈਅ ਸਾਗਰ 'ਚੋਂ ਲੰਘਣਾ
ਖਤਰਾ ਮੁੱਲ ਲੈਣਾ ਹੀ ਪੈਂਦਾ।
ਜੋ ਵੀ ਵਾਹਨ ਭਾਵੇਂ ਲਾਦੂ ਹੀ ਹੋਵੇ
ਸਿਖਰ ਬੈਠ ਜੋਖਮ ਹੈ ਹੱਦ ਦਰਜੇ ਦਾ।
ਪਰ ਮਰਦੇ ਨੂੰ ਤਿਣਕੇ ਦਾ ਸਹਾਰਾ
ਆਉਂਦੀਆਂ ਹਕੂਮਤਾਂ ਲਾਰੇ ਲੱਪੇ ਲਾ
ਝਉਲਾ ਪਾ ਤੁਰਦੀਆਂ ਬਣਦੀਆਂ
ਝਮੇਲੇ ਦੂਰ ਕਰਨ ਲਈ
ਇਕੱਠੇ ਹੋ ਇਕ ਮੰਚ 'ਤੇ
ਸੰਘਰਸ਼ ਕਰਨਾ ਹੀ ਪੈਣਾ।
*-ਦਰਸ਼ਨਪਾਲ ਦੋਸਾਂਝ*

# ਸਵਾਸਤਿਕ ਚਿੰਨ੍ਹ ਦੀ ਅਸਲ ਕਹਾਣੀ

***ਸਵਾਸਤਿਕ ਸੰਸਕ੍ਰਿਤ ਦਾ ਸ਼ਬਦ ਹੈ। ਇਸ ਸਵਾਸਤੀ ਤੋਂ ਬਣਿਆ ਹੈ। ਸਵਾਸਤੀ ਦਾ ਭਾਵ ਸਵਸਥ, ਲਾਭ, ਖੁਸ਼ੀ, ਕਿਸਮਤ ਹੈ ਅਤੇ ਮਗਰ 'ਕੱਕਾ' ਲਾ ਕੇ ਇਸ ਦੇ ਭਾਵ ਬਣਦੇ ਹਨ- ਖੁਸ਼ੀ, ਲਾਭ ਜਾਂ ਚੰਗੀ ਕਿਸਮਤ ਦਾ ਪ੍ਰਤੀਕ। ਭਾਰਤ ਵਿਚ ਇਸ ਨਿਸ਼ਾਨ ਨੂੰ ਸਦਾ ਹੀ ਸਾਕਾਰਾਤਮਕ ਮਾਇਨਿਆਂ ਵਿਚ ਲਿਆ ਜਾਂਦਾ ਹੈ। ਹਿਟਲਰ ਨੇ ਇਹ ਨਿਸ਼ਾਨ 1920 ਵਿਚ ਵਰਤਣਾ ਸ਼ੁਰੂ ਕੀਤਾ। ਉਸ ਨੇ ਸਵਾਸਤਿਕ ਦੇ ਚਿੰਨ੍ਹ ਦੀ ਛਾਂ ਹੇਠ ਮਨੁੱਖਤਾ ਦਾ ਐਸਾ ਘਾਣ ਕੀਤਾ ਕਿ ਸਵਾਸਤਿਕ ਨੂੰ ਉਸ ਦੀਆਂ ਭਾਰਤੀ ਜੜ੍ਹਾਂ ਤੋਂ ਜਿਵੇਂ ਉਖੇੜ ਮਾਰਿਆ। ਹੁਣ ਸਵਾਸਤਿਕ ਦਾ ਨਿਸ਼ਾਨ ਦੇਖਦਿਆਂ ਹੀ ਨਾਜ਼ੀ ਦਿਸਣ ਲੱਗਦੇ ਹਨ। ਹੁਣ ਇਸ ਨਿਸ਼ਾਨ ਨੂੰ ਨਫਰਤ ਕੀਤੀ ਜਾਂਦੀ ਹੈ, ਖਾਸਕਰ ਪੱਛਮੀ ਦੁਨੀਆ ਵਿਚ।***



ਹਿਟਲਰ ਦੇ ਦੌਰ ਵਿਚ ਕੱਢੀ ਨਾਜ਼ੀ ਰੈਲੀ ਦੀ ਝਲਕ।



**ਹਰਜੀਤ ਅਟਵਾਲ**

ਕਿਸੇ ਵੀ ਨਿਸ਼ਾਨ ਦੇ ਆਪਣੇ ਆਪ ਵਿਚ ਕੋਈ ਮਾਇਨੇ/ਅਰਥ ਨਹੀਂ ਹੁੰਦੇ। ਉਸ ਨੂੰ ਮਾਇਨੇ/ਅਰਥ ਤਦ ਮਿਲਦੇ ਹਨ ਜਦ ਕੋਈ ਲੋਕ ਸਮੂਹ, ਪਾਰਟੀ, ਜਥੇਬੰਦੀ, ਵਿਅਕਤੀ, ਸਿਆਸੀ ਆਗੂ, ਧਾਰਮਿਕ ਰਹਿਬਰ ਆਦਿ ਉਸ ਦੀ ਵਰਤੋਂ ਕਿਸੇ ਵਿਚਾਰਧਾਰਾ ਨੂੰ ਪ੍ਰਗਟਾਉਣ ਲਈ ਕਰਦਾ ਹੈ। ਸਮੇਂ ਨਾਲ ਇਹ ਅਰਥ ਬਦਲਦੇ ਰਹਿੰਦੇ ਹਨ। ਕਈ ਵਾਰ ਇਹ ਵਰਤੋਂ ਇੰਨੀ ਵਾਰ ਕੀਤੀ ਜਾਂਦੀ ਹੈ ਕਿ ਚਿੰਨ੍ਹ ਅਤੇ ਅਰਥ ਇਕਮਿਕ ਹੋ ਜਾਂਦੇ ਹਨ।

ਹਰ ਭਾਰਤੀ ਸਵਾਸਤਿਕ ਦੇ ਨਿਸ਼ਾਨ ਨੂੰ ਖੂਬ ਜਾਣਦਾ-ਪਛਾਣਦਾ ਹੈ। ਇਹ ਬਹੁਗਿਣਤੀ ਹਿੰਦੂ ਭਾਈਚਾਰੇ ਦਾ ਧਾਰਮਿਕ ਚਿੰਨ੍ਹ ਹੈ। ਭਾਰਤ ਦੇ ਪਿੰਡਾਂ-ਸ਼ਹਿਰਾਂ ਵਿਚ ਘੁੰਮਦਿਆਂ ਸਹਿਜੇ ਹੀ ਇਹ ਚਿੰਨ੍ਹ ਤੁਹਾਡੀ ਨਜ਼ਰੀਂ ਪੈ ਜਾਵੇਗਾ। ਦੀਵਾਲੀ ਵੇਲੇ ਲੋਕ ਸਵਾਸਤਿਕ ਬਣਾ ਕੇ ਇਸ ਦੀ ਸਜਾਵਟ ਕਰਦੇ ਇਸ 'ਤੇ ਦੀਵੇ ਜਗਾਉਂਦੇ ਹਨ। ਇਸ ਚਿੰਨ੍ਹ ਦੀ ਬਣਤਰ ਜਮ੍ਹਾਂ ਦਾ ਨਿਸ਼ਾਨ ਜਾਂ ਕਾਂਟੇ ਦੀਆਂ ਲਕੀਰਾਂ ਅਖੀਰ ਤੋਂ ਸਿੱਧੇ ਹੱਥ ਜਾਂ ਸੱਜੇ ਪਾਸੇ ਮੁੜੀਆਂ ਹੁੰਦੀਆਂ ਹਨ। ਅੰਗਰੇਜ਼ੀ ਵਿਚ ਇਸ ਸਥਿਤੀ ਨੂੰ 'ਹੁੱਕਡ ਕਰੌਸ' ਆਖਦੇ ਹਨ। ਇਹ ਨਿਸ਼ਾਨ ਹਜ਼ਾਰਾਂ ਸਾਲ ਪੁਰਾਣਾ ਹੈ।

ਭਾਰਤ ਵਿਚ ਇਸ ਨਿਸ਼ਾਨ ਲਈ ਸਵਾਸਤਿਕ ਸ਼ਬਦ ਦੀ ਵਰਤੋਂ ਤਕਰੀਬਨ ਸਤਾਈ ਸੌ ਸਾਲ ਪਹਿਲਾਂ ਸੰਸਕ੍ਰਿਤ ਦੇ ਭਾਸ਼ਾ ਵਿਗਿਆਨੀ ਪਾਨਿਨੀ ਨੇ 'ਅਸ਼ਟ ਅਧਿਆਇ' ਵਿਚ ਕੀਤੀ। ਉਨ੍ਹੀਵੀਂ ਸਦੀ ਵਿਚ ਇਸ ਨੂੰ ਸੌਸਤਿਕ ਵੀ ਕਿਹਾ ਜਾਂਦਾ ਰਿਹਾ ਹੈ। ਯੂਰਪ ਵਿਚ ਇਸ ਸ਼ਬਦ ਦੀ ਵਰਤੋਂ 1871 ਵਿਚ ਕੀਤੀ ਮਿਲਦੀ ਹੈ। ਭੂਤਕਾਲ ਵਿਚ ਇਸ ਨੂੰ ਵੱਖ-ਵੱਖ ਦੇਸ਼ਾਂ ਵਿਚ ਅਲੱਗ-ਅਲੱਗ ਨਾਵਾਂ ਨਾਲ ਚੇਤੇ ਕੀਤਾ ਜਾਂਦਾ ਰਿਹਾ ਹੈ ਪਰ ਹੁਣ ਇਸ ਨੂੰ ਸਾਰੀ ਦੁਨੀਆ ਵਿਚ ਸਵਾਸਤਿਕ ਹੀ ਆਖਦੇ ਹਨ। ਉਂਜ, ਅੰਗਰੇਜ਼ੀ ਵਾਲਿਆਂ ਨੂੰ ਜਿਵੇਂ ਬਿਮਾਰੀ ਹੈ ਕਿ ਉਹ ਬਹੁਤ ਸਾਰੇ ਨਾਵਾਂ ਪਿੱਛੇ ਖਾਹਮਖਾਹ ਕੰਨਾ ਲਾ ਦਿੰਦੇ ਹਨ, ਜਿਵੇਂ ਰਾਜਿੰਦਰ ਦਾ ਰਾਜਿੰਦਰਾ, ਧਰਮਿੰਦਰ ਦਾ ਧਰਮਿੰਦਰਾ, ਇਵੇਂ ਹੀ ਸਵਾਸਤਿਕ ਦਾ ਉਨ੍ਹਾਂ ਨੇ ਸਵਾਸਤਿਕਾ ਬਣਾ ਲਿਆ ਹੈ।

ਸਵਾਸਤਿਕ ਸੰਸਕ੍ਰਿਤ ਦਾ ਸ਼ਬਦ ਹੈ। ਇਸ ਸਵਾਸਤੀ ਤੋਂ ਬਣਿਆ ਹੈ। ਸਵਾਸਤੀ ਦਾ ਭਾਵ ਸਵਸਥ, ਲਾਭ, ਖੁਸ਼ੀ, ਕਿਸਮਤ ਹੈ ਅਤੇ ਮਗਰ 'ਕੱਕਾ' ਲਾ ਕੇ ਇਸ ਦੇ ਭਾਵ ਬਣਦੇ ਹਨ- ਖੁਸ਼ੀ, ਲਾਭ ਜਾਂ ਚੰਗੀ ਕਿਸਮਤ ਦਾ ਪ੍ਰਤੀਕ। ਭਾਰਤ ਵਿਚ ਇਸ ਨਿਸ਼ਾਨ ਨੂੰ ਸਦਾ ਹੀ ਸਾਕਾਰਾਤਮਕ ਮਾਇਨਿਆਂ ਵਿਚ ਲਿਆ ਜਾਂਦਾ ਹੈ। ਇਹਨੂੰ ਕਈ ਵਾਹਨਾਂ ਪਿੱਛੇ ਬਣਿਆ ਵੀ ਦੇਖ ਸਕਦੇ ਹੋ। ਪਹਿਲੀ ਆਲਮੀ ਜੰਗ ਵਿਚ ਅਮਰੀਕਨ ਲੜਾਕੂ ਹਵਾਈ ਜਹਾਜ਼ਾਂ ਉਪਰ ਸੁੱਖ-ਸਾਂਦ ਦੇ ਪ੍ਰਤੀਕ ਵਜੋਂ ਇਹ ਨਿਸ਼ਾਨ ਬਣਿਆ ਹੁੰਦਾ ਸੀ ਪਰ ਹੁਣ ਇਸ ਨਿਸ਼ਾਨ ਦੇ ਮਾਇਨੇ ਬਦਲ ਗਏ ਹਨ। ਹੁਣ ਇਹ ਨਫਰਤ ਦਾ ਚਿੰਨ੍ਹ ਬਣ ਗਿਆ ਹੈ। ਇਹ ਨਸਲਵਾਦ, ਨਾਜ਼ੀਵਾਦ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਲੋਕ ਇਸ ਨੂੰ ਦੇਖ ਕੇ ਡਰਨ ਲੱਗਦੇ ਹਨ। ਇਸ ਦਾ ਕਾਰਨ ਇਹ ਹੈ ਕਿ ਹਿਟਲਰ ਨੇ ਇਸ ਨੂੰ ਆਪਣੀ ਪਾਰਟੀ ਦੇ ਨਿਸ਼ਾਨ ਵਜੋਂ ਅਪਣਾ ਲਿਆ ਸੀ ਤੇ ਇਸ ਦੇ ਝੰਡੇ ਹੇਠ ਉਸ ਨੇ ਲੱਖਾਂ ਯਹੂਦੀਆਂ ਦਾ ਕਤਲ ਕੀਤਾ ਤੇ ਹੋਰ ਅਨੇਕਾਂ ਜ਼ੁਲਮ ਕੀਤੇ।

ਹਿਟਲਰ ਨੇ ਇਹ ਨਿਸ਼ਾਨ 1920 ਵਿਚ ਵਰਤਣਾ ਸ਼ੁਰੂ ਕੀਤਾ। ਜਰਮਨੀ ਵਿਚ ਇਸ ਨੂੰ ਹੈਕਿਨਕਰਿਊਜ਼ ਕਿਹਾ ਜਾਂਦਾ ਹੈ; ਭਾਵ, ਹੁੱਕਡ ਕਰੌਸ। ਹਿਟਲਰ ਨੂੰ ਯਕੀਨ (ਵਹਿਮ) ਸੀ ਕਿ ਜਰਮਨ ਲੋਕ ਅਸਲੀ ਆਰੀਅਨ ਨਸਲ ਦੇ ਹਨ ਅਤੇ ਆਰੀਅਨ ਨਸਲ ਬਹਾਦਰੀ, ਰੰਗ, ਅਕਲ-ਸ਼ਕਲ ਵਿਚ ਸਭ ਤੋਂ ਉੱਤਮ ਹੈ। ਦੂਜੇ ਲੋਕ ਉਨ੍ਹਾਂ ਸਾਹਮਣੇ ਹੀਣੇ ਹਨ। ਉਸ ਦਾ ਯਕੀਨ ਸੀ ਕਿ ਜਿਹੜੇ ਆਰੀਆ ਲੋਕਾਂ ਨੇ ਭਾਰਤ ਉਪਰ ਜਾ ਕੇ ਕਬਜ਼ਾ ਕੀਤਾ ਸੀ, ਉਹ ਜਰਮਨੀ ਤੋਂ ਹੀ ਗਏ ਸਨ। ਹਿਟਲਰ ਇਹ ਵੀ ਸਮਝਦਾ ਸੀ ਕਿ ਸੰਸਕ੍ਰਿਤ ਅਤੇ ਜਰਮਨ ਭਾਸ਼ਾ ਦਾ ਇਕੋ ਸੋਮਾ ਹੈ। ਉਨ੍ਹੀਵੀਂ ਸਦੀ ਵਿਚ ਜਰਮਨ ਵਿਦਵਾਨਾਂ ਵੱਲੋਂ ਭਾਰਤ ਤੋਂ ਲਿਆਂਦੇ ਵੇਦਾਂ ਦਾ ਤਰਜਮਾ ਕਰਦਿਆਂ ਸਵਾਸਤਿਕ ਉੱਭਰ ਕੇ ਸਾਹਮਣੇ ਆਇਆ ਸੀ। ਹਿਟਲਰ ਨੇ ਇਹ ਨਿਸ਼ਾਨ ਉੱਥੋਂ ਹੀ ਚੁੱਕਿਆ ਸੀ ਪਰ ਉਸ ਨੇ ਸਵਾਸਤਿਕ ਦੇ ਚਿੰਨ੍ਹ ਦੀ ਛਾਂ ਹੇਠ ਮਨੁੱਖਤਾ ਦਾ ਐਸਾ ਘਾਣ ਕੀਤਾ ਕਿ ਸਵਾਸਤਿਕ ਨੂੰ ਉਸ ਦੀਆਂ ਭਾਰਤੀ ਜੜ੍ਹਾਂ ਤੋਂ ਜਿਵੇਂ ਉਖੇੜ ਮਾਰਿਆ। ਹੁਣ ਸਵਾਸਤਿਕ ਦਾ ਨਿਸ਼ਾਨ ਦੇਖਦਿਆਂ ਹੀ ਨਾਜ਼ੀ ਦਿਸਣ ਲੱਗਦੇ ਹਨ। ਹੁਣ ਇਸ ਨਿਸ਼ਾਨ ਨੂੰ ਨਫਰਤ ਕੀਤੀ ਜਾਂਦੀ ਹੈ, ਖਾਸਕਰ ਪੱਛਮੀ ਦੁਨੀਆ ਵਿਚ। ਕੋਈ ਇਸ ਨਿਸ਼ਾਨ ਨੂੰ ਦੇਖ ਕੇ ਖੁਸ਼ ਨਹੀਂ ਹੈ। ਹਾਲੇ ਵੀ ਪੱਛਮੀ ਦੁਨੀਆ ਵਿਚ ਬਹੁਤ ਸਾਰੇ ਨਸਲਵਾਦੀ ਲੋਕ ਹਨ ਜਿਹੜੇ ਆਪਣੀਆਂ ਨਸਲੀ ਭਾਵਨਾਵਾਂ ਦਾ ਇਜ਼ਹਾਰ ਕਰਨ ਲਈ ਇਸ ਨਿਸ਼ਾਨ ਨੂੰ ਵਰਤਦੇ ਹਨ ਪਰ ਜੇ ਯੂਰਪ ਦੇ ਇਤਿਹਾਸ ਨੂੰ ਦੇਖਿਆ ਜਾਵੇ ਤਾਂ ਨਾਜ਼ੀਆਂ ਤੋਂ ਪਹਿਲਾਂ ਇਹ ਨਿਸ਼ਾਨ ਕਦੇ ਵੀ ਨਫਰਤ ਦਾ ਨਿਸ਼ਾਨਾ ਨਹੀਂ ਬਣਿਆ।

ਪੁਰਾਣੇ ਵੇਲਿਆਂ ਵਿਚ ਜਿਹੜੇ ਵੀ ਪੱਛਮ ਦੇ ਲੋਕ ਏਸ਼ੀਆ ਜਾਂ ਭਾਰਤ ਵੱਲ ਦੇ ਸਫਰ 'ਤੇ ਗਏ, ਉਹ ਇਸ ਨਿਸ਼ਾਨ ਦੇ ਪੁਰਾਣੇ ਯੁੱਗ ਨਾਲ ਜੁੜੇ ਹੋਣ ਕਰਕੇ ਬਹੁਤ ਮੁਤਾਸਰ ਹੋਏ ਅਤੇ ਵਾਪਸ ਆ ਕੇ ਇਸ ਦੀ ਵਰਤੋਂ ਵੀ ਕੀਤੀ। ਉੱਤਰੀ ਇੰਗਲੈਂਡ ਦੇ ਸ਼ਹਿਰ ਇਲਕਿਲੀ ਵਿਚ ਤਾਂਬਾ ਯੁੱਗ ਦਾ ਇਕ ਪੱਥਰ ਗੱਡਿਆ ਹੋਇਆ ਹੈ ਜਿਸ ਉਪਰ ਸਵਾਸਤਿਕ ਦਾ ਨਿਸ਼ਾਨ ਉਕਰਿਆ ਹੋਇਆ ਹੈ ਤੇ ਬਹੁਤ ਸਾਰੇ ਵਿਰੋਧਾਂ ਦੇ ਬਾਵਜੂਦ ਅਜੇ ਤੱਕ ਕਾਇਮ ਹੈ। ਪੱਛਮ ਵਿਚ ਇਹ ਨਿਸ਼ਾਨ ਹਜ਼ਾਰਾਂ ਸਾਲਾਂ ਤੋਂ ਵਰਤਿਆ ਜਾਂਦਾ ਮਿਲਦਾ ਹੈ। ਯੂਕਰੇਨ ਦੀ ਰਾਜਧਾਨੀ ਕੀਵ ਦਾ ਕੌਮੀ ਅਜਾਇਬਘਰ ਸਵਾਸਤਿਕ ਦੇ ਨਿਸ਼ਾਨ ਨਾਲ ਜੁੜੀਆਂ ਚੀਜ਼ਾਂ ਜਾਂ ਨਿਸ਼ਾਨੀਆਂ ਨਾਲ ਭਰਿਆ ਪਿਆ ਹੈ। ਇਨ੍ਹਾਂ ਵਿਚ ਹਾਥੀ ਦੇ ਦੰਦ ਦਾ ਬਣਿਆ ਪੰਛੀ ਵੀ ਹੈ ਜਿਸ ਉਪਰ ਸਵਾਸਤਿਕ ਉਕਰਿਆ ਹੋਇਆ ਹੈ। ਰੇਡੀਓ-ਕਾਰਬਨ ਦੀ ਵਿਧੀ ਰਾਹੀਂ ਇਸ ਪੰਛੀ ਦੀ ਉਮਰ ਦੇਖੀ ਗਈ ਤਾਂ ਪਤਾ ਚੱਲਿਆ ਕਿ ਇਹ ਪੰਦਰਾਂ ਹਜ਼ਾਰ ਸਾਲ ਪੁਰਾਣਾ ਹੈ। ਅਜਾਇਬਘਰ ਵਿਚ ਯੂਨਾਨੀ ਪਿਛੋਕੜ ਵਾਲੇ ਗਹਿਣੇ ਵੀ ਰੱਖੇ ਹਨ ਜਿਨ੍ਹਾਂ ਉਪਰ ਇਹ ਨਿਸ਼ਾਨ ਹੈ। ਬਹੁਤ ਸਾਰੇ ਕੱਪੜੇ/ਬਸਤਰ ਵੀ ਅਜਿਹੇ ਹਨ ਜਿਨ੍ਹਾਂ ਉਪਰ ਕਢਾਈ ਕਰ ਕੇ ਸਵਾਸਤਿਕ ਬਣਾਇਆ ਹੋਇਆ ਹੈ। ਕਿਹਾ ਜਾਂਦਾ ਹੈ ਕਿ ਇਹ ਕੱਪੜੇ ਜ਼ਰੂਰ ਰਾਜਿਆਂ-ਰਾਣੀਆਂ ਦੇ ਹੋਣਗੇ। ਇਉਂ ਹੀ ਵੱਖ-ਵੱਖ ਜਗ੍ਹਾਵਾਂ 'ਤੇ ਖੁਦਾਈ ਵੇਲੇ ਮਿਲੇ ਤਾਂਬਾ ਯੁੱਗ ਦੇ ਬਹੁਤ ਸਾਰੇ ਭਾਂਡਿਆਂ ਉਪਰ ਇਹ ਨਿਸ਼ਾਨ ਹੈ। ਦੂਜੀ ਆਲਮੀ ਜੰਗ ਵਿਚ ਜਦ ਜਰਮਨਾਂ ਨੇ ਯੂਕਰੇਨ ਨੂੰ ਜਿੱਤ ਲਿਆ ਤਾਂ ਉਹ ਇਸ ਅਜਾਇਬਘਰ ਬਾਰੇ ਜਾਣ ਕੇ ਬਹੁਤ ਖੁਸ਼ ਹੋਏ ਤੇ ਇਸ ਦਾ ਬਹੁਤਾ ਸਾਮਾਨ ਵਾਪਸ ਆਉਂਦੇ ਹੋਏ ਚੁੱਕ ਲਿਆਏ ਸਨ। ਬਾਅਦ ਵਿਚ ਜਦ ਜਰਮਨ ਫੌਜਾਂ ਹਾਰ ਗਈਆਂ ਤੇ ਚਾਰੇ ਪਾਸੇ ਸ਼ਾਂਤੀ ਹੋਈ ਤਾਂ ਇਹ ਸਾਮਾਨ ਵਾਪਸ ਕਰ ਦਿੱਤਾ ਗਿਆ ਸੀ।


ਦੂਜੀ ਆਲਮੀ ਜੰਗ ਵਿਚ ਜਰਮਨੀ ਦੇ ਖਿਲਾਫ ਲੜ ਰਹੇ ਅਤੇ ਇਸ ਜੰਗ ਦਾ ਜ਼ਿੰਮੇਵਾਰ ਹਿਟਲਰ ਜਾਂ ਜਰਮਨਾਂ ਨੂੰ ਹੀ ਮੰਨਣ ਵਾਲੇ ਮੁਲਕ ਉਨ੍ਹਾਂ ਦੇ ਨਿਸ਼ਾਨ ਨੂੰ ਵੀ ਨਫਰਤ ਕਰਦੇ ਹਨ ਤੇ ਇਸ 'ਤੇ ਪੂਰੀ ਤਰ੍ਹਾਂ ਪਾਬੰਦੀ ਲਾ ਦਿੱਤੀ ਗਈ ਸੀ ਪਰ ਸੱਚ ਇਹ ਹੈ ਕਿ ਜਰਮਨ ਲੋਕ ਅਜੇ ਵੀ ਸਵਾਸਤਿਕ ਨੂੰ ਪਿਆਰ ਕਰਦੇ ਹਨ, ਭਾਵੇਂ ਖੁੱਲ੍ਹ ਕੇ ਇਜ਼ਹਾਰ ਨਹੀਂ ਕਰਦੇ। 2007 ਵਿਚ ਜਰਮਨੀ ਨੇ ਸਵਾਸਤਿਕ ਨੂੰ ਯੂਰਪੀ ਯੂਨੀਅਨ ਦੇ ਨਿਸ਼ਾਨ ਵਜੋਂ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਸੀ ਪਰ ਕਾਮਯਾਬ ਨਹੀਂ ਹੋਏ। 1930 ਤੋਂ ਪਹਿਲਾਂ ਤਾਂ ਯੂਰਪ ਵਿਚ ਇਸ ਨਿਸ਼ਾਨ ਦੀ ਵਰਤੋਂ ਪੂਰੀ ਤਰ੍ਹਾਂ ਹੁੰਦੀ ਸੀ। 'ਦਿ ਸਵਾਸਤਿਕਾ ਸਿੰਬਲ ਬਿਯੌਂਡ ਰੀਡੈਂਪਸ਼ਨ?' ਨਾਮੀ ਕਿਤਾਬ ਵਿਚ ਅਮਰੀਕੀ ਲੇਖਕ ਸਟੀਵਨ ਹੈਲੇਰ ਦੱਸਦਾ ਹੈ ਕਿ ਕਿਵੇਂ ਪੱਛਮ ਨੇ ਇਸ ਨਿਸ਼ਾਨ ਦੇ ਪੁਰਾਤਨ ਮਹੱਤਵ ਨੂੰ ਆਪਣੀਆਂ ਵਸਤਾਂ ਨੂੰ ਵੇਚਣ ਲਈ ਇਸ਼ਤਿਹਾਰ ਵਜੋਂ ਵਾਹਵਾ ਵਰਤਿਆ ਹੈ। ਕੋਕਾਕੋਲਾ ਕੰਪਨੀ ਨੇ ਵੀ ਇਸ ਨਿਸ਼ਾਨ ਦੀ ਖੁੱਲ੍ਹ ਕੇ ਵਰਤੋਂ ਕੀਤੀ ਹੈ। ਕਾਰਲਜ਼ਬਰਗ ਬੀਅਰ ਦੀਆਂ ਬੋਤਲਾਂ ਉਪਰ ਵੀ ਇਹ ਨਿਸ਼ਾਨ ਬਣਿਆ ਹੁੰਦਾ ਸੀ। ਅਮਰੀਕਾ ਵਿਚ 'ਦਿ ਬੌਇ ਸਕੌਟ' ਨੇ ਆਪਣੇ ਨਿਸ਼ਾਨ ਵਜੋਂ ਵਰਤਿਆ ਸੀ। ਇਵੇਂ ਹੀ 'ਦਿ ਗਰਲਜ਼ ਕਲੱਬ ਔਫ ਅਮੈਰਿਕਾ' ਦਾ ਸਵਾਸਤਿਕਾ ਨਾਂ ਦਾ ਰਸਾਲਾ ਛਪਿਆ ਕਰਦਾ ਸੀ। ਉਹ ਆਪਣੇ ਪਾਠਕਾਂ ਦਰਮਿਆਨ ਕਈ ਕਿਸਮ ਦੇ ਮੁਕਾਬਲੇ ਕਰਵਾਇਆ ਕਰਦੇ ਸਨ ਜਿਸ ਵਿਚ ਜਿੱਤਣ ਵਾਲੇ ਨੂੰ ਸਵਾਸਤਿਕਾ ਦਾ ਬੈਜ ਮਿਲਦਾ। ਅਮਰੀਕੀ ਹਵਾਈ ਸੈਨਾ ਵੱਲੋਂ ਇਸ ਨਿਸ਼ਾਨ ਦੀ ਵਰਤੋਂ ਬਾਰੇ ਤਾਂ ਮੈਂ ਪਹਿਲਾਂ ਹੀ ਦੱਸਿਆ ਹੈ। 1930 ਵਿਚ ਜਦ ਹਿਟਲਰ ਦੀ ਚੜ੍ਹਾਈ ਸ਼ੁਰੂ ਹੋਈ ਤੇ ਉਹ ਇਸ ਨਿਸ਼ਾਨ ਦੀ ਵਰਤੋਂ ਕਰਨ ਲੱਗਾ ਤਾਂ ਬਾਕੀ ਦੁਨੀਆ ਇਸ ਨਿਸ਼ਾਨ ਤੋਂ ਮੁੱਖ ਮੋੜਨ ਲੱਗੀ।

ਦੂਜੀ ਆਲਮੀ ਜੰਗ ਸ਼ੁਰੂ ਹੁੰਦਿਆਂ ਹੀ ਇਹ ਨਿਸ਼ਾਨ ਨਫਰਤ ਦਾ ਪਾਤਰ ਬਣ ਗਿਆ। ਇਸ ਉਪਰ ਸਾਰੇ ਪਾਸੇ ਪਾਬੰਦੀਆਂ ਲੱਗ ਗਈਆਂ।

ਸਵਾਸਤਿਕ ਨੂੰ ਭਾਰਤੀ ਹਿੰਦੂ ਹੀ ਨਹੀਂ ਵਰਤਦੇ ਸਗੋਂ ਦੁਨੀਆ ਵਿਚ ਜਿੱਥੇ ਵੀ ਹਿੰਦੂ ਵਸਦੇ ਹਨ, ਉੱਥੇ ਹੀ ਇਸ ਨੂੰ ਧਾਰਮਿਕ ਚਿੰਨ੍ਹ ਵਜੋਂ ਮਾਨਤਾ ਹਾਸਲ ਹੈ। ਜੈਨ ਧਰਮ ਵਿਚ ਇਹ ਸੁਪਰਸ਼ਵਾਨਾਥਾ, ਆਤਮਿਕ ਅਧਿਆਪਕ ਤੇ ਰੱਖਿਅਕ ਵਜੋਂ ਮੰਨਿਆ ਜਾਂਦਾ ਹੈ। ਬੋਧੀ ਇਸ ਨੂੰ ਮਹਾਤਮਾ ਬੁੱਧ ਦੀਆਂ ਪੈੜਾਂ ਮੰਨਦੇ ਹਨ। ਕਈ ਵਾਰ ਤੁਹਾਨੂੰ ਸਵਾਸਤਿਕ ਉਲਟੇ-ਹੱਥ ਭਾਵ ਖੱਬੇ-ਹੱਥ ਮੁੜਦਾ ਵੀ ਦਿਸ ਸਕਦਾ ਹੈ। ਇੱਥੇ ਇਸ ਨੂੰ ਰਾਤ ਦਾ ਪ੍ਰਤੀਕ ਵੀ ਮੰਨਿਆ ਜਾਂਦਾ ਹੈ। ਕੁਝ ਲੋਕ ਇਸ ਨੂੰ ਮਾਂ-ਕਾਲੀ ਨਾਲ ਵੀ ਜੋੜਦੇ ਹਨ ਜਾਂ ਕਾਲੀ ਦੇ ਤਾਂਤਰਿਕ ਪੱਖ ਵਜੋਂ ਵੀ ਇਸਤੇਮਾਲ ਕਰਦੇ ਹਨ। ਯੂਰਪ ਦੇ ਕਈ ਧਰਮਾਂ ਵਿਚ ਇਸ ਨੂੰ ਆਸਮਾਨੀ ਬਿਜਲੀ ਜਾਂ ਬੱਦਲਾਂ ਦਾ ਦੇਵਤਾ ਵੀ ਮੰਨਦੇ ਹਨ ਜਿਵੇਂ ਸਾਡੇ ਇੰਦਰ ਦੇਵਤਾ ਹੈ। ਅਮਰੀਕਾ ਦੇ ਰੈੱਡ ਇੰਡੀਅਨ ਇਸ ਨੂੰ ਚਾਰ ਹਵਾਵਾਂ ਦਾ ਚਿੰਨ੍ਹ ਮੰਨਦੇ ਹਨ। ਇਉਂ ਹੀ ਕਿਤੇ ਇਸ ਨੂੰ ਚਾਰ ਮੌਸਮਾਂ ਦਾ ਪ੍ਰਤੀਕ ਤੇ ਕਿਤੇ ਘੁੰਮਦੇ ਤਾਰਿਆਂ ਦੇ ਪ੍ਰਤੀਕ ਵਜੋਂ ਲਿਆ ਜਾਂਦਾ ਹੈ। ਸਿੰਧੂ ਘਾਟੀ ਦੀ ਸਭਿਅਤਾ ਵਿਚ ਵੀ ਇਹ ਨਿਸ਼ਾਨ ਆਮ ਮਿਲਦਾ ਹੈ। ਇੰਗਲੈਂਡ ਵਿਚ ਐਸੈਕਸ ਕਾਊਂਟੀ ਕੋਰਟ ਦੀ ਇਮਾਰਤ ਉਪਰ ਸਵਾਸਤਿਕ ਦੇ ਨਿਸ਼ਾਨ ਅਜੇ ਵੀ ਬਣੇ ਹੋਏ ਹਨ। ਬਹੁਤ ਸਾਰੇ ਲੋਕ ਇਨ੍ਹਾਂ ਦਾ ਵਿਰੋਧ ਕਰਦਿਆਂ ਇਨ੍ਹਾਂ ਨੂੰ ਮਿਟਾਉਣ ਲਈ ਵੀ ਕਹਿਣ ਲੱਗਦੇ ਹਨ। ਕੇਂਦਰੀ ਲੰਡਨ ਵਿਚ ਇੰਡੀਆ ਹਾਊਸ ਜੋ ਭਾਰਤੀ ਹਾਈ ਕਮਿਸ਼ਨ ਦਾ ਦਫਤਰ ਹੈ, ਉਪਰ ਵੀ ਇਹ ਨਿਸ਼ਾਨ ਬਣੇ ਹੋਏ ਹਨ। ਉੱਤਰੀ ਆਇਰਲੈਂਡ ਦੇ ਸ਼ਹਿਰ ਬੈਲਫਾਸਟ ਵਿਚ ਇਕ ਘਰ ਦੇ ਗੁਸਲਖਾਨੇ ਵਿਚ ਪੁਰਾਣੇ ਵੇਲੇ ਦਾ ਸਵਾਸਤਿਕ ਦਾ ਨਿਸ਼ਾਨ ਬਣਿਆ ਹੋਇਆ ਮਿਲਿਆ ਸੀ ਜਿਸ ਕਾਰਨ ਇਹ ਘਰ ਵਾਹਵਾ ਚਰਚਾ ਵਿਚ ਰਿਹਾ। ਅੱਜ ਕੱਲ੍ਹ ਇੱਥੇ ਕ੍ਰਿਸ਼ਨਾ ਮੰਦਰ ਬਣਿਆ ਹੋਇਆ ਹੈ। ਇਉਂ ਹੀ ਹੋਰ ਵੀ ਕਈ ਜਗ੍ਹਾਵਾਂ 'ਤੇ ਗਾਹੇ-ਬਗਾਹੇ ਇਹ ਚਿੰਨ੍ਹ ਉੱਕਰਿਆ ਮਿਲ ਜਾਂਦਾ ਹੈ। ਬ੍ਰਿਟਿਸ਼ ਲੇਖਕ ਰੁਡਯਾਰਡ ਕਿਪਲਿੰਗ ਭਾਰਤੀ ਸਭਿਆਚਾਰ ਤੋਂ ਇੰਨਾ ਪ੍ਰਭਾਵਿਤ ਸੀ ਕਿ ਉਸ ਦੀ ਹਰ ਕਿਤਾਬ ਉਪਰ ਸਵਾਸਤਿਕ ਦਾ ਨਿਸ਼ਾਨ ਬਣਿਆ ਹੁੰਦਾ ਸੀ ਪਰ ਨਾਜ਼ੀਆਂ ਦੀ ਚੜ੍ਹਤ ਵੇਲੇ ਉਸ ਨੂੰ ਇਹ ਬੰਦ ਕਰਨਾ ਪਿਆ।

ਸਵਾਸਤਿਕ ਦੇ ਅਮੀਰ ਇਤਿਹਾਸ ਨੂੰ ਦੇਖ ਕੇ ਬਹੁਤ ਸਾਰੇ ਲੋਕ ਕਹਿ ਰਹੇ ਹਨ ਕਿ ਇਸ ਨੂੰ ਮੁੜ ਕੇ ਸਾਕਾਰਾਤਮਕ ਤਰੀਕੇ ਨਾਲ ਵਰਤਣਾ ਸ਼ੁਰੂ ਕਰ ਦੇਣਾ ਚਾਹੀਦਾ ਹੈ। ਕੋਪਨਹੇਗਨ ਸ਼ਹਿਰ ਵਿਚ ਪੀਟਰ ਮੈਡਸਨ ਨਾਂ ਦੇ ਬੰਦੇ ਦੀ ਟੈਟੂ ਬਣਾਉਣ ਦੀ ਦੁਕਾਨ ਹੈ। ਉਸ ਦਾ ਕਹਿਣਾ ਹੈ ਕਿ ਸਕੈਂਡੇਨੇਵੀਅਨ ਮੁਲਕਾਂ (ਨੌਰਵੇ, ਸਵੀਡਨ, ਡੈਨਮਾਰਕ ਆਦਿ) ਦੇ ਲੋਕਾਂ ਨੂੰ ਸਵਾਸਤਿਕ ਬਹੁਤ ਅਪੀਲ ਕਰਦਾ ਹੈ। ਉਸ ਨੇ 'ਲਰਨ ਟੂ ਲਵ ਸਵਾਸਤਿਕਾ' ਨਾਂ ਦਾ ਗਰੁੱਪ ਬਣਾਇਆ ਹੋਇਆ ਹੈ ਜਿਸ ਦੇ ਬਹੁਤ ਸਾਰੇ ਮੈਂਬਰ ਹਨ। ਉਹ ਹਰ ਸਾਲ 13 ਨਵੰਬਰ ਨੂੰ ਸਵਾਸਤਿਕ ਦਿਵਸ ਮਨਾਉਂਦੇ ਹਨ। ਇਸ ਦਿਨ ਦੁਨੀਆ ਭਰ ਦੇ ਟੈਟੂਇਸਟਸ ਮੁਫਤ ਵਿਚ ਲੋਕਾਂ ਦੇ ਸਰੀਰ 'ਤੇ ਸਵਾਸਤਿਕ ਦਾ ਨਿਸ਼ਾਨ ਬਣਾ ਕੇ ਦਿੰਦੇ ਹਨ ਤੇ ਇਸ ਦੀ ਮਹੱਤਤਾ ਬਾਰੇ ਵੀ ਦੱਸਦੇ, ਇਸ ਨੂੰ ਮੁੜ ਕੇ ਸਥਾਪਤ ਕਰਨ ਦੀ ਵਕਾਲਤ ਕਰਦੇ ਹਨ। ਮੇਰਾ ਵੀ ਇਹੋ ਖਿਆਲ ਹੈ ਕਿ ਇਸ ਨਿਸ਼ਾਨ ਨੂੰ ਨਾਜ਼ੀਵਾਦ ਨਾਲ ਜੋੜਨ ਦੀ ਥਾਂ ਪਹਿਲਾਂ ਵਾਂਗ ਆਮ ਵਰਤੋਂ ਵਿਚ ਲਿਆਉਣਾ ਚਾਹੀਦਾ ਹੈ।

> ***ਸਵਾਸਤਿਕ ਦੇ ਅਮੀਰ ਇਤਿਹਾਸ ਨੂੰ ਦੇਖ ਕੇ ਬਹੁਤ ਸਾਰੇ ਲੋਕ ਕਹਿ ਰਹੇ ਹਨ ਕਿ ਇਸ ਨੂੰ ਮੁੜ ਕੇ ਸਾਕਾਰਾਤਮਕ ਤਰੀਕੇ ਨਾਲ ਵਰਤਣਾ ਸ਼ੁਰੂ ਕਰ ਦੇਣਾ ਚਾਹੀਦਾ ਹੈ।... ਵਾਕਈ, ਇਸ ਨਿਸ਼ਾਨ ਨੂੰ ਨਾਜ਼ੀਵਾਦ ਨਾਲ ਜੋੜਨ ਦੀ ਥਾਂ ਪਹਿਲਾਂ ਵਾਂਗ ਆਮ ਵਰਤੋਂ ਵਿਚ ਲਿਆਉਣਾ ਚਾਹੀਦਾ ਹੈ।***





ਬ੍ਰਿਟਿਸ਼ ਲੇਖਕ ਰੁਡਯਾਰਡ ਕਿਪਲਿੰਗ ਅਤੇ (ਸੱਜੇ) ਹਿਟਲਰ ਜਿਸ ਦੀ ਬਾਂਹ 'ਤੇ ਸਵਾਸਤਿਕ ਦਾ ਚਿੰਨ੍ਹ ਦਿਖਾਈ ਦੇ ਰਿਹਾ ਹੈ।

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

# ਅੰਦਾਜ਼-ਏ-ਮੁਹੱਬਤ

***ਡਾ. ਗੁਰਬਖਸ਼ ਸਿੰਘ ਭੰਡਾਲ ਫਿਜਿਕਸ ਦੇ ਅਧਿਆਪਕ ਹਨ, ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜਿਕਸ ਜਿਹੀ ਖੁਸ਼ਕੀ ਨਹੀਂ, ਸਗੋਂ ਕਾਵਿਕ ਰਵਾਨਗੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਆਪਣੇ ਤੋਂ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਦੱਸ ਰਿਹਾ ਹੋਵੇ। ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਇਕੱਲ ਭੰਨਣ ਲਈ ਮਿਲਣ ਦੀਆਂ ਮੁਰਾਦਾਂ ਤਾਂਘਣ ਦੇ ਹੋਕਰੇ ਲਾਏ ਸਨ, 'ਮਿਲਣਾ ਸਮਾਜਿਕ ਸਬੰਧਾਂ ਦੀ ਮਜ਼ਬੂਤੀ ਦੇ ਨਾਲ-ਨਾਲ ਮਾਨਸਿਕ ਤੇ ਸਰੀਰਕ ਤੰਦਰੁਸਤੀ ਲਈ ਵੀ ਅਹਿਮ; ਕਿਉਂਕਿ ਇਕੱਲ ਤਾਂ ਬੰਦੇ ਨੂੰ ਹਜ਼ਮ ਕਰਨ ਲਈ ਕਾਹਲੀ।' ਹਥਲੇ ਲੇਖ ਵਿਚ ਡਾ. ਭੰਡਾਲ ਨੇ ਮੁਹੱਬਤ ਦੀਆਂ ਤਰਬਾਂ ਛੇੜੀਆਂ ਹਨ ਅਤੇ ਕਿਹਾ ਹੈ, "ਭਾਗਾਂ ਵਾਲਿਆਂ ਦੀ ਝੋਲੀ ਮੁਹੱਬਤ ਨਾਲ ਭਰਦੀ ਅਤੇ ਮੁਹੱਬਤੀ ਜਾਹੋ-ਜਲਾਲ 'ਚ ਸ਼ਰਸ਼ਾਰ ਹੁੰਦੇ।... ਮੁਹੱਬਤ ਤੋਂ ਮੁਹੱਬਤ ਤੀਕ ਦੀ ਯਾਤਰਾ, ਸਭ ਤੋਂ ਸੁਹਾਵਣਾ ਸਫਰ ਅਤੇ ਬਹੁਤ ਘੱਟ ਲੋਕ ਬਣਦੇ ਅਜਿਹੇ ਹਮਰਾਹੀ।" ਉਹ ਕਹਿੰਦੇ ਹਨ, "ਮੁਹੱਬਤ ਲਈ ਜਰੂਰੀ ਹੈ ਕਿ ਜ਼ਿੰਦਗੀ ਨੂੰ ਪਿਆਰ ਕਰੋ, ਜਿਹੜੀ ਤੁਹਾਡੀ ਹੈ। ਉਨ੍ਹਾਂ ਨੂੰ ਮੁਹੱਬਤ ਕਰੋ, ਜਿਨ੍ਹਾਂ ਲਈ ਜੀਅ ਰਹੇ ਹੋ। ਮੁਹੱਬਤ ਤਾਂ ਖੁਦ ਨੂੰ ਮਿਟਾ, ਕਿਸੇ ਦੇ ਨਾਮ ਲਾਉਣ ਦਾ ਕਰਮ। ਜ਼ਿੰਦਗੀ ਤਾਂ ਮੁਹੱਬਤ ਨਾਲ ਹੀ ਖੂਬਸੂਰਤ ਤੇ ਪਾਕੀਜ਼ ਹੁੰਦੀ ਅਤੇ ਇਹ ਸਿਰਫ ਕਮਾਈ ਹੀ ਜਾਂਦੀ।" ਸਮਾਜ ਵਿਚ ਫੈਲ ਰਹੇ ਪਦਾਰਥਵਾਦੀ ਵਰਤਾਰੇ ਉਤੇ ਵੀ ਡਾ. ਭੰਡਾਲ ਨੇ ਤਨਜ਼ ਕੱਸੀ ਹੈ, "ਕੇਹੀ ਤ੍ਰਾਸਦੀ ਹੈ ਕਿ ਮਨੁੱਖ ਨੇ ਮੁਹੱਬਤ ਲਈ ਵੀ ਮਖੌਟਾ ਪਹਿਨ ਲਿਆ ਅਤੇ ਉਸ ਦੀ ਸਤਹੀ ਮੁਹੱਬਤ ਨੇ ਮਨੁੱਖੀ ਰਿਸ਼ਤਿਆਂ, ਸਬੰਧਾਂ ਅਤੇ ਦੋਸਤੀਆਂ ਨੂੰ ਤਾਰ-ਤਾਰ ਕਰ ਦਿੱਤਾ ਏ ਅਤੇ ਸੰਵੇਦਨਸ਼ੀਲ ਮਨੁੱਖ, ਮੁਹੱਬਤ 'ਦੇ ਨਾਮ ਤੋਂ ਹੀ ਤ੍ਰਹਿਣ ਲੱਗ ਪਿਆ ਏ।"***

ਮੁਹੱਬਤ, ਇਕ ਅਹਿਸਾਸ। ਭਾਵਨਾਵਾਂ ਦਾ ਸੁੱਚਾ ਪ੍ਰਗਟਾਅ। ਮਨ ਦੀਆਂ ਤਰੰਗਾਂ ਦੀ ਝਰਨਾਹਟ ਅਤੇ ਵਿਸਮਾਦੀ ਲੋਰ।

ਮੁਹੱਬਤ, ਆਪਣੇ ਤੋਂ ਆਪਣੇ ਤੱਕ ਦਾ ਅਲਾਹੀ ਸਫਰ। ਆਪਣੇ ਵਿਚ ਗੁਆਚਣ ਦਾ ਸਰੂਰ ਅਤੇ ਆਪੇ ਨੂੰ ਪਛਾਣਨ ਦੀ ਖੋਜ-ਧਰਾਤਲ।

ਮੁਹੱਬਤ ਦੇ ਕਈ ਰੰਗ। ਹਰ ਰੰਗ ਦੀ ਆਪਣੀ ਲਿਸ਼ਕੋਰ, ਵੱਖਰੀ ਤਾਸੀਰ, ਵੱਖਰੀ ਪਰਵਾਜ਼, ਵੱਖਰੇ ਅੰਦਾਜ਼ ਅਤੇ ਵਿਭਿੰਨ ਨਾਦ-ਅਨਾਦ।

ਮੁਹੱਬਤ ਦੀਆਂ ਅਸੀਮ ਪਰਤਾਂ, ਅਸੀਮ ਪਰਿਭਾਸ਼ਾਵਾਂ, ਅਣਗਿਣਤ ਸਿਰਲੇਖ, ਅਸੀਮਤ ਸਿਰਹੱਦੇ ਅਤੇ ਸਿਰਨਾਵੇਂ।

ਮੁਹੱਬਤ ਦੇ ਪਿੰਡੇ 'ਤੇ ਉਕਰੇ ਨੇ ਅਣਗਿਣਤ ਪ੍ਰਾਪਤੀਆਂ ਦੇ ਸ਼ਿਲਾਲੇਖ ਅਤੇ ਨਾ-ਗਿਣਨਯੋਗ ਅਸਫਲਤਾਵਾਂ ਦੇ ਰੇਤੀਲੇ ਮਿਨਾਰ।

ਮੁਹੱਬਤ ਨੂੰ ਆਪਣੀ ਅਕੀਦਤ 'ਤੇ ਮਾਣ, ਇਬਾਦਤ ਦਾ ਫਖਰ, ਅਕੀਦੇ ਦੀ ਭਰਪਾਈ ਦਾ ਹੁਲਾਸ ਅਤੇ ਮਾਣਤਾ ਦਾ ਗਰੂਰ।

ਮੁਹੱਬਤ ਕਈ ਰੰਗਾਂ ਸੰਗ ਜ਼ਿੰਦਗੀ ਦੇ ਦਰ 'ਤੇ ਦਸਤਕ ਦਿੰਦੀ। ਹਰ ਦਸਤਕ ਦਾ ਆਪਣਾ ਮਿਜ਼ਾਜ਼, ਅਲੋਕਾਰੀ ਸੁਰ ਤੇ ਸੰਗੀਤਕਤਾ, ਪਰਵਾਜ਼ ਤੇ ਪ੍ਰਾਪਤੀ।

ਮੁਹੱਬਤ ਸਭ ਦਾ ਸੁਪਨਾ। ਹਰ ਹੀਲੇ ਇਸ ਨੂੰ ਪਾਉਣ ਅਤੇ ਇਸ ਦੇ ਰੰਗ ਵਿਚ ਰੰਗੇ ਜਾਣ ਲਈ ਉਤਾਵਲੇ। ਭਾਗਾਂ ਵਾਲਿਆਂ ਦੀ ਝੋਲੀ ਮੁਹੱਬਤ ਨਾਲ ਭਰਦੀ ਅਤੇ ਮੁਹੱਬਤੀ ਜਾਹੋ-ਜਲਾਲ 'ਚ ਸ਼ਰਸ਼ਾਰ ਹੁੰਦੇ।

ਮੁਹੱਬਤ ਕਈ ਰੂਪਾਂ 'ਚ ਸਾਡੇ ਆਲੇ-ਦੁਆਲੇ ਬਿਖਰੀ। ਅਸੀਂ ਕਿਸ ਮੁਹੱਬਤ ਨੂੰ, ਕਿਸ ਰੰਗ ਅਤੇ ਕਿਹੜੇ ਰੂਪ ਵਿਚ ਮਾਣਨਾ, ਇਹ ਸਾਡੀ ਮਾਨਸਿਕਤਾ ਤੇ ਸੰਵੇਦਨਾ 'ਤੇ ਨਿਰਭਰ।

ਮੁਹੱਬਤ, ਬਰਫ ਦਾ ਕਦੇ ਪਾਣੀ ਤਰਨਾ, ਕਦੇ ਇਸ 'ਚ ਪਿੱਘਲ ਕੇ ਅਭੇਦ ਹੋਣਾ। ਮਹਿਕ ਦਾ ਹਵਾਵਾਂ ਵਿਚ ਬਿਖਰਨਾ ਅਤੇ ਫਿਜ਼ਾ ਵਿਚ ਸੁਗੰਧੀਆਂ ਦਾ ਆਵਾਗੌਣ।

ਮੁਹੱਬਤ ਦੀ ਉਮਰ ਪਾਣੀ ਜੇਡ, ਕਿਉਂਕਿ ਪਾਣੀ ਤੋਂ ਹੀ ਜੀਵ ਦੀ ਉਤਪਤੀ ਹੋਈ ਅਤੇ ਜੀਵ ਦੀ ਹੋਂਦ ਦੇ ਨਾਲ ਹੀ ਮੁਹਬੱਤ ਪੈਦਾ ਹੋ ਗਈ।

ਮੁਹੱਬਤ, ਪ੍ਰਤੱਖ ਵੀ ਅਤੇ ਓਝਲ ਵੀ। ਨਜ਼ਰ ਵੀ ਆਉਂਦੀ ਤੇ ਅਦ੍ਰਿਸ਼ਟ ਵੀ। ਮੁਹੱਬਤ ਵਿਚੋਂ ਝਰਦਾ ਹੈ ਮੋਹ ਦਾ ਚਸ਼ਮਾ। ਅਦ੍ਰਿਸ਼ਟ ਮੁਹੱਬਤ ਦੀਆਂ ਨਿਆਮਤਾਂ ਤੇ ਬਖਸ਼ਿਸ਼ਾਂ ਨੂੰ ਸਿਰਫ ਉਹੀ ਜਾਣ ਸਕਦਾ, ਜਿਨ੍ਹਾਂ ਨੇ ਇਸ ਨੂੰ ਮਾਣਿਆ ਹੁੰਦਾ ਜਾਂ ਮਾਣਦੇ ਨੇ।

ਮੁਹੱਬਤ ਦਾ ਅੰਦਾਜ਼ ਵੱਖਰਾ, ਪਰਵਾਜ਼ ਵਿਲੱਖਣ। ਸੁਹਜ ਅਤੇ ਸੰਵੇਦਨਾ ਵਿਭਿੰਨ। ਇਸ ਦੀ ਸੁਪਨਗੋਈ ਤੇ ਸਾਰਥਿਕਤਾ ਨਿਵੇਕਲੀ। ਇਸ ਦੇ ਅੰਦਾਜ਼ ਵਿਚੋਂ ਇਸ ਦੀਆਂ ਬਹੁ-ਪਰਤਾਂ ਨੂੰ ਫਰੋਲਿਆ ਜਾ ਸਕਦਾ। ਇਸ ਦੀ ਅਸੀਮਤਾ ਨੂੰ ਸੀਮਤ ਦਾਇਰਿਆਂ ਵਿਚ ਨਹੀਂ ਬੰਨਿਆ ਜਾ ਸਕਦਾ।

ਕੇਹੀ ਤ੍ਰਾਸਦੀ ਹੈ ਕਿ ਮਨੁੱਖ ਨੇ ਮੁਹੱਬਤ ਲਈ ਵੀ ਮਖੌਟਾ ਪਹਿਨ ਲਿਆ ਅਤੇ ਉਸ ਦੀ ਸਤਹੀ ਮੁਹੱਬਤ ਨੇ ਮਨੁੱਖੀ ਰਿਸ਼ਤਿਆਂ, ਸਬੰਧਾਂ ਅਤੇ ਦੋਸਤੀਆਂ ਨੂੰ ਤਾਰ-ਤਾਰ ਕਰ ਦਿੱਤਾ ਏ ਅਤੇ ਸੰਵੇਦਨਸ਼ੀਲ ਮਨੁੱਖ, ਮੁਹੱਬਤ 'ਦੇ ਨਾਮ ਤੋਂ ਹੀ ਤ੍ਰਹਿਣ ਲੱਗ ਪਿਆ ਏ।

ਮਨੁੱਖ ਦੇ ਕੁਦਰਤ ਸੰਗ ਪਿਆਰ ਨੇ, ਮਨੁੱਖ ਅਤੇ ਕੁਦਰਤੀ ਚਿਰੰਜੀਵਤਾ ਅਤੇ ਸਿਹਤਮੰਦੀ ਦਾ ਰਾਗ ਬਣਨਾ ਸੀ, ਪਰ ਮਨੁੱਖ ਨੇ ਇਸ ਨੂੰ ਮਰਸੀਆ ਬਣਾ ਦਿਤਾ ਜੋ ਹਰ ਸੰਜੀਵ ਪ੍ਰਾਣੀ ਦੇ ਕੰਨਾਂ ਵਿਚ ਸਰਾਪ ਬਣ ਕੇ ਗੂੰਜ ਰਿਹਾ।

ਮੁਹੱਬਤ ਜਦ ਨਿੱਜੀ ਮੁਫਾਦ ਦੇ ਦਾਇਰਿਆਂ ਵਿਚ ਸੁੰਘੜ ਜਾਵੇ ਤਾਂ ਨਿੱਘੇ ਅਹਿਸਾਸਾਂ ਨੂੰ ਕੰਬਣੀ ਛਿੜਦੀ ਅਤੇ ਇਸ ਦੇ ਮੁਖੜੇ ਦੀ ਲਾਲੀ 'ਤੇ ਪਿਲੱਤਣਾਂ ਦੀ ਰੰਗਤ ਫੈਲਦੀ।

ਮੁਹੱਬਤ ਤਾਂ ਬਿਰਖਾਂ, ਪਰਿੰਦਿਆਂ, ਪੌਣ ਅਤੇ ਪਾਣੀਆਂ ਨਾਲ ਵੀ ਹੁੰਦੀ, ਜੋ ਜੀਵਨ-ਦਾਨੀ ਨੇ। ਪਰ ਅਸੀਂ ਇਨ੍ਹਾਂ ਤੋਂ ਬੇਮੁੱਖ ਹੋ, ਆਪਣੇ ਰਾਹਾਂ ਵਿਚ ਕੰਡੇ ਬੀਜਣ ਵਿਚ ਰੁੱਝੇ ਹੋਏ ਹੀ ਜੀਵਨ ਵਿਹਾਜ ਰਹੇ ਹਾਂ।

ਮੁਹੱਬਤ ਤਾਂ ਰੱਬ ਨਾਲ ਵੀ ਹੋ ਸਕਦੀ ਏ, ਪਰ ਅਜੋਕੇ ਬਨਾਵਟੀ ਪ੍ਰਭੂ-ਪ੍ਰੇਮ ਨੇ ਨਿੱਜੀ ਸੁੱਖਾਂ ਨੂੰ ਪਹਿਲ ਦਿੱਤੀ ਏ। ਰੱਬ ਦੀ ਅੱਖ ਵਿਚ ਉਤਰੀ ਨਮੀ, ਮਨੁੱਖਤਾ ਨੂੰ ਗਲਣ ਤੋਂ ਬਚਾਉਣ ਦੀ ਹਰ ਸੰਭਵ ਕੋਸ਼ਿਸ਼ ਕਰ ਰਹੀ ਏ, ਪਰ ਅਜਿਹਾ ਹੋਣਾ ਨਹੀਂ।

ਮਾਪੇ ਆਪਣੀ ਸੱਚੀ ਅਤੇ ਸੁੱਚੀ ਮੁਹੱਬਤ ਆਪਣੇ ਬੱਚਿਆਂ ਦੀ ਝੋਲੀ ਵਿਚ ਪਾਉਂਦੇ, ਸੁੱਖਾਂ ਨੂੰ ਤਿਆਗ ਉਨ੍ਹਾਂ ਦੀ ਤਲੀ 'ਤੇ ਸੁੱਖ ਖੁਣਦੇ। ਉਨ੍ਹਾਂ ਦੇ ਮਨ-ਮਸਤਕ 'ਤੇ ਸੁਪਨਿਆਂ ਦੀ ਤਸ਼ਬੀਹ ਉਕਰਦੇ; ਪਰ ਜਦ ਬੱਚੇ, ਮਾਪਿਆਂ ਦੀ ਮੁਹੱਬਤ ਨੂੰ ਵਿਸਾਰ ਕੇ, ਉਨ੍ਹਾਂ ਨੂੰ ਪਿੰਡ ਦੇ ਬੁੱਢੇ ਦਰਾਂ ਵਿਚ ਆਖਰੀ ਸਾਹ ਲੈਣ ਲਈ ਮਜਬੂਰ ਕਰ ਦੇਣ ਜਾਂ ਉਨ੍ਹਾਂ ਦੀਆਂ ਵਿਲਕਦੀਆਂ ਆਂਦਰਾਂ ਨੂੰ ਠੰਡਕ ਪਹੁੰਚਾਉਣ ਤੋਂ ਨਕਾਮ ਰਹਿਣ ਅਤੇ ਉਨ੍ਹਾਂ ਦੇ ਸਿਵੇ ਦੀ ਮਿੱਟੀ ਨੂੰ ਨਤਮਸਤਕ ਹੋਣ ਤੋਂ ਵੀ ਟਾਲਾ ਵੱਟ ਲੈਣ ਤਾਂ ਬੱਚੇ ਫਰਜ਼ੰਦ ਅਖਵਾਉਣ ਦਾ ਹੱਕ ਗਵਾ ਬਹਿੰਦੇ।



ਮੁਹੱਬਤ ਦਾ ਕੋਈ ਦਿਨ ਨਿਸ਼ਚਿਤ ਨਹੀਂ। ਹਰ ਦਿਨ ਹੀ ਮੁਹੱਬਤ ਵਿਚ ਰੰਗਿਆ ਅਤੇ ਲਬਰੇਜ਼ਤਾ ਸੰਗ ਭਰਪੂਰ ਹੋਣਾ ਚਾਹੀਦਾ। ਇਸ ਨੂੰ ਮਹਿਸੂਸ ਕਰਨ ਦੀ ਸੋਝੀ ਅਤੇ ਮਾਣਨ ਦੇ ਯੋਗ ਹੋਣਾ ਚਾਹੀਦਾ ਏ। ਤੁਹਾਡੇ ਚੌਫੇਰੇ ਵਿਚ ਹਰ ਪਲ 'ਤੇ ਮੁਹੱਬਤੀ ਪਲਾਂ ਦੀ ਦਸਤਕ ਹੁੰਦੀ ਏ, ਮੁਹੱਬਤੀ ਬੋਲਾਂ ਦਾ ਸੰਗੀਤ ਗੂੰਜਦਾ ਏ, ਮੁਹੱਬਤੀ ਕਰਮਾਂ ਦੀ ਫਸਲ ਲਹਿਰਾਉਂਦੀ ਏ ਅਤੇ ਮੁਹੱਬਤੀ ਬਚਨਾਂ ਦੀ ਫਿਜ਼ਾ ਫੈਲਦੀ ਏ, ਤੁਸੀਂ ਇਸ ਨੂੰ ਕਿੰਜ ਮਾਣਦੇ ਹੋ, ਇਹ ਤੁਹਾਡੇ ਨਿੱਜ 'ਤੇ ਨਿਰਭਰ ਕਰਦਾ।

ਮਾਂ ਦਾ ਬੱਚਿਆਂ ਨੂੰ ਨਿਹਾਰਨਾ, ਪੁੱਤਰ ਵਲੋਂ ਬਾਪ ਦੀ ਪੱਗ ਦੀ ਪੂਣੀ ਕਰਵਾਉਣੀ, ਪ੍ਰੇਮੀ ਵਲੋਂ ਕਿਤਾਬ ਵਿਚ ਰੱਖੇ ਸੁੱਕੇ ਗੁਲਾਬ ਦੀਆਂ ਪੱਤੀਆਂ ਨੂੰ ਗਾਹੇ-ਬਗਾਹੇ ਫਰੋਲਣਾ, ਦਾਦੇ ਵਲੋਂ ਪੋਤੇ ਦਾ ਪਹਿਰੇਦਾਰ ਬਣਨਾ, ਵੀਰੇ ਵਲੋਂ ਭੈਣ ਦੀਆਂ ਰੀਝਾਂ ਦੀ ਪੂਰਤੀ ਜਾਂ ਮਿੱਤਰ ਸੰਗ ਮਾਣੇ ਅਲਮਸਤੀ ਦੇ ਪਲ ਆਦਿ, ਮੁਹੱਬਤੀ ਅੰਦਾਜ਼ ਦੇ ਅਦਿੱਖ ਪਰ ਸੁੱਚੇ ਅਤੇ ਉਚੇ ਰੂਪ।

ਸਭ ਤੋਂ ਉਤਮ ਮੁਹੱਬਤ ਉਹ ਹੁੰਦੀ, ਜੋ ਮੁਹੱਬਤ ਹੁੰਦਿਆਂ ਵੀ ਬਾਹਰੀ ਤੌਰ 'ਤੇ ਨਜ਼ਰ ਨਹੀਂ ਆਉਂਦੀ। ਇਹ ਮਾਂ ਦੀ ਮੁਹੱਬਤ ਦਾ ਅੰਦਾਜ਼ ਹੈ ਕਿ ਬੱਚੇ ਦੇ ਰੋਣ ਦੀ ਆਵਾਜ਼ ਸੁਣ ਕੇ ਭੱਜੀ ਆਉਣਾ, ਉਸ ਦੀ ਭੁੱਖ ਤੇ ਪਿਆਸ ਦਾ ਹਰਦਮ ਖਿਆਲ ਰੱਖਣਾ, ਬੱਚੇ ਨੂੰ ਧਿਆਨ ਨਾਲ ਤੁਰਨ ਲਈ ਕਹਿਣਾ, ਖੇਡਣ ਵੇਲੇ ਸੱਟ-ਫੇਟ ਤੋਂ ਬਚਣ ਲਈ ਤਾਕੀਦ ਕਰਨੀ, ਸਕੂਲ ਜਾਣ ਤੋਂ ਪਹਿਲਾਂ ਉਸ ਦੇ ਬਸਤੇ ਵਿਚ ਟਿੱਫਨ ਤੇ ਕਿਤਾਬਾਂ ਪਾਉਣੀਆਂ, ਘਰੋਂ ਬਾਹਰ ਜਾਣ ਲੱਗਿਆਂ ਦਰਾਂ ਵਿਚ ਪਾਣੀ ਡੋਲ੍ਹਣਾ ਤੇ ਉਸ ਦੇ ਸੁੱਖੀਂ-ਸਾਂਦੀ ਪਰਤਣ ਲਈ ਦੁਆਵਾਂ ਕਰਨੀਆਂ, ਪਰਤ ਆਉਣ ਤੀਕ ਦਰਾਂ ਦੀ ਬਿੜਕ ਲੈਣਾ, ਬੱਚੇ ਦੀ ਉਦਾਸੀ ਤੇ ਉਪਰਾਮਤਾ ਨੂੰ ਹਰਨਾ, ਬਿਮਾਰ ਬੱਚੇ ਦੀ ਤਾਮੀਰਦਾਰੀ ਵਿਚ ਪਲ ਪਲ ਮਰਨਾ, ਰਾਤ ਨੂੰ ਪੜ੍ਹਦਿਆਂ ਪੜ੍ਹਦਿਆਂ ਸੌਂ ਗਏ ਬੱਚੇ 'ਤੇ ਖੇਸ ਦੇਣਾ ਅਤੇ ਹੌਲੀ ਜਿਹੇ ਬੱਤੀ ਬੁਝਾ ਕੇ, ਉਸ ਦੀ ਨੀਂਦ ਵਿਚ ਖਲਲ ਪਾਉਣ ਤੋਂ ਬਚਣਾ। ਮਾਂ ਆਪਣੀ ਮੁਹੱਬਤ ਨੂੰ ਜੱਗ-ਜਾਹਰ ਨਾ ਕਰਕੇ, ਮੁਹੱਬਤ ਦਾ ਮੁਕੱਦਸ ਮੁਕਾਮ ਸਿਰਜਦੀ। ਇਹ ਵੀ ਮਾਂ ਦਾ ਪਿਆਰ ਹੀ ਹੁੰਦਾ ਸੀ ਕਿ ਜਦ ਬੱਚਾ ਦੁੱਧ ਪੀ ਕੇ ਘਰੋਂ ਨਿਕਲਦਾ ਤਾਂ ਲੂਣ ਦੀ ਚੁਟਕੀ ਮੂੰਹ ਨੂੰ ਲਾਉਂਦੀ ਤਾਂ ਕਿ ਬੱਚਾ ਬਲਾਵਾਂ ਤੋਂ ਬਚਿਆ ਰਹੇ। ਨਜ਼ਰ ਉਤਾਰਨ ਲਈ ਮਿਰਚਾਂ ਵਾਰਨੀਆਂ ਵੀ ਤਾਂ ਮਾਂਵਾਂ ਦੇ ਹੀ ਹਿੱਸੇ ਆਇਆ।

ਬਾਪ ਦੀ ਮੁਹੱਬਤ ਦੇ ਅੰਦਾਜ਼ ਨੂੰ ਕਦੇ ਦੇਖਣਾ ਹੋਵੇ ਤਾਂ ਬੱਚਿਆਂ ਦੀਆਂ ਲੋੜਾਂ ਨੂੰ ਖਾਲੀ ਬੋਝੇ ਨਾਲ ਵੀ ਪੂਰੀਆਂ ਕਰਦੇ ਦੇਖਣਾ; ਹੰਝੂਆਂ, ਤੰਗੀਆਂ ਅਤੇ ਹਾਵਿਆਂ ਨੂੰ ਘੁੱਟ-ਘੁੱਟ ਪੀ ਬੱਚਿਆਂ ਦੇ ਮੁਖੜੇ 'ਤੇ ਹਾਸੇ ਖਿਲਾਰਨਾ, ਉਨ੍ਹਾਂ ਦੀਆਂ ਖੁਸ਼ੀਆਂ ਤੇ ਖੁਆਬਾਂ ਲਈ ਰਾਤਾਂ ਹੰਘਾਲਣਾ, ਥਕਾਵਟ ਮਹਿਸੂਸ ਨਾ ਕਰਨਾ, ਬੇਆਰਾਮੀ ਦੇ ਆਲਮ ਵਿਚ ਬੱਚਿਆਂ ਲਈ ਬਹਿਸ਼ਤਾਂ ਕਿਆਸਣਾ, ਉਨ੍ਹਾਂ ਦੇ ਸੁਪਨਿਆਂ ਦੀ ਤਾਮੀਰਦਾਰੀ ਵਿਚ ਕੋਈ ਕਸਰ ਨਾ ਰਹਿਣ ਦੇਣਾ, ਬੱਚਿਆਂ ਦੀਆਂ ਪ੍ਰਾਪਤੀਆਂ ਵਿਚੋਂ ਹੀ ਜੀਵਨ ਦੀ ਸਾਰਥਿੱਕਤਾ ਸਮਝਣਾ ਅਤੇ ਸਬਰ-ਸੰਤੋਖ ਦਾ ਮੁਜੱਸਮਾ ਬਣ ਕੇ, ਸੀਮਤ ਜਿਹੀ ਜ਼ਿੰਦਗੀ ਨੂੰ ਵਿਸ਼ਾਲ ਅਰਥ ਦੇਣਾ। ਇਸ ਮੁਹੱਬਤ ਨੂੰ ਕਿਹੜੇ ਸ਼ਬਦਾਂ ਵਿਚ ਉਲਥਾ ਸਕਦਾ ਏ ਕੋਈ ਅਦੀਬ?

ਭੈਣ ਦੀ ਵੀਰੇ ਪ੍ਰਤੀ ਅਦਿੱਖ ਮੁਹੱਬਤ ਕਿਆਸਣੀ ਹੋਵੇ ਤਾਂ ਰੱਖੜੀ ਬੰਨਣ ਵੇਲੇ ਉਸ ਦੇ ਦੀਦਿਆਂ ਵਿਚ ਆਇਆ ਹੁਲਾਸ ਤੇ ਚਾਅ ਦਾ ਹੜ੍ਹ ਦੇਖਣਾ, ਵਾਗ ਫੜ ਕੇ ਵੀਰੇ ਨੂੰ ਵਿਆਹੁਣ ਲਈ ਤੋਰਨ ਵਾਲੇ ਪਲ ਦੇਖਣਾ, ਉਸ ਦੇ ਸੁਪਨਿਆਂ ਵਿਚ ਭਰਾ ਦੀ ਅਹਿਮੀਅਤ ਹੁੰਦੀ ਹੈ, ਸਹੁਰੇ ਘਰ ਵਿਚ ਵੀਰੇ ਦੀ ਦਸਤਕ। ਉਸ ਦੇ ਬੋਲਾਂ, ਤੋਰ ਅਤੇ ਅਪਣੱਤ ਵਿਚ ਆਏ ਬਦਲਾਓ ਨੂੰ ਦੇਖ ਕੇ ਵੀਰੇ ਲਈ ਪਿਆਰ ਦੀ ਇੰਤਹਾ ਨੂੰ ਸਮਝ ਜਾਵੋਗੇ ਕਿ ਭੈਣਾਂ ਆਪਣੇ ਵੀਰਾਂ ਨੂੰ ਕਿੰਨਾ ਪਿਆਰ ਕਰਦੀਆਂ ਭਾਵੇਂ ਕਿ ਉਹ ਆਪਣੇ ਮੂੰਹੋਂ ਕੁਝ ਵੀ ਨਾ ਕਹਿਣਾ।

ਘਰ ਦੀ ਸਵਾਣੀ ਦਾ ਆਪਣੇ ਆਰ-ਪਰਿਵਾਰ ਲਈ ਅਦ੍ਰਿਸ਼ਟ ਪਿਆਰ ਹੁੰਦਾ, ਜਦ ਉਹ ਹਰੇਕ ਦੇ ਮਨਪਸੰਦ ਦਾ ਖਾਣਾ ਬਣਾਉਂਦੀ, ਹੱਥੀਂ ਖਵਾਉਂਦੀ ਅਤੇ ਸਾਰਿਆਂ ਨੂੰ ਖੁਆ ਕੇ ਫਿਰ ਆਪ ਬਚਿਆ ਖਾਣਾ ਖਾਂਦੀ। ਆਪਣੇ ਪਰਿਵਾਰ ਵਿਚੋਂ ਮਿਲਿਆ ਰੱਜ ਹੀ ਉਸ ਦੀ ਤ੍ਰਿਪਤੀ ਦਾ ਆਧਾਰ। ਇਸ ਨਾਲ ਚੜ੍ਹਦਾ ਏ ਅਜਿਹਾ ਖੁਮਾਰ ਕਿ ਇਸ ਦੇ ਤੁੱਲ ਨਹੀਂ ਹੋ ਸਕਦਾ ਕੋਈ ਵੀ ਪਿਆਰ। ਇਹ ਹੈ ਅਦਿੱਖ ਮੁਹੱਬਤ ਦਾ ਉਹ ਝਲਕਾਰਾ, ਜਿਸ ਤੋਂ ਵਿਰਵਾ ਹੋ ਰਿਹਾ ਏ ਅਜੋਕਾ ਸਮਾਜ। ਨਿੱਜ ਵਿਚ ਸੁੰਗੜੇ ਵਿਅਕਤੀ ਤੋਂ ਅਜਿਹੇ ਪਿਆਰ ਦੀ ਤਵੱਕੋਂ ਕਿਵੇਂ ਕੀਤੀ ਜਾ ਸਕਦੀ?

ਕਦੇ ਵੇਲਾ ਸੀ ਜਦੋਂ ਅਧਿਆਪਕ ਆਪਣੇ ਵਿਦਿਆਰਥੀਆਂ ਨੂੰ ਪਿਆਰ ਕਾਰਨ, ਸਹੀ ਸੇਧ ਦੇਣ ਅਤੇ ਵਧੀਆ ਮਨੁੱਖ ਬਣਨ ਲਈ ਝਿੜਕਦੇ ਤੇ ਕੁੱਟਦੇ ਵੀ ਸਨ। ਉਨ੍ਹਾਂ ਨੂੰ ਆਪਣੇ ਵਿਦਿਆਰਥੀਆਂ ਦੀ ਪ੍ਰਤਿਭਾ 'ਤੇ ਮਾਣ ਹੁੰਦਾ ਸੀ ਅਤੇ ਉਹ ਉਨ੍ਹਾਂ ਨੂੰ ਅਜਿਹੇ ਰੁਤਬੇ 'ਤੇ ਪਹੁੰਚਾਣਾ ਲੋਚਦੇ ਸਨ, ਜੋ ਸਮਾਜ ਅਤੇ ਅਧਿਆਪਕ ਲਈ ਨਾਜ਼ ਦਾ ਸਬੱਬ ਬਣੇ। ਅਜਿਹੀ ਅਧਿਆਪਕੀ ਮੁਹੱਬਤ ਹੁਣ ਨਹੀਂ ਰਹੀ ਅਤੇ ਨਾ ਹੀ ਵਿਦਿਆਰਥੀ ਆਪਣੇ ਅਧਿਆਪਕਾਂ ਦਾ ਅਦਬ ਕਰਦੇ ਨੇ।

ਸੱਚੇ ਮਿੱਤਰਾਂ ਦੀ ਪਾਕ ਮੁਹੱਬਤ ਦੇ ਦੀਦਾਰੇ ਕਰਨੇ ਹੋਣ ਤਾਂ ਯਾਦ ਕਰਨਾ ਆਪਣੇ ਯਾਰ ਨੂੰ, ਜਿਸ ਨੇ ਭੈੜੀ ਸੰਗਤ ਤੋਂ ਵਰਜਿਆ, ਸਹੀ ਮੌਕਿਆਂ ਦੀ ਤਲਾਸ਼ ਵਿਚ ਹਮਰੁੱਬਾ ਬਣੇ, ਕਿਵੇਂ ਮਿੱਤਰ ਦੇ ਸੁਪਨਿਆਂ ਦੀ ਪੂਰਤੀ ਲਈ ਖੁਦ ਸਬੱਬ ਬਣੇ। ਕੁਝ ਮਿੱਤਰ ਤਾਂ ਸਹੂਲਤਾਂ ਤੋਂ ਥੁੜ੍ਹੇ ਦੋਸਤਾਂ ਲਈ ਸੁਵਿਧਾਵਾਂ ਦੇਣ ਤੋਂ ਵੀ ਨਾ ਹਟਕੇ ਤਾਂ ਕਿ ਉਨ੍ਹਾਂ ਦਾ ਸਾਥੀ ਵੀ ਆਪਣੀਆਂ ਰਾਹਾਂ ਨੂੰ ਰੁਸ਼ਨਾ ਕੇ ਨਵੀਆਂ ਤੇ ਉਚੇਰੀਆਂ ਮੰਜ਼ਿਲਾਂ ਸਰ ਕਰ ਸਕੇ।

ਮੁਹੱਬਤ ਪਾਕੀਜ਼ ਇਬਾਦਤ। ਸੱਚੀ-ਸੁੱਚੀ ਇਬਾਰਤ, ਸਵੈ ਦੀ ਜ਼ਿਆਰਤ ਅਤੇ ਇਸ ਵਿਚੋਂ ਹੀ ਮਿਲਦੀ ਹੈ ਖੁਦ ਦੀ ਹਰਾਕਤ। ਕਦੇ ਖੁਦ ਤੋਂ ਖੁਦਾਈ ਤੀਕ ਦੇ ਹਰਫਨਾਮੇ ਵਿਚੋਂ ਮੁਹੱਬਤ ਦੇ ਦੀਦਾਰੇ ਕਰਨੇ, ਅਲਾਹੀ ਆਬਸ਼ਾਰ ਅੰਤਰੀਵ ਵਿਚ ਵਗਣ ਲੱਗ ਪਵੇਗੀ।

ਬੁੱਢੇ ਮਾਪਿਆਂ ਲਈ ਬੱਚਿਆਂ ਦਾ ਪਿਆਰ ਸੂਖਮ ਰੂਪ ਵਿਚ ਪ੍ਰਗਟਦਾ ਜਦ ਬੱਚਾ ਆਪਣੇ ਮਾਪਿਆਂ ਲਈ ਡੰਗੋਰੀ ਬਣਦਾ, ਉਸ ਦੀ ਗਵਾਚੀ ਹੋਈ ਐਨਕ ਲੱਭਦਾ ਤਾਂ ਕਿ ਮਾਪਾ ਅਖਬਾਰ ਪੜ੍ਹ ਸਕੇ। ਸਮੇਂ ਸਿਰ ਦਵਾਈ ਦੇਣ ਲਈ ਪਾਣੀ ਦਾ ਗਿਲਾਸ ਲੈ ਕੇ ਸਿਰਹਾਣੇ ਆਣ ਖੜ੍ਹਦਾ। ਚਾਹ ਦਾ ਕੱਪ ਬਾਪ ਦੇ ਕੋਲ ਬਹਿ ਕੇ ਪੀਂਦਾ ਅਤੇ ਨਿੱਕੀਆਂ ਨਿੱਕੀਆਂ ਗੱਲਾਂ ਨਾਲ ਢਲਦੇ ਪ੍ਰਛਾਂਵਿਆਂ ਲਈ ਜਿਊਣ ਦਾ ਆਹਰ ਬਣਦਾ। ਕਦੇ ਉਨ੍ਹਾਂ ਨਾਲ ਹੌਲੀ ਹੌਲੀ ਤੁਰਦਾ ਸੈਰ ਵੀ ਕਰਦਾ ਅਤੇ ਨਿੱਕੇ ਨਿੱਕੇ ਹੁੰਗਾਰਿਆਂ ਨਾਲ, ਉਨ੍ਹਾਂ ਦੀਆਂ ਜੀਵਨ-ਪਰਤਾਂ ਵਿਚੋਂ ਰੌਸ਼ਨ ਕਾਤਰਾਂ ਆਪਣੇ ਨਾਮ ਕਰਦਾ। ਮਾਪਿਆਂ ਨੂੰ ਪਿਆਰ ਕਰਨ ਵਾਲੇ ਬੱਚੇ, ਬੇਸਮੈਂਟ ਜਾਂ ਗੈਰਾਜ ਵਿਚ ਮਾਪਿਆਂ ਦਾ ਰੈਣ-ਬਸੇਰਾ ਨਹੀਂ ਬਣਾਉਂਦੇ ਅਤੇ ਨਾ ਹੀ ਆਏ ਮਹਿਮਾਨਾਂ ਸਾਹਮਣੇ, ਮਾਪਿਆਂ ਦੀ ਹਾਜ਼ਰੀ ਦਾ ਬੁਰਾ ਮਨਾਉਂਦੇ। ਸਗੋਂ ਉਨ੍ਹਾਂ ਲਈ ਮਾਪੇ ਘਰ ਦਾ ਮਾਣ ਅਤੇ ਮਕਾਨ ਨੂੰ ਘਰ ਬਣਾਉਣ ਵਿਚ ਖਾਸਮ-ਖਾਸ ਹੁੰਦੇ।

ਮੁਹੱਬਤ ਅੱਖਾਂ ਵਿਚੋਂ ਪੜ੍ਹੀ ਜਾਂਦੀ, ਬੰਦ ਹੋਠਾਂ 'ਤੇ ਉਕਰੀ, ਚੁੱਪ ਵਿਚ ਬਿਰਾਜਮਾਨ ਅਤੇ ਸੁਪਨਿਆਂ ਵਿਚ ਤੈਰਦੀ। ਅਬੋਲ ਮੁਹੱਬਤ ਸਭ ਤੋਂ ਬਿਹਤਰੀਨ ਅਤੇ ਇਸ ਮੁਹੱਬਤ ਨੂੰ ਕਿਸ ਨਾਲ ਤਸ਼ਬੀਹ ਦੇਵੋਗੇ? ਕਦੇ ਘਰ ਵਿਚ ਰੱਖੇ ਪਾਲਤੂ ਜੀਵ ਨਾਲ ਲਾਡ-ਲਡਾਉਂਦਿਆਂ, ਪਲੋਸਦਿਆਂ ਤੇ ਖਵਾਉਂਦਿਆਂ, ਉਸ ਦੀਆਂ ਅੱਖਾਂ 'ਚ ਝਾਕਣਾ, ਪਤਾ ਲੱਗੇਗਾ ਕਿ ਉਹ ਤੁਹਾਡੀ ਮੁਹੱਬਤ ਵਿਚ ਕਿੰਨਾ ਸ਼ਰਸ਼ਾਰ ਹੈ? ਤੁਹਾਡੇ ਪੈਰਾਂ ਵਿਚ ਲੋਟਣੀਆਂ ਲੈ, ਇਸ ਦਾ ਇਜ਼ਹਾਰ ਕਰਦਾ। ਉਹ ਬੋਲਦਾ ਨਹੀਂ, ਪਰ ਉਸ ਦੀਆਂ ਹਰਕਤਾਂ ਪਿਆਰ-ਪ੍ਰਗਟਾਵੇ ਦਾ ਬਿਹਤਰ ਸਾਧਨ।

ਮੁਹੱਬਤ ਮੁੱਲ ਨਹੀਂ ਮਿਲਦੀ, ਮੰਗਵੀਂ ਵੀ ਨਹੀਂ ਮਿਲਦੀ ਅਤੇ ਨਾ ਹੀ ਵਟਾਈ/ਬਦਲਾਈ ਜਾ ਸਕਦੀ। ਇਹ ਸਿਰਫ ਕਮਾਈ ਜਾਂਦੀ। ਨਿਰ-ਸੁਆਰਥ, ਨਿੱਜੀ ਮੁਫਾਦ ਤੋਂ ਉਪਰ ਅਤੇ ਸਮਰਪਣ ਤੇ ਸਮੁੱਚਤਾ ਦਾ ਸੰਗਮ। ਗੁਰਬਾਣੀ ਦਾ ਫੁਰਮਾਨ ਹੈ, "ਆਪੁ ਗਵਾਈਐ ਤਾ ਸਹੁ ਪਾਈਐ ਅਉਰੁ ਕੈਸੀ ਚਤੁਰਾਈ॥" ਮੁਹੱਬਤ ਤਾਂ ਖੁਦ ਨੂੰ ਮਿਟਾ, ਕਿਸੇ ਦੇ ਨਾਮ ਲਾਉਣ ਦਾ ਕਰਮ।

ਮੁਹੱਬਤ, ਇਕ ਦੂਜੇ ਵਿਚ ਭਿੱਜਣਾ, ਮੋਹਲੇਧਾਰ ਬਾਰਸ਼ ਵਿਚ ਨੁੱਚੜਨਾ, ਇਕ ਦੂਜੇ ਦੇ ਰੰਗ ਵਿਚ ਰੰਗੇ ਜਾਣਾ। ਇਕ ਦੂਜੇ 'ਚ ਅਭੇਦ ਹੋਣਾ। ਵਿਸਮਾਦੀ ਲੋਰ, ਅਲਾਹੀ ਅਨੰਦ ਅਤੇ ਅਕਹਿ ਤ੍ਰਿਪਤੀ। ਲੋਚਾ, ਲਾਲਚ ਅਤੇ ਲਾਲਸਾਵਾਂ ਦਾ ਅਲੋਪ ਹੋਣਾ।

ਮੁਹੱਬਤ ਤੋਂ ਮੁਹੱਬਤ ਤੀਕ ਦੀ ਯਾਤਰਾ, ਸਭ ਤੋਂ ਸੁਹਾਵਣਾ ਸਫਰ ਅਤੇ ਬਹੁਤ ਘੱਟ ਲੋਕ ਬਣਦੇ ਅਜਿਹੇ ਹਮਰਾਹੀ।

ਮੁਹੱਬਤ ਲਈ ਜਰੂਰੀ ਹੈ ਕਿ ਜ਼ਿੰਦਗੀ ਨੂੰ ਪਿਆਰ ਕਰੋ, ਜਿਹੜੀ ਤੁਹਾਡੀ ਹੈ। ਉਨ੍ਹਾਂ ਨੂੰ ਮੁਹੱਬਤ ਕਰੋ, ਜਿਨ੍ਹਾਂ ਲਈ ਜੀਅ ਰਹੇ ਹੋ। ਜ਼ਿੰਦਗੀ ਤਾਂ ਮੁਹੱਬਤ ਨਾਲ ਹੀ ਖੂਬਸੂਰਤ ਅਤੇ ਪਾਕੀਜ਼ ਹੁੰਦੀ।

ਮੁਹੱਬਤ ਲਈ ਸਭ ਤੋਂ ਜਰੂਰੀ ਹੈ ਕਿ ਖੁਦ ਨੂੰ ਪਿਆਰ ਕਰੋ। ਫਿਰ ਅੰਤਰੀਵੀ ਪਿਆਰ ਬਾਹਰ ਦੇ ਸਫਰ 'ਤੇ ਤੁਰੇਗਾ ਤਾਂ ਤੁਸੀਂ ਮੁਹੱਬਤ ਦਾ ਚਿਰਾਗ ਹਰ ਬਰੂਹਾਂ 'ਤੇ ਧਰ, ਚੌਗਿਰਦੇ ਨੂੰ ਰੌਸ਼ਨੀ ਨਾਲ ਭਰ ਦੇਵੋਗੇ।

ਮੁਹੱਬਤ, ਬੂੰਦ ਦਾ ਵਾਸ਼ਪ ਹੋਣਾ, ਬੱਦਲ ਬਣ ਕੇ ਵਰ੍ਹਨਾ, ਪਾਣੀ ਦਾ ਅਰੋਕ ਵਹਾਅ ਤੇ ਫਿਰ ਸਮੁੰਦਰ ਵਿਚ ਸਮਾਉਣਾ ਅਤੇ ਇਕਮਿਕ ਹੋ ਜਾਣਾ। ਧਰਤ ਤੋਂ ਅੰਬਰ ਅਤੇ ਫਿਰ ਅੰਬਰ ਤੋਂ ਧਰਤੀ 'ਤੇ ਆਉਣ ਦਾ ਸਫਰ ਕਰਨਾ ਜਰੂਰੀ ਹੈ ਬੂੰਦ ਦਾ ਸਮੁੰਦਰ ਵਿਚ ਤਬਦੀਲ ਹੋਣ ਲਈ।

ਕਦੇ ਕਦੇ ਭੈਣਾਂ-ਭਰਾਵਾਂ ਵਿਚਲੀ ਮੁਹੱਬਤੀ ਕਣੀ ਦੀ ਲੋਅ, ਆਪਣੇ ਮਨ ਵਿਚ ਜਰੂਰ ਪੈਦਾ ਕਰਨੀ ਭਾਵੇਂ ਇਹ ਲੋਅ ਆਪਸੀ ਲੋਭ ਅਤੇ ਲਾਲਚ ਦੀ ਕਾਲੀ ਬੋਲੀ ਹਨੇਰੀ ਦਾ ਸ਼ਿਕਾਰ ਹੋ ਚੁਕੀ ਏ।

ਕਦੇ ਕਦੇ ਆਪਣੇ ਰੰਗਾਂ ਵਿਚ ਆਪਣੀ ਹੋਣੀ ਦੇ ਰੰਗਾਂ ਨੂੰ ਵੀ ਲਿਸ਼ਕੋਰਨਾ, ਕਿਉਂਕਿ ਕਈ ਵਾਰ ਮਰ ਕੇ ਜਿਊਣਾ ਅਤੇ ਜਿਉਂਦਿਆਂ ਮਰਨਾ ਵੀ ਮੁਹੱਬਤ ਨੂੰ ਸੱਚੀ ਸੁੱਚੀ ਸ਼ਰਧਾਂਜਲੀ ਹੁੰਦੀ। ਪ੍ਰੇਮ ਦੇ ਮਹਾਂ ਨਾਇਕਾਂ ਦੀ ਹੋਣੀ ਇਸ ਦੀ ਤਸਦੀਕ ਕਰਦੀ ਏ।

ਅਸੀਂ ਮੁਹੱਬਤ ਨੂੰ ਆਪਣੇ ਘਰਾਂ, ਦਰਾਂ ਅਤੇ ਗਰਾਂ ਤੋਂ ਛਿਛਕਾਰ ਦਿੱਤਾ ਏ। ਪਿੰਡ ਦੀ ਜੂਹ ਵਿਚ ਬਾਉਰਿਆਂ ਹਾਰ ਫਿਰਦੀ ਮੁਹੱਬਤ ਨੂੰ ਕੋਈ ਟਿਕਾਣਾ ਹੀ ਨਹੀਂ ਥਿਆਉਂਦਾ। ਕਦੇ ਕਦੇ ਇਸ ਲਈ ਆਪਣੇ ਦਰਾਂ 'ਤੇ ਪਾਣੀ ਡੋਲ੍ਹੋ, ਤੇਲ ਚੋਵੋ ਅਤੇ ਬਨੇਰਿਆਂ ਨੂੰ ਇਸ ਦੇ ਚਾਨਣ ਵਿਚ ਰੁਸ਼ਨਾਓ, ਤਵਾਰੀਖ ਤੁਹਾਡੀ ਸਦਾ ਰਿਣੀ ਰਹੇਗੀ।

# "ਮਨੁ ਪਰਦੇਸੀ ਜੇ ਥੀਐ ਸਭੁ ਦੇਸੁ ਪਰਾਇਆ"

ਮਨ ਮਾਨਵ ਹੈ ਜਾਂ ਇਉਂ ਕਹਿ ਲਈਏ ਕਿ ਮਾਨਵ ਮਨ ਹੈ। ਮਨ ਹੀ ਬੰਦੇ ਨੂੰ ਤਾਰਦਾ ਹੈ ਤੇ ਮਨ ਹੀ ਬੰਦੇ ਨੂੰ ਡੋਬਦਾ ਹੈ। ਜੇ ਮਨ ਕਾਬੂ 'ਚ ਰਹੇ ਤਾਂ ਦੋਸਤ ਹੈ, ਜੇ ਤੁਹਾਨੂੰ ਕਾਬੂ 'ਚ ਕਰ ਲਏ ਤਾਂ ਦੁਸ਼ਮਣ ਹੈ। ਸਾਰਾ ਮਾਮਲਾ ਮਨ ਦੇ ਮੰਨੇ ਜਾਂ ਮਨ ਦੀ ਮੰਨੇ ਦਾ ਹੈ!

ਮਨ ਦੇ ਅਰਥ ਅਤੇ ਇਸ ਦੀ ਵਿਉਤਪਤੀ/ਸ਼ਬਦ ਵਿਗਿਆਨ ਦੀ ਜਾਣਕਾਰੀ ਹਾਸਲ ਕਰਨ ਲਈ ਭਾਈ ਕਾਹਨ ਸਿੰਘ ਨਾਭਾ ਦੇ ਮਹਾਨਕੋਸ਼, ਵਿੱਕੀਪੀਡੀਆ, ਆਨਲਾਈਨ ਐਟੀਮੋਲੋਜੀ ਡਿਕਸ਼ਨਰੀ, ਮੈਰੀਯਮ-ਵੈਬਸਟਰ ਡਿਕਸ਼ਨਰੀ ਸਮੇਤ ਅਸੀਂ ਹੋਰਨਾਂ ਸਰੋਤਾਂ ਦਾ ਸਹਾਰਾ ਲਿਆ।

ਮਹਾਨਕੋਸ਼ ਵਿਚ ਹੀ ਮਨ ਦੇ 13 ਅਰਥ ਕੀਤੇ ਗਏ ਹਨ ਅਤੇ ਕਈਆਂ ਨਾਲ ਗੁਰਬਾਣੀ 'ਚੋਂ ਮਿਸਾਲ ਵਜੋਂ ਟੂਕਾਂ ਵੀ ਦਿੱਤੀਆਂ ਗਈਆਂ ਹਨ। ਇਕ ਥਾਂ ਮਨ ਨੂੰ ਸੰਸਕ੍ਰਿਤ ਧਾਤੁ ਸ਼ਬਦ ਦੇ ਅਰਥਾਂ ਵਿਚ ਸਮਝਣਾ, ਵਿਚਾਰਨਾ ਕੀਤਾ ਗਿਆ ਹੈ। ਫਿਰ ਇਸ ਦਾ ਅਰਥ ਦਿਲ ਵੀ ਕੀਤਾ ਗਿਆ ਹੈ, 'ਜਿਨਿ ਮਨੁ ਰਾਖਿਆ ਅਗਨੀ ਪਾਇ॥' ਇਹ ਅੰਤਹਕਰਣ ਵੀ ਹੈ, 'ਮਨ ਮੇਰੇ ਗੁਰ ਕੀ ਮੰਨਿ ਲੈ ਰਜਾਏ' ਅਤੇ ਖਿਆਲ ਵੀ 'ਬੀਸ ਬਿਸਵੇ ਗੁਰ

**ਪ੍ਰੋ. ਜਸਵੰਤ ਸਿੰਘ ਗੰਡਮ, ਫਗਵਾੜਾ**
**ਫੋਨ: 91-98766-55055**

ਕਾ ਮਨੁ ਮਾਨੈ॥' (ਅੰਤਹਕਰਣ ਲਈ ਮਨੂਆ ਸ਼ਬਦ ਵੀ ਵਰਤਿਆ ਗਿਆ ਹੈ, 'ਮਨੂਆ ਅਸਥਿਰੁ ਸਬਦੇ ਰਾਤਾ॥') ਮਨ ਦਾ ਅਰਥ ਜੀਵ ਆਤਮਾ ਵੀ ਹੈ, "ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥" "ਇਸੁ ਮਨ ਕਉ ਨਹੀ ਆਵਨ ਜਾਨਾ॥" ਮਨਨ ਦੀ ਥਾਂ ਵੀ ਮਨ ਸ਼ਬਦ ਆਇਆ ਹੈ, "ਮਨ ਮਹਿ ਮਨੂਆ ਚਿਤ ਮਹਿ ਚੀਤਾ॥" (ਭਾਵ ਮਨਨ (ਵਿਚਾਰ) ਵਿਚ ਮਨ ਤੇ ਚਿੰਤਨ ਵਿਚ ਚਿੱਤ) ਹੋਰ ਅਰਥਾਂ 'ਚ ਮਨਹਿ/ਮਨਿ, ਭਾਵ ਮਨ 'ਚ, ਦਿਲ 'ਚ, "ਮਨਹਿ ਕਮਾਵੈ ਮੁਖਿ ਹਰਿ ਹਰਿ ਬੋਲੈ", ਮਨਹੁ ਭਾਵ ਮਨ ਤੋਂ-"ਮਨਹੁ ਛੋਡਿ ਵਿਕਾਰ।" ਸੰਬੋਧਨ ਦੇ ਤੌਰ 'ਤੇ ਮਨਾ, ਭਾਵ ਹੇ ਮਨੁ, ਦਾ ਵੀ ਜ਼ਿਕਰ ਹੈ। ਮਨਿ, ਮੰਨਦੇ ਦੇ ਰੂਪ ਵਿਚ ਵੀ ਆਉਂਦਾ ਹੈ, "ਮਨਿ ਜੀਤੈ ਜਗੁ ਜੀਤੁ॥" ਮਨੈ, ਮਨੇ, ਮਨਹਿ ਭਾਵ ਮਨ ਵਿਚ ਆਦਿ ਦੇ ਰੂਪ ਵਿਚ ਵੀ ਇਹ ਸ਼ਬਦ ਅਇਆ ਹੈ।

ਮਨੁ ਦਾ ਅਰਥ ਦਾਨਾ, ਵਿਚਾਰਵਾਨ, ਵਿਵੇਕੀ ਵੀ ਕੀਤਾ ਗਿਆ ਹੈ-"ਮਨੁ ਰਾਜਾ ਮਨੁ ਮਨ ਤੇ ਮਾਨਿਆ ਮਨਸਾ ਮਨਿਹ ਸਮਾਈ॥" ਸੰਗਯਾ ਵਜੋਂ ਸੰਸਕ੍ਰਿਤ ਮੂਲ ਦੇ ਸ਼ਬਦ 'ਮਾਨਸ' ਦੇ ਤੌਰ 'ਤੇ ਇਸ ਦਾ ਅਰਥ ਮਨੁੱਖ, ਆਦਮੀ ਵੀ ਹੈ-"ਜੇਤੇ ਸਾਸ ਗ੍ਰਾਸ ਮਨੁ ਲੇਤਾ ਤੇਤੇ ਹੀ ਗੁਨ ਗਾਈਐ॥" ਗੁਰਬਾਣੀ ਵਿਚ 'ਮਾਨਸ' ਸ਼ਬਦ ਇਸ ਤਰ੍ਹਾਂ ਵੀ ਆਉਂਦਾ ਹੈ-'ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ॥" 'ਮਾਣਸ' ਸ਼ਬਦ ਵੀ ਵਰਤਿਆ ਗਿਆ ਹੈ-'ਮਾਣਸ ਜਨਮੁ ਦੁਲੰਭੁ ਗੁਰਮੁਖਿ ਪਾਇਆ॥' ਮਨ ਦੇ ਅਰਥ ਮਮਤਵ, ਮਮਤਾ ਦੇ ਤੌਰ 'ਤੇ ਵੀ ਕੀਤੇ ਗਏ ਹਨ-"ਮਨੁ ਮਹਿ ਮਨੂਆ ਜੇ ਮਰੈ ਤਾ ਪਿਰੁ ਰਾਵੈ ਨਾਰਿ॥" ਇਸ ਤੋਂ ਇਲਾਵਾ ਬੁਧ, ਸੂਝ-ਸਮਝ, ਦੇਹੀ ਆਦਿ ਦੇ ਤੌਰ 'ਤੇ ਵੀ ਇਹ ਸ਼ਬਦ ਆਉਂਦਾ ਹੈ।

ਅੰਗਰੇਜ਼ੀ ਵਿਚ ਮਨ ਨੂੰ 'ਮਾਈਂਡ' ਕਹਿੰਦੇ ਹਨ। ਇਸ ਸ਼ਬਦ ਦੇ ਮੂਲ/ਜੜ੍ਹ ਸਬੰਧੀ ਜਿੰਨੇ ਸਰੋਤਾਂ ਦਾ ਅਸੀਂ ਸਹਾਰਾ ਲਿਆ, ਲਗਭਗ ਸਭ ਨੇ, ਹੋਰਨਾਂ ਅਰਥਾਂ ਤੋਂ ਇਲਾਵਾ, ਇਸ ਦੇ ਦੋ ਅਰਥ 'ਚੇਤਾ' (ਯਾਦ) ਅਤੇ 'ਚਿੰਤਨ' (ਸੋਚਣਾ) ਕੀਤੇ ਹਨ, ਯਾਨਿ ਮਨ ਬੰਦੇ ਦੀ ਯਾਦਦਾਸ਼ਤ ਅਤੇ ਸੋਚਣ ਵਾਲਾ ਪੱਖ ਹੈ। ਇਹ ਅਹਿਸਾਸ ਵੀ ਹੈ ਅਤੇ ਵਿਵੇਕ ਵੀ। ਖਿਆਲਾਂ ਦਾ ਸਮੂਹ।

ਸ਼ਬਦ-ਵਿਗਿਆਨ ਇਸ ਦਾ ਮੂਲ ਜਰਮੈਨਿਕ ਦੇ ਸ਼ਬਦ 'ਮਿੰਨੀ', ਪੁਰਾਤਨ ਅੰਗਰੇਜ਼ੀ ਦੇ 'ਜੇਮਾਈਂਡ', ਸੰਸਕ੍ਰਿਤ ਦੇ 'ਮਾਨਸ' ਅਤੇ ਲਾਤੀਨੀ ਦੇ 'ਮੈਨਜ਼' ਦਸਦੈ। ਇਨ੍ਹਾਂ ਸਭ ਦਾ ਅਰਥ ਚੇਤਾ ਅਤੇ ਚਿੰਤਨ ਹੈ। ਮੈਰੀਯਮ-ਵੈਬਸਟਰ ਡਿਕਸ਼ਨਰੀ ਤਾਂ ਇਸ ਨੂੰ ਪਰਿਭਾਸ਼ਿਤ ਕਰਦਿਆਂ 10 ਅਰਥ ਦਸਦੀ ਹੈ (ਜੇ ਕੁਝ ਮੁੱਖ ਅਰਥਾਂ ਨਾਲ ਕੀਤੇ ਉੱਪ-ਅਰਥ ਪਾ ਲਈਏ ਤਾਂ ਗਿਣਤੀ 14-15 ਹੋ ਜਾਂਦੀ ਹੈ); ਪਰ 'ਮੈਮੋਰੀ' (ਯਾਦ-ਸ਼ਕਤੀ) ਅਤੇ 'ਥਿੰਕਿੰਗ/ਥਾਟ' (ਚਿੰਤਨ/ਵਿਚਾਰ) ਵਾਲੇ ਅਰਥ ਸਭ ਕਰਦੇ ਹਨ।

ਸਿਗਮੈਂਡ ਫਰਾਇਡ, ਜੋ ਮਨੋ-ਵਿਸ਼ਲੇਸ਼ਣ ਵਿਧੀ ਦਾ ਪਿਤਾਮਾ ਹੈ, ਅਨੁਸਾਰ ਮਨ ਤਿੰਨ ਅਵਸਥਾਵਾਂ-ਚੇਤਨ, ਉਪਚੇਤਨ ਅਤੇ ਅਚੇਤਨ

***ਦਰਅਸਲ ਮਨ ਦਾ ਪਰਦੇਸ ਆਪਣੇ ਮੂਲ ਨਾਲੋਂ ਟੁੱਟਣਾ ਹੈ। ਗੁਰੂ ਤੋਂ ਬੇਮੁਖ ਹੋ ਜਾਣਾ ਹੈ। ਉਚਾਟ, ਉਦਾਸ, ਉਪਰਾਮ, ਉਦਾਸੀਨ, ਓਪਰਾਪਨ ਮਹਿਸੂਸ ਕਰਨਾ ਹੈ। ਇਹ ਮਨ ਦਾ ਉਖੜੇਂਵਾਂ ਹੈ, ਖਿੰਡਾਉ ਹੈ। ਪਰਦੇਸੀਆਂ ਵਾਂਗ ਹੇਰਵੇ ਅਤੇ ਵਿਗੋਚੇ ਵਿਚ ਰਹਿਣਾ ਹੈ। ਆਪਣੇ ਕੇਂਦਰ, ਧੁਰੇ, ਮੂਲ ਤੋਂ ਵੱਖ ਹੋਣਾ ਹੈ। ਅੰਗਰੇਜ਼ੀ ਦਾ ਕਵੀ ਵਿਲੀਯਮ ਯੇਟਸ ਆਪਣੀ ਇਕ ਕਵਿਤਾ ਵਿਚ ਕਹਿੰਦੈ-'ਸ਼ੈਆਂ ਦੀ ਚੂਲ ਹਿੱਲ ਗਈ ਹੈ, ਕੇਂਦਰ/ਧੁਰਾ ਇਨ੍ਹਾਂ ਨੂੰ ਪਕੜ ਵਿਚ ਨਹੀਂ ਰਖ ਸਕਦੈ।'***



ਵਿਚ ਵਿਚਰਦਾ ਹੈ। ਦਿਮਾਗ, ਦੇਹ ਅਤੇ ਮਨ ਦੇ ਅੰਤਰ-ਸਬੰਧਾਂ ਬਾਰੇ ਵਿਚਾਰਾਂ ਦੇ ਸਕੂਲ ਵੀ ਤਿੰਨ ਹਨ।

ਅੰਗਰੇਜ਼ੀ ਦਾ ਕਵੀ ਜੌਹਨ ਮਿਲਟਨ ਆਪਣੀ ਪ੍ਰਸਿੱਧ ਰਚਨਾ "ਪੈਰਾਡਾਈਜ਼ ਲੌਸਟ" (ਗੁਆਚਾ ਸੁਰਗ) ਵਿਚ ਮਨ ਦੀ ਸ਼ਕਤੀ ਬਾਰੇ ਕਹਿੰਦਾ ਹੈ, "ਮਨ ਦਾ ਆਪਣੇ ਆਪ ਵਿਚ ਇਕ ਆਪਣਾ ਅਸਥਾਨ ਹੈ ਅਤੇ ਇਹ ਇਸ ਵਿਚ ਵਿਚਰਦਿਆਂ ਨਰਕ ਨੂੰ ਸੁਰਗ ਅਤੇ ਸੁਰਗ ਨੂੰ ਨਰਕ ਬਣਾ ਸਕਦੈ।" ਨੈਪੋਲੀਅਨ ਹਿੱਲ ਤਾਂ ਇਥੋਂ ਤੱਕ ਕਹਿੰਦੈ ਕਿ ਤੁਹਾਡਾ ਮਨ ਜੋ ਕਲਪਿਤ ਕਰ ਸਕਦੈ ਤੇ ਵਿਸ਼ਵਾਸ ਕਰ ਕਰਦੈ, ਉਸ ਨੂੰ ਪ੍ਰਾਪਤ ਕਰ ਸਕਦੈ। ਗੁਰਬਾਣੀ ਵਿਚ ਮਨ ਨੂੰ ਸ਼ਕਤੀ ਕਿਹਾ ਗਿਐ-'ਇਹ ਮਨੁ ਸਕਤੀ ਇਹੁ ਮਨੁ ਸੀਉ॥ ਇਹ ਮਨੁ ਪੰਚ ਤਤ ਕੋ ਜੀਉ॥' ਇਸ ਨੂੰ ਮੰਦਰ, ਦੇਹੁਰਾ, ਮੱਕਾ ਤਕ ਕਿਹਾ ਗਿਐ-"ਮਨੁ ਮੰਦਰੁ ਤਨੁ ਵੇਸ ਕਲੰਦਰੁ ਘਟ ਹੀ ਤੀਰਥਿ ਨਾਵਾ॥" "ਮਨੁ ਕਰਿ ਮਕਾ ਕਿਬਲਾ ਕਰ ਦੇਹੀ॥"

ਗੁਰਬਾਣੀ ਵਿਚ ਮਨ ਬਾਰੇ ਸੈਂਕੜੇ ਟੂਕਾਂ ਹਨ। ਮਨ ਨੂੰ ਸਮਝਾਉਣ ਲਈ ਉਸ ਨੂੰ ਪਿਆਰਾ, ਮਿੱਤਰ ਕਿਹਾ ਗਿਆ, ਪਰ ਝਿੜਕਣ ਵੇਲੇ ਮੁਗਧ, ਮੂੜ (ਮੂਰਖ) ਵੀ ਕਿਹਾ ਗਿਐ। ਇਥੋਂ ਤੱਕ ਕਿ (ਵਿਗੜੈਲ) ਮਨ ਲਈ 'ਸੁਣਿ ਮਨ ਅੰਧੇ ਕੁਤੇ ਕੂੜਿਆਰ' ਵਰਗੇ ਸਖਤ ਸ਼ਬਦ ਵੀ ਵਰਤੇ ਗਏ ਹਨ।

ਪਹਿਲਾਂ ਵੀ ਗੁਰਬਾਣੀ ਦੀਆਂ ਟੂਕਾਂ ਨੂੰ ਦ੍ਰਿਸ਼ਟਾਂਤ ਹਿਤ ਉਪਰ ਕੋਟ ਕੀਤਾ ਗਿਐ। ਇਥੇ ਕੁਝ ਕੁ ਟੂਕਾਂ ਹੋਰ ਪੇਸ਼ ਕਰਦੇ ਹਾਂ:

-ਮਨੁ ਨ ਡਿਗੈ ਤਨੁ ਕਾਹੇ ਕਉ ਡਰਾਇ॥

-ਇਸ ਮਨੁ ਕਉ ਕੋਈ ਖੋਜਹੁ ਭਾਈ॥

-ਮਨ ਸਮਝਾਵਨ ਕਾਰਨੇ ਕਛੂਅਕ ਪੜੀਐ ਗਿਆਨ॥

-ਮਨ ਕਿਉ ਬੈਰਾਗੁ ਕਰਹਿਗਾ ਸਤਿਗੁਰੁ ਮੇਰਾ ਪੂਰਾ॥

-ਜਨਮ ਜਨਮ ਕੀ ਇਸੁ ਮਨ ਕਉ ਮਲ ਲਾਗੀ ਕਾਲਾ ਹੋਆ ਸਿਆਹੁ॥

-ਮਨ ਪਿਆਰਿਆ ਜੀਉ ਮਿਤ੍ਰਾ ਹਰਿ ਨਾਮੁ ਜਪਤ ਪਰਗਾਸੋ॥

-ਕਬੀਰ ਮਨੁ ਜਾਨੈ ਸਭ ਬਾਤ ਜਾਨਤ ਹੀ ਅਉਗਨੁ ਕਰੈ॥

ਕਾਹੇ ਕੀ ਕੁਸਲਾਤ ਹਾਥਿ ਦੀਪੁ ਕੂਏ ਪਰੈ॥

-ਮਨੁ ਪਾਰਾ ਗੁਰਮੁਖਿ ਵਸਿ ਆਣੈ॥ (ਭਾਈ ਗੁਰਦਾਸ)

ਮਨ ਨਾਲ ਸਬੰਧਤ ਅਨੇਕਾਂ ਅਖਾਣ ਅਤੇ ਮੁਹਾਵਰੇ ਹਨ:

ਮਨ ਹਰਾਮੀ ਹੁਜਤਾਂ ਢੇਰ; ਮਨ ਹੋਵੇ ਚੰਗਾ, ਤਦ ਕਾਠੜੇ ਵਿਚ ਗੰਗਾ; ਮਨ ਹੌਲਾ ਹੋਣਾ, ਮਨ ਨੂੰ ਮੁੱਠੀ ਵਿਚ ਕਰਨਾ, ਮਨ ਦੀਆਂ ਖੇਪਾਂ ਲੱਦਣੀਆਂ, ਮਨ ਦੇ ਲੱਡੂ ਭੋਰਨੇ, ਮਨ ਨੂੰ ਹਵਾ ਲੁਆਉਣੀ, ਮਨ ਨੂੰ ਲਾਉਣੀ, ਮਨ ਭਰਨਾ, ਮਨ ਮਸੋਸ ਕੇ ਰਹਿ ਜਾਣਾ, ਮਨ ਨੂੰ ਸ਼ਾਂਤੀ ਮਿਲਣੀ, ਮਨ ਆਪਣੇ ਨੂੰ ਪੂਛ ਕੇ ਕੀਜੇ ਕੁਲ ਕੀ ਰੀਤ, ਮਨ ਮਰਜ਼ੀ ਦੇ ਸੱਚੇ ਵਿਚ ਢਾਲਣਾ, ਮਨ ਮਾਰਨਾ, ਮਨ ਮੈਲਾ ਕਰਨਾ, ਮਨ ਲੱਗਣੀ, ਮਨ ਲੈਣਾ, ਮਨ ਦੇ ਲੱਡੂਆਂ ਨਾਲ ਭੁੱਖ ਨਹੀਂ ਜਾਂਦੀ; ਖਾਈਏ ਮਨ ਭਾਉਂਦਾ, ਪਾਈਏ ਜਗ ਭਾਉਂਦਾ; ਮਨ ਮਿਲੇ ਦਾ ਮੇਲਾ ਤੇ ਚਿਤ ਮਿਲੇ ਦਾ ਚੇਲਾ, ਮਨ ਮੰਗੇ ਪਾਤਸ਼ਾਹੀਆਂ, ਮੈਂ ਕਿਥੋਂ ਕੱਢਾਂ; ਮਨ ਕੇ ਜੀਤੇ ਜੀਤ ਹੈ, ਮਨ ਕੇ ਹਾਰੇ ਹਾਰ; ਧਰਤੀ ਫਾਟੇ ਮੇਘ ਮਿਲੇ, ਕਪੜਾ ਫਾਟੇ ਡੋਰ, ਤਨ ਫਾਟੇ ਕੋ ਔਸ਼ਧੀ, ਮਨ ਫਾਟੇ ਨਹੀਂ ਠੋਰ ਆਦਿ।

ਮਨ ਦੀ ਤਾਂ ਹੋ ਗਈ, ਹੁਣ ਪਰਦੇਸ ਦੀ ਗੱਲ ਕਰਦੇ ਹਾਂ। ਇਹ ਦੋ ਸ਼ਬਦਾਂ ਦਾ ਜੋੜ ਹੈ-ਪਰ+ਦੇਸ਼ ਭਾਵ ਦੂਸਰਾ ਦੇਸ਼/ਵਿਦੇਸ਼ ਜਾਂ ਦੂਸਰੀ ਥਾਂ-"ਪਰਦੇਸੁ ਝਾਗਿ ਸਉਦੈ ਕਉ ਆਇਆ॥" (ਗੁਰਬਾਣੀ) ਇਸ ਦਾ ਅਰਥ ਜਨਮਾਂਤਰ ਅਤੇ ਪਰਲੋਕ ਵੀ ਕੀਤਾ ਗਿਆ ਹੈ। ਸ਼ਬਦ ਪ੍ਰਦੇਸੁ ਵੀ ਆਉਂਦੈ-"ਤਨਿ ਸੁਗੰਧ ਢੂਢੈ ਪ੍ਰਦੇਸੁ॥" (ਗੁਰਬਾਣੀ)

ਮਨ ਪਰਦੇਸੀ ਹੋਣ ਦਾ ਅਰਥ ਹੈ-ਮਨ ਦਾ ਉਪਰਾਮ, ਉਦਾਸੀਨ, ਓਪਰਾ, ਅਜਨਬੀ ਹੋਣਾ-"ਮਨੁ ਪਰਦੇਸੀ ਜੇ ਥੀਐ ਸਭੁ ਦੇਸੁ ਪਰਾਇਆ॥" (ਭਾਵ ਜੇ ਮਨ ਪ੍ਰਭੂ ਪ੍ਰਤੀ ਅਜਨਬੀ/ਓਪਰਾ ਹੋ ਜਾਏ ਤਾਂ ਸਾਰੀ ਦੁਨੀਆਂ ਮਨ ਪ੍ਰਤੀ ਬੇਗਾਨੀ/ਉਦਾਸੀਨ ਹੋ ਜਾਂਦੀ ਹੈ)" (ਸੂਹੀ ਛੰਤ ਮ.1)

ਪਰਦੇਸ ਨਾਲ ਵਿਛੋੜਾ ਜੁੜਿਆ ਹੈ। 1995 ਦੀ ਬਲਾਕਬਸਟਰ ਫਿਲਮ 'ਦਿਲ ਵਾਲੇ ਦੁਲਹਨੀਆਂ ਲੇ ਜਾਏਂਗੇ' ਵਿਚ ਵਾਰ ਵਾਰ ਵਾਸਤਾ ਪਾਇਆ ਗਿਐ-'ਬਾਗੋਂ ਮੇਂ ਝੂਲੋਂ ਕੇ ਮੌਸਮ ਵਾਪਿਸ ਆਏ ਰੇ, ਘਰ ਆ ਜਾ ਪ੍ਰਦੇਸੀ ਤੇਰਾ ਦੇਸ ਬੁਲਾਏ ਰੇ॥" 1996 ਦੀ ਬਾਲੀਵੁਡ ਫਿਲਮ 'ਰਾਜਾ ਹਿੰਦੁਸਤਾਨੀ' ਵਿਚ ਤਾਂ ਪੁਕਾਰ ਕੀਤੀ ਗਈ ਹੈ-'ਪਰਦੇਸੀ ਪਰਦੇਸੀ ਜਾਨਾ ਨਹੀਂ ਮੁਝੇ ਛੋੜ ਕੇ ਮੁਝੇ ਛੋੜ ਕੇ।' 1965 ਦੀ ਫਿਲਮ 'ਜਬ ਜਬ ਫੂਲ ਖਿਲੇ' ਤਾਂ ਚਿਤਾਵਨੀ ਵਰਗੀ ਸਲਾਹ ਦਿੰਦੀ ਹੈ-'ਪਰਦੇਸੀਉਂ ਸੇ ਨਾ ਅੱਖੀਆਂ ਮਿਲਾਨਾ, ਪਰਦੇਸੀਉਂ ਕੋ ਹੈ ਇਕ ਦਿਨ ਜਾਨਾ।' 1968 ਦੀ ਇਕ ਫਿਲਮ 'ਦੋ ਦੂਨੀ ਚਾਰ' ਵਿਚ ਕਿਸ਼ੋਰ ਕੁਮਾਰ ਦੀ ਮਿੱਠੀ ਆਵਾਜ਼ ਤੇ ਮਧੁਰ ਸੰਗੀਤ ਵਿਚ ਇਕ ਮਖਮਲੀ ਗੀਤ ਹੈ- 'ਹਵਾਉਂ ਪੇ ਲਿਖ ਦੋ ਹਵਾਉਂ ਕੇ ਨਾਮ, ਹਮ ਅਨਜਾਨ ਪ੍ਰਦੇਸੀਉਂ ਕਾ ਸਲਾਮ।' 1982 ਦੀ ਫਿਲਮ 'ਦੁਸ਼ਮਨ' ਵਿਚ ਆਪਣੀ ਸੋਜ਼ਮਈ ਆਵਾਜ਼ ਵਿਚ ਗਾ ਕੇ ਜਗਜੀਤ ਸਿੰਘ ਨੇ ਭਾਵੁਕਤਾ ਦੀ ਹੱਦ ਕਰ ਦਿੱਤੀ-"ਚਿੱਠੀ ਨਾ ਕੋਈ ਸੰਦੇਸ਼ ਜਾਨੇ ਵੋ ਕੌਨ ਸਾ ਦੇਸ, ਜਹਾਂ ਤੁਮ ਚਲੇ ਗਏ।" 1986 ਦੀ ਫਿਲਮ 'ਨਾਮ' ਵਿਚ ਪੰਕਜ ਉਦਾਸ ਦੀ ਗਾਈ ਗਜ਼ਲ ਵੀ ਬਹੁਤ ਭਾਵੁਕ ਕਰਦੀ ਐ-"ਚਿੱਠੀ ਆਈ ਹੈ ਆਈ ਹੈ ਚਿੱਠੀ ਆਈ ਹੈ, ਚਿੱਠੀ ਆਈ ਹੈ ਵਤਨ ਸੇ ਚਿੱਠੀ ਆਈ ਹੈ; ਬੜੇ ਦਿਨੋਂ ਕੇ ਬਾਅਦ, ਹਮ ਬੇਵਤਨੋਂ ਕੋ ਯਾਦ ਵਤਨ ਕੀ ਮਿੱਟੀ ਆਈ ਹੈ।"

ਪਰਦੇਸ ਵਿਚਲੀ ਬੇਗਾਨਗੀ ਅਤੇ ਮਾਨਸਿਕ ਪੀੜਾ ਦੀ ਤਸਵੀਰ ਸੁਰਜੀਤ ਪਾਤਰ ਦੇ ਇਸ ਸ਼ੇਅਰ ਵਿਚ ਬਾਖੂਬੀ ਬਿਆਨ ਕੀਤੀ ਗਈ ਹੈ:

ਜੋ ਬਦੇਸ਼ਾਂ 'ਚ ਰੁਲਦੇ ਨੇ ਰੋਜ਼ੀ ਲਈ
ਉਹ ਜਦੋਂ ਦੇਸ ਪਰਤਣਗੇ ਆਪਣੇ ਕਦੀ,
ਕੁਝ ਤਾਂ ਸੇਕਣਗੇ ਮਾਂ ਦੇ ਸਿਵੇ ਦੀ ਅਗਨ
ਬਾਕੀ ਕਬਰਾਂ ਦੇ ਰੁਖ ਹੇਠ ਜਾ ਬਹਿਣਗੇ।

ਇਸੇ ਲਈ ਉਸ ਦਾ ਇਕ ਹੋਰ ਸ਼ੇਅਰ ਪੀੜ-ਪਰੁੱਚਾ ਪ੍ਰਸ਼ਨ ਕਰਦੈ:

ਕਿਧਰ ਗਏ ਓਂ ਪੁੱਤਰੋ ਦਲਾਲਾਂ ਦੇ ਆਖੇ
ਮਰਨ ਲਈ ਕਿਤੇ ਦੂਰ ਮਾਂਵਾਂ ਤੋਂ ਚੋਰੀ।

ਸ਼ਿਵ ਕੁਮਾਰ ਬਟਾਲਵੀ ਦੀ ਇਕ ਰਚਨਾ 'ਪਰਦੇਸ ਵੱਸਣ ਵਾਲਿਆ' ਵਿਚ ਪਰਦੇਸ ਦੇ ਵਿਛੋੜੇ ਦੇ ਸੱਲ੍ਹ ਦੀ ਗੱਲ ਕੀਤੀ ਗਈ ਹੈ-"ਰੋਜ਼ ਜਦ ਆਥਣ ਦਾ ਤਾਰਾ ਅੰਬਰਾਂ 'ਤੇ ਚੜ੍ਹੇਗਾ, ਕੋਈ ਯਾਦ ਤੈਨੂੰ ਕਰੇਗਾ! ਪਰਦੇਸ ਵੱਸਣ ਵਾਲਿਆ!"

ਉਸ ਦਾ ਲਿਖਿਆ ਗੀਤ ਫਿਲਮ 'ਨੀਮ ਹਕੀਮ' ਵਿਚ ਆਸ਼ਾ ਭੌਂਸਲੇ ਨੇ ਗਾਇਆ ਹੈ, ਜਿਸ ਵਿਚ ਪਰਦੇਸ ਕਾਰਨ ਪੈਂਦੇ ਵਿਛੋੜੇ, ਜੋ ਲੜਕੀਆਂ ਦੀ ਹੋਣੀ ਹੀ ਹੈ, ਦੀ ਗੱਲ ਕੀਤੀ ਗਈ ਹੈ:

ਮੈਂ ਅੱਗ ਟੁਰੀ ਪਰਦੇਸ ਨੀ ਸਈਉ...
ਛੱਡ ਸਈਆਂ ਦੇ ਭਰੇ ਤ੍ਰਿੰਜਣ
ਛੱਡ ਸੱਜਣ ਦਾ ਦੇਸ ਨੀ ਸਈਉ...।

ਕੂੰਜਾਂ ਦਾ ਪਰਦੇਸ-ਪਰਵਾਸ ਤਾਂ ਲੋਕ-ਗਾਥਾਈ ਹੈ। ਇਸ ਦਾ ਜ਼ਿਕਰ ਗੁਰਬਾਣੀ ਵਿਚ ਵੀ ਹੈ-"ਊਡੇ ਊਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ॥"

ਇਕ ਰਚਨਾ ਵਿਚ ਮੋਰਾਂ ਅਤੇ ਕੂੰਜਾਂ ਦਾ ਪਰਦੇਸ ਬਾਰੇ ਬੜਾ ਰੌਚਕ ਕਾਵਿਕ ਸੰਵਾਦ ਹੈ:

ਮੋਰ ਪੁਛੀਂਦੇ ਕੂੰਜਾਂ ਕੋਲੋਂ
ਤੁਸਾਂ ਨਿਤ ਪਰਦੇਸ ਤਿਆਰੀ।
ਉ ਜਾਂ ਤਾਂ ਤੁਹਾਡਾ ਵਤਨ ਕੁਚੱਜੜਾ
ਜਾਂ ਲੇਖੀਂ ਨਿਤ ਉਡਾਰੀ।
ਉ ਬਚੜੇ ਛੋੜ ਪਰਦੇਸਣ ਹੋਈਓ
ਤੁਸਾਂ ਉਮਰ ਬਿਹਾ ਲਈ ਸਾਰੀ।
ਮੋਰਾਂ ਨੂੰ ਸਮਝਾਉਣ ਲੱਗੀਆਂ
ਉ ਕੂੰਜਾਂ ਵਾਰੋ ਵਾਰੀ।
ਧੁਰੋਂ ਲਿਖੀਆਂ ਨੂੰ ਕੋਈ ਮੇਟ ਨਹੀਂ ਸਕਦਾ,
ਸਭ ਦਾਤੇ ਚੋਜ ਖਿਲਾਰੀ।

ਕਹਿੰਦੇ ਹਨ, ਕੰਧ ਓਹਲੇ ਪਰਦੇਸ! ਭਲਾ ਜੇ ਕੰਧ ਓਹਲੇ ਪਰਦੇਸ ਹੈ ਤਾਂ ਫਿਰ ਸੱਚੀ-ਮੁੱਚੀਂ ਦੇ ਪਰਦੇਸ 'ਚ ਕਿੰਨੀਆਂ ਕੰਧਾਂ ਦਾ ਓਹਲਾ ਹੋਵੇਗਾ ਜਾਂ ਕਿੰਨੇ ਕੁ ਪਰਦੇਸ ਹੋਣਗੇ?

ਇਹ ਵੀ ਕਿਹਾ ਜਾਂਦੈ ਕਿ ਦੇਸ ਚੋਰੀ ਪਰਦੇਸ ਭਿੱਖਿਆ।

ਪਰਦੇਸ ਦਾ ਇਕ ਅਰਥ ਪ੍ਰਲੋਕ ਵੀ ਹੈ। ਪ੍ਰਲੋਕ ਉਹ ਲੋਕ ਹੈ, ਜਿਥੇ ਜਾ ਕੇ ਪਰਦੇਸੀ ਪਰਤਦਾ ਨਹੀਂ ਜਾਂ ਫਿਰ ਪਰਤ ਹੀ ਨਹੀਂ ਸਕਦਾ। ਇਸ ਲੋਕ ਵਿਚ ਪ੍ਰਾਣੀ ਪ੍ਰੀਤਮ ਨੂੰ ਮਿਲਣ ਦੀ ਲੋਚਾ ਕਰਕੇ ਜਾਂਦੈ, ਪਰ 'ਪ੍ਰੀਤਮ ਕੇ ਦੇਸ ਕੈਸੇ ਬਾਤਨ ਕੈ ਜਾਈਐ' (ਭਾਈ ਗੁਰਦਾਸ) ਪ੍ਰੀਤਮ ਦੇ ਦੇਸ ਤਾਂ ਉਹੀ ਪ੍ਰਾਣੀ ਜਾ ਸਕੇਗਾ, ਜਿਸ ਦੀ ਪ੍ਰੀਤਮ ਨਾਲ ਨਿਰਮਲ ਪ੍ਰੀਤ ਹੋਵੇਗੀ! ਫਿਰ ਐਸਾ ਪ੍ਰਾਣੀ ਭਲਾ ਉਸ ਪਰਦੇਸ ਤੋਂ ਆਪਣੇ ਪਹਿਲੇ ਦੇਸ ਕਿਉਂ ਪਰਤੇਗਾ? ਪ੍ਰੀਤਮ 'ਚ ਅਭੇਦ ਹੋ ਕੇ ਪ੍ਰੀਤਮ ਦਾ ਰੂਪ ਹੀ ਨਾ ਹੋ ਜਾਏਗਾ?

ਆਉ ਜ਼ਰਾ ਹੁਣ ਤਨ ਦੇ ਪਰਦੇਸ ਦੀ ਗੱਲ ਵੀ ਕਰ ਲਈਏ। ਤਨ ਦਾ ਪਰਦੇਸ ਇਕ ਥਾਂ ਤੋਂ ਦੂਸਰੀ ਥਾਂ ਹਿਜਰਤ ਕਰਨ ਕਾਰਨ ਵਾਪਰਦੈ। ਇਹ ਸਰੀਰ ਦਾ ਸਥਾਨਿਕਤਾ ਤੋਂ ਸੰਸਾਰਿਕਤਾ ਦਾ ਸਫਰ ਹੈ।

ਤਨ ਨੂੰ ਬਾਹਰਲੇ ਮੁਲਕਾਂ ਵਿਚ ਜਾਣ ਲਈ ਸੌ ਪਟੌਂਟੇ ਕਰਨੇ ਪੈਂਦੇ ਹਨ, ਪਾਸਪੋਰਟ, ਵੀਜ਼ਾ, ਆਈਲੈਟਸ ਤੇ ਹੋਰ ਪਤਾ ਨਹੀਂ ਕੀ ਕੀ। ਲੱਖਾਂ ਰੁਪਏ ਖਰਚ ਕਰਨੇ ਪੈਂਦੇ ਹਨ। ਕੀ ਮਨ ਵੀ ਇੰਗਲੈਂਡ, ਕੈਨੇਡਾ, ਅਮਰੀਕਾ, ਦੁੱਬਈ ਜਾਂ ਹੋਰ ਮੁਲਕਾਂ ਦੇ ਪਰਦੇਸ ਚਲੇ ਜਾਂਦੈ?

ਦਰਅਸਲ ਮਨ ਦਾ ਪਰਦੇਸ ਆਪਣੇ ਮੂਲ ਨਾਲੋਂ ਟੁੱਟਣਾ ਹੈ। ਗੁਰੂ ਤੋਂ ਬੇਮੁਖ ਹੋ ਜਾਣਾ ਹੈ। ਉਚਾਟ, ਉਦਾਸ, ਉਪਰਾਮ, ਉਦਾਸੀਨ, ਓਪਰਾਪਨ ਮਹਿਸੂਸ ਕਰਨਾ ਹੈ। ਇਹ ਮਨ ਦਾ ਉਖੜੇਂਵਾਂ ਹੈ, ਖਿੰਡਾਉ ਹੈ। ਪਰਦੇਸੀਆਂ ਵਾਂਗ ਹੇਰਵੇ ਅਤੇ ਵਿਗੋਚੇ ਵਿਚ ਰਹਿਣਾ ਹੈ। ਆਪਣੇ ਕੇਂਦਰ, ਧੁਰੇ, ਮੂਲ ਤੋਂ ਵੱਖ ਹੋਣਾ ਹੈ। ਅੰਗਰੇਜ਼ੀ ਦਾ ਕਵੀ ਵਿਲੀਯਮ ਯੇਟਸ ਆਪਣੀ ਇਕ ਕਵਿਤਾ ਵਿਚ ਕਹਿੰਦੈ-'ਸ਼ੈਆਂ ਦੀ ਚੂਲ ਹਿੱਲ ਗਈ ਹੈ, ਕੇਂਦਰ/ਧੁਰਾ ਇਨ੍ਹਾਂ ਨੂੰ ਪਕੜ ਵਿਚ ਨਹੀਂ ਰਖ ਸਕਦੈ।'

ਜੀਵ ਆਤਮਾ ਦਾ ਮੂਲ ਆਤਮਾ ਜਾਂ ਹਿਰਦਾ ਹੈ। ਜੇ ਮਨ ਟਿਕਦਾ ਨਹੀਂ ਤਾਂ ਸਮਝੋ ਉਹ ਪਰਦੇਸੀ ਹੈ। ਪਰਦੇਸ ਨਾਲ ਬਿਰਹਾ, ਵਿਛੋੜਾ ਤੇ ਵਿਯੋਗ ਜੁੜੇ ਹੋਏ ਹਨ। ਟਾਹਣੀ ਆਪਣੇ ਮੂਲ ਨਾਲੋਂ ਟੁੱਟ ਕੇ ਸੋਟੀ ਜਾਂ ਲੱਕੜੀ ਬਣ ਜਾਂਦੀ ਹੈ, ਉਹ ਹਰੀ ਭਰੀ ਡਾਲ ਨਹੀਂ ਰਹਿੰਦੀ। ਦਰਿਆ ਮਰਿਆਦਾ ਵਿਚ ਵਗੇ ਤਾਂ ਸਮੁੰਦਰ ਵਿਚ ਮਿਲ ਜਾਂਦੈ, ਪਰ ਜੇ ਬੰਨੇ-ਕੰਢੇ ਤੋੜ ਕੇ ਆਪਹੁਦਰੀਆਂ ਕਰਨ ਲੱਗ ਪਏ ਤਾਂ ਆਪਣਾ ਵੀ ਅਤੇ ਦੂਸਰਿਆਂ ਦਾ ਵੀ ਨੁਕਸਾਨ ਕਰਦੈ। ਮਨ ਵੀ ਆਪਣੇ ਮੂਲ ਨਾਲੋਂ ਟੁੱਟ ਕੇ ਭਟਕਦਾ ਫਿਰਦੈ। ਇਹ ਚੰਚਲ, ਚਪਲ, ਚਤੁਰ, ਚਲਾਕ ਹੈ, ਕਿਤੇ ਵੀ ਉਡਾਰੀ ਮਾਰ ਸਕਦੈ। ਇਸ ਨੂੰ ਕਿਹੜਾ ਪਾਸਪੋਰਟ ਜਾਂ ਵੀਜ਼ੇ ਦੀ ਲੋੜ ਹੈ? "ਕਬੀਰ ਮਨੁ ਪੰਖੀ ਭਇਓ ਉਡਿ ਉਡਿ ਦਹਦਸਿ ਜਾਇ॥" ਮਨ ਤਾਂ ਪਾਰੇ ਵਾਂਗ ਥਿਰਕਦਾ ਰਹਿੰਦੈ, ਪਿੱਪਲ ਦੇ ਪੱਤੇ ਵਾਂਗ ਫਰਕਦਾ ਰਹਿੰਦੈ। ਨਿਚੱਲੇ ਤੇ ਬੇਚੈਨ ਮਨ ਨੂੰ ਫਿਰ ਹੋਰ ਕੀ ਚੰਗਾ ਲਗਣੈ?

ਪਹਿਲੇ ਵੇਲਿਆਂ ਸਮੇਂ ਘਰਾਂ 'ਚ ਵੱਡੇ ਵੱਡੇ ਰੇਡੀਓ ਸੈੱਟ ਜਾਂ ਟਰਾਂਜ਼ਿਸਟਰ ਹੁੰਦੇ ਸਨ। ਉਨ੍ਹਾਂ ਵਿਚ ਇਕ ਸੂਈ ਹੁੰਦੀ ਸੀ, ਜਿਸ ਨੂੰ ਬਟਨ ਨਾਲ ਘੁੰਮਾ ਕੇ ਮਨ-ਇੱਛਤ ਸਟੇਸ਼ਨ ਲਾ ਲਈਦਾ ਸੀ। ਜਿੰਨਾ ਚਿਰ ਉਹ ਸੂਈ ਵੈਸੇ ਹੀ ਏਧਰ-ਓਧਰ ਘੁੰਮਦੀ ਰਹਿੰਦੀ ਸੀ ਤਾਂ ਰੇਡੀਉ/ਟਰਾਂਜ਼ਿਸਟਰ 'ਚੋਂ ਘਰਰ ਘਰਰ ਦੀ ਆਵਾਜ਼ ਆਉਂਦੀ ਰਹਿੰਦੀ ਸੀ, ਪਰ ਜਦੋਂ ਉਹ ਸੂਈ ਸਟੇਸ਼ਨ ਨਾਲ ਸੁਰ-ਸਿਰ ਹੋ ਜਾਂਦੀ ਸੀ ਤਾਂ ਸੰਗੀਤ ਜਾਂ ਹੋਰ ਪ੍ਰੋਗਰਾਮ ਸੁਣਨ ਲੱਗ ਪੈਂਦਾ ਸੀ। ਮਨ ਦੀ ਸੂਈ ਵੀ ਜਿੰਨਾ ਚਿਰ ਐਵੇਂ ਹੀ ਏਧਰ-ਓਧਰ ਘੁੰਮਦੀ/ਭਟਕਦੀ ਰਹੇਗੀ ਤਾਂ ਅੰਦਰੋਂ/ਬਾਹਰੋਂ ਸ਼ੋਰ ਹੀ ਸੁਣੇਗਾ, ਪਰ ਜਦੋਂ ਇਹ ਸੁਰਤ-ਸ਼ਬਦ ਨਾਲ ਇਕਸੁਰ ਹੋ ਗਈ ਤਾਂ ਰੱਬ ਦੇ ਰੇਡੀਉ ਤੋਂ ਇਲਾਹੀ ਸੰਗੀਤ ਜਾਂ ਦੈਵੀ ਪ੍ਰੋਗਰਾਮ ਸੁਣੇਗਾ! ਇਕ ਅਨਹਦ ਨਾਦ ਦੇ ਮਧੁਰ ਧੁਨ ਦੀ ਆਵਾਜ਼ ਕੰਨਾਂ 'ਚ ਰਸ ਘੋਲੇਗੀ!

ਭਲਾ ਜੇ ਅੰਦਰ ਸੁਖ ਨਹੀਂ ਤਾਂ ਬਾਹਰ ਕਿਥੋਂ ਮਿਲ ਜਾਊ? ਗੁਰਬਾਣੀ ਅਨੁਸਾਰ "ਘਰਿ ਸੁਖਿ ਵਸਿਆ ਬਾਹਰਿ ਸੁਖੁ ਪਾਇਆ॥" ਅਤੇ "ਸਭ ਕਿਛੁ ਘਰ ਮਹਿ ਬਾਹਰਿ ਨਾਹੀ॥ ਬਾਹਰਿ ਟੋਲੈ ਸੋ ਭਰਮਿ ਭੁਲਾਹੀ॥"

ਪਰ ਮਨ ਦਾ ਘਰ ਕਿਹੜਾ ਹੈ?

ਤਨ ਦਾ ਘਰ ਤਾਂ ਇੱਟਾਂ- ਗਾਰਿਆਂ ਨਾਲ ਬਣਦੈ, ਜਿਸ ਵਿਚ ਰਿਸ਼ਤਿਆਂ ਦਾ ਨਿੱਘ ਵਸਦੈ। ਮਨ ਦਾ ਘਰ ਕਿਵੇਂ ਬਣਦੈ? ਇਹ ਬਣਿਆ-ਬਣਾਇਐ ਹੀ ਹੁੰਦੈ! ਹਿਰਦੇ/ਆਤਮਾ ਰੂਪੀ ਅਵਸਥਾ ਵਿਚ! ਇਸ ਵਿਚ ਰੱਬ ਵਸਦੈ! ਭਲਿਆਮਾਣਸਾ ਮਨਾ! (ਜੇ) "ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ॥" ਮਨਾ, ਨਿਮਾਣਾ ਹੋ ਕੇ ਗੁਰੂ ਦੇ ਲੜ ਲਗ। ਰੱਤੀਆਂ ਰੂਹਾਂ ਤੇ ਰੱਬ ਝਬਦੇ ਰੀਝਦੈ! "ਮਨ ਤੂੰ ਮਤ ਮਾਣੁ ਕਰਹਿ ਜਿ ਹਉ ਕਿਛੁ ਜਾਣਦਾ ਗੁਰਮੁਖਿ ਨਿਵਾਣਾ ਹੋਹੁ॥"

ਧਰਮ ਦੀ ਮੰਨੀਏ ਤਾਂ ਆਪਾਂ ਸਾਰੇ ਪਰਦੇਸੀ ਹਾਂ-'ਸਭਨਾ ਸਹੁਰੈ ਵੰਞਣਾ ਸਭਿ ਮੁਕਲਾਵਣਹਾਰ॥' ਸਾਡਾ ਅਸਲੀ ਦੇਸ 'ਪ੍ਰੀਤਮ ਕਾ ਦੇਸ' ਹੈ, ਜਿਥੇ ਗੱਲਾਂ ਦੇ ਗੁਲਗਲੇ ਪਕਾ ਕੇ ਨਹੀਂ ਜਾਇਆ ਜਾ ਸਕਦਾ। ਪ੍ਰਭੂ-ਪ੍ਰੇਮ ਪ੍ਰਾਪਤ ਕਰਨ ਲਈ ਮਨਮਤ ਤਿਆਗਣੀ ਪੈਂਦੀ ਹੈ, ਮਨਮੁਖਤਾ ਤੋਂ ਗੁਰਮੁਖਤਾ ਵਲ ਆਉਣਾ ਪੈਂਦਾ ਹੈ। ਆਖਿਰ ਮੰਜ਼ਿਲ ਤਾਂ ਮੌਲਾ ਨਾਲ ਮਿਲਨ ਦੀ ਹੈ! ਜਿਸ ਲਈ ਗੁਰੂ ਦੇ ਲੜ ਲੱਗਣਾ ਪੈਂਦੈ, ਸ਼ਬਦ-ਸੁਰਤ ਦੀ ਸਾਂਝ ਸਥਾਪਤ ਕਰਨੀ ਪੈਂਦੀ ਹੈ।

ਪੰਥ ਰਤਨ ਗਿਆਨੀ ਸੰਤ ਸਿੰਘ ਮਸਕੀਨ ਅਨੁਸਾਰ ਮਨੁੱਖ ਦੀ ਯਾਤਰਾ ਪੱਥਰ ਤੋਂ ਸ਼ੁਰੂ ਹੋ ਕੇ, ਮਿੱਟੀ, ਵਨਸਪਤੀ, ਪਸ਼ੂ-ਪੰਛੀ ਤੇ ਪ੍ਰਾਣੀ (ਮਨੁੱਖ) ਤਕ ਦੀ ਯਾਤਰਾ ਹੈ, ਜੋ ਫਿਰ ਮਿੱਟੀ ਦੇ ਮਿੱਟੀ ਹੋਣ ਅਤੇ ਆਤਮਾ ਦੇ ਪਰਮਾਤਮਾ ਨਾਲ ਮਿਲਣ ਨਾਲ ਸੰਪਨ ਹੁੰਦੀ ਹੈ। ਉਨ੍ਹਾਂ ਅਨੁਸਾਰ ਪੱਥਰ ਹੋਣਾ ਵੀ ਪਰਦੇਸ ਸੀ; ਵਨਸਪਤ, ਪਸ਼ੂ, ਪੁਰਖ ਹੋਣਾ ਵੀ ਪਰਦੇਸ ਸੀ; ਪੁਰਖ ਅਤੇ ਆਤਮਾ ਤੋਂ ਪਰਮਾਤਮਾ ਹੋਣਾ ਹੀ ਦੇਸ ਪਰਤਣਾ ਹੈ।

ਇਸੇ ਲਈ ਭਟਕੇ ਹੋਏ ਮਨ ਨੂੰ ਗੁਰਬਾਣੀ ਵਿਚ ਬੜੇ ਪਿਆਰ ਨਾਲ ਸਮਝਾਇਆ ਗਿਆ ਹੈ-"ਮਨ ਪਿਆਰਿਆ ਜੀਉ ਮਿਤ੍ਰਾ ਗੋਬਿੰਦ ਨਾਮੁ ਸਮਾਲੇ॥ ਅਤੇ ਨਾਲ ਹੀ ਪ੍ਰੇਮ-ਪੂਰਵਕ ਪ੍ਰੇਰਨਾ ਕੀਤੀ ਗਈ ਹੈ-"ਮੇਰੇ ਮਨ ਪਰਦੇਸੀ ਵੇ ਪਿਆਰੇ ਆਉ ਘਰੇ॥ ਹਰਿ ਗੁਰੂ ਮਿਲਾਵਹੁ ਮੇਰੇ ਪਿਆਰੇ ਘਰਿ ਵਸੈ ਹਰੇ॥"

# ਭਾਰਤ ਦਾ ਪਹਿਲਾ ਰੱਖਿਆ ਮੰਤਰੀ ਤੇ ਪ੍ਰਿੰਸੀਪਲ ਹਰਭਜਨ ਸਿੰਘ

## ਨਿੱਕ ਸੁੱਕ




**ਗੁਲਜ਼ਾਰ ਸਿੰਘ ਸੰਧੂ**
**ਫੋਨ: 91-98157-78469**
Sandhugulzar@yahoo.com

ਇਨ੍ਹੀਂ ਦਿਨੀਂ ਮੈਨੂੰ ਅਜੀਤ ਲੰਗੇਰੀ ਦੀ ਪੁਸਤਕ 'ਪ੍ਰਿੰਸੀਪਲ ਹਰਭਜਨ ਸਿੰਘ ਦਾ ਵਿਦਿਅਕ ਤੇ ਖੇਡ ਸੰਸਾਰ' ਮਿਲੀ ਹੈ। ਅਜੀਤ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਦਾ ਵਿਦਿਆਰਥੀ ਰਿਹਾ ਹੈ, ਜਿਸ ਦਾ ਸੰਸਥਾਪਕ ਪ੍ਰਿੰਸੀਪਲ ਹਰਭਜਨ ਸਿੰਘ ਸੀ। ਮੈਂ ਖੁਦ 1949 ਤੋਂ 1953 ਤੱਕ ਉਸ ਕਾਲਜ ਵਿਚ ਪੜ੍ਹਿਆ ਹਾਂ। ਇਹ ਕਾਲਜ ਪ੍ਰਿੰਸੀਪਲ ਸਾਹਿਬ ਦੇ ਉੱਦਮ ਤੇ ਸਿਰੜ ਸਦਕਾ ਹੀ ਹੋਂਦ ਵਿਚ ਆਇਆ, ਨਹੀਂ ਤਾਂ ਸ਼ਿਵਾਲਿਕ ਦੇ ਪੈਰਾਂ ਵਿਚ ਪੈਂਦੇ ਕੰਢੀ ਦੇ ਇਸ ਖੇਤਰ ਵਿਚ ਕਾਲਜ ਸਥਾਪਤ ਕਰਨਾ ਸੌਖਾ ਨਹੀਂ ਸੀ। ਇਸ ਦੀ ਬਦੌਲਤ ਕੰਢੀ ਖੇਤਰ ਦੇ ਮੇਰੇ ਵਰਗੇ ਅਨੇਕਾਂ ਨੌਜਵਾਨ ਤੇ ਬੀਬੀਆਂ ਡਿਗਰੀ ਲੈਵਲ ਦੀ ਵਿਦਿਆ ਪ੍ਰਾਪਤ ਕਰ ਸਕੇ। ਅਜੀਤ ਲੰਗੇਰੀ ਦੀ ਪੁਸਤਕ ਲੇਖਕ ਵਲੋਂ ਇਕ ਤਰ੍ਹਾਂ ਦਾ ਖਿਰਾਜ ਤੇ ਅਕੀਦਤ ਹੈ, ਜਿਸ ਦਾ ਸਵਾਗਤ ਕਰਨਾ ਬਣਦਾ ਹੈ।

ਮੈਂ ਇਸ ਰਚਨਾ ਦੀ ਗੱਲ ਸੁਤੰਤਰ ਭਾਰਤ ਦੇ ਪਹਿਲੇ ਰੱਖਿਆ ਮੰਤਰੀ ਬਲਦੇਵ ਸਿੰਘ ਨਾਲ ਜੋੜ ਕੇ ਕਰਨੀ ਚਾਹਾਂਗਾ। ਉਹ ਵੀ ਮੇਰੇ ਤੇ ਅਜੀਤ ਲੰਗੇਰੀ ਵਾਂਗ ਹਰਭਜਨ ਸਿੰਘ ਦਾ ਵਿਦਿਆਰਥੀ ਰਿਹਾ ਸੀ। ਅੰਬਾਲਾ ਦੇ ਸਕੂਲ ਵਿਚ ਮਾਹਿਲਪੁਰ ਵਾਲੇ ਸਕੂਲ ਦੀ ਕਮਾਂਡ ਸੰਭਾਲਣ ਤੋਂ ਪਹਿਲਾਂ ਹਰਭਜਨ ਸਿੰਘ ਅੰਬਾਲਾ ਦੇ ਸਕੂਲ ਵਿਚ ਅਧਿਆਪਕ ਸੀ। ਜਿੱਥੇ ਅੰਬਾਲਾ ਜਿਲੇ ਦੇ ਚੁੰਮਣਾ ਪਿੰਡ ਦਾ ਜੰਮਪਲ ਬਲਦੇਵ ਸਿੰਘ ਉਨ੍ਹਾਂ ਦਾ ਵਿਦਿਆਰਥੀ ਰਿਹਾ। ਮੇਰੇ ਤੇ ਅਜੀਤ ਲੰਗੇਰੀ ਤੋਂ ਬਲਦੇਵ ਸਿੰਘ ਹੀ ਸੀ, ਜਿਸ ਨੇ ਮਾਹਿਲਪੁਰ ਵਾਲੇ ਖਾਲਸਾ ਕਾਲਜ ਦੀ ਸਥਾਪਨਾ ਵਿਚ ਹਰਭਜਨ ਸਿੰਘ ਨੂੰ ਰੱਜਵਾਂ ਸਹਿਯੋਗ ਦਿੱਤਾ।

ਹਰਭਜਨ ਸਿੰਘ ਵਰਗੇ ਖੇਡ ਜਗਤ ਨੂੰ ਪ੍ਰਨਾਏ ਤੇ ਚੁਪ-ਚੁਪੀਤੇ ਕੰਮ ਕਰਨ ਵਾਲੇ ਵਿਅਕਤੀ ਬਾਰੇ ਲੋੜੀਂਦੀ ਜਾਣਕਾਰੀ ਪ੍ਰਾਪਤ ਕਰਨਾ ਕੋਈ ਸੌਖਾ ਕੰਮ ਨਹੀਂ ਹੁੰਦਾ। ਅਜੀਤ ਦਾ ਆਪਣਾ ਪਿੰਡ ਲੰਗੇਰੀ ਮਾਹਿਲਪੁਰ ਦੀ ਬੁੱਕਲ ਵਿਚ ਪੈਂਦਾ ਹੈ ਤੇ ਉਹ ਇਸ ਇਲਾਕੇ ਤੋਂ ਭਲੀਭਾਂਤ ਜਾਣੂ ਹੈ। ਉਹੀਓ ਸੀ, ਜੋ ਮਾਹਿਲਪੁਰ ਦੇ ਇਲਾਕੇ, ਹਰਭਜਨ ਸਿੰਘ ਦੇ ਨਾਂ ਤੇ ਉਸ ਦੇ ਬਚਪਨ ਤੇ ਉਚੇਰੀ ਵਿਦਿਆ ਬਾਰੇ ਅਜਿਹੀ ਸਮਗਰੀ ਇਕੱਠੀ ਕਰ ਸਕਿਆ, ਜੋ ਇਸ ਪੁਸਤਕ ਦੀ ਸ਼ਾਨ ਹੈ। ਇਸ ਵਿਚ ਖਾਲਸਾ ਹਾਈ ਸਕੂਲ ਮਾਹਿਲਪੁਰ ਦੇ ਮਾਪ-ਦੰਡ ਵੀ ਦਰਜ ਹਨ ਤੇ ਹਰਭਜਨ ਸਿੰਘ ਦਾ ਲੋਅ ਵੀ।

ਪ੍ਰਿੰਸੀਪਲ ਹਰਭਜਨ ਸਿੰਘ ਨੇ ਮਾਹਿਲਪੁਰ ਕਾਲਜ ਵਿਚ ਇਸਤਰੀ ਵਿਦਿਆ ਦਾ ਮੁੱਢ ਕਿਵੇਂ ਬੰਨਿਆ, ਅਜੀਤ ਨੇ ਇਸ ਬਾਰੇ ਵੀ ਚਾਨਣਾ ਪਾਇਆ ਹੈ। ਇਲਾਕਾ ਨਿਵਾਸੀ ਆਪਣੀ ਧੀ ਧਿਆਣੀ ਨੂੰ ਕਾਲਜ ਵਿਚ ਦਾਖਲ ਕਰਵਾਉਣ ਤੋਂ ਕੰਨੀ ਕਤਰਾਉਂਦੇ ਸਨ। ਹਰਭਜਨ ਸਿੰਘ ਨੇ ਅਪਣੀ ਭਾਣਜ-ਨੂੰਹ ਅਮਰਜੀਤ ਕੌਰ ਨੂੰ ਦਾਖਲ ਕਰ ਲਿਆ। ਉਹ ਸਕੂਲ ਦੇ ਗੇਟ ਤੱਕ ਮੂੰਹ ਸਿਰ ਢਕ ਕੇ ਪਿੰਡ ਦੀ ਬਹੂ ਬਣ ਕੇ ਆਉਂਦੀ ਤੇ ਗੇਟ ਉੱਤੇ ਫਾਲਤੂ ਪਹਿਰਾਵਾ ਉਤਾਰ ਕੇ ਵਿਦਿਆਰਥਣ




ਬਣ ਪ੍ਰਵੇਸ਼ ਕਰ ਜਾਂਦੀ। ਦੇਖਾ ਦੇਖੀ ਪਿੰਡ ਦੇ ਉਹ ਸਰਦਾਰ, ਜਿਹੜੇ ਅਪਣੀਆਂ ਧੀਆਂ ਨੂੰ ਕਾਲਜ ਭੇਜਣ ਦੇ ਹੱਕ ਵਿਚ ਨਹੀਂ ਸਨ, ਇੱਕ ਦੂਜੇ ਨਾਲ ਬਿਦ ਕੇ ਅੱਗੇ ਵਧਣ ਲਗੇ। ਹਰਭਜਨ ਸਿੰਘ ਦਾ ਕਰਨਾ ਕਮਾਲ ਹੋ ਗਿਆ।

ਪ੍ਰਿੰਸੀਪਲ ਸਾਹਿਬ ਨੂੰ ਖੇਡਾਂ ਦਾ ਏਨਾ ਸ਼ੌਕ ਸੀ ਕਿ ਜਿਸ ਖਿਡਾਰੀ ਦੀ ਖੇਡ ਪਸੰਦ ਹੁੰਦੀ, ਉਸ ਨੂੰ ਦੂਰ-ਦੁਰਾਡੇ ਕਾਲਜ ਤੋਂ ਲਿਆ ਕੇ ਆਪਣੇ ਕਾਲਜ ਵਿਚ ਦਾਖਲ ਕਰਕੇ ਉਸ ਦੇ ਹੋਸਟਲ ਵਿਚ ਰਹਿਣ ਤੇ ਖਾਣ-ਪੀਣ ਦਾ ਖਰਚਾ ਮੁਆਫ ਕਰ ਦਿੰਦੇ। ਅਰਜਨ ਐਵਾਰਡੀ ਜਰਨੈਲ ਸਿੰਘ ਉਨ੍ਹਾਂ ਵਿਚੋਂ ਇੱਕ ਸੀ। ਉਸ ਦੇ ਮਾਪੇ ਪਾਕਿਸਤਾਨ ਤੋਂ ਉਜੜ ਕੇ ਆਏ ਹੋਣ ਕਾਰਨ ਉਸ ਦਾ ਖਰਚਾ ਦੇਣ ਦੇ ਸਮਰਥ ਨਹੀਂ ਸਨ। ਜਰਨੈਲ ਸਿੰਘ ਫੁਟਬਾਲਰ ਦੀ ਗੱਲ ਤੁਰੀ ਹੈ ਤਾਂ ਪੁਸਤਕ ਵਿਚ ਉਸ ਜਰਨੈਲ ਸਿੰਘ ਦਾ ਜ਼ਿਕਰ ਵੀ ਹੈ, ਜਿਹੜਾ ਅਥਲੀਟ ਵਜੋਂ ਪ੍ਰਸਿੱਧ ਹੋਇਆ ਅਤੇ ਉਸ ਜਰਨੈਲ ਸਿੰਘ ਦਾ ਵੀ ਜਿਹੜਾ ਪੋਲੀਓ ਦਾ ਸ਼ਿਕਾਰ ਰਿਹਾ ਹੋਣ ਕਾਰਨ ਤੁਰਨ ਦੇ ਯੋਗ ਨਹੀਂ ਸੀ। ਮਾਪਿਆਂ ਕੋਲ ਖੋਤੀ ਲੈਣ ਦੀ ਸਮਰਥ ਨਹੀਂ ਸੀ ਤਾਂ ਉਨ੍ਹਾਂ ਨੇ ਆਪਣੇ ਹੋਣਹਾਰ ਪੁੱਤਰ ਨੂੰ ਆਪਣੇ ਪਿੰਡ ਮੇਘੋਵਾਲ ਤੋਂ ਮਾਹਿਲਪੁਰ ਖੋਤੀ ਉੱਤੇ ਚੜ੍ਹ ਕੇ ਜਾਣ ਲਈ ਤਿਆਰ ਕਰ ਲਿਆ। ਉਹ ਖੋਤੀ ਦਾ ਚਾਰਾ ਲੈ ਕੇ ਖੋਤੀ ਉੱਤੇ ਬੈਠ ਜਾਂਦਾ ਤੇ ਸਕੂਲ ਜਾ ਕੇ ਖੋਤੀ ਨੂੰ ਚਾਰਾ ਪਾ ਦਿੰਦਾ ਤੇ ਖੁਦ ਪੜ੍ਹਾਈ ਕਰ ਆਉਂਦਾ। ਉਸ ਇਸ ਤਰ੍ਹਾਂ ਪੜ੍ਹ ਕੇ ਅਧਿਆਪਕ ਬਣਨ ਦੇ ਯੋਗ ਹੋ ਗਿਆ ਤੇ ਬਣਿਆ।

ਅੰਤ ਵਿਚ ਮੈਂ 1951 ਦੀ ਉਹ ਘਟਨਾ ਵੀ ਦੱਸ ਦਿਆਂ ਜਿਸ ਵਿਚ ਮੈਂ ਵੀ ਸ਼ਾਮਲ ਸਾਂ। ਆਪਣੇ ਆਪ ਨੂੰ ਕਮਿਊਨਿਸਟ ਕਹਿਣ ਵਾਲੇ ਮੇਰੇ ਵਰਗੇ ਵਿਦਿਆਰਥੀਆਂ ਤੇ ਸਾਰੇ ਲੀਡਰਾਂ ਨੇ ਕੁਝ ਮੰਗਾਂ ਲੈ ਕੇ ਹੜਤਾਲ ਕਰ ਦਿੱਤੀ। ਜਿਹੜੇ ਨਹੀਂ ਸਨ ਕਰਨਾ ਚਾਹੁੰਦੇ, ਉਨ੍ਹਾਂ ਨੂੰ ਹਾਜ਼ਰ ਹੋਣ ਤੋਂ ਰੋਕਣ ਲਈ ਲਾਠੀਆਂ ਦੀ ਵਰਤੋਂ ਕੀਤੀ। 10-15 ਦਿਨ ਇਸੇ ਤਰ੍ਹਾਂ ਲੰਘ ਗਏ ਤਾਂ ਪ੍ਰਿੰਸੀਪਲ ਸਾਹਿਬ ਨੇ ਸਾਡੇ ਲੀਡਰਾਂ ਨੂੰ ਆਪਣੇ ਦਫਤਰ ਸੱਦ ਲਿਆ। ਜਿਹੜੀਆਂ ਮੰਗਾਂ ਪੂਰੀਆਂ ਕਰ ਸਕਦੇ ਸਨ, ਉਹ ਮੰਨ ਲਈਆਂ ਤੇ ਬਾਕੀਆਂ ਬਾਰੇ ਆਪਣੀ ਮਜਬੂਰੀ ਦੱਸੀ। ਲੀਡਰ ਫੇਰ ਵੀ ਨਹੀਂ ਮੰਨੇ ਤਾਂ ਪ੍ਰਿੰਸੀਪਲ ਸਾਹਿਬ ਨੇ ਸਮੁੱਚੇ ਹੜਤਾਲੀਆਂ ਨੂੰ ਆਪਣਾ ਅੰਤਿਮ ਫੈਸਲਾ ਸੁਣਾਉਣ ਲਈ ਕਾਲਜ ਦੀ ਵਿਸ਼ੇਸ਼ ਗਰਾਊਂਡ ਵਿਚ ਸੱਦ ਲਿਆ।

ਫੈਸਲਾ ਦੋ ਹਰਫਾ ਸੀ ਕਿ ਕਾਲਜ ਦੀ ਉਸਾਰੀ ਤੇ ਸਥਾਪਨਾ ਲਈ ਉਹ ਝੋਲੀ ਅੱਡ ਕੇ ਵਿਦਿਆਰਥੀਆਂ ਦੇ ਮਾਪਿਆਂ ਕੋਲ ਗਏ ਸਨ ਤੇ ਉਨ੍ਹਾਂ ਕੋਲੋਂ ਪ੍ਰਾਪਤ ਹੋਈ ਮਾਇਆ ਨਾਲ ਕਾਲਜ ਦੀ ਬਿਲਡਿੰਗ ਤਿਆਰ ਹੋਈ ਸੀ, ਜਿਸ ਵਿਚ ਉਨ੍ਹਾਂ ਮਾਪਿਆਂ ਦੀ ਔਲਾਦ ਪੜ੍ਹ ਰਹੀ ਹੈ। ਜੇ ਉਹ ਆਪਣੇ ਦਿਆਲੂ ਮਾਪਿਆਂ ਦੇ ਪੈਸੇ ਨਾਲ ਤਿਆਰ ਹੋਈ ਬਿਲਡਿੰਗ ਨੂੰ ਵਿਦਿਆ ਦੇਣ ਦੇ ਯੋਗ ਨਹੀਂ ਸਮਝਦੇ ਤਾਂ ਇਸ ਨੂੰ ਅਗਲੇ ਦਿਨ ਹੀ ਪਾਕਿਸਤਾਨ ਤੋਂ ਉਜੜ ਕੇ ਆਏ ਸ਼ਰਨਾਰਥੀਆਂ ਦੇ ਹਵਾਲੇ ਕਰ ਦਿੱਤਾ ਜਾਵੇਗਾ। ਉਨ੍ਹਾਂ ਨੂੰ ਚੰਗਾ ਟਿਕਾਣਾ ਮਿਲ ਜਾਵੇਗਾ ਤੇ ਹੜਤਾਲੀ ਵੀ ਮਜ਼ੇ ਕਰਨਗੇ। ਉਨ੍ਹਾਂ ਨੂੰ ਪੜ੍ਹਾਈ ਦੀ ਖੇਚਲ ਨਹੀਂ ਕਰਨੀ ਪਵੇਗੀ। ਪ੍ਰਿੰਸੀਪਲ ਸਾਹਿਬ ਨੇ ਅੰਤਿਮ ਫੈਸਲਾ ਹੜਤਾਲੀਆਂ ਉੱਤੇ ਛੱਡ ਦਿੱਤਾ ਕਿ ਉਹ ਅਗਲੇ ਦਿਨ ਤੋਂ ਹਾਜ਼ਰ ਹੋਣਾ ਚਾਹੁਣਗੇ ਜਾਂ ਕਲਾਸਾਂ ਤੋਂ ਬਾਹਰ ਮੌਜ ਮਸਤੀ ਕਰਨਗੇ। ਮੈਨੂੰ ਕੱਲ੍ਹ ਵਾਂਗ ਚੇਤੇ ਹੈ ਕਿ ਥੋੜ੍ਹੀ ਜਿਹੀ ਘੁਸਰ-ਮੁਸਰ ਤੋਂ ਪਿੱਛੋਂ ਸਾਰੇ ਵਿਦਿਆਰਥੀ ਉਨ੍ਹਾਂ ਲੀਡਰਾਂ ਨਾਲ ਤੂੰ-ਤੂੰ, ਮੈਂ-ਮੈਂ ਤੇ ਉਤਰ ਆਏ, ਜਿਨ੍ਹਾਂ ਨੇ ਉਨ੍ਹਾਂ ਨੂੰ ਹੜਤਾਲ ਦੇ ਪੁੱਠੇ ਰਾਹ ਤੋਰਿਆ ਸੀ। ਨਤੀਜੇ ਵਜੋਂ ਅਗਲੇ ਦਿਨ ਕਾਲਜ ਵਿਚ ਹਾਜ਼ਰੀ ਭਰਨ ਵਾਲੇ ਆਪਣੇ ਲੀਡਰਾਂ ਨੂੰ ਏਦਾਂ ਧਮਕਾ ਰਹੇ ਸਨ, ਜਿਵੇਂ ਕੱਲ ਤੱਕ ਉਨ੍ਹਾਂ ਦੇ ਲੀਡਰ ਉਨ੍ਹਾਂ ਨਾਲ ਕਰਦੇ ਆਏ ਸਨ।

ਪ੍ਰਿੰਸੀਪਲ ਸਾਹਿਬ ਵਲੋਂ ਕੀਤੀ ਗਈ ਉਗਰਾਹੀ ਦੀ ਗੱਲ ਚੱਲੀ ਹੈ ਤਾਂ ਪੁਸਤਕ ਵਿਚ ਇਸ ਦਾ ਵੀ ਜ਼ਿਕਰ ਹੈ। ਉਹ ਢਾਡਾ ਨਾਂ ਦੇ ਪਿੰਡ ਗਏ ਤਾਂ ਦੋ ਰੱਜੇ ਪੁੱਜੇ ਘਰ ਵਾਲਿਆਂ ਨੇ ਸਿਰਫ ਸਵਾ ਸਵਾ ਰੁਪਿਆ ਦਿੱਤਾ। ਪਿੰਡ ਦੇ ਲੋਕਾਂ ਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ, ਜਦ ਲੈਣ ਵਾਲੇ ਨੇ ਇਹ ਵੀ ਖਿੜ੍ਹੇ ਮੱਥੇ ਪ੍ਰਵਾਨ ਕੀਤਾ ਤੇ ਦੇਣ ਵਾਲਿਆਂ ਦਾ ਨਾਂ-ਪਤਾ ਨੋਟ ਕਰ ਲਿਆ। ਫੇਰ ਕੀ ਸੀ, ਇੱਕ ਹੋਰ ਸੱਜਣ ਨੇ ਦਸ ਰੁਪਏ ਦਾਨ ਕੀਤੇ ਤਾਂ ਉਸ ਦੀ ਬੱਲੇ ਬੱਲੇ ਹੋ ਗਈ। ਹੋਰ ਵੀ ਕਈ ਨਿੱਤਰ ਆਏ।

ਅਜੀਤ ਲੰਗੇਰੀ ਨੇ ਪੁਸਤਕ ਦੇ ਅੰਤਲੇ 24 ਪੰਨਿਆਂ ਵਿਚ 60-70 ਦੁਰਲਭ ਤਸਵੀਰਾਂ ਵੀ ਦਿੱਤੀਆਂ ਹਨ, ਜਿਨ੍ਹਾਂ ਵਿਚ 1954 ਦੀ ਕਨਵੋਕੇਸ਼ਨ ਵਾਲੀ ਉਹ ਤਸਵੀਰ ਹੈ, ਜਿਸ ਦਾ ਮੁੱਖ ਮਹਿਮਾਨ ਉਸ ਸਮੇਂ ਦਾ ਵਿਕਾਸ ਮੰਤਰੀ ਪ੍ਰਤਾਪ ਸਿੰਘ ਕੈਰੋਂ ਸੀ, ਜਿਸ ਦੇ ਹੱਥੋਂ ਡਿਗਰੀ ਪ੍ਰਾਪਤ ਕਰਨ ਵਾਲਿਆਂ ਵਿਚ ਮੈਂ ਵੀ ਸੀ। ਅਜੋਕੀ ਸਿੱਖ ਐਜੂਕੇਸ਼ਨਲ ਕੌਂਸਲ ਦੇ ਸੀਨੀਅਰ ਮੀਤ ਪ੍ਰਧਾਨ ਵਿੰਗ ਕਮਾਂਡਰ ਹਰਦੇਵ ਸਿੰਘ ਗਿੱਲੋਂ ਦੀ ਤਸਵੀਰ ਸਮੇਤ ਜਿਹੜਾ ਇਸ ਕਾਲਜ ਦਾ ਵਿਦਿਆਰਥੀ ਅਤੇ ਅਮਰਜੀਤ ਕੌਰ ਨਾਮੀ ਉਸ ਵਿਦਿਆਰਥਣ ਦਾ ਭਾਣਜਾ ਹੈ, ਜਿਹੜੀ ਮਾਹਿਲਪੁਰੀਆਂ ਦੀ ਨੂੰਹ ਸੀ ਤੇ ਕਾਲਜ ਦੀ ਪ੍ਰਥਮ ਮਹਿਲਾ ਵਿਦਿਆਰਥਣ।

ਮੈਂ ਦਸ ਚੁਕਾ ਹਾਂ ਕਿ ਮੈਂ ਵੀ ਬਲਦੇਵ ਸਿੰਘ (ਦੁੰਮਣਾ) ਤੇ ਅਜੀਤ ਲੰਗੇਰੀ ਵਾਂਗ ਹਰਭਜਨ ਸਿੰਘ ਦਾ ਵਿਦਿਆਰਥੀ ਰਿਹਾ ਹਾਂ, ਪਰ ਮੈਂ ਅਪਣੇ ਗੁਰੂ ਤੋਂ ਮਿਲੀ ਦਾਤ ਦਾ ਉਨ੍ਹਾਂ ਦੋਹਾਂ ਜਿਹਾ ਗੁਣਗਾਨ ਨਹੀਂ ਕਰ ਸਕਿਆ। ਏਨਾ ਜਾਣਦਾ ਹਾਂ ਕਿ ਜੇ ਉਹ ਹਸਤੀ ਮਾਹਿਲਪੁਰ ਵਾਲਾ ਸਕੂਲ ਤੇ ਕਾਲਜ ਸਥਾਪਤ ਨਾ ਕਰਦੀ ਤਾਂ ਮੈਂ ਅੱਜ ਦੇ ਦਿਨ ਹਲ-ਵਾਹਕ ਹੋਣਾ ਸੀ।

ਲੋਕਤੰਤਰ ਦੇ ਦੋਖੀਆਂ ਦੀ ਮਾਨਸਿਕਤਾ: ਲੰਘੇ ਹਫਤੇ ਗੁਜਰਾਤ ਦੇ ਡਿਪਟੀ ਚੀਫ ਮਨਿਸਟਰ ਨਿਤਿਨ ਭਾਈ ਪਟੇਲ ਦਾ ਗਾਂਧੀਨਗਰ ਦੇ ਇਕ ਮੰਦਰ ਵਿਚ ਦਿੱਤਾ ਭਾਸ਼ਣ ਅਤੇ ਸੁਭਾਸ਼ ਚੰਦਰ ਬੋਸ ਦੇ ਮੱਦਾਹਾਂ ਵਲੋਂ ਭਾਰਤ ਦੀ ਸੁਤੰਤਰਤਾ ਦੇ 75 ਸਾਲਾ ਉਤਸਵ ਦੇ ਪ੍ਰਸੰਗ ਵਿਚ ਜਾਰੀ ਕੀਤਾ ਪੋਸਟਰ ਮੀਡੀਆ ਵਿਚ ਚਰਚਾ ਦਾ ਵਿਸ਼ਾ ਹੈ। ਨਿਤਿਨ ਭਾਈ ਪਟੇਲ ਨੇ ਆਪਣੇ ਭਾਸ਼ਣ ਵਿਚ ਲੋਕਤੰਤਰੀ ਰੁਚੀਆਂ ਦੀ ਹੋਂਦ ਦਾ ਮੂਲ ਕਾਰਨ ਭਾਰਤ ਵਿਚ ਹਿੰਦੂ ਬਹੁਗਿਣਤੀ ਦੱਸਿਆ ਹੈ ਅਤੇ ਜਦੋਂ ਕਦੀ ਵੀ ਇਹ ਗਿਣਤੀ ਘਟੇਗੀ-ਨਾ ਅਦਾਲਤਾਂ ਹੋਣਗੀਆਂ, ਨਾ ਲੋਕ ਸਭਾ, ਨਾ ਸੰਵਿਧਾਨ। ਦੂਜੇ ਧਰਮਾਂ ਉੱਤੇ ਇਹ ਹਮਲਾ ਸੁਤੰਤਰਤਾ ਸੰਗਰਾਮ ਸਮੇਂ ਪਣਪੀਆਂ, ਧਰਮ ਨਿਰਪੱਖ, ਜਮਹੂਰੀ ਤੇ ਸੰਵਿਧਾਨਕ ਕਦਰਾਂ-ਕੀਮਤਾਂ ਨੂੰ ਮਲੀਆਮੇਟ ਕਰਨ ਦੀ ਸਾਜਿਸ਼ ਨਹੀਂ ਤਾਂ ਹੋਰ ਕੀ ਹੈ? ਸੁਭਾਸ਼ਵਾਦੀਆਂ ਵਲੋਂ ਆਪਣੇ ਪੋਸਟਰ ਵਿਚ ਮਹਾਤਮਾ ਗਾਂਧੀ ਦੇ ਇੱਕ ਪਾਸੇ ਬਾਬੂ ਰਾਜਿੰਦਰ ਪ੍ਰਸ਼ਾਦ ਤੇ ਦੂਜੇ ਪਾਸੇ ਸੁਭਾਸ਼ ਚੰਦਰ ਬੋਸ ਨੂੰ ਦਿਖਾਉਣਾ ਸੁਤੰਤਰ ਭਾਰਤ ਦੇ ਲੰਮਾ ਸਮਾਂ ਪ੍ਰਧਾਨ ਮੰਤਰੀ ਰਹੇ ਪੰਡਿਤ ਜਵਾਹਰ ਲਾਲ ਨਹਿਰੂ ਨੂੰ ਛੁਟਿਆਉਣਾ ਹੈ। ਇਹ ਵੀ ਨਹਿਰੂ ਵਿਰੋਧੀਆਂ ਦੀ ਰੋਗੀ ਮਾਨਸਿਕਤਾ ਦਾ ਸਬੂਤ ਹੈ। ਪੰਡਿਤ ਨਹਿਰੂ ਦੇ ਪ੍ਰਧਾਨ ਮੰਤਰੀ ਕਾਲ ਦੀਆਂ ਪ੍ਰਾਪਤੀਆਂ ਦੀ ਗੱਲ ਨਾ ਵੀ ਕਰੀਏ ਤਾਂ ਇਹ ਕਿਵੇਂ ਭੁਲਾ ਸਕਦੇ ਹਾਂ ਕਿ ਉਹ ਸੁਤੰਤਰਤਾ ਸੰਗਰਾਮ ਦਾ ਮੋਹਰੀ ਸੀ ਤੇ ਉਸ ਨੇ ਪੂਰੇ ਨੌਂ ਸਾਲ ਜੇਲ੍ਹ ਵਿਚ ਬਿਤਾਏ ਸਨ।

ਲੋਕਤੰਤਰ ਦੋਖੀਆਂ ਦੀ ਇਸ ਮਾਨਸਿਕਤਾ ਦੇ ਉਭਾਰ ਦਾ ਇਕੋ ਇਕ ਧੁਰਾ ਕੇਂਦਰ ਵਿਚ ਹਿੰਦੂ ਬਹੁਗਿਣਤੀ ਸਰਕਾਰ ਦੀ ਹੋਂਦ ਹੈ। ਧਰਮ ਨਿਰਪੱਖ ਤੇ ਜਮਹੂਰੀਅਤ ਪਸੰਦ ਧਿਰਾਂ ਨੂੰ ਚਾਹੀਦਾ ਹੈ ਕਿ ਇਸ ਰੁਝਾਨ ਨੂੰ ਨੱਥ ਪਾਉਣ ਲਈ ਇਕਜੁੱਟ ਹੋ ਕੇ ਹੰਭਲਾ ਮਾਰਨ।

ਅੰਤਿਕਾ: (ਬਾਬਾ ਨਜ਼ਮੀ)
ਬੇਹਿੰਮਤੇ ਨੇ ਜਿਹੜੇ ਬਹਿ ਕੇ ਸ਼ਿਕਵਾ ਕਰਨ ਮੁਕੱਦਰਾਂ ਦਾ,
ਉੱਗਣ ਵਾਲੇ ਉੱਗ ਪੈਂਦੇ ਨੇ ਸੀਨਾ ਪਾੜ ਕੇ ਪੱਥਰਾਂ ਦਾ।

---

## ਪੰਜਾਬੀ ਵਾਰਤਕ ਦੀ ਖੜੋਤ ਨੂੰ ਤੋੜਦੀ ਸ਼ਬਦ ਚਿੱਤਰ ਦੀ ਪੁਸਤਕ

# 'ਮਾਣ ਸੁੱਚੇ ਇਸ਼ਕ ਦਾ'

**ਗੁਰਦੀਪ ਸਿੰਘ**
**ਪੰਨੇ: 184; ਮੁੱਲ: 260 ਰੁਪਏ**
**ਕੈਲੀਬਰ ਪਬਲੀਕੇਸ਼ਨਜ਼, ਪਟਿਆਲਾ**

**ਨਿਰੰਜਣ ਬੋਹਾ, ਮਾਨਸਾ**
**ਫੋਨ: 91-89682-82700**

ਮੈਂ ਵਧੇਰੇ ਕਰਕੇ ਪੰਜਾਬੀ ਗਲਪ ਦਾ ਪਾਠਕ ਹਾਂ। ਕਵਿਤਾ ਤੇ ਵਾਰਤਕ ਮੈਂ ਉਦੋਂ ਹੀ ਪੜ੍ਹਦਾ ਹਾਂ, ਜਦੋਂ ਮੇਰੇ ਪਸੰਦ ਦੇ ਗਲਪਕਾਰ ਦੀ ਕੋਈ ਪੁਸਤਕ ਮੇਰੇ ਕੋਲ ਉਪਲਬਧ ਨਾ ਹੋਵੇ। ਲੰਘੇ ਮਹੀਨੇ ਮੇਰੇ ਕੋਲ ਤਿੰਨ ਵਾਰਤਕ ਪੁਸਤਕਾਂ ਅੱਗੜ-ਪਿੱਛੜ ਪੁੱਜੀਆਂ ਤਾਂ ਕਿਸੇ ਪੜ੍ਹਨਯੋਗ ਗਲਪੀ ਪੁਸਤਕ ਦੀ ਅਣਹੋਂਦ ਵਿਚ ਮੈਂ ਇਹ ਪੁਸਤਕਾਂ ਆਪਣੀ ਪੜ੍ਹਨ ਵਿਉਂਤਬੰਦੀ ਵਿਚ ਸ਼ਾਮਿਲ ਕਰ ਲਈਆਂ। ਇਤਫਾਕ ਨਾਲ ਇਹ ਤਿੰਨੋ ਪੁਸਤਕਾਂ ਨੌਜਵਾਨ ਲੇਖਕਾਂ ਦੀਆਂ ਸਨ ਤੇ ਇਸ ਤੋਂ ਵੱਡਾ ਇਤਫਾਕ ਇਹ ਸੀ ਕਿ ਇਹ ਤਿੰਨੇ ਲੇਖਕ ਮੇਰੇ ਆਪਣੇ ਮਾਨਸਾ ਜਿਲੇ ਤੋਂ ਸਨ। ਕੁਝ ਪੜ੍ਹਨ-ਸੁਣਨ ਵਾਲਿਆਂ ਨੂੰ ਮੇਰੀ ਗੱਲ ਘੁਮਿਆਰੀ ਵੱਲੋਂ ਆਪਣੇ ਭਾਂਡੇ ਦੀ ਵਡਿਆਈ ਕਰਨ ਵਰਗੀ ਲੱਗ ਸਕਦੀ ਹੈ, ਪਰ ਮੈਂ ਇਮਾਨਦਾਰੀ ਨਾਲ ਕਹਿ ਰਿਹਾ ਹਾਂ ਕਿ ਗੁਰਦੀਪ ਸਿੰਘ ਦੀ ਸ਼ਬਦ ਚਿੱਤਰ ਪੁਸਤਕ 'ਮਾਣ ਸੁੱਚੇ ਇਸ਼ਕ ਦਾ', ਵੀਰ ਦਵਿੰਦਰ ਸਿੰਘ ਦੀ ਪੁਸਤਕ 'ਪਾ ਦੇ ਪੈਲਾਂ' ਅਤੇ ਚਿੱਟਾ ਸਿੱਧੂ ਦੀ ਪੁਸਤਕ 'ਦੋ ਢਾਈ ਸਾਲ' ਮੈਨੂੰ ਪੰਜਾਬੀ ਵਾਰਤਕ ਖੇਤਰ ਦੀ ਖੜੋਤ ਨੂੰ ਤੋੜਨ ਵਾਲੀਆਂ ਲੱਗੀਆਂ ਹਨ।

ਜਦੋਂ ਨਰਿੰਦਰ ਕਪੂਰ ਨੇ ਪੰਜਾਬੀ ਵਾਰਤਕ ਵਿਚਲੀ ਉਪਦੇਸ਼ਾਤਮਕ ਖੜੋਤ ਨੂੰ ਤੋੜ ਕੇ ਨਵੀਂ ਮਨੋ ਵਿਗਿਆਨਕ ਵਿਧੀ ਰਾਹੀਂ ਆਪਣੀ ਗੱਲ ਆਖੀ ਤਾਂ ਉਸ ਦੀਆਂ ਪੁਸਤਕਾਂ ਵਿਕਰੀ ਦੇ ਮਾਮਲੇ ਵਿਚ ਹੋਰ ਸਾਹਿਤ ਵਿਧਾਵਾਂ ਨੂੰ ਪਿੱਛੇ ਛੱਡਣ ਲੱਗੀਆਂ। ਇਸ ਵੇਲੇ ਇੱਕ ਸੱਚ ਇਹ ਹੈ ਕਿ ਨਰਿੰਦਰ ਕਪੂਰ ਅਜੇ ਵੀ ਪੰਜਾਬੀ ਵਾਰਤਕ ਦੇ ਵਧੇਰੇ ਪਾਠਕਾਂ ਦੀ ਪਹਿਲੀ ਪਸੰਦ ਹੈ ਤਾਂ ਦੂਜਾ ਸੱਚ ਇਹ ਵੀ ਹੈ ਕਿ ਜੀਵਨ ਦੇ ਹੋਰ ਨਵੇਂ ਅਨੁਭਵਾਂ ਨਾਲ ਜੁੜਨ ਦੀ ਇੱਛਾ ਰੱਖਣ ਵਾਲੇ ਕੁਝ ਪਾਠਕਾਂ ਨੂੰ ਹੁਣ ਉਸ ਦੀ ਵਾਰਤਕ ਦੁਹਰਾਉ ਦੀ ਸ਼ਿਕਾਰ ਲੱਗਣ ਲੱਗ ਪਈ ਹੈ ਤੇ ਉਹ ਇਸ ਤੋਂ ਅੱਗੇ ਦੀ ਵਾਰਤਕ ਦੀ ਭਾਲ ਵਿਚ ਹਨ।



ਗੁਰਦੀਪ ਸਿੰਘ

ਮੇਰਾ ਇਹ ਦਾਅਵਾ ਕਦਾਚਿਤ ਨਹੀਂ ਹੈ ਕਿ ਇਨ੍ਹਾਂ ਵਾਰਤਕਕਾਰਾਂ ਦੀ ਵਾਰਤਕ ਨਰਿੰਦਰ ਕਪੂਰ ਤੋਂ ਅੱਗੇ ਹੈ, ਪਰ ਇਹ ਦਾਅਵਾ ਜ਼ਰੂਰ ਹੈ ਕਿ ਇਨ੍ਹਾਂ ਦਾ ਮੁਹਾਵਰਾ ਤੇ ਅੰਦਾਜ਼-ਏ-ਬਿਆਂ ਪੂਰਵਲੇ ਵਾਰਤਾਕਾਰਾਂ ਨਾਲੋਂ ਵੱਖਰਾ ਤੇ ਮੌਲਿਕ ਹੈ। ਹਰ ਵਾਰਤਕਕਾਰ ਆਪਣੇ ਖੇਤਰ ਦੇ ਲੋਕ ਜੀਵਨ ਦੀ ਵਸ਼ਿਸ਼ਟਤਾ ਨੂੰ ਉਭਾਰ ਕੇ ਹੀ ਸਾਹਿਤ ਦੇ ਖੇਤਰ ਵਿਚ ਆਪਣੀ ਵੱਖਰੀ ਪਛਾਣ ਬਣਾਉਂਦਾ ਹੈ, ਇਸ ਲਿਹਾਜ ਨਾਲ ਇਹ ਤਿੰਨੇ ਪੁਸਤਕਾਂ ਮੈਨੂੰ ਆਪਣੀਆਂ ਮੌਲਿਕ ਸੰਭਾਵਨਾਵਾਂ ਸਮੇਤ ਵਾਰਤਕ ਖੇਤਰ ਵਿਚ ਪ੍ਰਵੇਸ਼ ਪਾਉਂਦੀਆਂ ਲੱਗੀਆਂ ਹਨ। ਇਨ੍ਹਾਂ ਵਿਚੋਂ ਜੇ ਗੁਰਦੀਪ ਸਿੰਘ ਦੀ ਪੁਸਤਕ 'ਮਾਣ ਸੁੱਚੇ ਇਸ਼ਕ ਦਾ' ਦੇ ਹਵਾਲੇ ਨਾਲ ਪੰਜਾਬੀ ਸਾਹਿਤ ਪ੍ਰਤੀ ਲੇਖਕ ਦੇ ਇਸ਼ਕ ਦੀ ਗੱਲ ਕਰੀਏ ਤਾਂ ਇਹ ਸੱਚਾ ਤੇ ਸੁੱਚਾ ਇਸ਼ਕ ਉਸ ਦੇ ਨਾਲ ਪੰਜਾਬੀ ਵਾਰਤਕ ਸਾਹਿਤ ਲਈ ਵੀ ਮਾਣ ਵਾਲੀ ਗੱਲ ਹੈ।

ਇਸ ਪੁਸਤਕ ਰਾਹੀਂ ਉਸ ਨੇ ਇਨ੍ਹਾਂ ਤੇਰਾਂ ਸ਼ਖਸੀਅਤਾਂ ਦੇ ਮਾਨਵੀ ਬਿੰਬ ਨੂੰ ਪ੍ਰਤੀਬਿੰਬਤ ਕਰਨ ਦੀ ਕੋਸ਼ਿਸ਼ ਕੀਤੀ ਹੈ, ਜਿਨ੍ਹਾਂ ਦੀ ਸਮਾਜਿਕ ਹੋਂਦ ਉਸ ਨੂੰ ਮਾਨਸਿਕ ਹਰਾਰਤ ਦਿੰਦੀ ਰਹੀ ਹੈ। ਇਨ੍ਹਾਂ ਸ਼ਖਸੀਅਤਾਂ ਵਿਚੋਂ ਡਾ. ਸੁਖਦੇਵ ਸਿੰਘ ਸਿਰਸਾ, ਨਾਟਕਕਾਰ ਅਜਮੇਰ ਸਿੰਘ ਔਲਖ, ਕਹਾਣੀਕਾਰ ਦਰਸ਼ਨ ਜੋਗਾ, ਸਿੱਖ ਚਿੰਤਕ ਪ੍ਰਿੰ. ਜਗਜੀਤ ਸਿੰਘ ਤੇ ਪ੍ਰੋ. ਸਤਿਗੁਰੂ ਸਿੰਘ ਵਰਗੇ ਨਾਮਵਰ ਅਦੀਬ ਵੀ ਸ਼ਾਮਿਲ ਹਨ ਅਤੇ ਸੰਗੀਤ ਦੀ ਦੁਨੀਆਂ ਨਾਲ ਜਨੂੰਨੀ ਇਸ਼ਕ ਕਰਨ ਵਾਲੇ ਅਸ਼ੋਕ ਬਾਂਸਲ ਤੇ ਦੇਬੀ ਮਕਸੂਦਪੁਰੀ ਵਰਗੇ ਫੱਕਰ ਵੀ। ਆਪਣੀਆਂ ਖੇਡ ਪ੍ਰਾਪਤੀਆਂ ਦੇ ਹਾਣ ਦਾ ਸਰਕਾਰੀ ਸਨਮਾਨ ਜਾਂ ਰੁਜ਼ਗਾਰ ਪ੍ਰਾਪਤ ਨਾ ਕਰ ਸਕਣ ਵਾਲੀ ਮੁਖਤਿਆਰ ਕੌਰ ਦੀ ਚੁੱਪ ਵੀ ਇਸ ਪੁਸਤਕ ਰਾਹੀਂ ਬੋਲਦੀ ਹੈ ਤੇ ਰੰਗਕਰਮੀ ਸੁਰਿੰਦਰ ਸਾਗਰ ਦਾ ਜੀਵਨ ਸੰਘਰਸ਼ ਵੀ ਆਪਣੀ ਵੱਖਰੀ ਬਾਤ ਪਾਉਂਦਾ ਹੈ। ਇਹ ਪੁਸਤਕ ਆਪਣੇ ਪਾਠਕਾਂ ਦੀ ਸਾਂਝ ਸਕੂਲ ਪ੍ਰਿੰਸੀਪਲ ਜਸਮੇਲ ਸਿੰਘ ਗਿੱਲ ਤੇ ਤਾਏ ਮਹਿੰਦਰ ਪਾਲ ਅੰਦਰ ਬੈਠੇ ਦਮਦਾਰ ਮਨੁੱਖ ਨਾਲ ਵੀ ਪਵਾਉਂਦੀ ਹੈ ਅਤੇ ਲੇਖਕ ਦੇ ਸਿੱਧੇ ਸਪੱਸ਼ਟ ਤੇ ਅੜਬ ਚਾਚੇ ਅੰਦਰਲਾ ਮਨ ਵੀ ਫਰੋਲਦੀ ਹੈ।

ਗੁਰਦੀਪ ਨੇ ਆਪਣੇ ਸ਼ਬਦ ਚਿੱਤਰਾਂ ਰਾਹੀਂ ਨਾਮਵਰ ਅਦੀਬਾਂ ਅੰਦਰਲੇ ਵਿਅਕਤੀ ਵਿਸ਼ੇਸ਼ ਦੀ ਗੱਲ ਘੱਟ ਤੇ ਉਨ੍ਹਾਂ ਅੰਦਰਲੇ ਆਮ ਬੰਦੇ ਦੀ ਗੱਲ ਵੱਧ ਕੀਤੀ ਹੈ। ਅਸਲ ਵਿਚ ਇਹ ਆਮ ਬੰਦਾ ਹੀ ਕਿਸੇ ਨੂੰ ਲੋਕਤਾ ਨਾਲ ਜੋੜ ਕੇ ਉਸ ਵਿਅਕਤੀ ਵਿਸ਼ੇਸ਼ ਬਣਾਉਣ ਦੇ ਸਮਰੱਥ ਹੁੰਦਾ ਹੈ। ਪੁਸਤਕ ਦਾ ਪਾਠ ਕਰਦਿਆਂ ਪਤਾ ਚਲਦੈ ਕਿ ਡਾ. ਸੁਖਦੇਵ ਸਿੰਘ ਸਿਰਸਾ ਅੰਦਰਲਾ ਆਮ ਬੰਦਾ ਹਮੇਸ਼ਾ ਆਪਣੇ ਵਿਦਿਆਰਥੀਆਂ ਦੇ ਹਿਤਾਂ ਲਈ ਸਥਾਪਤੀ ਨਾਲ ਟੱਕਰ ਲੈਣ ਲਈ ਤਿਆਰ ਰਹਿੰਦਾ ਹੈ ਤੇ ਨਾਟਕਕਾਰ ਅਜਮੇਰ ਸਿੰਘ ਔਲਖ ਅੰਦਰਲਾ ਪੇਂਡੂ ਬੰਦਾ ਥੀਏਟਰ ਨੂੰ ਪੇਂਡੂ ਸੱਥਾਂ ਤੱਕ ਲੈ ਕੇ ਗਿਆ ਹੈ। ਪ੍ਰੋ. ਸਤਿਗੁਰੂ ਅੰਦਰਲੀ ਵਿਚਾਰਧਾਰਕ ਸਪੱਸ਼ਟਤਾ ਵਿਚੋਂ ਆਮ ਬੰਦੇ ਦੀ ਇਮਾਨਦਾਰੀ ਬੋਲਦੀ ਹੈ ਤਾਂ ਅਸ਼ੋਕ ਬਾਂਸਲ ਅੰਦਰਲਾ ਬੰਦਾ ਅੱਧੀ ਰਾਤੀ ਉਠ ਕੇ ਆਪਣੇ ਮਿੱਤਰ ਪਿਆਰਿਆਂ ਨਾਲ ਸੰਗੀਤ ਦੀਆਂ ਗੱਲਾਂ ਕਰਨ ਲੱਗ ਪੈਂਦਾ ਹੈ। ਇਹ ਕਹਾਣੀਕਾਰ ਦਰਸ਼ਨ ਜੋਗਾ ਅੰਦਰਲੇ ਆਮ ਬੰਦੇ ਦੀ ਹੀ ਬੇਬਾਕ ਸਲਾਹ ਹੈ, "ਗੁਰਦੀਪ ਤੇਰੇ ਕੋਲ ਗੱਲ ਵੀ ਹੈ ਤੇ ਅੰਦਾਜ਼ ਵੀ, ਪਰ ਸਿਹਰਾ ਪੜ੍ਹਨ ਤੋਂ ਬਚੀਂ।" ਕੋਈ ਡਿਪਲੋਮੈਟ ਤੇ ਖਾਸ ਬੰਦਾ ਅਜਿਹੀ ਸਲਾਹ ਦੇ ਹੀ ਨਹੀਂ ਸਕਦਾ।

ਗੁਰਦੀਪ ਵਰਗੀ ਗੱਲ ਤਾਂ ਕੁਝ ਬਦਲਵੀਂ ਭਾਸ਼ਾ ਵਿਚ ਹੋਰ ਲੇਖਕ ਤੇ ਵਿਦਵਾਨ ਵੀ ਕਰ ਸਕਦੇ ਹਨ, ਪਰ ਗੱਲ ਕਹਿਣ ਦੇ ਅੰਦਾਜ਼ ਦੀ ਮੌਲਿਕਤਾ ਉਸ ਨੂੰ ਦੂਸਰੇ ਵਾਰਤਕਕਾਰਾਂ ਨਾਲੋਂ ਵਖਰਿਆਉਂਦੀ ਹੈ। ਸਾਹਿਤ ਸਿਰਜਣਾ ਵੇਲੇ ਸਿਰਫ ਗੱਲ ਕਰਨਾ ਹੀ ਸਾਡੇ ਲਈ ਕਾਫੀ ਨਹੀਂ ਹੁੰਦਾ, ਸਗੋਂ ਗੱਲ ਦੀ ਰਮਜ਼ ਤੱਕ ਪਹੁੰਚਣਾ ਵੀ ਜ਼ਰੂਰੀ ਹੁੰਦਾ ਹੈ। ਗੁਰਦੀਪ ਦੂਸਰਿਆਂ ਦੀਆਂ ਗੱਲਾਂ ਵਿਚਲੀਆਂ ਰਮਜ਼ ਨੂੰ ਫੜ੍ਹਦਾ ਵੀ ਹੈ ਤੇ ਇਨ੍ਹਾਂ ਨੂੰ ਸੰਕੇਤਕ ਭਾਸ਼ਾ ਪੇਸ਼ ਕਰਨ ਦੀ ਮੁਹਾਰਤ ਵੀ ਰੱਖਦਾ ਹੈ। ਉਹ ਸੁਣੀਆਂ-ਸੁਣਾਈਆਂ ਗੱਲਾਂ ਨੂੰ ਆਪਣੀਆਂ ਲਿਖਤਾਂ ਵਿਚ ਚੇਪੀ ਵਜੋਂ ਨਹੀਂ ਚਿਪਕਾਉਂਦਾ, ਸਗੋਂ ਗੱਲ ਦੇ ਅਸਲ ਮਾਲਕ ਦਾ ਹਵਾਲਾ ਵੀ ਜ਼ਰੂਰ ਦਿੰਦਾ ਹੈ। ਆਪਣੀਆਂ ਕੁਝ ਧਾਰਨਾਵਾਂ ਨੂੰ ਪ੍ਰਮਾਣਿਕ ਸਿੱਧ ਕਰਨ ਲਈ ਉਹ ਸਮਕਾਲੀ ਤੇ ਪੂਰਵਲੇ ਲੇਖਕਾਂ ਦੀਆਂ ਉਕਤੀਆਂ ਨੂੰ ਪੁਸ਼ਟੀ ਮੂਲਕ ਮਿਸਾਲਾਂ ਵਜੋਂ ਵੀ ਵਰਤਦਾ ਹੈ। ਉਸ ਵੱਲੋਂ ਅਜਿਹਾ ਕੀਤੇ ਜਾਣ ਨਾਲ ਪਾਠਕ ਇੱਕ ਲਿਖਤ ਪੜ੍ਹਦਿਆਂ ਅਨੁਭਵ ਦੇ ਧਰਾਤਲ 'ਤੇ ਕਈ ਲਿਖਤਾਂ ਨੂੰ ਪੜ੍ਹ ਲੈਂਦਾ ਹੈ।

ਗੁਰਦੀਪ ਦੀ ਵਾਰਤਕ ਕਲਾ ਕਿਸੇ ਬੱਝਵੀਂ ਤਰਤੀਬ ਅਨੁਸਾਰ ਅੱਗੇ ਨਹੀਂ ਤੁਰਦੀ ਸਗੋਂ ਜਿਵੇਂ ਅੱਜ ਦੇ ਮਨੁੱਖ ਦਾ ਜੀਵਨ ਕਈ ਟੁਕੜਿਆਂ ਵਿਚ ਵੰਡਿਆ ਹੋਇਆ ਹੈ, ਉਵੇਂ ਉਸ ਦੇ ਸ਼ਬਦ ਚਿੱਤਰ ਵੀ ਕਈ ਟੁਕੜਿਆਂ ਵਿਚ ਵੰਡੇ ਹੋਏ ਹਨ। ਸ਼ਬਦ ਚਿੱਤਰ ਦਾ ਹਰ ਟੁਕੜਾ ਉਸ ਦੇ ਸ਼ਬਦ ਚਿੱਤਰ ਵਿਚਲੀ ਕਿਸੇ ਸ਼ਖਸੀਅਤ ਦੇ ਕਿਸੇ ਨਿਵੇਕਲੇ ਪਸਾਰ ਨੂੰ ਪਾਠਕਾਂ ਦੇ ਦ੍ਰਿਸ਼ਟੀਗੋਚਰ ਕਰਦਾ ਹੈ। ਉਹ ਲੇਖਕ ਤੇ ਆਲੋਚਕ ਹੋਣ ਤੋਂ ਪਹਿਲਾਂ ਸਾਹਿਤ ਦਾ ਗੰਭੀਰ ਪਾਠਕ ਹੈ, ਇਸ ਲਈ ਉਸ ਦੇ ਅਧਿਐਨ ਦੀ ਵਿਦਵਤਾ ਉਸ ਦੇ ਸਿਰ ਚੜ੍ਹ ਕੇ ਬੋਲਦੀ ਹੈ ਤੇ ਕਈ ਵਾਰ ਇਹ ਉਸ ਦੇ ਸਿਰਫ ਬੌਧਿਕ ਕਿਸਮ ਦੇ ਪਾਠਕਾਂ ਦੇ ਵਾਰਤਾਕਾਰ ਹੋਣ ਦਾ ਪ੍ਰਭਾਵ ਸਿਰਜਣ ਦੇ ਰਾਹ ਵੀ ਪੈ ਜਾਂਦੀ ਹੈ। ਭਾਵੇਂ ਉਹ ਨਿਰੰਤਰ ਸਹਿਜਤਾ, ਸੁਭਾਵਿਕਤਾ ਤੇ ਸਪਸ਼ਟਤਾ ਵੱਲ ਵੱਧ ਰਿਹਾ ਹੈ, ਫਿਰ ਵੀ ਮੈਂ ਉਸ ਨੂੰ ਇਸ ਸਬੰਧੀ ਆਪਣਾ ਅਭਿਆਸ ਹੋਰ ਵਧਾਉਣ ਦੀ ਲੋੜ ਹੈ। ਨਾਟਕਕਾਰ ਅਜਮੇਰ ਔਲਖ ਤੇ ਡਾ. ਸੁਖਦੇਵ ਸਿੰਘ ਸਿਰਸਾ ਵਿਚਲੀ ਆਪਸੀ ਗੂੜ੍ਹੀ ਸਾਂਝ ਕਾਰਨ ਇਨ੍ਹਾਂ ਦੋਹਾਂ ਦੇ ਸ਼ਬਦ ਚਿੱਤਰਾਂ ਵਿਚ ਮਿਲਦੀਆਂ ਜੁਲਦੀਆਂ ਗੱਲਾਂ ਵੀ ਕੀਤੀਆਂ ਗਈਆਂ ਹਨ।

# ਭਾਰਤੀ ਹਾਕੀ ਦਾ ਸ਼ਾਰਪ-ਸ਼ੂਟਰ ਖਿਡਾਰੀ: ਸੁਰਿੰਦਰ ਸਿੰਘ ਸੋਢੀ

## ਗੁਣਾਚੌਰ ਤੋਂ ਓਲੰਪਿਕ ਤੱਕ

"ਰੱਬ ਦੀ ਰਹੀ ਮੇਹਰ ਸਦਾ,
ਉਚਾ ਰੁਤਬਾ ਹਾਕੀ 'ਚ ਪਾ ਲਿਆ ਏ।
ਹਾਕੀ ਦੀ ਜਾਦੂਗਰੀ ਨਾਲ,
ਕਰੋੜਾਂ ਪ੍ਰੇਮੀਆਂ ਨੂੰ ਗਲ ਲਾ ਲਿਆ ਏ।
ਹਾਕੀ ਨੂੰ 'ਇਕਬਾਲ ਸਿੰਹਾਂ' ਚਾਰ ਚੰਨ ਲਾਏ,
ਭਾਰਤੀ ਹਾਕੀ 'ਚ ਸੋਢੀ ਛਾ ਗਿਆ ਏ।"

ਭਾਰਤੀ ਹਾਕੀ ਦੇ ਜਰਨੈਲ ਸ. ਸੁਰਿੰਦਰ ਸਿੰਘ ਸੋਢੀ ਦਾ ਖੇਡ ਜਗਤ ਵਿਚ ਵੱਡਾ ਨਾਂ ਹੈ। ਜਦੋਂ ਹਾਕੀ ਦੀ ਗੱਲ ਚਲਦੀ ਹੈ ਤਾਂ ਉਨ੍ਹਾਂ ਦਾ ਨਾਂ ਆਪ ਮੁਹਾਰੇ ਮੂੰਹ 'ਤੇ ਆ ਜਾਂਦੈ। ਹਾਕੀ ਵਾਲਾ ਸੋਢੀ ਉਹ ਨਾਂ ਹੈ, ਜਿਸ ਨੇ ਖੇਡ ਮੈਦਾਨਾਂ 'ਚ ਵਿਰੋਧੀਆਂ ਦੇ ਛੱਕੇ ਛੁਡਾਏ ਅਤੇ ਕੌਮੀ ਤੇ



**ਇਕਬਾਲ ਸਿੰਘ ਜੱਬੋਵਾਲੀਆ**
ਫੋਨ: 917-375-6395

ਕੌਮਾਂਤਰੀ ਖੇਡਾਂ ਵਿਚ ਧੁੰਮਾਂ ਪਾਈ ਰੱਖੀਆਂ। ਕਦੇ ਉਹ ਪ੍ਰਤੀਨਿਧ ਬਣ ਖੇਡਿਆ, ਕਦੇ ਕਪਤਾਨ ਬਣ ਕੇ ਭਾਰਤੀ ਟੀਮ ਦੀ ਕਮਾਂਡ ਸਾਂਭੀ ਤੇ ਗੋਲਡ ਮੈਡਲਾਂ ਨਾਲ ਭਾਰਤ ਦੀਆਂ ਝੋਲੀਆਂ ਭਰੀਆਂ। 1980 'ਚ ਉਹਦੇ ਨਾਂ ਦੀ ਪੂਰੀ ਧਾਂਕ ਸੀ। ਅਖਬਾਰਾਂ, ਰਸਾਲਿਆਂ ਤੇ ਟੈਲੀਵਿਜ਼ਨ 'ਤੇ ਪੂਰੀ ਤਰਥੱਲੀ ਮੱਚੀ। ਮੀਡੀਏ ਵਾਲੇ ਉਹਨੂੰ ਗੋਲ-ਗੈਟਰ, ਬਰੇਨੀ-ਪਲੇਅਰ, ਸ਼ਾਰਪ-ਸ਼ੂਟਰ ਤੇ ਹੋਰ ਪਤਾ ਨਹੀਂ ਕੀ ਕੀ ਖਿਤਾਬਾਂ ਨਾਲ ਨਿਵਾਜ਼ਦੇ ਰਹੇ। ਤੇ ਕਈਆਂ ਨੇ ਉਹਨੂੰ ਭਾਰਤੀ ਹਾਕੀ ਦਾ ਟਾਈਗਰ ਕਿਹਾ।

ਕੁਦਰਤ ਹਮੇਸ਼ਾ ਉਸ ਦੇ ਅੰਗ-ਸੰਗ ਰਹੀ। ਨਿਗ੍ਹਾ ਸਵੱਲੀ ਨਾਲ ਤੁਫਾਨਾਂ ਵਾਂਗ ਸ਼ੂਕਦਾ, ਚੜ੍ਹਾਈਆਂ ਚੜ੍ਹਦਾ ਬੜੀਆਂ ਬੜੀਆਂ ਚੋਟੀਆਂ ਸਰ ਕਰਦਾ ਅੱਗੇ ਨਿਕਲਦਾ ਗਿਆ। 1980 ਦੇ ਮਾਸਕੋ ਓਲੰਪਿਕਸ ਮੁਕਾਬਲਿਆਂ 'ਚੋਂ ਗੋਲਡ ਮੈਡਲ ਜਿੱਤਣ ਲਈ 15 ਗੋਲ ਕਰਨ ਦਾ ਸਿਹਰਾ ਉਸ ਦੇ ਸਿਰ ਬੱਝਾ। (16 ਸਾਲਾਂ ਪਿਛੋਂ ਭਾਰਤੀ ਹਾਕੀ ਟੀਮ ਸੋਨ ਤਮਗੇ ਦੀ ਹੱਕਦਾਰ ਬਣੀ। ਹੁਣ ਤੱਕ ਦੇ ਹੋ ਚੁਕੇ ਚੈਂਪੀਅਨ ਮੁਕਾਬਲਿਆਂ ਵਿਚੋਂ ਭਾਰਤੀ ਹਾਕੀ ਟੀਮ ਨੂੰ ਉਹਦੀ ਕਪਤਾਨੀ ਹੇਠ ਵਿਸ਼ਵ-ਵਿਜੇਤਾ ਹੋਣ ਦਾ ਮਾਣ ਪ੍ਰਾਪਤ ਹੋਇਐ।) ਅਖੀਰ ਵਿਚ ਉਨ੍ਹਾਂ ਦਾ ਸਪੇਨ ਨਾਲ ਭੇੜ ਹੋਇਆ ਤੇ ਟੀਮ 'ਚ ਖੇਡਦੇ ਚਾਰ ਜੂੜਿਆਂ ਵਾਲਿਆਂ ਵਿਚੋਂ ਪਹਿਲੇ ਦੋ ਗੋਲ ਸ. ਸੋਢੀ ਨੇ ਕੀਤੇ। ਭਾਰਤੀ ਹਾਕੀ ਦੇ ਇਤਿਹਾਸ ਵਿਚ ਇਹ ਪੱਕੀ ਮੋਹਰ ਲੱਗ ਚੁਕੀ ਹੈ ਕਿ ਸਭ ਤੋਂ ਘੱਟ ਸਮੇਂ 'ਚ ਲਗਾਤਾਰ ਤਿੰਨ ਗੋਲ ਕਰਕੇ ਹੈਟ੍ਰਿਕ ਬਣਾਉਣ ਦਾ ਰਿਕਾਰਡ ਹਾਲੇ ਤੱਕ ਕਿਸੇ ਤੋਂ ਨਹੀਂ ਟੁੱਟਾ । 'ਬੈਸਟ ਸਕੋਰਰ' ਦਾ ਖਿਤਾਬ ਪ੍ਰਾਪਤ ਕਰਕੇ ਭਾਰਤੀ ਤਿਰੰਗੇ ਨੂੰ ਮਾਣ ਬਖਸ਼ਿਆ। 15 ਗੋਲ ਕਰਨ ਦਾ ਰਿਕਾਰਡ ਪਹਿਲਾਂ ਹਾਕੀ ਦੇ ਧਨੰਤਰ ਖਿਡਾਰੀ ਸ. ਊਧਮ ਸਿੰਘ ਨੇ ਬਣਾਇਆ ਸੀ। ਉਸ ਪਿਛੋਂ ਇਹ ਮਾਣ ਸ. ਸੋਢੀ ਦੇ ਹਿੱਸੇ ਆਇਐ।

"ਕਦੇ ਰਫਤਾਰ ਦੀ ਗੱਲ,
ਕਦੇ ਦਸਤਾਰ ਦੀ ਗੱਲ।
ਖੇਡ ਮੈਦਾਨਾਂ 'ਚ,
ਉਹਦੇ ਤੇਜ਼-ਤਰਾਰ ਦੀ ਗੱਲ।
ਖੇਡ ਫਿਜ਼ਾਵਾਂ 'ਚ ਗੂੰਜੇ ਜੂੜੇ ਵਾਲੇ,
ਸੋਢੀ ਸਰਦਾਰ ਦੀ ਗੱਲ।"

ਉਹਦਾ ਗੋਤਰ ਤਾਂ ਛੋਕਰ ਹੈ, ਪਰ ਉਹ ਯਾਰਾਂ-ਬੇਲੀਆਂ, ਪ੍ਰਸ਼ੰਸਕਾਂ, ਖੇਡ ਪ੍ਰੇਮੀਆਂ ਤੇ ਦੁਨੀਆਂ ਦੇ ਕੋਨੇ ਕੋਨੇ 'ਚ ਉਹ 'ਸੋਢੀ' ਨਾਂ ਨਾਲ ਜਾਣਿਆਂ ਜਾਂਦੈ। ਕਿਸੇ ਦੇ ਮੂੰਹੋਂ ਅਚਾਨਕ ਜਦੋਂ 'ਸੋਢੀ' ਨਿਕਲਦੈ ਤਾਂ ਝੱਟ ਹਾਕੀ ਖਿਡਾਰੀ ਸੁਰਿੰਦਰ ਸਿੰਘ ਛੋਕਰ (ਸੋਢੀ) ਦਾ ਚਿਹਰਾ ਦਿਲ ਦਿਮਾਗ 'ਤੇ ਛਾ ਜਾਂਦੈ। ਕਈ ਖੇਡ ਪ੍ਰੇਮੀਆਂ ਨੇ ਤਾਂ ਬੱਚਿਆਂ ਦੇ ਨਾਂ ਸ. ਸੋਢੀ ਦੇ ਨਾਂ 'ਤੇ ਰੱਖੇ ਹੋਏ ਨੇ।

ਸ. ਸੋਢੀ ਨੇ ਭਾਰਤ ਦੇ ਵੱਖ ਵੱਖ ਰਾਜਾਂ/ਪ੍ਰਾਤਾਂ ਵਿਚ ਖੇਡ ਦਾ ਲੋਹਾ ਮੰਨਵਾਇਆ। ਨੈਸ਼ਨਲ ਖੇਡਾਂ 'ਚ ਉਹਦੀਆਂ ਬੇਹੱਦ ਪ੍ਰਾਪਤੀਆਂ ਹਨ। ਪੰਜਾਬ ਵਲੋਂ ਖੇਡਦਿਆਂ 1977 'ਚ ਮਦਰਾਸ, 1978 'ਚ ਮੁਦਰਾਏ, 1979 'ਚ ਹੈਦਰਾਬਾਦ ਅਤੇ 1980 'ਚ ਕਟਕ ਦੀਆਂ ਚੈਂਪੀਅਨਸ਼ਿਪਾਂ ਵਿਚ ਹਿੱਸਾ ਲਿਆ। 1981 'ਚ ਪੰਜਾਬ ਵਲੋਂ ਖੇਡਦਿਆਂ ਜਲੰਧਰ ਨੈਸ਼ਨਲ ਚੈਂਪੀਅਨਸ਼ਿਪ ਵਿਚ ਹਿੱਸਾ ਲਿਆ ਤੇ ਟੀਮ ਨੇ ਗੋਲਡ ਮੈਡਲ ਪ੍ਰਾਪਤ ਕੀਤਾ। ਸੁਰਿੰਦਰ ਸਿੰਘ ਸੋਢੀ ਦੀ ਕਪਤਾਨੀ ਹੇਠ 1982 'ਚ ਕਲਕੱਤਾ ਅਤੇ 1983 'ਚ ਮੇਰਠ ਨੈਸ਼ਨਲ ਹਾਕੀ ਚੈਂਪੀਅਨਸ਼ਿਪਾਂ ਖੇਡੀਆਂ ਗਈਆਂ ਤੇ ਪੰਜਾਬ ਦੀ ਝੋਲੀ 'ਚ ਗੋਲਡ ਮੈਡਲਾਂ ਨਾਲ ਭਰੀ। ਤਿੰਨ ਸਾਲ ਲਗਾਤਾਰ ਪੰਜਾਬ ਵਲੋਂ ਖੇਡਦਿਆਂ ਜਿੱਤ ਦੀ ਹੈਟ੍ਰਿਕ ਬਣਾਈ।

1984 'ਚ ਨਵੀਂ ਦਿੱਲੀ ਦੀ ਨੈਸ਼ਨਲ ਹਾਕੀ ਚੈਂਪੀਅਨਸ਼ਿਪ ਵਿਚ ਪੰਜਾਬ ਦੀ ਪ੍ਰਤੀਨਿਧਤਾ ਕੀਤੀ ਤੇ ਕਾਂਸੀ ਦਾ ਮੈਡਲ ਜਿੱਤਿਆ। 1985 'ਚ ਪਾਲਘਾਟ (ਸਾਊਥ) ਹਾਕੀ ਨੈਸ਼ਨਲ ਚੈਂਪੀਅਨਸ਼ਿਪ ਮੁਕਾਬਲੇ ਵਿਚੋਂ ਪੰਜਾਬ ਲਈ ਸਿਲਵਰ ਮੈਡਲ ਜਿੱਤਿਆ। ਇਸੇ ਤਰ੍ਹਾਂ 1986 'ਚ ਪੰਜਾਬ ਦੀ ਟੀਮ ਨੇ ਬੰਗਲੌਰ ਦੀ ਨੈਸ਼ਨਲ ਹਾਕੀ ਚੈਂਪੀਅਨਸ਼ਿਪ ਖੇਡ ਕੇ ਕਾਂਸੀ ਦਾ ਤਮਗਾ ਜਿੱਤਿਆ।

ਕੌਮਾਂਤਰੀ ਖੇਡਾਂ 'ਚ ਤੇਜ਼ ਤਰਾਰ ਖਿਡਾਰੀ ਦੀਆਂ ਘਰ ਘਰ ਗੱਲਾਂ ਹੋਈਆਂ। 1975 'ਚ ਜੂਨੀਅਰ ਹਾਕੀ ਟੀਮ ਦਾ ਮੈਂਬਰ ਬਣ ਕੇ ਯੂਰਪੀ ਦੇਸਾਂ-ਜਰਮਨੀ, ਫਰਾਂਸ ਅਤੇ ਸਪੇਨ 'ਚ ਖੇਡਣ ਗਿਆ। 1976 ਵਿਚ ਭਾਰਤੀ ਟੀਮ ਦੀ ਪ੍ਰਤੀਨਿਧਤਾ ਕਰਕੇ ਲਾਹੌਰ ਦਾ ਕਾਇਦੇ-ਆਜ਼ਮ ਕੌਮਾਂਤਰੀ ਹਾਕੀ ਟੂਰਨਾਮੈਂਟ ਖੇਡਿਆ।

ਹਾਲੈਂਡ ਦੀ ਟੈਸਟ ਸੀਰੀਜ਼ 1977 'ਚ ਖੇਡੀ ਅਤੇ ਉਸੇ ਸਾਲ ਹੀ ਇੰਡੀਆ-ਪਾਕਿਸਤਾਨ ਵਿਚ ਟੈਸਟ ਸੀਰੀਜ਼ ਖੇਡੀਆਂ। 1978 'ਚ ਅਰਜਨਟਾਇਨਾ ਵਰਲਡ ਹਾਕੀ ਕੱਪ ਲਈ ਭਾਰਤੀ ਟੀਮ ਦੀ ਪ੍ਰਤੀਨਿਧਤਾ ਕੀਤੀ ਅਤੇ ਉਸੇ ਸਾਲ ਹੀ ਭਾਰਤੀ ਟੀਮ ਦੀ ਬੈਂਕਾਕ ਏਸ਼ੀਅਨ-ਗੇਮਜ਼ ਲਈ ਪ੍ਰਤੀਨਿਧਤਾ ਕੀਤੀ ਤੇ ਭਾਰਤ ਲਈ ਸਿਲਵਰ ਮੈਡਲ ਜਿੱਤਿਆ। ਉਹਦੀ ਕਪਤਾਨੀ ਹੇਠ ਭਾਰਤੀ ਟੀਮ ਨੇ 1979 ਦੀ ਕਰਾਚੀ ਚੈਂਪੀਅਨ ਟਰਾਫੀ ਖੇਡੀ ਤੇ ਉਸੇ ਸਾਲ ਭਾਰਤ ਵਲੋਂ ਰੂਸ ਨਾਲ ਟੈਸਟ ਸੀਰੀਜ਼ ਖੇਡੀਆਂ।

ਪਰਥ ਆਸਟ੍ਰੇਲੀਆ ਵਿਖੇ ਖੇਡੇ ਗਏ ਇੰਟਰਨੈਸ਼ਨਲ ਹਾਕੀ ਟੂਰਨਾਮੈਂਟ ਵਿਚ ਭਾਰਤੀ ਟੀਮ ਦੀ ਪ੍ਰਤੀਨਿਧਤਾ ਕੀਤੀ। ਕੁਆਲਾਲੰਪੁਰ ਮਲੇਸ਼ੀਆ ਦੇ ਕੌਮਾਂਤਰੀ ਹਾਕੀ ਟੂਰਨਾਮੈਂਟ ਵਿਚ ਭਾਰਤੀ ਟੀਮ ਵਿਚ ਖੇਡਿਆ ਅਤੇ ਦੇਸ਼ ਲਈ ਕਾਂਸੀ ਦੇ ਤਮਗੇ ਜਿੱਤੇ।

1980 ਵਿਚ ਭਾਰਤੀ ਹਾਕੀ ਟੀਮ ਵਲੋਂ ਮਾਸਕੋ ਓਲੰਪਿਕ ਖੇਡਦਿਆਂ 15 ਗੋਲ ਕਰਨ ਦਾ ਮਾਣ ਵੀ ਸ. ਸੋਢੀ ਨੂੰ ਪ੍ਰਾਪਤ ਹੋਇਆ ਤੇ ਭਾਰਤ ਲਈ ਸੋਨ ਤਮਗਾ ਜਿੱਤਿਆ ਸੀ। ਭਾਰਤੀ ਹਾਕੀ ਦੇ ਇਤਿਹਾਸ ਵਿਚ ਇਹ ਮਾਣ ਹਮੇਸ਼ਾ ਲਈ ਸ. ਸੋਢੀ ਦੇ ਨਾਂ ਦਰਜ ਹੋ ਚੁਕਾ ਹੈ।

"ਦਿਲ ਦਾ ਸਮੁੰਦਰ ਹੈ ਤੂੰ।
ਹਾਕੀ ਦਾ ਸਿਕੰਦਰ ਹੈ ਤੂੰ।
ਸਿਰ ਘੁਮਾ ਕੇ ਵੇਖ ਸਾਰੇ,
ਖੇਡ ਸ਼ੌਕੀਨਾਂ ਦੇ ਵਸਦਾ ਅੰਦਰ ਹੈ ਤੂੰ।

1981 'ਚ ਯੂਰਪੀ ਦੇਸ਼ਾਂ ਦੇ ਦੌਰੇ 'ਤੇ ਜਾਣ ਵਾਲੀ ਭਾਰਤੀ ਟੀਮ ਅਤੇ ਅੱਠ ਦੇਸ਼ਾਂ 'ਚ ਖੇਡਣ ਦੇ ਮੌਕੇ ਮਿਲੇ। ਉਸੇ ਸਾਲ ਹੀ ਲਿਆਨੋ (ਇਟਲੀ) 'ਚ ਭਾਰਤ ਵਲੋਂ ਕੌਮਾਂਤਰੀ ਹਾਕੀ ਟੂਰਨਾਮੈਂਟ ਖੇਡੇ ਤੇ ਗੋਲਡ ਮੈਡਲ ਜਿੱਤਿਆ। ਉਸੇ ਸਾਲ ਭਾਰਤ-ਪਾਕਿਸਤਾਨ ਅਤੇ ਰੂਸ ਨਾਲ ਟੈਸਟ ਸੀਰੀਜ਼ ਖੇਡੀਆਂ।

ਹਾਲੈਂਡ ਵਿਖੇ ਖੇਡੀ ਗਈ ਵਰਲਡ ਹਾਕੀ ਚੈਂਪੀਅਨਜ਼ ਟਰਾਫੀ 'ਚ ਭਾਰਤੀ ਟੀਮ ਦੀ 1982 'ਚ ਕਪਤਾਨੀ ਕੀਤੀ ਤੇ ਬਰੌਨਜ਼ ਮੈਡਲ ਜਿੱਤਿਆ। ਇਹ ਮੈਡਲ ਦੁਨੀਆਂ ਦੀਆਂ ਛੇ ਤਕੜੀਆਂ ਟੀਮਾਂ ਨਾਲ ਬੜੀ ਸਖਤ ਟੱਕਰ ਨਾਲ ਜਿੱਤਿਆ ਸੀ। ਉਸੇ ਸਾਲ ਹੀ ਬੰਬਈ ਚੈਂਪੀਅਨਸ਼ਿਪ ਵਿਚ ਭਾਰਤੀ ਟੀਮ ਦੀ ਪ੍ਰਤੀਨਿਧਤਾ ਕੀਤੀ।



ਵਿਰੋਧੀ ਖਿਡਾਰੀਆਂ ਦੀ ਕੰਧ ਨੂੰ ਚੀਰਦਾ ਹੋਇਆ ਸੁਰਿੰਦਰ ਸੋਢੀ।



ਸੁਰਿੰਦਰ ਸਿੰਘ ਸੋਢੀ

ਕਲਾ ਤੇ ਸ਼ੋਹਰਤ ਕਿਸੇ ਦੀ ਜ਼ਾਗੀਰ ਨਹੀਂ ਹੁੰਦੀ। ਇਹ ਪਰਮਾਤਮਾ ਦੀ ਅਪਾਰ ਕ੍ਰਿਪਾ ਨਾਲ ਬਖਸ਼ਿਸ਼ ਹੁੰਦੀ ਹੈ। ਜਿਹਦੇ 'ਤੇ ਮਾਲਕ ਦੀ ਮਿਹਰ ਹੋ ਜਾਵੇ, ਬੱਸ ਉਹਦੇ ਵਾਰੇ-ਨਿਆਰੇ ਹੋ ਜਾਂਦੇ ਹਨ। ਜਿਵੇਂ ਸ. ਸੋਢੀ 'ਤੇ ਬਾਬੇ ਨਾਨਕ ਦੀ ਨਿਗਾ ਸਵੱਲੀ ਰਹੀ। ਹਮੇਸ਼ਾ ਚੜ੍ਹਦੀ-ਕਲਾ 'ਚ ਰਹਿ ਕੇ ਉਸ ਨੇ ਹਾਕੀ ਦੇ ਜੌਹਰ ਵਿਖਾਏ ਤੇ ਆਲ ਇੰਡੀਆ ਪੁਲਿਸ ਖੇਡਾਂ ਵਿਚ 15 ਸਾਲ ਪੰਜਾਬ ਪੁਲਿਸ ਵਲੋਂ ਖੇਡਿਆ ਅਤੇ 11 ਵਾਰ ਗੋਲਡ ਮੈਡਲ ਅਤੇ 4 ਵਾਰ ਸਿਲਵਰ ਮੈਡਲ ਜਿੱਤ ਕੇ ਮਹਿਕਮੇ ਦਾ ਮਾਣ ਵਧਾਇਆ।

ਚੰਗੀ ਗੇਮ ਸਦਕਾ ਸ. ਸੋਢੀ ਨੂੰ ਵਿਦੇਸ਼ੀ ਕਲੱਬਾਂ ਵਿਚ ਖੇਡਣ ਦੇ ਮੌਕੇ ਮਿਲੇ। ਆਸਟ੍ਰੇਲੀਆ ਦੇ ਮੈਲਬੌਰਨ ਅਤੇ ਪਰਥ ਸ਼ਹਿਰਾਂ ਵਿਚ ਖੇਡਿਆ। ਇਟਲੀ ਦੇ ਮਲਾਨ ਸ਼ਹਿਰ ਦੇ 'ਚਰਨੂਸਕੋ ਹਾਕੀ ਕਲੱਬ' ਵਿਚ ਤਿੰਨ ਸਾਲ ਖੇਡ ਕੇ ਗੋਰਿਆਂ ਦਾ ਦਿਲ ਜਿੱਤਿਆ। ਇਟਲੀ ਖੇਡਦੇ ਸਮੇਂ ਉਨ੍ਹਾਂ ਨੇ ਜਰਮਨੀ, ਹਾਲੈਂਡ, ਸਵਿਟਜ਼ਰਲੈਂਡ ਤੇ ਹੋਰ ਲਾਗੇ ਲਾਗੇ ਦੇ ਕਈ ਮੁਲਕ ਕਾਰ ਰਾਹੀਂ ਘੁੰਮੇ।

"ਕੁਦਰਤ ਵੀ ਨਿਹਾਲ ਹੁੰਦੀ,
ਹਵਾਵਾਂ ਦਾ ਜਾਵੇ ਰੁਖ ਮੋੜਦਾ।
ਸਮੁੰਦਰਾਂ ਦੀ ਨਾ ਪ੍ਰਵਾਹ ਕੀਤੀ,
ਜਾਵੇ ਬੰਨ੍ਹ ਤੋੜਦਾ।
ਸੋਢੀ ਦੀ ਹਾਕੀ ਦਾ ਕਮਾਲ ਜਾਦੂ,
ਇਤਿਹਾਸਕ ਜਾਵੇ ਪੰਨੇ ਜੋੜਦਾ।"

ਭਾਰਤੀ ਹਾਕੀ ਦਾ ਸੁਨਹਿਰੀ ਇਤਿਹਾਸ ਸਿਰਜਣ ਲਈ ਉਸ ਦਾ 1978 ਵਿਚ ਮਹਾਰਾਜਾ ਰਣਜੀਤ ਸਿੰਘ ਐਵਾਰਡ ਨਾਲ ਸਨਮਾਨ ਕੀਤਾ ਗਿਆ। ਉਹ ਲੜਕਿਆਂ ਵਿਚੋਂ ਪਹਿਲਾ ਭਾਰਤੀ ਹਾਕੀ ਖਿਡਾਰੀ ਸੀ, ਜਿਸ ਨੂੰ ਇਹ ਮਾਣ ਪ੍ਰਾਪਤ ਹੋਇਐ। ਸ. ਸੋਢੀ ਦੇ ਨਾਲ ਹੀ ਭਾਰਤ ਦੀ ਐਥਲੈਟਿਕਸ ਵਿਚੋਂ ਪ੍ਰਤੀਨਿਧਤਾ ਕਰਨ ਵਾਲੇ ਮਹਾਭਾਰਤ ਸੀਰੀਅਲ ਵਾਲੇ ਭੀਮ ਪ੍ਰਵੀਨ ਕੁਮਾਰ ਨੂੰ ਹੈਮਰ-ਥਰੋ ਵਿਚੋਂ ਮਹਾਰਾਜਾ ਰਣਜੀਤ ਸਿੰਘ ਐਵਾਰਡ ਦਿੱਤਾ ਗਿਆ ਸੀ।

1994 'ਚ ਵਧੀਆ ਸੇਵਾਵਾਂ ਨਿਭਾਉਣ ਬਦਲੇ ਭਾਰਤ ਸਰਕਾਰ ਵਲੋਂ ਸ. ਸੋਢੀ ਨੂੰ 'ਪੰਜਾਬ ਪੁਲਿਸ ਮੈਡਲ' ਨਾਲ ਨਿਵਾਜ਼ਿਆ ਗਿਆ ਅਤੇ ਉਸੇ ਸਾਲ ਹੀ ਆਸਟ੍ਰੇਲੀਆ ਦੌਰੇ 'ਤੇ ਜਾਣ ਵਾਲੀ ਜੂਨੀਅਰ ਭਾਰਤੀ ਹਾਕੀ ਟੀਮ ਨਾਲ ਬਤੌਰ ਕੋਚ ਗਏ ਤੇ 1997 'ਚ ਕੇਂਦਰ ਸਰਕਾਰ ਵਲੋਂ ਅਰਜਨ ਐਵਾਰਡ ਦਿੱਤਾ ਗਿਆ।

ਸਾਬਕਾ ਹਾਕ ਓਲੰਪੀਅਨ ਅਤੇ ਭਾਰਤੀ ਹਾਕੀ ਟੀਮ ਦੇ ਸਾਬਕਾ ਕਪਤਾਨ ਸ. ਸੁਰਿੰਦਰ ਸਿੰਘ ਸੋਢੀ ਨੇ ਹਾਕੀ ਛੱਡਣ ਤੋਂ ਬਾਅਦ ਡੀ. ਐਸ. ਪੀ., ਐਸ. ਪੀ., ਐਸ. ਐਸ. ਪੀ. ਅਤੇ ਡੀ. ਆਈ. ਜੀ. ਅਹੁਦਿਆਂ 'ਤੇ ਤਾਇਨਾਤ ਹੁੰਦੇ ਹੋਏ ਆਈ. ਜੀ. (ਇੰਸਪੈਕਟਰ ਜਨਰਲ ਆਫ ਪੁਲਿਸ) ਅਹੁਦੇ ਤੋਂ ਸੇਵਾ ਮੁਕਤ ਹੋਏ।

"ਮੌਕੇ ਮੌਕੇ ਸਰਕਾਰਾਂ ਨੇ ਕਦਰ ਪਾਈ।
ਉਚੇ ਅਹੁਦੇ ਨਿਵਾਜ਼ਦੇ ਰਹੇ।
ਵੱਖ ਵੱਖ ਰੁਤਬੇ ਤੋਂ 'ਆਈ. ਜੀ.' ਤੱਕ 'ਸੋਢੀ',
ਸੁਖ ਸਹੂਲਤਾਂ ਮੈਡਲ ਮੋਢੇ ਸਜਾਵਦੇ ਰਹੇ।"

ਸੇਵਾ ਮੁਕਤੀ ਪਿਛੋਂ ਚੰਗੀਆਂ ਸੇਵਾਵਾਂ ਨਿਭਾਉਣ ਬਦਲੇ ਉਨ੍ਹਾਂ ਨੂੰ 'ਮੈਰੀਟੋਰੀਅਸ ਸਰਵਿਸਿਜ਼ ਮੈਡਲ' ਦਿੱਤਾ ਗਿਆ। 2009 'ਚ ਡੀ. ਜੀ. ਪੀ. ਵਲੋਂ ਦਸ ਸਾਲ ਦੀ ਬੇਦਾਗ ਨੌਕਰੀ ਪ੍ਰਤੀ ਡੀ. ਜੀ. ਪੀ. ਡਿਸਕ ਭੇਟ ਕੀਤੀ ਅਤੇ ਨੌਕਰੀ ਦੌਰਾਨ ਖੂੰਖਾਰ ਕਿਸਮ ਦੇ ਲੋਕਾਂ ਨੂੰ ਨੱਥ ਪਾਉਣੀ ਜਾਂ ਮਾਫੀਆ ਕਿਸਮ ਦੇ ਖਤਰਨਾਕ ਗਿਰੋਹਾਂ ਨੂੰ ਫੜਨ ਲਈ 'ਕਠਿਨ ਪੁਲਿਸ ਸੇਵਾ ਮੈਡਲ' ਭੇਟ ਕੀਤਾ ਗਿਆ। ਤਿੰਨ ਸਾਲ ਦੀ ਪ੍ਰੀਮੀਅਰ ਹਾਕੀ ਲੀਗ ਵਿਚ ਸ. ਸੋਢੀ ਨੂੰ ਭਾਰਤੀ ਹਾਕੀ ਸੰਘ ਵਲੋਂ 'ਸ਼ੇਰੇ ਜਲੰਧਰ' ਕਲੱਬ ਦੇ ਮੈਨੇਜਰ ਦੀ ਸੇਵਾ ਸੌਂਪੀ ਗਈ ਸੀ। ਉਨ੍ਹਾਂ ਦੀ ਚੰਗੀ ਮਿਹਨਤ ਸਦਕਾ ਟੀਮ ਨੇ ਦੋ ਵਾਰ ਗੋਲਡ ਅਤੇ ਇਕ ਵਾਰ ਸਿਲਵਰ ਮੈਡਲ ਜਿੱਤਿਆ। ਇਨਾਮ ਵਜੋਂ ਟੀਮ ਨੂੰ ਦਸ ਲੱਖ ਰੁਪਿਆ ਵੀ ਦਿੱਤਾ ਗਿਆ ਸੀ।

ਭਾਰਤੀ ਹਾਕੀ ਨੂੰ ਨਵੀਆਂ ਰੂਹਾਂ ਬਖਸ਼ਣ ਵਾਲਾ ਸੁਰਿੰਦਰ ਸਿੰਘ ਸੋਢੀ ਆਪਣੀ ਖੇਡ ਜ਼ਿੰਦਗੀ ਦੀ ਕਾਮਯਾਬੀ 'ਚ ਆਪਣੇ ਕੋਚਾਂ-ਮਾਸਟਰ ਲਹਿੰਬਰ ਦਾਸ ਪੀ. ਟੀ. ਅਤੇ ਗੁਰਚਰਨ ਸਿੰਘ ਬੋਧੀ ਦਾ ਬੜਾ ਵੱਡਾ ਹੱਥ ਸਮਝਦਾ ਹੈ। ਮੁੱਖ ਕੋਚ ਗੁਰਚਰਨ ਸਿੰਘ ਤਾਂ ਆਖਰ ਤੱਕ ਨਾਲ ਰਿਹੈ ਤੇ ਉਹਦੀ ਛਤਰ-ਛਾਇਆ ਹੇਠ ਰਹਿ ਕੇ ਬਹੁਤ ਕੁਝ ਸਿਖਿਆ। ਵਿਰੋਧੀਆਂ ਦੀਆਂ ਖੜ੍ਹੀਆਂ ਕੀਤੀਆਂ ਕੰਧਾਂ ਚੀਰਦਾ ਚਲਾ ਜਾਂਦਾ। ਗੋਲ 'ਤੇ ਗੋਲ ਕਰਕੇ ਮੈਦਾਨ ਫਤਿਹ ਕਰਦਾ।



ਪੁਲਿਸ ਦੀ ਵਰਦੀ ਵਿਚ ਸਜਿਆ ਸੁਰਿੰਦਰ ਸਿੰਘ ਸੋਢੀ

ਜੱਦੀ ਪਿੰਡ ਗੁਣਾਚੌਰ, ਜਿਲਾ ਨਵਾਂ ਸ਼ਹਿਰ (ਸ਼ਹੀਦ ਭਗਤ ਸਿੰਘ ਨਗਰ) ਦੇ ਸ. ਗੁਰਬਚਨ ਸਿੰਘ ਅਤੇ ਮਾਤਾ ਸੁਰਜੀਤ ਕੌਰ (ਦੋਵੇਂ ਹੁਣ ਇਸ ਦੁਨੀਆਂ 'ਤੇ ਨਹੀਂ ਹਨ) ਨੇ ਲਾਡਲੇ ਬੇਟੇ ਸੁਰਿੰਦਰ ਸਿੰਘ 'ਤੇ ਬੜਾ ਮਾਣ ਕੀਤਾ, ਜਿਸ ਨੇ ਭਾਰਤ ਦੇ ਖੇਡ ਨਕਸ਼ੇ 'ਤੇ ਪਿੰਡ ਦਾ ਨਾਂ ਰੌਸ਼ਨ ਕੀਤਾ। ਉਹ ਪੰਜ ਭਰਾ ਤੇ ਇਕ ਭੈਣ ਹਨ। ਪਰਿਵਾਰ ਵਿਚੋਂ ਸੋਢੀ ਸਭ ਤੋਂ ਛੋਟਾ ਜਰੂਰ ਹੈ, ਪਰ ਮੱਲਾਂ ਵੱਡੀਆਂ ਵੱਡੀਆਂ ਮਾਰ ਕੇ ਸਭ ਨੂੰ ਹੈਰਾਨ ਕੀਤਾ। ਪਹਿਲੀ ਅਤੇ ਦੂਜੀ ਜਮਾਤ ਦੀ ਪੜ੍ਹਾਈ ਗੁਣਾਚੌਰ ਤੋਂ ਕਰਨ ਉਪਰੰਤ ਪਰਿਵਾਰ ਸਮੇਤ ਜਲੰਧਰ ਆ ਵਸਿਆ ਸੀ।

"ਮਾਂ-ਬਾਪ ਪੱਬਾਂ ਭਾਰ ਰਹਿੰਦੇ,
ਪੁੱਤ ਦੀ ਖੇਡ ਸਰੂਰ ਹੋਵੇ।
ਖਾਣਾ ਖਾਧਾ ਕਿ ਨਹੀਂ?
ਮਾਂ ਨੂੰ ਫਿਕਰ ਜਰੂਰ ਹੋਵੇ।
ਪ੍ਰਸੰਨ ਚਿੱਤ ਮਾਪੇ ਉਡੇ ਫਿਰਨ,
ਦੁਨੀਆਂ ਵਿਚ ਪੁੱਤ ਮਸ਼ਹੂਰ ਹੋਵੇ।"

ਪੁਰਾਣੇ ਤੇ ਇਤਿਹਾਸਕ ਪਿੰਡ ਗੁਣਾਚੌਰ ਦਾ ਰਾਜਾ ਗੋਪੀ ਚੰਦ ਦਰਬਾਰ ਲਾਇਆ ਕਰਦਾ ਸੀ। ਉਚਾਈ ਵਾਲੇ ਕਿਲੇ 'ਚ ਬਹਿ ਕੇ ਰਾਜਾ ਆਮ ਲੋਕਾਂ ਦੀਆਂ ਫਰਿਆਦਾਂ ਸੁਣਦਾ ਤੇ ਫੈਸਲੇ

(ਬਾਕੀ ਸਫਾ 29 'ਤੇ)



ਸੀਰੀਅਲ 'ਮਹਾਂਭਾਰਤ' ਵਿਚ ਭੀਮ ਦਾ ਕਿਰਦਾਰ ਨਿਭਾਉਣ ਵਾਲਾ ਪਰਵੀਨ ਕੁਮਾਰ ਅਤੇ ਸੁਰਿੰਦਰ ਸਿੰਘ ਸੋਢੀ



ਨਿਊ ਯਾਰਕ ਵਿਖੇ (ਖੱਬਿਓਂ) ਜਸਵਿੰਦਰ ਕੁਹਾਲਾ, ਇਕਬਾਲ ਜੱਬੋਵਾਲੀਆ, ਰਾਣਾ ਜੱਜੇ, ਸੁਰਿੰਦਰ ਸਿੰਘ ਸੋਢੀ ਤੇ ਜਗੀਰ ਸਿੰਘ ਸਬਜੀ ਮੰਡੀ

# ਸੁਖਵਿੰਦਰ ਅੰਮ੍ਰਿਤ ਦੀ ਰਚਨਾ ਵਿਚ ਦਸਤਾਰ ਚੇਤਨਾ

ਸੁਖਵਿੰਦਰ ਅੰਮ੍ਰਿਤ ਕਿਸੇ ਰਸਮੀ ਵਾਕਫੀਅਤ ਦੀ ਮੁਥਾਜ ਨਹੀਂ, ਉਸ ਨੂੰ ਸਾਰਾ ਪੰਜਾਬੀ ਜਗਤ ਬਾਖੂਬੀ ਜਾਣਦਾ ਹੈ। ਪਿੰਡ ਸਦਰਪੁਰਾ, ਤਹਿਸੀਲ ਜਗਰਾਓਂ, ਜਿਲਾ ਕਪੂਰਥਲਾ ਦੀ ਜੰਮਪਲ ਸੁਖਵਿੰਦਰ ਜਿੱਥੇ ਇੱਕ ਗਜ਼ਲਗੋ, ਕਵਿਤਰੀ ਅਤੇ ਗੀਤਕਾਰ ਕਰਕੇ ਮਸ਼ਹੂਰ ਹੈ, ਉਥੇ ਉਹ ਆਪਣੇ ਇਸ ਮੁਕਾਮ 'ਤੇ ਪਹੁੰਚਣ ਲਈ ਸਰ ਕੀਤੀਆਂ ਵੰਗਾਰਾਂ ਲਈ ਚਰਚਾ ਦਾ ਵਿਸ਼ਾ ਬਣੀ ਰਹੀ ਹੈ। ਛੋਟੀ ਹੁੰਦੀ ਹੀ ਕਵਿਤਾ ਅਤੇ ਗੀਤ ਲਿਖਣ ਲੱਗ ਪਈ, ਪਰ ਭਾਵਨਾਵਾਂ ਦੇ ਪ੍ਰਗਟਾਵੇ ਲਈ ਕਾਪੀ ਉਤੇ ਉਤਾਰਿਆ ਕਾਵਿ-ਪ੍ਰਵਾਹ ਮਾਂ ਦੀ ਨਜ਼ਰੇ ਚੜ੍ਹਦਿਆਂ ਹੀ ਲੀਰੋ-ਲੀਰ ਕਰ ਦਿੱਤਾ ਗਿਆ। ਪੁਰਾਤਨ ਪੇਂਡੂ ਪੰਜਾਬ ਵਾਲੀ ਸੋਚ 'ਤੇ ਚੱਲਦਿਆਂ ਇਸ ਮਰਜ਼ ਦਾ ਇੱਕੋ-ਇੱਕ ਇਲਾਜ ਉਚਿਤ ਸਮਝਿਆ ਗਿਆ: ਅਜੇ ਨੌਵੀਂ ਕਲਾਸ ਹੀ ਪੂਰੀ ਕੀਤੀ ਸੀ ਕਿ ਵਿਆਹ ਦਿੱਤੀ ਗਈ। ਸੁਖਵਿੰਦਰ ਨੇ ਸੋਚਿਆ, ਕੀ ਪਤਾ ਚੰਗਾ ਹੀ ਹੋਇਆ ਹੋਵੇ ਤੇ ਅਗਲਾ ਘਰ ਥੋੜ੍ਹਾ ਖੁਲ੍ਹਦਿਲਾ ਹੋਵੇ; ਪਰ ਐਵੇਂ ਵਹਿਮ ਹੀ ਸੀ। ਇਥੇ ਵੀ ਗੀਤਾਂ ਵਾਲੀ ਕਾਪੀ ਲਈ ਅੱਗ ਦੇ ਚੁੱਲੇ ਤੋਂ ਉਰ੍ਹਾਂ ਕੋਈ ਥਾਂ ਨਹੀਂ ਸੀ।



ਡਾ. ਆਸਾ ਸਿੰਘ ਘੁੰਮਣ, ਨਡਾਲਾ
ਫੋਨ: 91-97798-53245
nadalaghuman@gmail.com

ਖੈਰ! ਵਕਤ ਗੁਜ਼ਰਦਾ ਗਿਆ, ਗ੍ਰਹਿਸਤੀ ਗਹਿਰੀ ਹੁੰਦੀ ਗਈ। ਬੱਚੇ ਆ ਗਏ, ਪਰ ਗੀਤ/ਗਜ਼ਲ ਕਹਿਣ ਦੀ ਤਮੰਨਾ ਮਨ ਹੀ ਮਨ ਭਟਕਦੀ ਰਹੀ, ਕਵਿਤਾਵਾਂ ਮਨ ਮਸਤਕ ਨਾਲ ਟਕਰਾ ਟਕਰਾ ਕੇ ਟੁੱਟਦੀਆਂ ਭੱਜਦੀਆਂ ਰਹੀਆਂ। ਅਧੂਰੀ ਰਹਿ ਗਈ ਵਿਦਿਆ ਦਾ ਭੂਤ ਉਵੇਂ ਹੀ ਸਵਾਰ ਰਿਹਾ। ਸ਼ੁਕਰ ਹੈ, ਸਮਾਂ ਪਾ ਕੇ ਸੱਸ-ਸਹੁਰੇ ਦਾ ਪ੍ਰਤਾਪ ਕੁਝ ਢਿੱਲ੍ਹਾ ਪਿਆ ਤੇ ਪਤੀ ਅਮਰਜੀਤ ਸਿੰਘ ਗੱਲ ਸੁਣਨ-ਮੰਨਣ ਲੱਗ ਪਿਆ। ਉਸ ਦੀ ਸਹਿਮਤੀ ਮਿਲਣ ਨਾਲ ਅਧੂਰੀ ਰਹਿ ਗਈ ਪੜ੍ਹਾਈ ਸ਼ੁਰੂ ਹੋ ਗਈ। ਮਾਂ ਨਿਆਣਿਆਂ ਦੇ ਨਾਲ ਸਕੂਲੇ ਜਾਣ ਲੱਗੀ। ਫੇਰ ਗਰੈਜੂਏਸ਼ਨ ਤੇ ਫਿਰ ਪੰਜਾਬੀ ਦੀ ਪੋਸਟ-ਗਰੈਜੂਏਸ਼ਨ। ਥੋੜ੍ਹੀ ਦੇਰ ਕਾਲਜ ਦੀ ਪ੍ਰੋਫੈਸਰੀ ਕਰਨ ਦਾ ਮੌਕਾ ਵੀ ਮਿਲ ਗਿਆ। ਕਾਵਿ-ਰਚਨਾ ਦਾ ਸ਼ੌਕ ਬਰਕਰਾਰ ਰਿਹਾ। ਆਪਣੀਆਂ ਰਚਨਾਵਾਂ ਉਸ ਵੇਲੇ ਦੇ ਮਕਬੂਲ ਸ਼ਾਇਰ ਸੁਰਜੀਤ ਪਾਤਰ ਨੂੰ ਵਿਖਾਈਆਂ। ਵੱਡੀ ਸ਼ਾਬਾਸ਼ ਮਿਲੀ, ਹੌਸਲਾ ਬੁਲੰਦ ਹੋ ਗਿਆ। ਸ਼ਾਇਰੀ ਦੇ ਬੂਟੇ ਨੂੰ ਰਹਿਮਤੀ ਫੁਹਾਰਾਂ ਨਸੀਬ ਹੋਣ ਲੱਗੀਆਂ ਤੇ ਕਵਿਤਾ ਮੌਲਣ ਲੱਗੀ। ਫੇਰ ਬੱਸ ਚੱਲ ਸੋ ਚੱਲ!

ਉਸ ਦਾ ਪਹਿਲਾ ਕਾਵਿ-ਸੰਗ੍ਰਹਿ 'ਸੂਰਜ ਦੀ ਦਹਿਲੀਜ਼' 1997 ਵਿਚ ਆਇਆ। ਇਹ ਗਜ਼ਲ-ਸੰਗ੍ਰਹਿ ਸੀ, ਜੋ ਪੰਜਾਬੀ ਸਾਹਿਤ ਵਿਚ ਇੱਕ ਅਲੋਕਾਰੀ ਗੱਲ ਸੀ, ਕਿਉਂਕਿ ਪੰਜਾਬੀ ਕਵਿੱਤਰੀਆਂ ਵਿਚ ਗਜ਼ਲਾਂ ਦੇ ਤੌਰ 'ਤੇ ਉਸ ਸਮੇਂ ਤੱਕ ਕਿਸੇ ਨੇ ਵੀ ਵੱਡੀ ਕਾਮਯਾਬੀ ਹਾਸਲ ਨਹੀਂ ਸੀ ਕੀਤੀ, ਹਾਲਾਂਕਿ ਉਸ ਤੋਂ ਪਹਿਲਾਂ ਅੰਮ੍ਰਿਤਾ ਪ੍ਰੀਤਮ, ਪ੍ਰਭਜੋਤ ਕੌਰ, ਮਨਜੀਤ ਟਿਵਾਣਾ, ਪਾਲ ਕੌਰ ਵਰਗੀਆਂ ਨਾਰੀ-ਹਸਤੀਆਂ ਕਾਵਿ ਰਚਨਾ ਵਿਚ ਖੂਬ ਨਾਮਣਾ ਖੱਟ ਚੁਕੀਆਂ ਸਨ। ਦੂਜੀਆਂ ਕਵਿੱਤਰੀਆਂ ਵਾਂਗ ਉਸ ਵਿਚ ਨਾਰੀ-ਚੇਤਨਾ ਸੁਭਾਵਕ ਸੀ ਅਤੇ ਉਸ ਦੇ ਕਲਾਮ ਵਿਚਲਾ ਵਿਸ਼ਾ ਵਸਤੂ ਵੀ ਮੁੱਖ ਤੌਰ 'ਤੇ ਸਮਾਜ ਵਿਚਲੇ ਔਰਤ-ਵਿਰੋਧੀ ਵਰਤਾਰਿਆਂ ਦਾ ਵਿਰੋਧ ਸੀ, ਪਰ ਉਹ ਮਨਜੀਤ ਟਿਵਾਣਾ ਜਾਂ ਪਾਲ ਕੌਰ ਵਾਂਗ ਜ਼ਿੰਦਗੀ ਦੇ ਏਨੇ ਕੌੜੇ ਤਜਰਬਿਆਂ ਵਿਚੋਂ ਨਹੀਂ ਸੀ ਨਿਕਲੀ ਕਿ ਉਹ ਸਮਾਜਿਕ ਰਿਸ਼ਤਿਆਂ ਨੂੰ ਮੂਲੋਂ ਨਕਾਰ ਦਿੰਦੀ। ਉਸ ਦੀ ਰਚਨਾ ਹੈ ਤਾਂ 'ਮੈਂ' ਦਾ ਹੀ ਪ੍ਰਗਟਾਵਾ, ਪਰ ਇਹ ਪ੍ਰਗਟਾਵਾ 'ਮੈਂ' ਤੋਂ ਪਾਰ ਹੋ 'ਸਰਵ' ਦਾ ਸਫਰ ਵੀ ਕਰਦਾ ਹੈ। ਉਸ ਦੀ ਸ਼ਾਇਰੀ ਵਿਚ ਬਿਨਾ ਸ਼ੱਕ ਇਨਕਲਾਬੀ ਸੁਰ ਹੈ, ਜੋ ਨਾਰੀ ਹੋਣ ਕਰਕੇ ਸੁਭਾਵਕ ਹੈ, ਪਰ ਉਸ ਦੀ ਰਚਨਾ ਵਿਚ ਮਾਸੂਮੀਅਤ, ਨਿਰਛੱਲਤਾ ਅਤੇ ਸਮਰਪਣਾ ਉਵੇਂ ਹੀ ਵਿਦਮਾਨ ਹੈ, ਜਿਵੇਂ ਉਸ ਦੀ ਆਪਣੀ ਸ਼ਖਸੀਅਤ ਵਿਚ। ਉਸ ਦਾ ਆਪਣੇ ਸਮਾਜ-ਸਭਿਆਚਾਰ ਅਤੇ ਆਪਣੇ ਭਾਈਚਾਰੇ ਵਿਚ ਪੂਰਾ ਵਿਸ਼ਵਾਸ ਹੈ। ਉਹ ਆਪਣੀ ਸ਼ਕਤੀ ਤੋਂ ਵੀ ਵਾਕਫ ਹੈ, ਪਰ ਇਸ ਪ੍ਰਤੀ ਵੀ ਚੇਤੰਨ ਹੈ ਕਿ ਔਰਤ ਦੂਸਰੀ ਧਿਰ ਬਿਨ ਅਧੂਰੀ ਹੈ; ਸੰਪੂਰਨਤਾ ਲਈ ਚੁੰਨੀ ਦਾ ਦਸਤਾਰ ਨਾਲ ਮੇਲ-ਸੁਮੇਲ ਜ਼ਰੂਰੀ ਹੈ। ਪੰਜਾਬੀ ਸਭਿਆਚਾਰ ਵਿਚ ਚੁੰਨੀ ਅਤੇ ਦਸਤਾਰ ਦੋਵੇਂ ਸਿਰ-ਵਸਤਰ ਆਪੋ-ਆਪਣੇ ਥਾਂ ਮਰਦ ਔਰਤ ਦੀ ਪ੍ਰਤੀਨਿਧਤਾ ਕਰਦੇ ਹਨ ਅਤੇ ਦੋਵੇਂ ਵਸਤਰ ਇੱਜ਼ਤ ਦਾ ਪ੍ਰਤੀਕ ਹਨ। ਹਾਲਾਂਕਿ ਇਹ ਵੀ ਸੱਚ ਹੈ ਕਿ ਚੁੰਨੀ ਸਿਰ 'ਤੇ ਲੈਣ ਵਿਚ ਕੋਈ ਕਲਾ ਨਹੀਂ, ਪਰ ਦਸਤਾਰ ਆਪਣੇ ਹੱਥੀਂ ਬੰਨ੍ਹੀ ਜਾਂਦੀ ਹੈ, ਸਜਾਈ ਜਾਂਦੀ ਹੈ। ਦਸਤਾਰ ਸਜਾਉਣਾ ਇੱਕ ਕਲਾ ਹੈ।

ਸੁਖਵਿੰਦਰ ਅੰਮ੍ਰਿਤ ਦੀ ਪਲੇਠੀ ਪੁਸਤਕ ਵਿਚ ਦਸਤਾਰ ਬਹੁ-ਪਰਤੀ ਅਰਥਾਂ ਵਿਚ ਵਰਤੀ ਗਈ ਹੈ। ਅਸਲ ਵਿਚ ਦਸਤਾਰ ਦੇ ਪੇਚਾਂ ਵਿਚ ਕਈ ਇਤਿਹਾਸਕ-ਮਿਥਿਹਾਸਕ ਪ੍ਰਤੀਕ ਲੁਕੇ ਪਏ ਹਨ, (ਪੇਚ ਅਸਲ ਵਿਚ ਅੰਗਰੇਜ਼ੀ ਦੇ ਸ਼ਬਦ 'ਪੇਜ' ਤੋਂ ਬਣਿਐ। ਅੰਗਰੇਜ਼ਾਂ ਨੇ ਜਦ ਆਰਮੀ ਵਿਚ ਸਿੱਖ ਰੈਜੀਮੈਂਟਾਂ ਖੜ੍ਹੀਆਂ ਕੀਤੀਆਂ ਤਾਂ ਯੂਨੀਫਾਰਮ ਵਜੋਂ ਪੱਗ ਦੇ ਪੇਜ ਨਿਸ਼ਚਿਤ ਕੀਤੇ)। ਪੰਜਾਬੀ ਸਭਿਆਚਾਰ ਵਿਚ 'ਚੁੰਨੀ ਰੰਗ ਦੇ ਲਲਾਰੀਆ ਵੇ ਮੇਰੀ, ਮਿੱਤਰਾਂ ਦੀ ਪੱਗ ਵਰਗੀ' ਅਤੇ 'ਰੁਲ ਗਈ ਰੁਲ ਗਈ ਰੁਲ ਗਈ ਵੇ, ਤੇਰੇ ਪੱਗ ਦੇ ਪਲੇਚ ਉਤੇ ਡੁੱਲ ਗਈ ਵੇ' ਵਰਗੀਆਂ ਅਨੇਕਾਂ ਹੀ ਲੋਕ ਬੋਲੀਆਂ ਅਜਿਹੇ ਪਿਆਰ ਦਾ ਇਜ਼ਹਾਰ ਕਰਦੀਆਂ ਹਨ। ਸੁਖਵਿੰਦਰ ਦੀ ਕਾਵਿ-ਰਚਨਾ ਵਿਚ 'ਏਕਿ ਜੋਤਿ ਦੋਇ ਮੂਰਤੀ ਹੋਇ' ਦਾ ਸੰਕਲਪ ਚੁੰਨੀ-ਦਸਤਾਰ ਦੇ ਮੇਲ ਰਾਹੀਂ ਦਰਸਾਇਆ ਹੈ:

ਇਹ ਕਿਸ ਦੀ ਪੈੜ ਹੈ ਵੇਖੋ
ਜੋ ਸਾਡੇ ਬਾਰ ਤੱਕ ਆਈ,
ਗੁਆਚੀ ਮਹਿਕ ਹੈ ਸ਼ਾਇਦ
ਜੋ ਇਸ ਗੁਲਜ਼ਾਰ ਤੱਕ ਆਈ।
ਕਰੀ ਜਾ ਖੂਨ ਰੀਝਾਂ ਦਾ
ਲਿਖਾ ਲੈ ਨਾਮ ਬੀਰਾਂ ਵਿਚ,
ਕਿ ਮੇਰੇ ਸ਼ੌਕ ਦੀ ਗਰਦਨ
ਤੇਰੀ ਤਲਵਾਰ ਤੱਕ ਆਈ।
ਕੋਈ ਵੀ ਨਾਮ ਦੇ ਇਸ ਨੂੰ
ਕੋਈ ਵੀ ਅਰਥ ਕਰ ਇਸ ਦਾ,
ਮੇਰੀ ਰੰਗੀਨ ਚੁੰਨੀ ਅੱਜ
ਤੇਰੀ ਦਸਤਾਰ ਤੱਕ ਆਈ।

ਰੰਗੀਨ ਚੁੰਨੀ ਚੜ੍ਹਦੀ ਜਵਾਨੀ ਦੀ ਪ੍ਰਤੀਕ ਹੈ, ਜਦੋਂਕਿ ਦਸਤਾਰ ਸਿੱਖ ਧਰਮ ਵਿਚ ਪੱਗ ਜਾਂ ਪਗੜੀ ਲਈ ਸਤਿਕਾਰਯੋਗ ਸ਼ਬਦ ਹੈ। ਦਸਤਾਰ ਨਿਰਾ ਸਿਰ-ਵਸਤਰ ਹੀ ਨਹੀਂ, ਇਹ ਇੱਜ਼ਤ ਆਬਰੂ ਦੀ ਪ੍ਰਤੀਕ ਹੈ, ਇਹ ਦਗਦੇ, ਮਘਦੇ ਸਿਰਾਂ ਦਾ ਤਾਜ ਰਹੀ ਹੈ। ਇਹ ਉਸ ਗੁਰੂ ਦੀ ਸੌਗਾਤ ਹੈ, ਜੋ ਸਿਰ ਸਜੀ ਦਸਤਾਰ ਉਤੇ ਉਚਤਾ-ਸੁੱਚਤਾ ਦੀ ਕਲਗੀ ਵੀ ਸਜਾਉਂਦਾ ਹੈ ਅਤੇ ਹੱਥ ਵਿਚ ਤਲਵਾਰ ਰੱਖਦਾ ਹੈ। ਅਜਿਹੀ ਦਸਤਾਰ ਫਿਰ ਝੂਠੇ ਬਾਦਸ਼ਾਹਾਂ ਅੱਗੇ ਝੁਕਦੀ ਨਹੀਂ, ਜ਼ੁਲਮ ਸਾਹਮਣੇ ਨਿਉਂਦੀ ਨਹੀਂ ਅਤੇ ਤੇਗ ਮਿਆਨ ਵਿਚ ਮਿਉਂਦੀ ਨਹੀਂ। ਸਿਰ ਕਟਾ ਤਾਂ ਸਕਦੀ ਹੈ, ਝੁਕਾ ਨਹੀਂ ਸਕਦੀ। ਸਿੱਖ-ਇਤਿਹਾਸ ਵਿਚ ਦਸਤਾਰ ਦੀ ਚੜ੍ਹਦੀ ਕਲਾ ਲਈ ਤਲਵਾਰਾਂ ਵਾਹੁਣੀਆਂ ਵੀ ਪਈਆਂ ਤੇ ਗਰਦਨਾਂ ਕਟਵਾਉਣੀਆਂ ਵੀ ਪਈਆਂ:

ਕਦੇ ਤਾਂ ਜ਼ਖਮ ਦੇ ਚਰਚੇ
ਕਦੇ ਦਸਤਾਰ ਦੇ ਚਰਚੇ,
ਬਹਾਨੇ ਨਾਲ ਹੁੰਦੇ ਨੇ
ਨਜ਼ਰ ਦੇ ਵਾਰ ਦੇ ਚਰਚੇ।
ਜੋ ਕਟ ਜਾਂਦੀ ਹੈ ਐਪਰ
ਜ਼ੁਲਮ ਦੇ ਅੱਗੇ ਨਹੀਂ ਝੁਕਦੀ,
ਹੋਈ ਜਾਂਦੇ ਉਸੇ ਗਰਦਨ
ਉਸੇ ਦਸਤਾਰ ਦੇ ਚਰਚੇ।

ਜਿਵੇਂ ਸਮਾਂ ਵਿਹਾਉਣ ਨਾਲ ਦਸਤਾਰ ਸਿੱਖੀ ਦੀ ਪ੍ਰਤੀਕ ਬਣ ਗਈ ਹੈ, ਉਸੇ ਤਰ੍ਹਾਂ ਟੋਪੀ ਹਿੰਦੂ ਭਾਈਚਾਰੇ ਦੀ ਨਿਸ਼ਾਨੀ ਮੰਨੀ ਜਾਣ ਲੱਗੀ। ਪੰਜਾਬ ਵਿਚ ਬਦਕਿਸਮਤੀ ਨਾਲ ਕੁਝ ਮੁਦਿਆਂ 'ਤੇ ਹਿੰਦੂ-ਸਿੱਖ ਟਕਰਾਅ ਚੱਲਦਾ ਆ ਰਿਹਾ ਹੈ। ਇਸ ਵਿਚ ਸਿਆਸਤ ਵੀ ਬਹੁਤ ਸ਼ਰਾਰਤ ਖੇਡ ਜਾਂਦੀ ਹੈ। ਹਰ ਚੇਤੰਨ ਸੁਪਨਸਾਜ਼ ਸਾਹਿਤਕਾਰ ਤਾਂ ਇਹੀ ਚਾਹੇਗਾ ਕਿ ਹਿੰਦੂ-ਸਿੱਖ ਏਕਤਾ ਬਰਕਰਾਰ ਰਹੇ ਤੇ ਦੋਵੇਂ ਸਹਿਹੋਂਦ ਕਾਇਮ ਰੱਖਣ, ਪਰ ਸ਼ਰਾਰਤੀ ਸਿਆਸੀਆਂ ਨੂੰ ਇਹ ਗੱਲ ਕਦੀ ਨਹੀਂ ਸੁਖਾਉਂਦੀ:

ਤੇਰੇ ਵੀ ਕਰ ਦੇਵਣਗੇ ਉਹ
ਵੱਢ ਕੇ ਟੋਟੇ ਚਾਰ ਕਦੇ,
ਬੇ-ਕਦਰਾਂ ਨੂੰ ਭੋਲਿਆ ਬਿਰਖਾ
ਛਾਂਵੇਂ ਨਾ ਖਲਿਆਰ ਕਦੇ।
ਦੋਖੀ ਦੇ ਨੈਣਾਂ ਵਿਚੋਂ
ਨੀਂਦ ਉਡਾਰੀ ਮਾਰ ਗਈ,
ਇਕ ਦੂਜੀ ਦੇ ਗਲ ਲਗ ਮਿਲੀਆਂ
ਜਦ ਟੋਪੀ ਦਸਤਾਰ ਕਦੇ।

ਪਹਿਲੇ ਗਜ਼ਲ-ਸੰਗ੍ਰਹਿ ਨੂੰ ਪਾਠਕਾਂ ਵਲੋਂ ਭਰਪੂਰ ਹੁਲਾਰਾ ਮਿਲਣ ਤੋਂ ਉਤਸ਼ਾਹਤ ਹੋ ਸੁਖਵਿੰਦਰ ਅੰਮ੍ਰਿਤ ਆਪਣਾ ਦੂਸਰਾ ਗਜ਼ਲ-ਸੰਗ੍ਰਹਿ ਛੇਤੀ ਹੀ 1999 ਵਿਚ ਪਾਠਕਾਂ ਦੇ ਹੱਥ ਪਹੁੰਚਾ ਦਿੰਦੀ ਹੈ, 'ਚਿਰਾਗਾਂ ਦੀ ਡਾਰ।' ਇਸ ਵਿਚ ਵੀ ਪਿਆਰ-ਵਲਵਲਿਆਂ ਦਾ ਪ੍ਰਵਾਹ ਪੂਰੇ ਵਹਿਣ ਵਿਚ ਹੈ। ਨਿਰਛਲ ਇਸ਼ਕ ਦੇ ਚਸ਼ਮੇ ਫੁੱਟ-ਫੁੱਟ, ਹੁੱਭ-ਹੁੱਭ ਪੈਂਦੇ ਹਨ। ਨਾਰੀਤਵ ਭਾਵਨਾਵਾਂ ਦੀ ਉਹੀ ਸ਼ਿੱਦਤ, ਉਹੀ ਮਾਸੂਮੀਅਤ, ਉਹੀ ਨਿਰਛੱਲਤਾ, ਉਹੀ ਵਹਿਣ ਅਤੇ ਰਵਾਨੀ। ਜਿਵੇਂ ਅਸੀਂ ਪਹਿਲਾਂ ਕਹਿ ਆਏ ਹਾਂ, ਉਹ ਮਰਦ-ਔਰਤ ਪਿਆਰ ਵਿਚ ਦੋਹਾਂ ਧਿਰਾਂ ਨੂੰ ਬਰਾਬਰ ਅਤੇ ਇੱਕ ਦੂਜੇ ਦੇ ਪੂਰਕ ਸਮਝਦੀ ਹੈ।



ਸੁਰਜੀਤ ਪਾਤਰ 'ਚਿਰਾਗਾਂ ਦੀ ਡਾਰ' ਦੀ ਭੂਮਿਕਾ ਵਿਚ ਲਿਖਦੇ ਹਨ, 'ਏਥੇ ਉਹ ਨਾਰੀਵਾਦ ਤੋਂ ਹਾਂ-ਮੁਖੀ ਤੌਰ 'ਤੇ ਵੱਖ ਹੋ ਜਾਂਦੀ ਹੈ, ਜਿਹੜਾ ਨਾਰੀਵਾਦ ਪੁਰਖ-ਵਿਰੋਧੀ ਪੈਂਤੜਾ ਅਖਤਿਆਰ ਕਰਕੇ ਸਿਰਫ ਨਾਰੀ ਕੇਂਦਰਿਤ ਹੋ ਜਾਂਦਾ ਹੈ। ਉਸ ਦੇ ਸਮਰਪਣ ਪਿੱਛੇ, ਆਪਣੇ ਆਪ ਨੂੰ ਸਾਜ਼ ਤੇ ਆਪਣੇ ਪ੍ਰਿਅ ਨੂੰ ਸਾਜ਼ਿੰਦਾ ਕਹਿਣ ਪਿੱਛੇ ਇਹ ਭਾਵਨਾ ਹਰਗਿਜ਼ ਨਹੀਂ ਕਿ ਉਹ ਪੁਰਖ ਨੂੰ ਕਰਤਾ ਤੇ ਨਾਰੀ ਨੂੰ ਕਰਮ ਮੰਨਦੀ ਹੈ ਜਾਂ ਨਾਰੀ ਨੂੰ ਇਕ ਵਸਤੂ ਤੇ ਪੁਰਖ ਨੂੰ ਵਸਤੂ ਨੂੰ ਅਰਥ ਦੇਣ ਵਾਲਾ ਚੇਤਨ ਸਮਝਦੀ ਹੈ। ਭਾਵਨਾ ਇਸਤਰੀ ਪੁਰਖ ਦੇ ਭੇਦ ਦੀ ਨਹੀਂ, ਇਸ਼ਕ ਦੇ ਰਿਸ਼ਤੇ ਦੀ ਹੈ...।'



ਹਰ ਇਸ਼ਕ ਵਿਚ ਸੂਖਮਤਾ ਵੀ ਹੁੰਦੀ ਹੈ, ਸਥੂਲਤਾ ਵੀ; ਜਿਸਮ ਵੀ ਹੁੰਦੇ ਹਨ, ਰੂਹਾਂ ਵੀ। ਇਹ ਸੱਚ ਹੈ ਕਿ ਇਸ ਸੰਸਾਰ ਵਿਚ ਸਾਡੀ ਹੋਂਦ ਸਰੀਰਾਂ ਕਰਕੇ ਹੀ ਹੈ, ਇਸ ਤੱਥ ਤੋਂ ਦਰਕਿਨਾਰ ਨਹੀਂ ਹੋਇਆ ਜਾ ਸਕਦਾ। ਨਰ-ਨਾਰੀ ਦੀ ਆਪਸੀ ਖਿੱਚ ਨਿਰੀ ਕੁਦਰਤਨ ਨਹੀਂ ਹੁੰਦੀ, ਇਸ ਵਿਚ ਬਹੁਤ ਸਾਰਾ ਰੋਲ ਸਮਾਜਿਕਤਾ ਵੀ ਅਦਾ ਕਰਦੀ ਹੈ। ਕੋਈ ਸਾਨੂੰ ਸੋਹਣਾ ਕਿਉਂ ਲੱਗਦਾ ਹੈ, ਦੱਸ ਸਕਣਾ ਏਨਾ ਸੌਖਾ ਨਹੀਂ ਹੁੰਦਾ। ਕਿਸੇ ਪੰਜਾਬਣ ਨੂੰ 'ਸਾਬਤ ਸੂਰਤ ਦਸਤਾਰ ਸਿਰਾ' ਹੀ ਕਿਉਂ ਪਸੰਦ ਆਉਂਦਾ ਹੈ, ਇੱਕ ਗਹਿਰਾ ਵਿਸ਼ਾ ਹੈ। ਇਸ ਪਿੱਛੇ ਸਦੀਆਂ ਪੁਰਾਣੀ ਬੁਨਿਆਦੀ ਮੂਲ ਭਾਵਨਾ ਵੀ ਹੋ ਸਕਦੀ ਹੈ ਅਤੇ ਆਪਣੀ ਵਿਅਕਤੀਗਤ ਮਾਨਸਿਕਤਾ ਤੇ ਮਨੋ-ਵਿਗਿਆਨਕਿਤਾ ਵੀ। ਵਿਰਾਸਤ ਨਾਲ ਜੁੜੇ ਰਹਿਣ ਦੀ ਪਰਬਲ ਇੱਛਾ ਵੀ ਅਤੇ ਵਿਲੱਖਣਤਾ ਕਾਇਮ ਰੱਖਦਿਆਂ ਆਪਣੇ ਵਿਰਾਸਤੀ ਸੋਮਿਆਂ ਤੋਂ ਸ਼ਕਤੀ ਪ੍ਰਾਪਤ ਕਰੀ ਰੱਖਣ ਦੀ ਤਮੰਨਾ ਵੀ। ਪਹਿਨਣਹਾਰੇ ਦੇ ਬਹੁਮੁੱਲੇ ਗੁਣ ਵੀ ਕਾਰਨ ਹੋ ਸਕਦੇ ਹਨ ਅਤੇ ਇਤਿਹਾਸਕ ਵਡੱਪਣਤਾ ਦੀ ਮਨੋਬਿਰਤੀ ਵੀ:

ਝਨਾਂ ਦੇ ਪਾਣੀਆਂ ਵਿਚ
ਹਿਲਾਂ ਆਪਣਾ ਅਕਸ ਘੋਲਾਂਗੀ,
ਤੇ ਉਸ ਵਿਚ ਰੰਗ ਕੇ ਦੇਵਾਂਗੀ
ਫਿਰ ਦਸਤਾਰ ਮੈਂ ਉਸ ਨੂੰ।

ਉਹ ਪੁੱਛਦਾ ਹੈ ਕਦੋਂ ਤੀਕਰ
ਕਰਾਂਗੀ ਪਿਆਰ ਮੈਂ ਉਸ ਨੂੰ,
ਕਰਾਵਾਂ ਕਿੰਜ ਵਫਾ ਦਾ
ਦੋਸਤੋ ਇਤਬਾਰ ਮੈਂ ਉਸ ਨੂੰ।

ਵਫਾ ਦੇ ਪਹਿਰਨਾਂ ਵਿਚ ਲਿਪਟਿਆ
ਉਹ ਇਸ਼ਕ ਹੈ ਸੁੱਚਾ,
ਕਿ ਹੋ ਕੇ ਨੇੜਿਓਂ ਤੱਕਿਆ
ਅਨੇਕਾਂ ਵਾਰ ਮੈਂ ਉਸ ਨੂੰ।

ਕਿਸੇ ਫੁੱਲ 'ਤੇ ਤਾਂ ਆਖਰ
ਬੈਠਣਾ ਸੀ ਏਸ ਤਿਤਲੀ ਨੇ,
ਚੁਕਾ ਦਿੱਤਾ ਮੁਹੱਬਤ ਦਾ
ਲਓ ਅੱਜ ਭਾਰ ਮੈਂ ਉਸ ਨੂੰ।

ਕਰੇ ਉਹ ਬਾਝ ਮੇਰੇ ਵੀ
ਕਿਸੇ 'ਤੇ ਵਾਰ ਨਜ਼ਰਾਂ ਦੇ,
ਨਹੀਂ ਦੇਣਾ, ਨਹੀਂ ਦੇਣਾ
ਇਹ ਹੁਣ ਅਧਿਕਾਰ ਮੈਂ ਉਸ ਨੂੰ।

ਉਹ ਉਡ ਕੇ ਡਾਲ ਤੋਂ
ਸੱਯਾਦ ਦੇ ਮੋਢੇ 'ਤੇ ਜਾ ਬੈਠਾ,
ਕਿਹਾ ਜਦ 'ਐ ਪਰਿੰਦੇ,
ਹੋ ਜ਼ਰਾ ਹੁਸ਼ਿਆਰ' ਮੈਂ ਉਸ ਨੂੰ।

ਜੋ ਮੇਰੇ ਸੁਪਨਿਆਂ 'ਚ
ਹਕੀਕਤਾਂ ਦਾ ਰੰਗ ਭਰਦਾ ਹੈ,
ਕਹਾਂ ਦੁਨੀਆਂ ਦਾ ਸਭ ਤੋਂ
ਖੂਬ ਚਿੱਤਰਕਾਰ ਮੈਂ ਉਸ ਨੂੰ।

ਪੰਜਾਬੀ ਸਿਰ-ਵਸਤਰ ਲਈ ਪੱਗ, ਪਗੜੀ, ਦਸਤਾਰ, ਸਾਫਾ, ਚੀਰਾ ਆਦਿ ਸ਼ਬਦ ਮੌਜੂਦ ਹਨ। ਚੀਰੇ ਨਾਲ ਮਰਦ-ਔਰਤ ਸੰਬੰਧਾਂ ਦੀਆਂ ਬੜੀਆਂ ਮੰਗਲ-ਮਈ ਭਾਵਨਾਵਾਂ ਅਤੇ ਉਮੰਗਾਂ ਲਬਰੇਜ਼ ਹਨ। ਚੀਰਾ ਸ਼ਬਦ ਆਮ ਤੌਰ 'ਤੇ ਸ਼ਾਦੀ ਮੌਕੇ ਲਾੜੇ ਵੱਲੋਂ ਬੰਨੀ ਪੱਗ ਲਈ ਵਰਤਿਆ ਜਾਂਦਾ ਹੈ। ਪਰੰਪਰਾ ਅਨੁਸਾਰ ਚੀਰਾ ਲਾਲ ਰੰਗ ਦੀ ਪਗੜੀ ਨੂੰ ਕਿਹਾ ਜਾਂਦਾ ਹੈ। ਚੀਰਾ ਹਮੇਸ਼ਾ ਸ਼ੋਖ ਰੰਗ ਦਾ ਹੁੰਦਾ ਹੈ ਅਤੇ ਕਦੀ ਵੀ ਸਫਿਆਨੇ ਰੰਗ ਲਈ ਅਤੇ ਬਜ਼ੁਰਗ ਵਿਅਕਤੀ ਲਈ ਨਹੀਂ ਵਰਤਿਆ ਜਾਂਦਾ। ਚੀਰਾ ਚੜ੍ਹਦੀ ਜਵਾਨੀ ਅਤੇ ਸ਼ੋਖ ਜਜ਼ਬਾਤ ਦਾ ਸੰਕੇਤਕ ਹੈ:

ਉਦ੍ਹੇ ਸੀਨੇ 'ਚ ਸੱਧਰ ਹੈ
ਤੇ ਹੈ ਵਿਸ਼ਵਾਸ ਹੱਥਾਂ 'ਤੇ,
ਉਹ ਤਾਰੇ ਤੋੜ ਕੇ ਅੰਬਰੋਂ
ਤੇਰਾ ਚੀਰਾ ਸਜਾਵੇਗੀ।

ਇਹ ਤੇਰਾ ਵਹਿਮ ਹੈ
ਡਰ ਕੇ ਪਿਛਾਂਹ ਪਰਤ ਜਾਵਾਂਗੀ,
ਉਹ ਤਿੱਖੀ ਧਾਰ ਤੇ ਤੁਰ ਕੇ
ਤੇਰੇ ਪਹਿਲੂ 'ਚ ਆਵੇਗੀ।

ਸੁਲਘਦੇ ਥਲ 'ਚ ਉਗਿਆ ਹੈਂ
ਤੂੰ ਬਣ ਕੇ ਬਿਰਖ ਜਿਸ ਖਾਤਰ,
ਉਹ ਤੇਰੇ ਹਰ ਇਕ ਪੱਤੇ 'ਤੇ
ਵਫਾ ਦਾ ਹਰਫ ਪਾਵੇਗੀ।

ਉਡੀਕਾਂ ਤੇਰੀਆਂ ਨੇ ਓਸ ਨੂੰ
ਕਦ ਸੌਣ ਦੇਣਾ ਹੈ,
ਉਹ ਅੱਧੀ ਰਾਤ ਉਠੇਗੀ
ਤੇ ਦਰ ਵਿਚ ਬੈਠ ਜਾਵੇਗੀ।

ਤੂੰ ਉਸ ਦੀ ਬੀਹੀ 'ਚੋਂ ਗੁਜ਼ਰੀ
ਜਾਂ ਨਾਂ ਗੁਜਰੀ, ਤੇਰੀ ਮਰਜ਼ੀ,
ਤੇਰੇ ਰਾਹਾਂ 'ਚ ਉਲਫਤ ਦੇ
ਉਹ ਨਿਤ ਦੀਵੇ ਜਗਾਵੇਗੀ।

ਕਰੇ ਜਦ ਇਸ਼ਕ ਆਪਣੇ
ਖੂਨ ਦਾ ਦਰਿਆ ਵੀ ਤਰ ਜਾਵੇ,
ਉਹ ਤਿੱਖੀ ਧਾਰ 'ਤੇ ਤੁਰ ਕੇ
ਤੇਰੇ ਤਕ ਪਹੁੰਚ ਜਾਵੇਗੀ।

ਉਦ੍ਹੇ ਖੰਭਾਂ ਨੂੰ ਕੈਂਚੀ ਫੇਰ ਕੇ
ਨਿਸ਼ਚਿੰਤ ਨਾ ਹੋਇਓ,
ਉਦ੍ਹੇ ਸਾਹਾਂ 'ਚ ਪਰਵਾਜ਼ਾਂ ਨੇ
ਉਹ ਤਾਂ ਉਡ ਹੀ ਜਾਵੇਗੀ।

ਉਦ੍ਹੇ ਸੀਨੇ 'ਚ ਸੱਧਰ ਹੈ
ਤੇ ਹੈ ਵਿਸ਼ਵਾਸ ਹੱਥਾਂ 'ਤੇ,
ਉਹ ਤਾਰੇ ਤੋੜ ਕੇ ਅੰਬਰੋਂ
ਤੇਰਾ ਚੀਰਾ ਸਜਾਵੇਗੀ।

ਸੰਨ 2000 ਵਿਚ ਸੁਖਵਿੰਦਰ ਦਾ ਪਹਿਲਾ ਨਜ਼ਮ-ਸੰਗ੍ਰਹਿ 'ਕਣੀਆਂ' ਆਇਆ। ਇਨ੍ਹਾਂ ਨਜ਼ਮਾਂ ਦੇ ਵਿਸ਼ੇ ਬਾਰੇ ਉਹ ਆਪ ਲਿਖਦੀ ਹੈ, 'ਇਸ ਸੰਗ੍ਰਹਿ ਵਿਚਲੀਆਂ ਕਵਿਤਾਵਾਂ ਦਾ ਕੇਂਦਰੀ ਵਿਸ਼ਾ ਮਾਨਵੀ ਰਿਸ਼ਤਿਆਂ ਨਾਲ ਸੰਬੰਧਿਤ ਹੈ। ਮੁਹੱਬਤ ਦੇ ਰਿਸ਼ਤੇ ਤੋਂ ਲੈ ਕੇ ਸਾਰੇ ਸਮਾਜਿਕ ਰਿਸ਼ਤਿਆਂ ਦਾ ਤਾਣਾ-ਬਾਣਾ ਇਨ੍ਹਾਂ ਕਵਿਤਾਵਾਂ ਵਿਚ ਵੇਖਿਆ ਜਾ ਸਕਦਾ ਹੈ।'

ਸਮਾਜਿਕ ਰਿਸ਼ਤਿਆਂ ਦੇ ਤਾਣੇ-ਬਾਣੇ ਵਿਚ ਕਿਸੇ ਵੀ ਔਰਤ ਲਈ, ਖਾਸਕਰ ਸੰਵੇਦਨਸ਼ੀਲ ਔਰਤ ਲਈ, ਪੁਰਸ਼-ਪ੍ਰਧਾਨ ਸਮਾਜ ਵਿਚ ਪਿਤਾ ਅਤੇ ਪਤੀ ਦਾ ਰੋਹਬਦਾਰ ਅਤੇ ਉਲਾਰੂ ਰੋਲ ਹਮੇਸ਼ਾ ਸਿਰ-ਦਰਦੀ ਬਣਿਆ ਰਹਿੰਦਾ ਹੈ। ਇਨ੍ਹਾਂ ਰਿਸ਼ਤਿਆਂ ਦੀ ਬੁਨਿਆਦ ਆਦਿ ਕਾਲੀ ਹਲਾਤਾਂ ਵਿਚੋਂ ਸਿਰਜੀ ਗਈ ਹੁੰਦੀ ਹੈ। ਪੰਜਾਬ ਦੀ ਭੂਗੋਲਿਕ ਸਥਿਤੀ ਅਜਿਹੀ ਹੈ ਕਿ ਸੋਨ-ਚਿੜੀ ਹਿੰਦੁਸਤਾਨ 'ਤੇ ਹਮਲਾ ਕਰਨ ਵਾਲੇ ਸਾਰੇ ਹਮਲਾਵਰ ਇਸੇ ਨੂੰ ਲਿਤਾੜ ਕੇ ਅੱਗੇ ਨਿਕਲਦੇ ਰਹੇ। ਯੁੱਧ-ਪ੍ਰਸਥਿਤੀਆਂ ਵਿਚ ਔਰਤ ਸਭ ਤੋਂ ਵੱਧ ਪੀੜੀ ਜਾਂਦੀ ਹੈ, ਕਮਜ਼ੋਰ ਹੋਣ ਕਰਕੇ ਵੀ ਅਤੇ ਭੋਗਣਯੋਗ-ਵਸਤੂ ਦੇ ਤੌਰ 'ਤੇ ਵੀ। ਅਜਿਹੀਆਂ ਪ੍ਰਸਥਿਤੀਆਂ ਵਿਚ ਧੀ-ਭੈਣ ਇੱਜ਼ਤ ਦਾ ਪ੍ਰਤੀਕ ਬਣ ਜਾਂਦੀ ਹੈ, ਜਿਸ ਦੀ ਰਖਵਾਲੀ ਦੀ ਜ਼ਿੰਮੇਵਾਰੀ ਭਰਾ-ਪਿਤਾ-ਪਤੀ ਦੀ ਬਣ ਜਾਂਦੀ ਹੈ। ਅਜਿਹੀਆਂ ਸਮਾਜਿਕ ਪ੍ਰਸਥਿਤੀਆਂ ਵਿਚ ਔਰਤ ਦਾ ਭਰਪੂਰ ਸ਼ਖਸੀ ਵਿਕਾਸ ਸੰਭਵ ਨਹੀਂ ਹੁੰਦਾ, ਉਹ ਆਪਣੀ ਮਰਜ਼ੀ ਦੀ ਮਾਲਕ ਨਹੀਂ ਰਹਿੰਦੀ। ਪਿਆਰ, ਇਸ਼ਕ ਅਤੇ ਜਿਨਸੀ-ਮੇਲ ਦੇ ਸਭ ਸੰਕਲਪ ਸ਼ਾਦੀ ਤੱਕ ਸੀਮਤ ਹੋ ਜਾਂਦੇ ਹਨ। ਅਜਿਹੀ ਰੂਹਾਨੀ ਅਤੇ ਜਿਸਮਾਨੀ ਅਧੀਨਤਾ ਵਿਚੋਂ ਸਾਹਿਬਾਂ ਅਤੇ ਹੀਰਾਂ ਵਰਗੀਆਂ ਇਨਕਲਾਬੀ ਰੂਹਾਂ ਉਠ ਪੈਂਦੀਆਂ ਹਨ, ਜਿਨ੍ਹਾਂ ਨੂੰ ਪੁਰਸ਼-ਪ੍ਰਧਾਨ ਸਮਾਜ 'ਵਿਗੜੀਆਂ'

(ਬਾਕੀ ਅਗਲੇ ਸਫੇ 'ਤੇ)

## ਸੁਖਵਿੰਦਰ ਅੰਮ੍ਰਿਤ ਦੀ ਰਚਨਾ ਵਿਚ ਦਸਤਾਰ ਚੇਤਨਾ

*(ਪਿਛਲੇ ਸਫੇ ਦੀ ਬਾਕੀ)*

ਕੁੜੀਆਂ' ਦਾ ਖਿਤਾਬ ਦਿੰਦਾ ਹੈ। ਉਨ੍ਹਾਂ ਦੀ ਬਹਾਦਰੀ ਦੇ ਕਿੱਸੇ ਵੀ ਗਉਂਦਾ ਹੈ, ਪਰ ਇਹ ਕਦੀ ਨਹੀਂ ਚਾਹੁੰਦਾ ਕਿ ਆਪਣੀ ਧੀ-ਭੈਣ ਸਾਹਿਬਾਂ ਜਾਂ ਹੀਰ ਬਣੇ। ਅਜਿਹੀਆਂ ਔਰਤਾਂ ਦੇ ਜੁਝਾਰੂ ਅਤੇ ਆਪਾ ਵਾਰਨ ਦੇ ਕਾਰਨਾਮਿਆਂ ਨੂੰ ਵੀ ਕਈ ਵਾਰ ਸਿਫਤਯੋਗ ਨਾ ਸਮਝ ਕੇ ਮੋੜ-ਤਰੋੜ ਕੇ ਪੇਸ਼ ਕੀਤਾ ਜਾਂਦਾ ਹੈ। ਸੁਖਵਿੰਦਰ ਵਰਗੀਆਂ ਰੂਹਾਂ ਹੀਰ, ਸਾਹਿਬਾਂ, ਸੱਸੀ ਆਦਿ ਪੰਜਾਬੀ ਨਾਇਕਾਵਾਂ ਦੀਆਂ ਰੂਹਾਂ ਦੇ ਬਹੁਤ ਨਜ਼ਦੀਕ ਵਿਚਰਨ ਵਾਲੀਆਂ ਰੂਹਾਂ ਹੁੰਦੀਆਂ ਹਨ। ਉਹ ਇਹ ਨਹੀਂ ਬਰਦਾਸ਼ਤ ਕਰ ਸਕਦੀਆਂ ਕਿ ਸਾਹਿਬਾਂ ਵਰਗੀ ਸਾਹਸੀ, ਨਿਡਰ ਅਤੇ ਸੁਹਿਰਦ ਔਰਤ ਉਤੇ ਬੇ-ਵਫਾ ਦਾ ਦੋਸ਼ ਲਾਇਆ ਜਾਵੇ:

ਇਹ ਝੂਠ ਹੈ ਕਿ ਮੈਨੂੰ
ਭਰਾਵਾਂ ਦਾ ਮੋਹ ਮਾਰ ਗਿਆ।

ਮੈਂ ਤਾਂ ਤੋੜ ਕੇ ਆ ਗਈ ਸੀ
ਭਰਾਵਾਂ ਦੇ ਮੋਹ ਦੀ ਸੰਗਲੀ
ਮੈਂ ਤਾਂ ਬਾਬਲ ਦੀ ਪੱਗ ਦਾ ਵੀ
ਖਿਆਲ ਨਾ ਕੀਤਾ
ਭਿੱਜਦੀ ਰਹੀ ਹੋਵੇਗੀ
ਹੰਝੂਆਂ ਦੇ ਮੋਹਲੇਧਾਰ ਮੀਂਹ ਵਿਚ
ਮੇਰੀ ਮਾਂ ਦੀ ਚੁੰਨੀ
ਕਿ ਮੈਨੂੰ ਤੇਰੇ ਇਸ਼ਕ ਨੇ ਮਾਰਿਆ।

ਤੇਰੇ ਪਿਆਰ ਦੀ ਬੁੱਕਲ ਦਾ ਨਿੱਘ
ਮਾਣਨ ਦੀ ਲਾਲਸਾ ਨੇ
ਮੈਨੂੰ ਅੰਨੀ ਕਰ ਦਿੱਤਾ
ਕਿ ਤੇਰੀ ਬੱਕੀ 'ਤੇ ਬੈਠ ਕੇ
ਮੈਂ ਇਕ ਵਾਰ ਵੀ ਪਿੱਛੇ ਨਾ ਤੱਕਿਆ
ਹਾਂ, ਮੈਨੂੰ ਤੇਰੇ ਇਸ਼ਕ ਨੇ ਮਾਰਿਆ।

ਉਠ! ਜੱਗ ਨੂੰ ਜਵਾਬ ਦੇ
ਮੈਂ ਦਗਾ ਨਹੀਂ ਕਮਾਇਆ
ਮੈਂ ਤੇਰਾ ਤਰਕਸ਼ ਜੰਡ 'ਤੇ ਨਹੀਂ ਟੰਗਿਆ
ਮੈਂ ਤੇਰੀਆਂ ਕਾਨੀਆਂ ਨਹੀਂ ਤੋੜੀਆਂ।

ਮੈਂ ਜੰਡ 'ਤੇ ਟੰਗਿਆ
ਆਪਣਾ ਰੱਤ ਭਿੱਜਾ ਸਾਲੂ
ਮੈਂ ਤੋੜੀਆਂ ਆਪਣੀਆਂ ਬਾਹਾਂ ਵਿਚੋਂ
ਸੁਹਾਗ ਦੀਆਂ ਵੰਗਾਂ
ਕਿ ਮੈਨੂੰ ਤਾਂ ਤੇਰੇ ਇਸ਼ਕ ਨੇ ਮਾਰਿਆ।

ਪੰਜਾਬੀ ਸਮਾਜ ਵਿਚ ਬਾਬਲ ਦੀ ਪੱਗ ਇੱਜ਼ਤ ਦਾ ਪ੍ਰਤੀਕ ਰਹੀ ਹੈ। ਧੀਆਂ ਦੀਆਂ ਮਾਂਵਾਂ ਹਮੇਸ਼ਾ ਆਪਣੀਆਂ ਧੀਆਂ ਨੂੰ ਬਾਬਲ ਦੀ ਇੱਜ਼ਤ ਬੁਲੰਦ ਰੱਖਣ ਦੀ ਤਾਕੀਦ ਕਰਦੀਆਂ ਆਈਆਂ ਹਨ। ਧੀਆਂ ਵੱਲੋਂ ਜਦ ਮਰਿਆਦਾ ਦੀਆਂ ਵਲਗਣਾਂ ਉਲੰਘੀਆਂ ਜਾਂਦੀਆਂ ਹਨ ਜਾਂ ਜਦੋਂ ਵਿਵਰਜਤ ਫਲ ਮਨ-ਇੱਛਤ ਫਲ ਬਣ ਜਾਂਦਾ ਹੈ ਤਾਂ ਪਿਤਾ ਦੀ ਪੱਗ ਦਾਗਦਾਰ ਅਤੇ ਤਾਰ ਤਾਰ ਹੋ ਜਾਂਦੀ ਹੈ, ਸ਼ਮਲਾ ਸ਼ਰਮਸਾਰ ਅਤੇ ਸਰਨਗੂੰ ਹੋ ਜਾਂਦਾ ਹੈ। ਸੁਖਵਿੰਦਰ ਅੰਮ੍ਰਿਤ ਦਾ ਬਾਪ ਵੀ ਅਜਿਹਾ ਹੀ ਪਰੰਪਰਾਗਤ ਬਾਪ ਹੈ, ਜਿਸ ਬਾਰੇ ਲਿਖੀ ਉਸ ਦੀ ਲੰਬੀ ਨਜ਼ਮ ਬਹੁਤ ਮਕਬੂਲ ਹੋਈ:

ਉਹ ਪੁਰਸ਼, ਜਿਸ ਦੀ
ਕੌੜੀ ਹਵਾੜ ਨਾਲ ਬੁਝ ਜਾਂਦਾ ਸੀ
ਹਰ ਆਥਣ ਨੂੰ
ਕੰਧੋਲੀ 'ਤੇ ਧਰਿਆ ਦੀਵਾ।

ਜਿਸ ਦੀਆਂ ਦਹਿਕਦੀਆਂ
ਅੱਖਾਂ ਸਾਹਵੇਂ ਪੈ ਜਾਂਦੀ ਸੀ
ਚੁੱਲ੍ਹੇ ਦੀ ਅੱਗ ਮੱਠੀ
ਜਿਸ ਦੀ ਦਹਾੜ ਸੁਣਦਿਆਂ ਹੀ
ਪੱਠੇ ਛੱਡ ਕੇ ਖੜੋ ਜਾਂਦੇ ਸਨ
ਗਊ ਦੇ ਜਾਏ
ਤ੍ਰਭਕ ਕੇ ਉਡ ਜਾਂਦੀਆਂ ਸਨ
ਡੇਕ ਤੋਂ ਨੀਂਦ ਨਾਲ
ਭਰੀਆਂ ਹੋਈਆਂ ਚਿੜੀਆਂ
ਦਾਦੀ ਨੂੰ ਭੁੱਲ ਜਾਂਦਾ ਸੀ
ਰਹਿਰਾਸ ਦਾ ਪਾਠ,
ਕੰਬ ਕੇ ਛਲਕ ਜਾਂਦੀ ਸੀ
ਵੀਰੇ ਦੇ ਹੱਥ 'ਚੋਂ
ਦੁੱਧ ਵਾਲੀ ਗਲਾਸੀ
ਮਾਂ ਦੇ ਹੱਥ 'ਚੋਂ ਛੁੱਟ ਜਾਂਦਾ ਸੀ
ਆਟੇ ਦਾ ਪੇੜਾ
ਤੇ ਦਰਵਾਜ਼ਿਆਂ ਪਿੱਛੇ
ਲੁਕ ਜਾਂਦੀਆਂ ਸਨ ਛੋਟੀਆਂ ਭੈਣਾਂ।

ਹਾਂ, ਮੈਂ ਉਸੇ ਪੁਰਸ਼ ਦੀ
ਗੱਲ ਕਰ ਰਹੀ ਹਾਂ
ਜਿਸ ਦੀ ਛਤਰ ਥੱਲੇ ਚੜ੍ਹੀ ਸੀ ਮੈਨੂੰ
ਮੈਲੀ ਜਿਹੀ ਬੁੱਕਲ ਵਿਚ
ਲਿਪਟੀ ਸਹਿਮੀ ਜਿਹੀ ਜਵਾਨੀ।

ਜਿਥੇ ਮੇਰੀ ਕਵਿਤਾ ਦੀ
ਕਰੂੰਬਲ ਨੂੰ ਛਾਂਗ ਕੇ
ਚਾੜ੍ਹੀ ਗਈ ਸੀ
ਸਿਸਕੀ ਦੀ ਪਿਉਂਦ
ਤੇ ਮੇਰੇ ਗੀਤਾਂ ਨੂੰ ਦਿੱਤੀ ਗਈ ਸੀ
ਹਉਕੇ ਦੀ ਗੁੜ੍ਹਤੀ।

ਜਿਸ ਦੇ ਵਿਹੜੇ ਵਿਚ ਫਿਰਦਿਆਂ
ਵਿੰਨਦਾ ਰਿਹਾ ਮੇਰੀ ਹਿੱਕ ਨੂੰ
ਵੰਗਾਂ ਵਾਲੇ ਦਾ ਹੋਕਾ
ਜਿਸ ਦੀਆਂ ਉਚੀਆਂ ਕੰਧਾਂ ਦਾ ਰਿਹਾ
ਮੇਰੀ ਤੱਕਣੀ ਨਾਲ ਸ਼ਰੀਕਾ
ਜਿਸ ਨੂੰ ਵੇਖ ਕੇ ਕੰਬ ਜਾਂਦੀ ਸੀ
ਮੇਰੀ ਕੱਜਲੇ ਨਾਲ ਲਿਬੜੀ ਉਂਗਲ
ਠਠੰਬਰ ਜਾਂਦਾ ਸੀ
ਮੇਰੇ ਹੱਥ ਵਿਚ ਫੜਿਆ ਦੰਦਾਸਾ



ਸੁਖਵਿੰਦਰ ਅੰਮ੍ਰਿਤ ਆਪਣੇ ਪਰਿਵਾਰ ਨਾਲ

ਉਲਝ ਜਾਂਦੀ ਸੀ
ਕੰਘੀ ਦੇ ਦੰਦਿਆਂ ਵਿਚ
ਦੋ ਗੁੱਤਾਂ ਕਰਨ ਦੀ ਰੀਝ।

ਜਿਸ ਨੂੰ ਵੇਖਦਿਆਂ
ਟੁਕੀ ਜਾਂਦੀ ਸੀ
ਮੇਰੇ ਦੰਦਾਂ ਥੱਲੇ ਆ ਕੇ
ਗਿੱਧੇ ਦੀ ਬੋਲੀ
ਦਮ ਤੋੜ ਜਾਂਦਾ ਸੀ
ਪੈਰਾਂ ਵਿਚ ਮਚਲਦਾ ਗਿੱਧਾ
ਪੈ ਜਾਂਦੀ ਸੀ
ਮੇਰੀ ਕਿੱਕਲੀ ਨੂੰ ਦੰਦਲ
ਤੇ ਆਤਮਘਾਤ ਕਰ ਲੈਂਦਾ ਸੀ
ਤੀਆਂ 'ਤੇ ਜਾਣ ਦਾ ਚਾਅ।

ਪਰ ਫਿਰ ਵੀ
ਮੈਂ ਤਾਂ ਚਾਹੁੰਦੀ ਸੀ
ਨਾ ਭਰਾਂ ਉਚਾ ਹਟਕੋਰਾ
ਨਾ ਝਲਕੇ ਮੇਰੀ ਅੱਖ 'ਚੋਂ
ਰੀਝਾਂ ਦਾ ਮਾਤਮ
ਨਾ ਹੋਵੇ ਸਿਆਣਪ ਦੀ ਬੁੱਕਲ ਢਿੱਲੀ
ਝੂਮਦਾ ਰਵ੍ਹੇ ਉਸ ਦੀ ਪੱਗ ਦਾ ਸ਼ਮਲਾ
ਹੰਢਾਈ ਜਾਵਾਂ ਚੁੱਪ-ਚਾਪ ਉਹਦਾ ਅਣਿਆਂ
ਪਾਲੀ ਜਾਵਾਂ ਉਹਦੇ ਅੰਨ ਨਾਲ ਵਫਾ।

ਪਰ ਇਕ ਦਿਨ ਸ਼ੀਸ਼ਾ ਵੇਖਦਿਆਂ ਵੇਖਦਿਆਂ
ਚੜ੍ਹ ਗਿਆ ਮੇਰੀ ਉਦਾਸੀ ਨੂੰ ਰੋਹ
ਚੰਘਿਆੜ ਪਈ ਮੇਰੀ ਬੇਬਸੀ
ਤੜਪ ਉਠੇ ਮੇਰੇ ਗੀਤ
ਮੈਥੋਂ ਛੁਟ ਗਿਆ
ਉਸ ਦੀ ਸਰਦਲ ਦਾ ਲਿਹਾਜ਼
ਮੈਥੋਂ ਟੁਟ ਗਿਆ ਡੇਕ ਦੀ ਛਾਂ ਦਾ ਮੋਹ
ਮਰ ਗਿਆ ਮੇਰੇ ਖੂਨ 'ਚੋਂ
ਉਸ ਦੀ ਹਰ ਚੀਜ਼ ਨਾਲ ਰਿਸ਼ਤਾ।

ਤੇ ਮੈਂ ਦੌੜ ਪਈ ਉਸ ਪਗਡੰਡੀ 'ਤੇ
ਜਿਹੜੀ ਕਵਿਤਾ ਦੇ ਦੇਸ ਨੂੰ ਜਾਂਦੀ ਹੈ...
ਜਿਹੜੀ ਪਿਆਰ ਦੇ ਦੇਸ ਨੂੰ ਜਾਂਦੀ ਹੈ...
ਜਿਹੜੀ ਜ਼ਿੰਦਗੀ ਦੇ ਦੇਸ ਨੂੰ ਜਾਂਦੀ ਹੈ...।

ਸੁਖਵਿੰਦਰ ਅੰਮ੍ਰਿਤ ਦਾ ਚੌਥਾ ਕਾਵਿ-ਸੰਗ੍ਰਿਹ ਫਿਰ ਗਜ਼ਲ-ਸੰਗ੍ਰਿਹ ਹੀ ਸੀ। 'ਪਤਝੜ ਵਿਚ ਪੁੰਗਰਦੇ ਪੱਤੇ' ਨਾਮੀਂ ਇਸ ਗਜ਼ਲ-ਸੰਗ੍ਰਿਹ ਵਿਚਲੀਆਂ ਗਜ਼ਲਾਂ ਵੀ ਪਿਆਰ ਮੁਹੱਬਤ ਦਾ ਹੀ ਇਜ਼ਹਾਰ ਹਨ। ਗਜ਼ਲ ਰਾਹੀਂ ਆਪਣੀ ਬਾਤ ਕਹਿਣ ਤੋਂ ਪਹਿਲਾਂ ਉਹ ਭੂਮਿਕਾ ਵਿਚ ਸਪਸ਼ਟ ਕਰਦੀ ਹੈ, 'ਗਜ਼ਲਾਂ ਦਾ ਪ੍ਰਮੁੱਖ ਵਿਸ਼ਾ ਪੁਰਖ ਪ੍ਰਧਾਨ ਸਮਾਜ ਵਿਚ ਔਰਤ ਦੀ ਸਥਿਤੀ ਨਾਲ ਸੰਬੰਧਿਤ ਹੈ। ਇਹ ਸਥਿਤੀ ਕਾਫੀ ਅਸੰਤੋਸ਼ਜਨਕ ਹੈ, ਪਰ ਮੈਂ ਆਪਣੀਆਂ ਗਜ਼ਲਾਂ ਵਿਚ ਪੁਰਸ਼ ਨੂੰ ਦੋਸ਼ੀ ਨਹੀਂ ਠਹਿਰਾਉਂਦੀ। ਮੈਨੂੰ ਤਾਂ ਉਸ ਸਮਾਜ, ਸਭਿਆਚਾਰ ਅਤੇ ਇਤਿਹਾਸ ਨਾਲ ਗਿਲਾ ਹੈ, ਜਿਸ ਨੇ ਪੁਰਸ਼ ਦੀ ਅਜਿਹੀ ਮਾਨਸਿਕਤਾ ਸਿਰਜੀ ਹੈ...।'

ਉਸ ਦਾ ਸੁਪਨਮਈ ਸਮਾਜ ਪਿਆਰ ਵਿਚ ਬੱਝਿਆ ਸਮਾਜ ਹੈ। ਅਜਿਹੇ ਆਦਰਸ਼ਕ ਸਮਾਜ ਵਿਚ ਨਰ-ਨਾਰੀ ਦਾ ਮੁਹੱਬਤੀ ਰਿਸ਼ਤਾ ਸਾਹਿਤ ਦਾ ਕਦੀਮੀ ਸਰੋਤ ਰਿਹਾ ਹੈ। ਜੇ ਇਹ ਮਾਨਵੀ ਰਿਸ਼ਤਾ ਸਿਰਫ ਜਿਸਮਾਨੀ ਪਿਆਸ-ਤ੍ਰਿਪਤੀ ਤੱਕ ਸੀਮਤ ਰਹੇ ਤਾਂ ਉਹ ਆਦਰਸ਼ਕ ਪਿਆਰ ਦੀਆਂ ਉਨ੍ਹਾਂ ਤ੍ਰਿਪਤੀਆਂ ਤੋਂ ਵਾਂਝਾ ਰਹੇਗਾ, ਜੋ ਰੂਹਾਨੀ ਪਿਆਰ ਕਰਦੀਆਂ ਜੋੜੀਆਂ ਨੂੰ ਨਸੀਬ ਹੁੰਦਾ ਹੈ। ਸਾਡੇ ਸਭਿਆਚਾਰ ਵਿਚ ਔਰਤ ਮਰਦ ਦੇ ਲੜ ਲੱਗਦੀ ਹੈ, 'ਪਲੇ ਮੈਂ ਤੈਂਡੇ ਲਾਗੀ।'

ਪਹਿਲੇ ਜ਼ਮਾਨੇ ਵਿਚ ਵਿਆਹੁਣ ਗਿਆ ਲਾੜਾ ਆਪਣੀ ਪੱਗ ਦਾ ਲੰਬਾ ਲੜ ਛੱਡਦਾ ਸੀ, ਜਿਸ ਨੂੰ ਪਕੜ ਕੇ ਔਰਤ ਫੇਰੇ ਲੈਂਦੀ ਸੀ। ਅੱਜ ਕੱਲ੍ਹ ਇਹ ਲੜ ਇੱਕ ਪਰਨੇ ਦੇ ਰੂਪ ਵਿਚ ਮੋਢਿਆਂ 'ਤੇ ਰੱਖ ਲਿਆ ਜਾਂਦਾ ਹੈ। ਸੁਖਵਿੰਦਰ ਅੰਮ੍ਰਿਤ ਦੇ ਚੇਤਨਾ ਪ੍ਰਵਾਹ ਵਿਚ ਨਰ-ਨਾਰੀ ਦਾ ਮੇਲ ਜਿਸਮਾਨੀ ਹੀ ਨਹੀਂ, ਸਗੋਂ ਰੂਹਾਨੀ ਹੈ। ਇਸ ਮੇਲ ਵਿਚ ਸਮਾਜਿਕ-ਸਭਿਆਚਾਰਕ ਜੀਵਨ ਦੀ ਇੱਕ-ਸੁਰਤਾ ਅਤੇ ਇੱਕ-ਲੈਅਤਾ ਵੀ ਅਹਿਮ ਹੈ। ਇਸ ਸੁਮੇਲ ਨੂੰ ਸੁਖਵਿੰਦਰ ਅੰਮ੍ਰਿਤ ਵਾਰ ਵਾਰ ਚੁੰਨੀ ਅਤੇ ਦਸਤਾਰ ਦੇ ਸੰਗਮ ਰਾਹੀਂ ਰੂਪਮਾਨ ਕਰਦੀ ਹੈ:

ਮਖਮਲੀ ਅਹਿਸਾਸ ਤਿੱਖੀ ਧਾਰ ਵੀ
ਇਸ਼ਕ ਗੁੰਚਾ ਇਸ਼ਕ ਹੈ ਤਲਵਾਰ ਵੀ।

ਇਹ ਸਿਰਫ ਸਾਗਰ ਮੁਹੱਬਤ ਦਾ ਨਹੀਂ
ਇਹ ਗਹਿਰੇ ਦਰਦ ਦੀ ਮੰਝਧਾਰ ਵੀ।

ਕਸ਼ਮਕਸ਼ ਕੈਸੀ ਕਿ ਮੈਨੂੰ ਓਸ 'ਤੇ
ਬੇਯਕੀਨੀ ਵੀ ਹੈ ਤੇ ਇਤਬਾਰ ਵੀ।

ਮੇਰਿਆਂ ਰਾਹਾਂ ਦਾ ਹੈ ਉਹ ਰਹਿਨੁਮਾ
ਤੇ ਅਵਾਰਾ ਸੋਚ ਦੀ ਦੀਵਾਰ ਵੀ।

ਖੌਲਦਾ ਨਾ ਕਿਉਂ ਝਨਾਂ ਦਾ ਨੀਰ ਫਿਰ
ਇਸ਼ਕ ਬਲਦਾ ਸੀ ਉਰ੍ਹਾਂ ਵੀ, ਪਾਰ ਵੀ।

ਦਾਗ ਨਾ ਲੱਗੇ ਮੁਹੱਬਤ ਨੂੰ ਕਿਤੇ
ਇਹ ਮੇਰੀ ਚੁੰਨੀ, ਤੇਰੀ ਦਸਤਾਰ ਵੀ।

ਕੀ ਕਹਾਂ ਉਸ ਨਰਮ ਡਾਲੀ ਦੀ ਕਥਾ
ਸਹਿ ਸਕੀ ਨਾ ਜੋ ਕਲੀ ਦਾ ਭਾਰ ਵੀ।

ਪੱਗ, ਪਗੜੀ, ਦਸਤਾਰ ਕਈ ਹਾਵਾਂ-ਭਾਵਾਂ-ਚਾਵਾਂ ਦਾ ਮੁਜੱਸਮਾ ਰਹੀ ਹੈ। ਇਹ ਹਿੰਦੁਸਤਾਨ ਸਮੇਤ ਬਹੁਤ ਸਾਰੇ ਮੁਲਖਾਂ ਵਿਚ ਕਲਗੀ ਅਤੇ ਗਹਿਣੇ ਸਜਾਉਣ ਲਈ ਆਧਾਰ ਦੇ ਤੌਰ 'ਤੇ ਵੀ ਵਰਤੀ ਜਾਂਦੀ ਰਹੀ ਹੈ। ਲਾੜਾ ਵਿਆਹ ਸਮੇਂ ਕਲਗੀ ਸਜਾਉਂਦਾ ਹੈ ਅਤੇ ਬਾਦਸ਼ਾਹ ਗੱਦੀ ਪ੍ਰਾਪਤ ਕਰਨ ਸਮੇਂ। ਮਿਸਰ ਵਰਗੇ ਕਈ ਮੁਲਖਾਂ ਵਿਚ ਦਸਤਾਰ ਦੇ ਰੰਗ ਅਤੇ ਉਸ 'ਤੇ ਲੱਗੇ ਖੰਭ ਕਈ ਅਰਥ ਸੰਚਾਰਦੇ ਸਨ। ਪੁਰਾਤਨ ਸਮਿਆਂ ਵਿਚ ਕਈ ਰਾਜਿਆਂ ਨੂੰ ਐਵੇਂ ਹੀ ਰਾਜ ਮਿਲ ਜਾਂਦਾ, ਉਹ ਉਸ ਦੇ ਕਾਬਲ ਵੀ ਨਹੀਂ ਸਨ ਹੁੰਦੇ। ਸੁਖਵਿੰਦਰ ਇੱਕ ਗਜ਼ਲ ਵਿਚ ਇਸ ਬੇਤੁਕੀ ਬਾਦਸ਼ਾਹੀਅਤ ਵੱਲ ਇਸ਼ਾਰਾ ਕਰਦੀ ਹੈ:

ਨਿਭਦਾ ਹੈ ਏਸ ਦੁਨੀਆਂ ਵਿਚ
ਪਿਆਰ ਕੋਈ ਕੋਈ,
ਅਗਨੀ ਦੀ ਧੁਨ 'ਤੇ
ਝੂਮੇ ਮਲਹਾਰ ਕੋਈ ਕੋਈ।

ਦੁੱਖ ਨੂੰ ਕਲੇਜੇ ਲਾਇਆ
ਤਾਂ ਇਹ ਭੇਤ ਸਮਝ ਆਇਆ,
ਸੀਨੇ 'ਚੋਂ ਜ਼ਹਿਰ ਪੀਂਦੀ ਹੈ
ਕਟਾਰ ਕੋਈ ਕੋਈ।

ਜੰਮਦੇ ਨਾ ਰੋਜ਼ ਦੁਨੀਆਂ 'ਤੇ
ਸੱਚ ਦੇ ਦੀਵਾਨੇ,
ਰੱਖਦਾ ਹੈ ਜੀਭ ਉਤੇ
ਅੰਗਿਆਰ ਕੋਈ ਕੋਈ।

ਕਰਦੀ ਜੋ ਜ਼ਿੰਦਗੀ ਦੇ
ਜ਼ਖਮਾਂ 'ਤੇ ਮਰ੍ਹਮ-ਪੱਟੀ,
ਕਲਗੀ ਦੇ ਯੋਗ ਹੁੰਦੀ
ਦਸਤਾਰ ਕੋਈ ਕੋਈ।

ਡਿਗਿਆਂ ਨੂੰ ਜੋ ਉਠਾਲੇ
ਬੁਝਿਆਂ ਨੂੰ ਜਿਹੜੀ ਬਾਲੇ,
ਸਮਿਆਂ ਨੂੰ ਯਾਦ ਰਹਿੰਦੀ
ਤਲਵਾਰ ਕੋਈ ਕੋਈ।

'ਪੱਤਝੜ ਵਿਚ ਪੁੰਗਰਦੇ ਪੱਤੇ' ਤੋਂ ਬਾਅਦ 2006 ਵਿਚ ਉਸ ਦਾ ਅਗਲਾ ਕਵਿਤਾ-ਸੰਗ੍ਰਿਹ 'ਧੁੱਪ ਦੀ ਚੁੰਨੀ' ਆਇਆ, ਜਿਸ ਵਿਚ ਅਣੀਆਂ-ਕਣੀਆਂ ਵਰਗੀਆਂ ਨਿੱਕੀਆਂ ਕਵਿਤਾਵਾਂ ਹਨ। ਹੁਣ ਜਜ਼ਬਾਤ ਅਤੇ ਭਾਵਨਾਵਾਂ ਤਰੰਗਾਂ ਨਹੀਂ ਮਾਰਦੀਆਂ, ਨਾ ਹੀ ਸ਼ੋਖ ਸ਼ੋਰ ਕਰਦੀਆਂ ਹਨ। ਇਨ੍ਹਾਂ ਵਿਚ ਤਹੱਮਲ ਹੈ, ਟਿਕਾਅ ਹੈ, ਗਹਿਰਾਈ ਹੈ, ਦਨਾਈ ਹੈ, ਜੋ 2014 ਵਿਚ ਆਏ ਕਾਵਿ-ਸੰਗ੍ਰਿਹ 'ਚਿੜੀਆਂ' ਵਿਚ ਵੀ ਕਾਇਮ ਰਹਿੰਦਾ ਹੈ। ਪੰਜਾਬ ਵਿਚੋਂ ਚਿੜੀਆਂ ਸਮੇਤ ਬਹੁਤ ਕੁਝ ਮਨਫੀ ਹੋਈ ਜਾ ਰਿਹਾ ਹੈ। ਵਿਸ਼ਵੀਕਰਨ ਦੇ ਪ੍ਰਭਾਵ ਨੇ ਅਤੇ ਆਪਣੇ ਦੇਸ਼ ਵਿਚਲੀਆਂ ਸਹੂਲਤਾਂ ਅਤੇ ਸੰਭਾਵਨਾਵਾਂ ਦੇ ਅਭਾਵ ਨੇ ਬਰੇਨ-ਡਰੇਨ ਨੂੰ ਸਿਖਰਾਂ 'ਤੇ ਲੈ ਆਂਦਾ ਹੈ। ਵਿਸ਼ਵ ਮੰਡੀ ਨੇ ਆਪਣੇ ਪੈਰ ਇਸ ਤਰ੍ਹਾਂ ਪਸਾਰੇ ਹਨ ਕਿ ਵਿਰਾਸਤੀ ਸਭਿਆਚਾਰ ਦਾ ਤਾਜ-ਤਖਤ ਬੁਰੀ ਤਰ੍ਹਾਂ ਡੋਲ ਰਿਹਾ ਹੈ। ਘੁੱਗ ਵੱਸਦੇ ਚੁਬਾਰਿਆਂ ਅਤੇ ਰੌਣਕੀਲੀਆਂ ਹਵੇਲੀਆਂ ਵਿਚ ਉਲੂ ਬੋਲਣ ਲੱਗੇ ਹਨ (ਹੁਣ ਤਾਂ ਉਲੂ ਵੀ ਘੱਟਦੇ ਜਾ ਰਹੇ ਹਨ)। ਪੰਜਾਬ ਦੇ ਇਤਿਹਾਸ ਵਿਚ ਵਾਪਰੇ ਸੰਤਾਲੀ, ਪੈਂਹਠ, ਚੁਰਾਸੀ ਦੇ ਦੁਖਾਂਤਾਂ ਤੋਂ ਵੀ ਵੱਧ ਘਾਤਕ ਹੋ ਸਕਦੈ ਇਹ ਮੌਜੂਦਾ ਦੌਰ। ਨੌਜਵਾਨ ਪਰਵਾਸ ਕਰਦੇ ਜਾ ਰਹੇ ਹਨ, ਪਿਛੇ ਰਹਿ ਰਹੇ ਬਜ਼ੁਰਗ ਬੇਆਸਰਾ ਅਤੇ ਬੇਉਮੀਦ ਜ਼ਿੰਦਗੀ ਜਿਉਂ ਰਹੇ ਹਨ। ਖਾਣ-ਪੀਣ, ਪਹਿਨਣ-ਪਚਰਣ, ਰਹਿਣ-ਸਹਿਣ ਪੰਜਾਬੀਅਤ ਤੋਂ ਦੂਰ ਹੋਈ ਜਾ ਰਿਹਾ ਹੈ। ਅਮੀਰ ਵਿਰਾਸਤ ਵਾਲਾ ਪੰਜਾਬ ਅੱਜ ਅਜੀਬ ਕਿਸਮ ਦੇ ਪਰਵਰਤਿਤ ਦੌਰ 'ਚੋਂ ਗੁਜ਼ਰ ਰਿਹਾ ਹੈ। ਪਿਛਾਂਹ ਝਾਤ ਪਾਉਣੀ ਦੁਖਦਾਈ ਹੋਈ ਜਾਂਦੀ ਹੈ:

ਇਕ ਦਿਨ ਬਹੁਤ ਦੂਰ ਉਡ ਗਈਆਂ
ਮੇਰੇ ਖਿਆਲਾਂ ਦੀਆਂ ਚਿੜੀਆਂ।

ਮੇਰੇ ਪਿੰਡ ਵਾਲੇ ਘਰ
ਸੁੱਕ ਚੁੱਕੀ ਡੇਕ ਦੇ
ਟੁੰਡ-ਮਰੁੰਡ ਟਾਹਣਿਆਂ 'ਤੇ
ਜਾ ਉਤਰੀਆਂ ਚੰਚਲ ਚਿੜੀਆਂ
ਚਿੜੀਆਂ ਨੇ ਦੇਖਿਆ
ਸੁੰਨ-ਮਸੁੰਨਾ ਵਿਹੜਾ
ਢੱਠੀਆਂ ਖੁਰਲੀਆਂ
ਕੰਧਾਂ ਤੋਂ ਡਿੱਗਦੇ ਲਿਓੜ
ਚੁੱਲ੍ਹੇ ਵਿਚ ਪਿਆ ਪਾਣੀ
ਠੀਕਰੀਆਂ ਬਣੇ ਦੀਵੇ।

ਸੋਚਾਂ ਵਿਚ ਪੈ ਗਈਆਂ
ਵਿਚਾਰੀਆਂ ਚਿੜੀਆਂ।

ਡੇਕ ਤੋਂ ਉਡ
ਫਿਰਨੀ ਵਾਲੀ ਕਿੱਕਰ 'ਤੇ
ਜਾ ਬੈਠੀਆਂ ਉਦਾਸ ਚਿੜੀਆਂ।

ਚਿੜੀਆਂ ਨੇ ਦੇਖਿਆ
ਉਜੜਿਆ ਖੂਹ
ਟੁੱਟੇ ਹੋਏ ਘੜੇ
ਲੀਰਾਂ ਲੀਰਾਂ ਸਾਲੂ
ਖੰਡਰ ਬਣੀਆਂ ਹਵੇਲੀਆਂ
ਹਉਕੇ ਭਰਦੀ ਮਸੀਤ
ਪਤਾ ਨਹੀਂ ਕਿਹੜੇ
ਕਾਲੇ ਦਿਨਾਂ ਦੇ ਵਰਕੇ
ਫੋਲਣ ਬਹਿ ਗਈਆਂ ਚਿੜੀਆਂ।

ਚਿੜੀਆਂ ਨੇ ਦੇਖਿਆ
ਕਬਰਾਂ 'ਤੇ ਡੁੱਲ੍ਹਿਆ ਲਹੂ
ਰੂੜੀ 'ਤੇ ਰੁਲਦੀ ਪੱਗ
ਰਾਤੋ ਰਾਤ
ਕਾਲਿਓਂ ਬੱਗੀਆਂ ਹੋਈਆਂ ਦਾੜੀਆਂ
ਸੱਥ ਵਿਚ ਪਿਆ ਸੋਗ
ਦਰਗਾਹ ਨੂੰ ਲੱਗਿਆ ਜਿੰਦਾ।

ਸੁਣ ਕੇ ਉਲੂਆਂ ਦੇ ਬੋਲ
ਤ੍ਰਭਕ ਗਈਆਂ
ਪੀਲੀਆਂ ਪੈ ਗਈਆਂ ਚਿੜੀਆਂ
ਸੋਚਣ ਲੱਗ ਪਈਆਂ
ਇਸ ਵਸਦੇ ਰਸਦੇ ਪਿੰਡ ਨੂੰ
ਕੀ ਹੋਇਆ?

ਚਿੜੀਆਂ ਨੂੰ ਕੋਈ ਨਹੀਂ ਦੱਸਦਾ
ਇਹ ਸੰਨ ਸੰਤਾਲੀ ਹੈ,
ਕਿ ਪੈਂਹਠ ਹੈ, ਕਿ ਚੁਰਾਸੀ
ਜਾਂ ਇਹ ਹੈ ਵਿਕ ਰਹੇ ਪਿੰਡਾਂ ਵਾਲੀ
ਇੱਕੀਵੀਂ ਸਦੀ ਦੀ ਉਦਾਸੀ...।

ਚਿੜੀਆਂ ਨੂੰ ਕੋਈ ਨਹੀਂ ਦੱਸਦਾ
ਕਿ ਇਹ ਚੰਦਰੇ ਦਿਨ
ਵਾਰ ਵਾਰ ਕਿਉਂ ਆਉਂਦੇ ਨੇ
ਚਿੜੀਆਂ ਨੂੰ ਕੌਣ ਦੱਸੇ!

ਹਰ ਵਿਅਕਤੀ ਉਮਰ ਦੇ ਛੇਕੜਲੇ ਪੜਾਅ 'ਤੇ ਪਹੁੰਚ ਕੇ ਜਾਂ ਲੰਬੇ ਵਿਛੋੜੇ ਦੇ ਦਿਨ ਹੰਢਾਉਂਦਿਆਂ ਅਕਸਰ ਯਾਦਾਂ ਆਸ਼ਰਿਤ ਹੋ ਜਾਂਦਾ ਹੈ। ਜੁਆਨੀ ਦੀਆਂ ਯਾਦਾਂ ਮਿੱਠੀਆਂ ਅਤੇ ਪਿਆਰੀਆਂ ਲੱਗਣ ਲੱਗਦੀਆਂ ਹਨ। ਜੁਆਨੀ ਸਮੇਂ ਦੇ ਚੋਚਲੇ, ਨੋਕਾਂ-ਝੋਕਾਂ, ਚਾਅ-ਮਲਾਰ ਵਾਰ ਵਾਰ ਯਾਦਾਂ ਵਿਚ ਉਭਰਦੇ ਹਨ। ਮਨ ਲੁੱਛਦੇ, ਕਾਸ਼! ਉਹ ਦਿਨ ਮੁੜ ਵਾਪਸ ਆ ਜਾਣ! ਸੁਖਵਿੰਦਰ ਅੰਮ੍ਰਿਤ ਦੇ ਚੇਤਨਾ-ਪ੍ਰਵਾਹ ਵਿਚ ਦਸਤਾਰ ਨਾਲ ਸੰਬੰਧਿਤ ਇੱਕ ਮਿੱਠੀ ਪਿਆਰੀ ਯਾਦ ਵਾਰ ਵਾਰ ਉਠਦੀ ਹੈ:

ਪੱਥਰ ਦੀਆਂ ਅੱਖਾਂ
ਕਈ ਵਰ੍ਹਿਆਂ ਤੋਂ ਤੂੰ
ਮੇਰਿਆਂ ਚੇਤਿਆਂ ਦੀ ਧੁੱਪ ਵਿਚ
ਬੈਠਾ ਵਾਲ ਸੁਕਾਉਂਦਾ ਹੈਂ।

ਮੇਰੀਆਂ ਸੋਚਾਂ ਦੇ
ਬਨੇਰਿਆਂ 'ਤੇ ਸੁੱਕਦੀ ਹੈ
ਤੇਰੇ ਸੂਹੇ ਰੰਗ ਦੀ ਦਸਤਾਰ
ਮੈਂ ਤੇਰੀ ਪਿੱਠ ਪਿੱਛੇ ਖੜ੍ਹੀ
ਤੇਰੇ ਕੂਲੇ ਕੇਸ ਪਲੋਸਦੀ ਹਾਂ।

ਤੂੰ ਪਿੱਛੇ ਮੁੜ ਕੇ ਮੇਰੀ ਵੀਣੀ ਫੜਦਾ ਹੈਂ
ਤੇ ਖਿੱਚ ਕੇ ਆਪਣੇ ਮੂਹਰੇ
ਬਿਠਾਉਂਦਾ ਹੋਇਆ ਆਖਦਾ ਹੈਂ,
ਐਥੇ ਬੈਠ ਮੇਰੇ ਮੂਹਰੇ
ਮੈਂ ਤੇਰੇ ਬਲੌਰੀ ਨੈਣਾਂ ਵਿਚ ਵੇਖ ਕੇ
ਪੱਗ ਬੰਨਣੀ ਹੈ।

ਤੇਰੀ ਗੱਲ ਸੁਣ ਕੇ
ਮੇਰਾ ਲਹੂ ਲਰਜ਼ਾ ਜਾਂਦਾ ਹੈ
ਤੇ ਮੈਂ ਸੰਗ ਨਾਲ ਸੂਹੀ ਹੋ ਕੇ
ਬਾਹਾਂ ਵਿਚ ਲਕੋ ਲੈਂਦੀ ਹਾਂ ਆਪਣਾ ਚਿਹਰਾ
ਫੇਰ ਕਈ ਵਰ੍ਹੇ
ਮੈਨੂੰ ਹੋਸ਼ ਨਹੀਂ ਆਉਂਦੀ।

ਜਦੋਂ ਹੋਸ਼ ਪਰਤਦੀ ਹੈ
ਤੂੰ ਪੱਗ ਬੰਨ੍ਹ ਕੇ
ਜਾ ਚੁੱਕਿਆ ਹੁੰਦਾ ਹੈਂ
ਧੁੱਪ ਢਲ ਚੁੱਕੀ ਹੁੰਦੀ ਹੈ
ਤੇ ਮੇਰੀਆਂ ਅੱਖਾਂ
ਪੱਥਰ ਦੀਆਂ ਹੋ ਜਾਂਦੀਆਂ ਨੇ।

ਤੂੰ ਕਦੋਂ ਪਰਤੇਂਗਾ?
ਮੈਂ ਤੈਨੂੰ ਪੱਗ ਬੰਨ੍ਹਦੇ ਨੂੰ ਵੇਖਣਾ ਹੈ
ਉਹੀ ਸੂਹੀ ਪੱਗ
ਜੋ ਅਜੇ ਤੀਕ
ਮੇਰੀਆਂ ਸੋਚਾਂ ਦੇ
ਬਨੇਰਿਆਂ 'ਤੇ ਸੁੱਕਦੀ ਹੈ...।

ਇਸ ਤਰ੍ਹਾਂ ਅਸੀਂ ਸਪਸ਼ਟ ਤੌਰ 'ਤੇ ਕਹਿ ਸਕਦੇ ਹਾਂ ਕਿ ਸੁਖਵਿੰਦਰ ਅੰਮ੍ਰਿਤ ਦੀ ਮਾਨਸਿਕਤਾ ਵਿਚ ਦਸਤਾਰ ਬੜੀ ਗਹਿਰੀ ਉਕਰੀ ਪਈ ਹੈ। ਉਸ ਲਈ ਇਹ ਸੁੰਦਰਤਾ ਦਾ ਬਿੰਬ ਵੀ ਬਣਦੀ ਹੈ, ਮਰਦਾਨਗੀ ਦਾ ਪਰਚਮ ਵੀ। ਇਤਿਹਾਸਕ ਤੇ ਗੌਰਵਮਈ ਪਛਾਣ ਦਾ ਸਬੱਬ ਵੀ ਅਤੇ ਚੀਰੇ ਦੇ ਰੂਪ ਵਿਚ ਚੜ੍ਹਦੀ ਜਵਾਨੀ ਦਾ ਪ੍ਰਤੀਕ ਵੀ। ਇਹ ਕੁਰਬਾਨੀ ਦਾ ਚਿੰਨ੍ਹ ਵੀ ਬਣਦੀ ਹੈ ਅਤੇ ਬਾਦਸ਼ਾਹੀਅਤ ਦਾ ਵੀ।

ਸੁਖਵਿੰਦਰ ਅੰਮ੍ਰਿਤ ਦੀ ਸਾਰੀ ਸ਼ਾਇਰੀ ਵਿਚ ਹੀ ਪੱਗ, ਪਗੜੀ, ਦਸਤਾਰ, ਚੀਰਾ ਵਾਰ ਵਾਰ ਕਿਸੇ ਨਾ ਕਿਸੇ ਰੂਪ ਵਿਚ ਉਭਰਦੇ ਰਹਿੰਦੇ ਹਨ।

# ਕਰਨਲ ਬਲਬੀਰ ਸਿੰਘ ਦੀ ਸਵੈ-ਜੀਵਨੀ

ਪੰਜਾਬੀ ਖੇਡ ਸਾਹਿਤ 58



ਪ੍ਰਿੰ. ਸਰਵਣ ਸਿੰਘ
ਫੋਨ: 647-785-1661

ਕਰਨਲ ਬਲਬੀਰ ਸਿੰਘ ਨੂੰ ਗੋਡੇ ਦੀ ਸੱਟ ਲੈ ਬੈਠੀ, ਨਹੀਂ ਤਾਂ ਉਹ ਘੱਟੋ-ਘੱਟ ਤਿੰਨ ਓਲੰਪਿਕਸ ਖੇਡਦਾ। ਉਹ ਹਾਕੀ ਦਾ ਓਲੰਪਿਕ ਖਿਡਾਰੀ, ਭਾਰਤੀ ਹਾਕੀ ਟੀਮਾਂ ਦਾ ਕੋਚ, ਮੈਨੇਜਰ ਤੇ ਚੋਣਕਾਰ ਰਿਹਾ। ਉਸ ਨੂੰ ਅਰਜਨਾ ਅਵਾਰਡ, ਵਸ਼ਿਸ਼ਠ ਸੇਵਾ ਮੈਡਲ ਤੇ ਕਈ ਹੋਰ ਮਾਣ-ਸਨਮਾਨ ਮਿਲੇ। ਉਹ ਖੇਡ ਲੇਖਕ ਵੀ ਬਣਿਆ। ਉਸ ਨੇ ਆਪਣੀ ਸਵੈ-ਜੀਵਨੀ 'ਸੰਸਾਰਪੁਰ ਤੋਂ ਲੰਡਨ' ਲਿਖੀ, ਜਿਸ ਦਾ ਅੰਗਰੇਜ਼ੀ ਵਿਚ ਨਾਂ 'ਦਿ ਕਰਨਲ 'ਜ਼ ਡੈਡਲੀ ਸਕੂਪ' ਹੈ। ਇਹ ਕੌਫੀ ਟੇਬਲ ਬੁੱਕ ਹੈ, ਜਿਸ ਵਿਚ ਯਾਦਗਾਰੀ ਤਸਵੀਰਾਂ ਹਨ। ਬਲਬੀਰ ਸਿੰਘ ਦਾ ਪਿੰਡ ਸੰਸਾਰਪੁਰ ਹਾਕੀ ਦਾ ਘਰ ਕਿਹਾ ਜਾਂਦੈ, ਜਿਸ ਦੇ 14 ਹਾਕੀ ਖਿਡਾਰੀ ਓਲੰਪਿਕ ਖੇਡਾਂ ਵਿਚ ਭਾਗ ਲੈ ਚੁਕੇ ਹਨ। ਇਕੋ ਪਿੰਡ ਦੇ ਚੌਦਾਂ ਓਲੰਪੀਅਨ ਸੰਸਾਰਪੁਰ ਦਾ ਨਿਵੇਕਲਾ ਸੰਸਾਰ ਰਿਕਾਰਡ ਹੈ!



ਕਰਨਲ ਬਲਬੀਰ ਸਿੰਘ

ਉਨ੍ਹਾਂ ਚੌਦਾਂ ਓਲੰਪੀਅਨਾਂ ਦੇ ਨਾਂ ਹਨ: ਗੁਰਮੀਤ ਸਿੰਘ ਕੁਲਾਰ, ਊਧਮ ਸਿੰਘ ਕੁਲਾਰ, ਗੁਰਦੇਵ ਸਿੰਘ ਕੁਲਾਰ, ਹਰਦੇਵ ਸਿੰਘ ਕੁਲਾਰ, ਦਰਸ਼ਨ ਸਿੰਘ ਕੁਲਾਰ, ਬਲਬੀਰ ਸਿੰਘ ਕੁਲਾਰ, ਜਗਜੀਤ ਸਿੰਘ ਕੁਲਾਰ, ਬਲਬੀਰ ਸਿੰਘ ਕੁਲਾਰ ਦੂਜਾ, ਤਰਸੇਮ ਸਿੰਘ ਕੁਲਾਰ, ਅਜੀਤਪਾਲ ਸਿੰਘ ਕੁਲਾਰ, ਜਗਜੀਤ ਸਿੰਘ ਕੁਲਾਰ ਦੂਜਾ, ਹਰਵਿੰਦਰ ਸਿੰਘ ਕੁਲਾਰ, ਬਿੰਦੀ ਸਿੰਘ ਕੁਲਾਰ ਤੇ ਕੀਨੀਆ ਦੀ ਓਲੰਪਿਕ ਟੀਮ ਦਾ ਮੈਨੇਜਰ ਹਰਦਿਆਲ ਸਿੰਘ ਕੁਲਾਰ। ਸਾਰੇ ਦੇ ਸਾਰੇ ਕੁਲਾਰ! ਬਹੁਤਿਆਂ ਦੇ ਘਰ ਇਕੋ ਬੀਹੀ 'ਚ ਸਨ। ਇਨ੍ਹਾਂ ਓਲੰਪੀਅਨਾਂ ਵਿਚੋਂ ਕਈਆਂ ਨੇ ਇਕ ਵਾਰ, ਕਈਆਂ ਨੇ ਦੋ ਵਾਰ, ਅਜੀਤਪਾਲ ਸਿੰਘ ਨੇ ਤਿੰਨ ਵਾਰ ਤੇ ਊਧਮ ਸਿੰਘ ਨੇ ਚਾਰ ਵਾਰ 1952, 56, 60, 64 ਦੀਆਂ ਓਲੰਪਿਕ ਖੇਡਾਂ ਵਿਚ ਭਾਗ ਲਿਆ। ਊਨ੍ਹਾਂ 'ਚੋਂ ਊਧਮ ਸਿੰਘ ਨੇ ਇਕ ਚਾਂਦੀ ਤੇ ਤਿੰਨ ਸੋਨੇ ਦੇ ਤਗਮੇ ਜਿੱਤੇ। ਪੰਜਵੀਂ ਓਲੰਪਿਕ ਉਹ ਜ਼ਖਮੀ ਹੋਣ ਕਾਰਨ ਨਹੀਂ ਖੇਡ ਸਕਿਆ। ਖੇਡਦਾ ਤਾਂ ਸੰਭਵ ਸੀ ਪੰਜਵਾਂ ਓਲੰਪਿਕ ਤਗਮਾ ਵੀ ਜਿੱਤ ਜਾਂਦਾ!

ਇਸ ਲੇਖ ਵਿਚ ਬਲਬੀਰ ਸਿੰਘ ਦੇ ਨਾਂ ਅੱਗੇ ਕਰਨਲ ਇਸ ਲਈ ਲਾਉਣਾ ਪਿਐ, ਕਿਉਂਕਿ ਕਈ ਬਲਬੀਰ ਭਾਰਤੀ ਹਾਕੀ ਟੀਮਾਂ ਵਿਚ ਖੇਡਦੇ ਰਹੇ ਹਨ। ਵੱਖਰੀ ਪਛਾਣ ਲਈ ਉਨ੍ਹਾਂ ਦੇ ਨਾਂ ਬਲਬੀਰ ਸਿੰਘ ਸੀਨੀਅਰ, ਬਲਬੀਰ ਸਿੰਘ ਜੂਨੀਅਰ, ਬਲਬੀਰ ਸਿੰਘ ਪੁਲਿਸ, ਬਲਬੀਰ ਸਿੰਘ ਰੇਲਵੇ, ਬਲਬੀਰ ਸਿੰਘ ਫੌਜ ਤੇ ਬਲਬੀਰ ਸਿੰਘ ਰੰਧਾਵਾ ਲਿਖੇ ਜਾਂਦੇ ਹਨ। ਬਲਬੀਰ ਪੁਲਿਸ, ਬਲਬੀਰ ਰੇਲਵੇ ਤੇ ਬਲਬੀਰ ਫੌਜ ਤਾਂ ਭਾਰਤ ਦੀ ਇਕੋ ਟੀਮ ਵਿਚ ਇਕੋ ਸਮੇਂ ਖੇਡਦੇ ਰਹੇ। ਪ੍ਰਸਿੱਧ ਕੁਮੈਂਟੇਟਰ ਜਸਦੇਵ ਸਿੰਘ ਨੂੰ ਮੈਚਾਂ ਦੀ ਕੁਮੈਂਟਰੀ ਕਰਦਿਆਂ ਅਕਸਰ ਕਹਿਣਾ ਪੈਂਦਾ, "ਬਲਬੀਰ ਫੌਜ ਨੇ ਬਾਲ ਬਲਬੀਰ ਰੇਲਵੇ ਨੂੰ ਦਿੱਤੀ, ਬਲਬੀਰ ਰੇਲਵੇ ਨੇ ਬਾਲ ਬਲਬੀਰ ਪੁਲਿਸ ਵੱਲ ਵਧਾਈ, ਬਲਬੀਰ ਪੁਲਿਸ ਨੇ ਬਾਲ ਮੁੜ ਬਲਬੀਰ ਰੇਲਵੇ ਵੱਲ ਸਰਕਾਈ ਜਿਸ ਨੇ ਗੋਲ ਕਰ ਦਿੱਤਾ!"


1966 ਵਿਚ ਬੈਂਕਾਕ ਦੀਆਂ ਏਸ਼ਿਆਈ ਖੇਡਾਂ ਦੇ ਫਾਈਨਲ ਮੈਚ ਸਮੇਂ ਹੋਇਆ ਵੀ ਇੰਜ ਹੀ ਸੀ। ਭਾਰਤੀ ਹਾਕੀ ਟੀਮ ਲਈ ਏਸ਼ਿਆਈ ਖੇਡਾਂ ਦਾ ਪਹਿਲਾ ਗੋਲਡ ਮੈਡਲ ਜਿੱਤਣ ਵਾਲਾ ਮੈਚ ਮੁੱਕਣ ਹੀ ਵਾਲਾ ਸੀ। ਭਾਰਤ ਓਲੰਪਿਕ ਚੈਂਪੀਅਨ ਹੋਣ ਦੇ ਬਾਵਜੂਦ ਉਦੋਂ ਤਕ ਏਸ਼ੀਆ ਚੈਂਪੀਅਨ ਨਹੀਂ ਸੀ ਬਣ ਸਕਿਆ। ਗੋਲ ਦੀ ਮੂਵ ਬਣਾਉਂਦਿਆਂ ਹਾਫ ਬੈਕ ਬਲਬੀਰ ਫੌਜ ਨੇ ਪਾਸ ਰਾਈਟ ਆਊਟ ਬਲਬੀਰ ਰੇਲਵੇ ਨੂੰ ਦਿੱਤਾ, ਬਲਬੀਰ ਰੇਲਵੇ ਨੇ ਰਾਈਟ ਇਨ ਬਲਬੀਰ ਪੁਲਿਸ ਨੂੰ ਤੇ ਬਲਬੀਰ ਪੁਲਿਸ ਨੇ ਗੋਲ ਕਰਨ ਲਈ ਫਿਰ ਬਲਬੀਰ ਰੇਲਵੇ ਨੂੰ ਦੇ ਦਿੱਤਾ, ਜਿਸ ਨੇ ਬਾਲ ਗੋਲ ਲਾਈਨ ਲੰਘਾ ਦਿੱਤੀ। ਇੰਜ ਉਹ ਤਿੰਨਾਂ ਬਲਬੀਰਾਂ ਦਾ ਸਾਂਝਾ ਗੋਲ ਸੀ, ਜੋ ਬਲਬੀਰ ਰੇਲਵੇ ਦਾ ਗਿਣਿਆ ਗਿਆ।

ਅਸਲ ਵਿਚ ਕਿਸੇ ਵੀ ਟੀਮ ਖੇਡ ਦਾ ਗੋਲ ਕਿਸੇ 'ਕੱਲੇ ਖਿਡਾਰੀ ਦਾ ਨਹੀਂ ਹੁੰਦਾ, ਸਗੋਂ ਸਾਰੀ ਟੀਮ ਦਾ ਸਾਂਝਾ ਹੁੰਦੈ। ਵਧੇਰੇ ਗੋਲ ਆਮ ਤੌਰ 'ਤੇ ਸੈਂਟਰ ਫਾਰਵਰਡ ਤੇ ਪੈਨਲਟੀ ਕਾਰਨਰ ਲਾਉਣ ਵਾਲੇ ਫੁੱਲ ਬੈਕ ਖਿਡਾਰੀ ਹੀ ਕਰਦੇ ਹਨ, ਪਰ ਗੋਲ ਕਰਨ ਵਿਚ ਸਹਿਯੋਗ ਸਾਰੀ ਟੀਮ ਦਾ ਹੁੰਦਾ ਹੈ। ਇਹ ਵੱਖਰੀ ਗੱਲ ਹੈ ਕਿ ਨਾਮਾਜ਼ਾਦੀ ਆਖਰੀ ਮੌਕੇ ਬਾਲ ਗੋਲ ਲਾਈਨ ਲੰਘਾਉਣ ਵਾਲੇ ਖਿਡਾਰੀ ਦੀ ਹੋ ਜਾਂਦੀ ਹੈ। ਸੈਂਟਰ ਫਾਰਵਰਡ ਧਿਆਨ ਚੰਦ ਤੇ ਬਲਬੀਰ ਸਿੰਘ ਸੀਨੀਅਰ ਅਤੇ ਪੈਨਲਟੀ ਕਾਰਨਰ ਲਾਉਣ ਵਾਲੇ ਪ੍ਰਿਥੀਪਾਲ ਸਿੰਘ ਤੇ ਸੁਰਜੀਤ ਸਿੰਘ ਇਸੇ ਕਾਰਨ ਹੋਰਨਾਂ ਖਿਡਾਰੀਆਂ ਤੋਂ ਵੱਧ ਮਸ਼ਹੂਰ ਹੋਏ। ਅੰਤਰਰਾਸ਼ਟਰੀ ਓਲੰਪਿਕ ਕਮੇਟੀ ਵੱਲੋਂ ਤਦੇ ਬਲਬੀਰ ਸਿੰਘ ਸੀਨੀਅਰ ਨੂੰ 2012 ਤਕ ਹੋਈਆਂ ਓਲੰਪਿਕ ਖੇਡਾਂ ਦਾ ਅੱਵਲ ਨੰਬਰ ਹਾਕੀ ਖਿਡਾਰੀ ਮੰਨ ਕੇ 'ਆਈਕੌਨਿਕ ਓਲੰਪੀਅਨ' ਐਲਾਨਿਆ ਗਿਆ। ਇਹੀ ਗੱਲ ਕਬੱਡੀ ਦੀ ਖੇਡ ਵਿਚ ਰੇਡਰ ਦੀ ਹੁੰਦੀ ਹੈ, ਕਿਉਂਕਿ ਵਧੇਰੇ ਅੰਕ ਰੇਡਰ ਨੇ ਹੀ ਲੈਣੇ ਹੁੰਦੇ ਹਨ। ਹਾਕੀ ਤੇ ਫੁੱਟਬਾਲ ਦੇ ਗੋਲਚੀ ਇਸੇ ਕਰਕੇ ਗੁੰਮਨਾਮੀ 'ਚ ਗੁਆਚ ਜਾਂਦੇ ਹਨ।

ਕਰਨਲ ਬਲਬੀਰ ਸਿੰਘ ਦਾ ਜਨਮ 5 ਅਪਰੈਲ 1945 ਨੂੰ ਪਿੰਡ ਸੰਸਾਰਪੁਰ ਜਿਲਾ ਜਲੰਧਰ ਵਿਚ ਸੂਬੇਦਾਰ ਗੱਜਣ ਸਿੰਘ ਕੁਲਾਰ ਦੇ ਘਰ ਮਾਤਾ ਦਰਬਾਰ ਕੌਰ ਦੀ ਕੁੱਖੋਂ ਹੋਇਆ ਸੀ। ਉਹ ਦੋ ਭੈਣਾਂ ਤੇ ਤਿੰਨ ਭਰਾਵਾਂ ਵਿਚ ਵਿਚਕਾਰਲਾ ਭਾਈ ਹੈ। ਵੱਡੀ ਭੈਣ ਮਨਦੀਸ਼ ਕੌਰ ਬੈਂਸ ਸਾਬਕਾ ਪ੍ਰਿੰਸੀਪਲ ਸੀ, ਛੋਟੀ ਭੈਣ ਪ੍ਰਕਾਸ਼ ਕੌਰ ਇੰਗਲੈਂਡ ਵਿਚ ਹੈ, ਵੱਡਾ ਭਰਾ ਕਰਨਲ ਪ੍ਰੀਤਮ ਸਿੰਘ ਕੁਲਾਰ ਤੇ ਛੋਟਾ ਭਰਾ ਪ੍ਰੋ. ਪੋਪਿੰਦਰ ਸਿੰਘ ਕੁਲਾਰ ਹੈ, ਜਿਸ ਨੇ ਸੰਸਾਰਪੁਰ ਦੀ ਹਾਕੀ 'ਤੇ ਪੀਐਚ.ਡੀ. ਕੀਤੀ ਹੈ। ਮੇਰਾ ਇਸ ਪਰਿਵਾਰ ਨਾਲ 1962 ਵਿਚ ਸਬੰਧ ਜੁੜਿਆ, ਜਦੋਂ ਮੈਂ ਦਿੱਲੀ ਦੇ ਖਾਲਸਾ ਕਾਲਜ ਵਿਚ ਦਾਖਲ ਹੋਇਆ। ਘਰੋਂ ਤਾਂ ਮੈਂ ਖਾਲਸਾ ਕਾਲਜ ਅੰਮ੍ਰਿਤਸਰ ਦਾਖਲ ਹੋਣ ਚੱਲਿਆ ਸਾਂ, ਪਰ ਗੇੜ ਐਸਾ ਬਣਿਆ ਕਿ ਜਾ ਪਹੁੰਚਾ ਖਾਲਸਾ ਕਾਲਜ ਦਿੱਲੀ। ਉਥੇ ਖੇਡਾਂ ਦੇ ਡਾਇਰੈਕਟਰ ਸਰਦਾਰ ਪ੍ਰੀਤਮ ਸਿੰਘ ਬੈਂਸ ਮਿਲ ਪਏ, ਜਿਨ੍ਹਾਂ ਨੇ ਮੈਨੂੰ ਖਿਡਾਰੀ ਵਿਦਿਆਰਥੀ ਵਜੋਂ ਬਿਨਾ ਦਾਖਲਾ ਫੀਸ ਲਏ ਐੱਮ. ਏ. ਵਿਚ ਦਾਖਲ ਕਰ ਲਿਆ। ਉਥੇ ਉਹੀ ਮੇਰੇ ਗਾਰਡੀਅਨ ਬਣੇ, ਜੋ ਹਰ ਐਤਵਾਰ ਮੈਨੂੰ ਦੁਪਹਿਰ ਦੇ ਖਾਣੇ 'ਤੇ ਘਰ ਸੱਦਦੇ। ਉਥੇ ਹੀ ਗੁਲਜ਼ਾਰ ਸਿੰਘ ਸੰਧੂ ਨਾਲ ਮੇਲ ਹੋਇਆ। ਕਰਨਲ ਬਲਬੀਰ ਸਿੰਘ ਦੀ ਵੱਡੀ ਭੈਣ ਮਨਦੀਸ਼ ਕੌਰ, ਪ੍ਰੀਤਮ ਸਿੰਘ ਬੈਂਸ ਨਾਲ ਵਿਆਹੀ ਹੋਈ ਸੀ। ਹੁਣ ਤਾਂ ਦੋਵੇਂ ਜੀਅ ਚਲਾਣਾ ਕਰ ਚੁਕੇ ਹਨ। ਸੁਰਗਾਂ 'ਚ ਵਾਸਾ ਹੋਵੇ ਉਨ੍ਹਾਂ ਦਾ। ਮੈਂ ਸਮਝਦਾ ਹਾਂ ਉਨ੍ਹਾਂ ਨੇ ਮੇਰਾ ਕੈਰੀਅਰ ਬਣਾਉਣ ਵਿਚ ਨਿਸ਼ਕਾਮ ਸਹਿਯੋਗ ਦਿੱਤਾ। ਕਰਨਲ ਬਣਨ ਵਾਲੇ ਬਲਬੀਰ ਨੂੰ ਮੈਂ ਪਹਿਲੀ ਵਾਰ ਉਥੇ ਹੀ ਮਿਲਿਆ ਸਾਂ। ਸੰਸਾਰਪੁਰ ਦੇ ਵੱਡੇ ਬਲਬੀਰ ਨਾਲ ਤਾਂ ਮੇਰੀ ਪਹਿਲਾਂ ਹੀ ਸਿਆਣ ਸੀ, ਕਿਉਂਕਿ ਅਸੀਂ ਸਤੰਬਰ 1960 ਵਿਚ ਪੰਜਾਬ ਯੂਨੀਵਰਸਿਟੀ ਦਾ ਹਾਕੀ ਕੋਚਿੰਗ ਕੈਂਪ 'ਕੱਠਿਆਂ ਲਾਇਆ ਸੀ। ਵੱਡਾ ਬਲਬੀਰ ਡੀ. ਆਈ. ਜੀ. ਬਣ ਕੇ ਰਿਟਾਇਰ ਹੋਇਆ ਤੇ ਛੋਟਾ ਬਲਬੀਰ ਕਰਨਲ ਬਣ ਕੇ। ਵੱਡਾ ਬਲਬੀਰ ਕੱਦ ਦਾ ਸਮੱਧਰ ਸੀ, ਛੋਟਾ ਬਲਬੀਰ ਪੂਰਾ ਕੱਦਾਵਰ ਹੈ।

ਕਰਨਲ ਬਲਬੀਰ ਸਿੰਘ ਨੂੰ ਘਰ ਦੇ ਤੇ ਪਿੰਡ ਦੇ ਲੋਕ ਬੀਰਾ ਕਹਿੰਦੇ ਰਹੇ। ਬੀਰੇ ਨੇ ਸਕੂਲ ਦੀ ਪੜ੍ਹਾਈ ਕੈਂਟ ਬੋਰਡ ਹਾਈ ਸਕੂਲ ਜਲੰਧਰ ਛਾਉਣੀ ਤੋਂ ਕੀਤੀ। ਫਿਰ ਡੀ. ਏ. ਵੀ. ਕਾਲਜ ਤੇ ਸਪੋਰਟਸ ਕਾਲਜ ਜਲੰਧਰ ਵਿਚ ਪੜ੍ਹਿਆ ਤੇ ਹਾਕੀ ਖੇਡਿਆ। ਗ੍ਰੈਜੂਏਸ਼ਨ ਆਈ. ਐਮ. ਏ. ਦੇਹਰਾਦੂਨ ਤੋਂ ਅਤੇ ਐਨ. ਆਈ. ਐਸ. ਦਾ ਡਿਪਲੋਮਾ ਨੈਸ਼ਨਲ ਇੰਸਟੀਚਿਊਟ ਆਫ ਸਪੋਰਟਸ ਪਟਿਆਲਾ ਤੋਂ ਕੀਤਾ। ਖਾਸ ਸ਼ੌਕ ਫੋਟੋਗਰਾਫੀ ਤੇ ਪੁਰਾਣੇ ਸਿੱਕੇ 'ਕੱਠੇ ਕਰਨ ਦਾ ਰਿਹਾ। ਹਾਕੀ ਦੀ ਖੇਡ ਵਿਚ ਉਹਦੀ ਮਨਪਸੰਦ ਪੁਜ਼ੀਸ਼ਨ ਰਾਈਟ ਹਾਫ ਸੀ, ਪਰ ਲੋੜ ਪੈਣ 'ਤੇ ਉਹ ਹੋਰਨਾਂ ਪੁਜ਼ੀਸ਼ਨਾਂ 'ਤੇ ਵੀ ਖੇਡ ਸਕਦਾ ਸੀ। ਉਸ ਦੀਆਂ ਵੱਡੀਆਂ ਪ੍ਰਾਪਤੀਆਂ ਵਿਚ ਓਲੰਪਿਕ ਖੇਡਾਂ ਵਿਚੋਂ ਬਰਾਂਜ਼ ਮੈਡਲ, ਏਸ਼ਿਆਈ ਖੇਡਾਂ 'ਚੋਂ ਗੋਲਡ ਮੈਡਲ, ਅੰਤਰਰਾਸ਼ਟਰੀ ਹਾਕੀ ਟੂਰਨਾਮੈਂਟ ਹੈਮਬਰਗ 'ਚੋਂ ਗੋਲਡ ਮੈਡਲ ਅਤੇ ਅੰਤਰਰਾਸ਼ਟਰੀ ਹਾਕੀ ਟੂਰਨਾਮੈਂਟ ਮੈਡਰਿਡ 'ਚੋਂ ਗੋਲਡ ਮੈਡਲ ਸ਼ਾਮਲ ਹੈ। ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ, ਸਟੇਟਾਂ ਤੇ ਨੈਸ਼ਨਲ ਹਾਕੀ ਦੇ ਮੈਡਲਾਂ ਦੀ ਗਿਣਤੀ ਕਰਨੀ ਹੋਵੇ ਤਾਂ ਉਹ ਦਰਜਨਾਂ ਵਿਚ ਹੈ। ਉਸ ਨੇ ਲਿਖਿਆ:

ਮੈਨੂੰ ਉਹ ਦਿਨ ਯਾਦ ਹੈ, ਜਦ ਭਾਰਤ ਦੀ ਹਾਕੀ ਟੀਮ ਟੋਕੀਓ ਦੀਆਂ ਏਸ਼ਿਆਈ ਖੇਡਾਂ-1958 ਵਿਚੋਂ ਚਾਂਦੀ ਦਾ ਤਗਮਾ ਜਿੱਤੀ ਸੀ। ਉਦੋਂ ਸੰਸਾਰਪੁਰ ਦੇ ਚਾਰ ਖਿਡਾਰੀਆਂ ਊਧਮ ਸਿੰਘ, ਗੁਰਦੇਵ ਸਿੰਘ, ਬਲਬੀਰ ਸਿੰਘ ਜੂਨੀਅਰ, ਗੁਰਜੀਤ ਸਿੰਘ ਤੇ ਪੰਜਵੇਂ ਗੁਆਂਢੀ ਪਿੰਡ ਖੁਸਰੋਪੁਰ ਦੇ ਹਰੀਪਾਲ ਕੌਸ਼ਿਕ ਨੂੰ ਸੰਸਾਰਪੁਰ ਦੇ ਗੁਰਦੁਆਰੇ ਵਿਚ ਸਨਮਾਨਿਤ ਕੀਤਾ ਗਿਆ ਸੀ। ਮੈਂ ਉਸ ਵੇਲੇ 13 ਸਾਲ ਦਾ ਸੀ। ਜਦ ਉਨ੍ਹਾਂ ਨੂੰ ਸਨਮਾਨਿਤ ਕੀਤਾ ਜਾ ਰਿਹਾ ਸੀ, ਮੈਂ ਆਪਣੇ ਦਿਲ ਵਿਚ ਉਸੇ ਵੇਲੇ ਧਾਰ ਲਿਆ ਸੀ ਕਿ ਇਕ ਦਿਨ ਮੈਂ ਵੀ ਭਾਰਤ ਦੀ ਹਾਕੀ ਟੀਮ ਵੱਲੋਂ ਖੇਡਾਂਗਾ ਤੇ ਜਿੱਤ ਕੇ ਆਵਾਂਗਾ। ਠੀਕ ਅੱਠ ਸਾਲ ਬਾਅਦ ਮੇਰਾ ਸੁਪਨਾ ਸਾਕਾਰ ਹੋਇਆ। ਅਸੀਂ ਬੈਂਕਾਕ ਦੀਆਂ ਏਸ਼ਿਆਈ ਖੇਡਾਂ-1966 ਵਿਚੋਂ ਪਹਿਲੀ ਵਾਰ ਸੋਨੇ ਦਾ ਤਗਮਾ ਜਿੱਤ ਕੇ ਲਿਆਏ। ਇਸ ਜੇਤੂ ਭਾਰਤੀ ਟੀਮ ਵਿਚ ਪਹਿਲੇ 11 ਖਿਡਾਰੀਆਂ ਵਿਚੋਂ ਚਾਰ ਖਿਡਾਰੀ ਸੰਸਾਰਪੁਰ ਦੇ ਸਨ। ਬਲਬੀਰ ਸਿੰਘ ਪੁਲਿਸ, ਬਲਬੀਰ ਸਿੰਘ ਫੌਜ, ਜਗਜੀਤ ਸਿੰਘ ਕੁਲਾਰ ਤੇ ਤਰਸੇਮ ਸਿੰਘ ਕੁਲਾਰ।




ਅਜੇ ਮੈਂ ਸੱਤਵੀਂ 'ਚ ਪੜ੍ਹਦਾ ਸੀ, ਜਦ 1956 ਦੀ ਹਾਕੀ ਨੈਸ਼ਨਲ ਚੈਂਪੀਅਨਸ਼ਿਪ ਜਲੰਧਰ ਵਿਚ ਹੋਈ। ਸਾਨੂੰ ਸਕੂਲ ਦੇ ਬੱਚਿਆਂ ਨੂੰ ਮੈਚ ਦੇਖਣ ਲਈ ਮੁਫਤ ਪਾਸ ਮਿਲੇ ਸਨ। ਮੈਂ ਹਰ ਰੋਜ਼ ਟੂਰਨਾਮੈਂਟ ਦੇ ਸਾਰੇ ਮੈਚ ਪੀ. ਏ. ਪੀ. ਹਾਕੀ ਗਰਾਊਂਡ ਰਾਮਾ ਮੰਡੀ, ਜੋ ਸੰਸਾਰਪੁਰ ਤੋਂ 5 ਕਿਲੋਮੀਟਰ ਦੂਰ ਹੈ, ਪੈਦਲ ਤੁਰ ਕੇ ਦੇਖਣ ਜਾਂਦਾ ਰਿਹਾ। ਹਰ ਮੈਚ, ਹਰ ਖਿਡਾਰੀ ਦੀ ਖੇਡ ਕਲਾ ਤੇ ਹਰ ਖਿਡਾਰੀ ਦੇ ਗੋਲ ਕਰਨ ਦਾ ਤਰੀਕਾ, ਅਜੇ ਵੀ ਮੇਰੀਆਂ ਅੱਖਾਂ ਸਾਹਮਣੇ ਆ ਜਾਂਦਾ ਹੈ। ਮੈਂ ਉਸੇ ਵਕਤ ਮਨ ਬਣਾ ਲਿਆ ਸੀ ਕਿ ਮੈਂ ਵੀ ਇਕ ਦਿਨ ਇਨ੍ਹਾਂ ਵਰਗਾ ਬਣਾਂਗਾ।

ਜ਼ਿੰਦਗੀ ਵਿਚ ਕਿਸਮਤ ਦਾ ਵੀ ਸਾਥ ਹੋਣਾ ਹੁੰਦਾ ਹੈ। ਪਰਮਾਤਮਾ ਨੇ ਮੈਨੂੰ ਤਕੜਾ ਸਰੀਰ, ਚੰਗੀ ਖੇਡ ਕਲਾ ਤੇ ਚੰਗਾ ਨਾਂ ਤਾਂ ਦਿੱਤਾ, ਪਰ ਚੰਗੀ ਕਿਸਮਤ ਨਾ ਦਿੱਤੀ। ਜੇ ਕਿਸਮਤ ਸਾਥ ਦਿੰਦੀ ਤਾਂ ਮੈਂ ਘੱਟੋ-ਘੱਟ ਦੋ ਓਲੰਪਿਕ ਹੋਰ ਖੇਡ ਜਾਣਾ ਸੀ। 1971 ਵਿਚ ਪਹਿਲੇ ਵਿਸ਼ਵ ਕੱਪ ਲਾਹੌਰ ਲਈ ਭਾਰਤੀ ਹਾਕੀ ਟੀਮ ਦਾ ਕੈਂਪ ਐਨ. ਆਈ. ਐੱਸ. ਪਟਿਆਲੇ 'ਚ ਲੱਗਾ ਸੀ। ਅਖੀਰਲੇ ਦਿਨ ਟੀਮ ਦੀ ਚੋਣ ਹੋਈ, ਟੀਮ ਦਾ ਕਪਤਾਨ ਮੈਨੂੰ ਚੁਣ ਲਿਆ ਗਿਆ ਅਤੇ ਟੀਮ ਦਾ ਐਲਾਨ ਹੋਣ ਹੀ ਲੱਗਾ ਸੀ ਕਿ ਖਬਰ ਆਈ, ਭੁੱਟੋ ਨੇ ਕਿਹਾ ਹੈ, ਜੇ ਭਾਰਤ ਦੀ ਟੀਮ ਲਾਹੌਰ ਵਰਲਡ ਕੱਪ ਖੇਡਣ ਆਈ ਤਾਂ ਗਰਾਊਂਡ ਉਖਾੜ ਦਿੱਤੀ ਜਾਵੇਗੀ। ਧਮਕੀ ਮਿਲਣ ਕਾਰਨ ਭਾਰਤੀ ਟੀਮ ਦੀ ਚੋਣ ਵਿਸ਼ਵ ਕੱਪ ਲਈ ਨਵੀਂ ਥਾਂ ਘੋਸ਼ਿਤ ਹੋਣ ਤਕ ਰੁਕ ਗਈ। ਐਫ. ਆਈ. ਐੱਚ. ਨੇ ਕੁਝ ਸਮੇਂ ਬਾਅਦ ਪਹਿਲਾ ਵਿਸ਼ਵ ਕੱਪ ਲਾਹੌਰ ਦੀ ਥਾਂ ਸਪੇਨ ਦੇ ਸ਼ਹਿਰ ਬਾਰਸੀਲੋਨਾ ਵਿਚ ਕਰਾਉਣ ਦਾ ਐਲਾਨ ਕਰ ਦਿੱਤਾ, ਪਰ ਮੇਰੇ ਮੰਦੇ ਭਾਗ ਕਿ ਮੇਰਾ ਗੋਡਾ ਇਸੇ ਦੌਰਾਨ ਪ੍ਰੈਕਟਿਸ ਕਰਦਿਆਂ ਬੁਰੀ ਤਰ੍ਹਾਂ ਨੁਕਸਾਨਿਆ ਗਿਆ, ਜੋ ਠੀਕ ਨਾ ਹੋ ਸਕਿਆ ਤੇ ਮੇਰਾ ਹਾਕੀ ਖੇਡਣ ਦਾ ਭਵਿੱਖ ਸਦਾ ਲਈ ਖਤਮ ਹੋ ਗਿਆ।

ਮੇਰੇ ਲਈ ਸ਼ਿਵਾ ਜੀ ਸਟੇਡੀਅਮ ਦਿੱਲੀ ਦੀ ਗਰਾਊਂਡ ਵਿਚ ਖੇਡੇ ਹਾਕੀ ਦੇ ਪੰਜ ਮੈਚ ਕੌੜੀਆਂ ਤੇ ਮਿੱਠੀਆਂ ਯਾਦਾਂ ਬਣ ਗਏ ਹਨ। ਮਾਰਚ 1964 ਵਿਚ ਮੈਂ ਇਸੇ ਗਰਾਊਂਡ ਵਿਚ ਪੰਜਾਬ ਵੱਲੋਂ ਭੁਪਾਲ ਦੇ ਖਿਲਾਫ ਪਹਿਲੀ ਵਾਰ ਨੈਸ਼ਨਲ ਚੈਂਪੀਅਨਸ਼ਿਪ ਖੇਡਿਆ। ਦਸੰਬਰ 1964 ਵਿਚ ਸਾਡਾ ਸੈਂਟਰਲ ਕਮਾਂਡ ਦਾ ਸਾਊਦਰਨ ਕਮਾਂਡ ਦੀ ਤਕੜੀ ਟੀਮ ਨਾਲ ਕਾਂਟੇਦਾਰ ਮੈਚ ਹੋਇਆ। ਸਾਊਦਰਨ ਕਮਾਂਡ ਦੀ ਟੀਮ ਵੱਲੋਂ ਪੀਟਰ, ਬੰਧੂਪਾਟਲ, ਕੌਸ਼ਿਕ ਤੇ ਰਾਈਟ ਆਊਟ ਨਾਲ ਇਨੋ ਟਰਾਇਓ ਬਣਾ ਕੇ ਅੱਗੇ ਵਧਿਆ। ਹਰੀਪਾਲ ਨੇ ਮੈਨੂੰ ਵਧੀਆ ਬਾਲ ਬਣਾ ਕੇ ਪਾਸ ਦਿੱਤਾ ਤੇ ਮੈਂ ਰਾਈਟ ਹਾਫ ਦੀ ਸਾਈਡ ਤੋਂ ਅੱਗੇ ਵਧਦੇ ਹੋਏ, ਲਕਸ਼ਮਣ ਵਰਗੇ ਗੋਲਕੀਪਰ ਦੇ ਖਿਲਾਫ, ਆਪਣੇ ਖੇਡ ਕੈਰੀਅਰ ਦਾ ਵਧੀਆ ਗੋਲ ਕਰ ਕੇ ਆਪਣੀ ਟੀਮ ਨੂੰ ਜਿੱਤ ਦੁਆਈ। ਲਕਸ਼ਮਣ ਟੋਕੀਓ ਓਲੰਪਿਕ-1964 ਵਿਚ ਵਧੀਆ ਪ੍ਰਦਰਸ਼ਨ ਕਰ ਕੇ ਸੋਨੇ ਦਾ ਤਗਮਾ ਜਿੱਤ ਕੇ ਪਰਤਿਆ ਸੀ। ਲਕਸ਼ਮਣ ਨੇ ਪੂਰੀ ਓਲੰਪਿਕ, ਖਾਸ ਕਰ ਕੇ ਪਾਕਿਸਤਾਨ ਖਿਲਾਫ ਲੋਹੇ ਦੀ ਚੱਟਾਨ ਵਾਂਗ ਗੋਲ ਦੀ ਰਾਖੀ ਕੀਤੀ ਸੀ। ਉਸ ਦੇ ਖਿਲਾਫ 19 ਸਾਲ ਦੇ ਅਲੂੰਏਂ ਖਿਡਾਰੀ ਵੱਲੋਂ ਗੋਲ ਕਰਨਾ ਫਖਰ ਵਾਲੀ ਗੱਲ ਸੀ। ਇਸੇ ਮੈਚ ਤੋਂ ਮੇਰੇ ਹਾਕੀ ਕੈਰੀਅਰ ਦਾ ਮੁੱਢ ਬੱਝਾ ਸੀ। 1965 ਵਿਚ ਐਸ. ਆਰ. ਸੀ. ਮੇਰਠ ਵੱਲੋਂ ਬੰਬਈ ਵਿਰੁਧ ਖੇਡਦਿਆਂ ਮੇਰੇ ਗੋਲ ਨਾਲ ਨਹਿਰੂ ਹਾਕੀ ਟੂਰਨਾਮੈਂਟ ਜਿੱਤਿਆ ਗਿਆ ਸੀ। ਭਾਰਤ ਦੀ ਤਰਫੋਂ 7 ਮਾਰਚ 1972 ਨੂੰ ਖੇਡਿਆ ਮੈਚ ਭਾਰਤੀ ਟੀਮ ਇਸ ਲਈ ਹਾਰੀ ਕਿ ਮੈਂ ਇਹ ਮੈਚ ਖਰਾਬ ਹੋਏ ਗੋਡੇ 'ਤੇ ਪੱਟੀ ਬੰਨ੍ਹ ਕੇ ਹੀ ਖੇਡ ਸਕਿਆ ਸੀ। 1975 ਵਿਚ ਮੈਂ ਆਪਣੀ ਜ਼ਿੰਦਗੀ ਦਾ ਆਖਰੀ ਮੈਚ ਏ. ਐੱਸ. ਈ. ਮੇਰਠ ਵੱਲੋਂ ਬੀ. ਐੱਸ. ਐਫ. ਜਲੰਧਰ ਵਿਰੁੱਧ ਨਹਿਰੂ ਹਾਕੀ ਟੂਰਨਾਮੈਂਟ ਵਿਚ ਖੇਡਿਆ। ਮੈਚ ਖੇਡਦਿਆਂ ਦੁਬਾਰਾ ਗੋਡੇ ਦੀ ਸੱਟ ਕਾਰਨ ਗਰਾਊਂਡ ਵਿਚ ਹੀ ਡਿੱਗ ਪਿਆ, ਜਿਸ ਨਾਲ ਮੇਰਾ ਹਾਕੀ ਦਾ ਭਵਿੱਖ ਸਦਾ ਲਈ ਖਤਮ ਹੋ ਗਿਆ।

ਜਿਥੇ ਮੈਂ ਰਈਟ ਹਾਫ ਖੇਡਦਿਆਂ ਰੱਖਿਆ ਪੰਗਤੀ ਦਾ ਰੋਲ ਅਦਾ ਕਰਦੇ ਹੋਏ ਛੇਵਾਂ ਫਾਰਵਰਡ ਬਣ ਕੇ ਕੁਝ ਯਾਦਗਾਰੀ ਗੋਲ ਕੀਤੇ ਜਾਂ ਸਾਥੀਆਂ ਤੋਂ ਕਰਵਾਏ, ਉਥੇ ਭਾਰਤ ਦੀ ਹਾਕੀ ਟੀਮ ਵੱਲੋਂ ਖੇਡਦਿਆਂ ਬੈਂਕਾਕ ਏਸ਼ਿਆਈ ਖੇਡਾਂ-1966 ਵਿਚ ਪਾਕਿਸਤਾਨ ਦੀ ਟੀਮ ਨੂੰ ਹਰਾ ਕੇ ਪਹਿਲੀ ਵਾਰ ਸੋਨੇ ਦਾ ਤਗਮਾ ਜਿੱਤਿਆ। ਉਸ ਮੈਚ ਵਿਚ ਇਕੋ ਇਕ ਗੋਲ ਕਰਨ 'ਚ ਤਿੰਨੋਂ ਬਲਬੀਰਾਂ ਨੇ ਤਾਲ-ਮੇਲ ਕਰਦਿਆਂ ਰੇਲਵੇ ਦੇ ਬਲਬੀਰ ਕੋਲੋਂ ਗੋਲ ਕਰਾਉਣ ਵਿਚ ਅਹਿਮ ਭੂਮਿਕਾ ਨਿਭਾਈ ਸੀ। ਮੈਂ ਜਲੰਧਰ ਦੀ ਨੈਸ਼ਨਲ ਹਾਕੀ ਚੈਂਪੀਅਨਸ਼ਿਪ-1972 ਵਿਚ ਸੈਨਾ ਦੀ ਟੀਮ ਵੱਲੋਂ ਰੇਲਵੇ ਦੀ ਟੀਮ ਖਿਲਾਫ ਸੈਮੀ ਫਾਈਨਲ ਵਿਚ ਸਕੂਪ ਨਾਲ 'ਡੀ' ਦੇ ਉਤੋਂ ਬਿਹਤਰੀਨ ਗੋਲ ਕੀਤਾ ਸੀ। ਮੈਂ ਮੈਕਸੀਕੋ ਓਲੰਪਿਕ ਵਿਚ ਵੀ ਪੱਛਮੀ ਜਰਮਨੀ, ਆਸਟ੍ਰੇਲੀਆ ਤੇ ਮੈਕਸੀਕੋ ਵਿਰੁੱਧ ਤਿੰਨ ਗੋਲ ਕੀਤੇ ਸਨ।

ਕਰਨਲ ਬਲਬੀਰ ਸਿੰਘ ਵਿਸ਼ਵ ਪੱਧਰ ਦਾ ਵਧੀਆ ਰਾਈਟ ਹਾਫ ਖਿਡਾਰੀ ਸੀ। ਉਸ ਦਾ ਨਿੱਗਰ ਜੁੱਸਾ ਕਸਰਤਾਂ ਨਾਲ ਗੱਠਿਆ ਹੋਇਆ ਸੀ। ਹੱਡ ਗੋਡੇ ਮਜਬੂਤ ਅਤੇ ਪਿੰਨੀਆਂ ਤੇ ਪੱਟ ਮੋਟੇ ਸਨ, ਪਰ ਉਸ ਨੂੰ ਗੋਡੇ ਦੀ ਇੰਜਰੀ ਲੈ ਬੈਠੀ। ਅਜਿਹੀ ਸੱਟ ਕਿਸੇ ਵੀ ਖਿਡਾਰੀ ਦਾ ਅੱਗਾ ਮਾਰ ਸਕਦੀ ਹੈ। ਕਾਸ਼ ਉਹ ਵੀ ਊਧਮ ਸਿੰਘ ਤੇ ਅਜੀਤਪਾਲ ਸਿੰਘ ਵਾਂਗ ਲੰਮਾ ਸਮਾਂ ਖੇਡ ਸਕਦਾ! ਬਲਬੀਰ ਸਿੰਘ ਬੀਰੇ ਦਾ ਹਾਫ ਬੈਕ ਤੋਂ ਛੇਵਾਂ ਫਾਰਵਰਡ ਬਣ ਕੇ ਖੇਡ ਜਾਣਾ ਅਤੇ ਕਈ ਵਾਰ ਗੋਲ ਕਰ ਜਾਣਾ ਕਾਬਲੇ ਤਾਰੀਫ ਹੁੰਦਾ ਸੀ। ਉਸ ਨੇ ਕਈ ਵਾਰ ਗੋਲਕੀਪਰ ਦੇ ਪਿੱਛੇ ਆ ਕੇ ਪੱਕੇ ਗੋਲ ਹੁੰਦੇ ਬਚਾਏ। ਜੇ ਉਸ ਨੂੰ ਅਜੋਕੀ ਆਸਟਰੋ ਟਰਫ 'ਤੇ ਖੇਡਣ ਦਾ ਮੌਕਾ ਮਿਲਦਾ ਤਾਂ ਉਹ ਆਪਣੇ ਤਾਕਤਵਰ ਜੁੱਸੇ ਨਾਲ ਹੋਰ ਵੀ ਵਧੀਆ ਖੇਡ ਸਕਦਾ। ਹੁਣ ਉਹ ਅੱਸੀਆਂ ਸਾਲਾਂ ਨੂੰ ਢੁੱਕਣ ਵਾਲਾ ਹੈ ਤੇ ਆਪਣੇ ਜੱਦੀ ਘਰ ਤੋਂ ਚਾਰ ਕਿਲੋਮੀਟਰ ਦੂਰ ਜਲੰਧਰ ਵਿਚ ਰਹਿੰਦਾ ਹੈ।

ਉਸ ਦੀ ਆਟੋਬਾਇਓਗਰਾਫੀ ਦੇ ਟਾਈਟਲ ਉਤੇ ਉਹ ਹਾਕੀ ਉੱਚੀ ਚੁੱਕੀ ਵਿਖਾਈ ਦਿੰਦੀ ਹੈ, ਜਿਸ ਨਾਲ ਉਸ ਨੇ ਕਈ ਯਾਦਗਾਰੀ ਗੋਲ ਕੀਤੇ। ਡੈਡਲੀ ਸਕੂਪ ਯਾਨਿ ਘਾਤਕ ਸਕੂਪ ਮਾਰੇ। ਇਸੇ ਕਰਕੇ ਉਸ ਨੂੰ ਗੈਬੀ ਹਾਕੀ ਕਿਹਾ ਗਿਆ। ਇਹੋ ਹਾਕੀ ਏਸ਼ਿਆਈ ਖੇਡਾਂ-1966 ਦਾ ਗੋਲਡ ਮੈਡਲ ਅਤੇ ਮੈਕਸੀਕੋ ਓਲੰਪਿਕ-1968 ਦਾ ਬਰਾਂਜ਼ ਮੈਡਲ ਜਿੱਤਣ ਵਿਚ ਸਹਾਈ ਹੋਈ। ਇਸੇ ਨਾਲ ਉਸ ਨੇ ਜਰਮਨੀ ਦੀ ਟੀਮ ਸਿਰ ਜੇਤੂ ਗੋਲ ਕੀਤਾ ਸੀ। ਇਹੋ ਹਾਕੀ ਮੈਕਸੀਕੋ, ਜਪਾਨ ਤੇ ਆਸਟ੍ਰੇਲੀਆ ਦੀਆਂ ਟੀਮਾਂ ਨੂੰ ਹਰਾਉਣ ਲਈ ਰਾਸ ਆਈ।

ਕਰਨਲ ਬਲਬੀਰ ਸਿੰਘ ਦੇ ਦਾਦੇ ਹਵਾਲਦਾਰ ਜਗਤ ਸਿੰਘ ਸਪੁੱਤਰ ਫਤਿਹ ਸਿੰਘ ਨੇ ਪਹਿਲੀ ਵਿਸ਼ਵ ਜੰਗ ਵਿਚ ਹਿੱਸਾ ਲਿਆ ਸੀ। ਉਸ ਦੇ ਪਿਤਾ ਸੂਬੇਦਾਰ ਗੱਜਣ ਸਿੰਘ ਦੂਜੇ ਵਿਸ਼ਵ ਯੁੱਧ ਵਿਚ ਉੱਤਰੀ ਅਫਰੀਕਾ ਦੇ ਫਰੰਟ ਉਤੇ ਲੜੇ, ਜਿਥੇ ਉਹ ਗੋਲੀ ਨਾਲ ਜਖਮੀ ਹੋਏ। ਫਿਰ ਉਹ 1947 ਵਿਚ ਕਸ਼ਮੀਰ ਦੀ ਲੜਾਈ ਵਿਚ ਭਾਰਤੀ ਫੌਜ ਵੱਲੋਂ ਲੜੇ। ਕਰਨਲ ਬਲਬੀਰ ਸਿੰਘ ਦਾ ਪੁੱਤਰ ਸਰਫਰਾਜ਼ ਸਿੰਘ ਕੁਲਾਰ ਵੀ ਭਾਰਤੀ ਫੌਜ ਵਿਚ ਕਰਨਲ ਹੈ। ਇਉਂ ਚਾਰ ਪੀੜੀਆਂ ਤੋਂ ਉਨ੍ਹਾਂ ਦਾ ਪਰਿਵਾਰ ਭਾਰਤੀ ਫੌਜ ਦਾ ਅੰਗ ਬਣਿਆ

(ਬਾਕੀ ਅਗਲੇ ਸਫੇ 'ਤੇ)

# ਪੁਰਸਕਾਰ ਦਾ ਦਾਗ

ਸਿੱਧੂ ਦਮਦਮੀ
sidhudamdami@gmail.com



ਗੱਲ 2008 ਦੀ ਹੈ।

ਪੰਜਾਬ ਸਰਕਾਰ ਦੇ ਭਾਸ਼ਾ ਵਿਭਾਗ ਦੀ ਮੁਖੀ ਮੇਰੇ ਅਖਬਾਰ ਦੇ ਦਫਤਰ ਮਿਲਣ ਆਈ ਤਾਂ ਸਰਕਾਰ ਦੇ ਸ਼੍ਰੋਮਣੀ ਪੁਰਸਕਾਰਾਂ ਦੀ ਚੋਣ ਲਈ ਤਾਜ਼ਾ ਤਾਜ਼ਾ ਨੋਟੀਫਾਈ ਹੋਏ ਗਜ਼ਟ ਦੀ ਕਾਪੀ ਵੀ ਨਾਲ ਲੈ ਆਈ ਸੀ। ਇਸ ਨੂੰ ਫਰੋਲਦਿਆਂ ਪਤਾ ਚੱਲਿਆ ਕਿ ਸੂਬਾ ਸਰਕਾਰ ਦੇ ਸਾਲ 2007 ਤੇ 2008 ਦੇ ਵਾਰਸ਼ਿਕ ਸ਼੍ਰੋਮਣੀ ਪੁਰਸਕਾਰਾਂ ਦੀ ਚੋਣ ਲਈ ਭਾਸ਼ਾ ਵਿਭਾਗ ਦੇ ਸਟੇਟ ਐਡਵਾਇਜ਼ਰੀ ਬੋਰਡ (ਸ਼੍ਰੋਮਣੀ ਪੁਰਸਕਾਰ ਬੋਰਡ) ਲਈ ਮੈਂਬਰਾਂ ਦੇ ਜਿਹੜੇ ਨਾਂ ਗਜ਼ਟ ਹੋਏ ਸਨ, ਉਨ੍ਹਾਂ ਵਿਚ ਮੇਰਾ ਨਾਂ ਵੀ ਸ਼ਾਮਲ ਸੀ।

ਨਿਰਸੰਦੇਹ ਮੈਨੂੰ ਇਸ ਬਾਰੇ ਕੋਈ ਮੁਗਾਲਤਾ ਨਹੀਂ ਸੀ ਕਿ ਪੁਰਸਕਾਰਾਂ ਦੀ ਇਸ ਜਿਊਰੀ ਵਿਚ ਮੇਰਾ ਨਾਂ 'ਪੰਜਾਬੀ ਟ੍ਰਿਬਿਊਨ' ਦਾ ਸੰਪਾਦਕ ਹੋਣ ਕਾਰਨ ਸ਼ਾਮਲ ਕੀਤਾ ਗਿਆ ਸੀ, ਨਾ ਕਿ ਪੱਤਰਕਾਰ ਵਜੋਂ ਕੀਤੇ ਮੇਰੇ ਕੰਮ ਦੇ। ਭਾਈ-ਭਤੀਜਾਵਾਦ ਲਈ ਲੱਖਾਂ ਦੀ ਰਾਸ਼ੀ ਵਾਲੇ ਇਨ੍ਹਾਂ ਬਦਨਾਮ ਪੁਰਸਕਾਰਾਂ ਲਈ ਸਰਕਾਰ ਨੇ ਮੈਨੂੰ ਸਿੱਧਾ ਹੀ ਬੋਰਡ ਵਿਚ ਸ਼ਾਮਲ ਕਰ ਲਿਆ ਸੀ। ਹਾਲਾਂ ਕਿ ਪਿਰਤ ਅਨੁਸਾਰ ਚੋਣ ਬੋਰਡ ਦਾ ਮੈਂਬਰ ਬਣਨ ਲਈ ਸ਼੍ਰੋਮਣੀ ਪੁਰਸਕਾਰ ਨਾਲ ਪੂਰਵ ਸਨਮਾਨਤ ਹੋਣਾ ਜਰੂਰੀ ਸੀ। ਮੈਨੂੰ ਤਦ ਤਕ ਹਾਲੀ ਕੋਈ ਸ਼੍ਰੋਮਣੀ ਪੁਰਸਕਾਰ ਨਹੀਂ ਸੀ ਮਿਲਿਆ।

ਉਂਜ ਸੂਬਾਈ ਤੇ ਰਾਸ਼ਟਰੀ ਸਰਕਾਰੀ ਅਦਾਰਿਆਂ/ਅਕਾਦਮੀਆਂ ਦੇ ਪੁਰਸਕਾਰਾਂ ਨੂੰ ਵੰਡਣ ਸਮੇਂ ਸਰਕਾਰੇ-ਦਰਬਾਰੇ ਕੀ ਖਿਚੜੀ ਪੱਕਦੀ ਹੈ ਤੇ ਸਾਹਿਤਕ ਸੂਬੇਦਾਰਾਂ ਵਲੋਂ ਕਿਵੇਂ ਸਹਿਜ ਨਾਲ ਆਪਣੇ ਚਹੇਤੇ ਨਿਵਾਜ਼ ਦਿੱਤੇ ਜਾਂਦੇ ਸਨ, ਤੋਂ ਮੈਂ ਭਲੀਭਾਂਤ ਵਾਕਫ ਸਾਂ।

ਇਸ ਪੱਖ ਤੋਂ ਰਾਸ਼ਟਰੀ ਪੁਰਸਕਾਰ ਦੇਣ ਵਾਲੀ ਭਾਰਤ ਸਰਕਾਰ ਦੀ ਰਾਸ਼ਟਰੀ ਅਕਾਦਮੀ ਵੀ ਸਕੈਂਡਲਾਂ 'ਚ ਲਿਬੜੀ ਪਈ ਹੈ। ਨਮੂਨੇ ਵਜੋਂ ਇਸ ਦੇ ਸਾਲਾਨਾ ਪੰਜਾਬੀ ਇਨਾਮ ਨਾਲ ਸਬੰਧਤ ਇਕ ਘਟਨਾ ਦਾ ਜ਼ਿਕਰ ਇਥੇ ਕੀਤਾ ਜਾ ਸਕਦਾ ਹੈ:

ਸਾਰਾ ਪੰਜਾਬੀ ਸਾਹਿਤਕ ਜਗਤ ਜਾਣਦਾ ਹੈ ਕਿ ਹਰਿੰਦਰ ਸਿੰਘ ਮਹਿਬੂਬ ਦੀ ਕਿਤਾਬ 'ਝਨਾਂ ਦੀ ਰਾਤ' ਨੂੰ ਮਿਲਿਆ ਰਾਸ਼ਟਰੀ ਅਕਾਦਮੀ ਦਾ ਪੁਰਸਕਾਰ ਸਾਹਿਤਕ ਗੁਣਾਂ ਕਰਕੇ ਘੱਟ, ਸਿਆਸੀ ਕਾਰਨਾਂ ਕਰਕੇ ਜ਼ਿਆਦਾ ਚਰਚਾ ਵਿਚ ਆਇਆ ਸੀ; ਪਰ ਜੋ ਚਰਚਾ 'ਚ ਨਹੀਂ ਆਇਆ, ਉਹ ਸੀ ਕਿ ਉਪਰੋਕਤ ਇਨਾਮ ਅਰਿਜਤ ਕਰਨ ਲਈ ਕੀਤੀ ਗਈ ਹੇਰਾ-ਫੇਰੀ।

ਕਿਹਾ ਜਾਂਦਾ ਹੈ ਕਿ ਪੁਰਸਕਾਰ ਯਾਫਤਾ ਕਾਵਿ ਸੰਗ੍ਰਹਿ (ਝਨਾਂ ਦੀ ਰਾਤ) ਦੀ ਮੂਲ ਕਾਪੀ ਵਿਚ ਇਕ ਲੰਬੀ ਕਵਿਤਾ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਬਾਰੇ ਸੀ। ਜਿਸ ਵਿਚ ਸੰਤਾਂ ਦੀ ਉਸਤਿੱਤੀ ਕੀਤੀ ਹੋਈ ਸੀ। ਅਮਰੀਕਾ ਤੋਂ ਨਿਕਲਦੇ ਹਫਤਾਵਾਰੀ ਪੰਜਾਬੀ ਅਖਬਾਰ 'ਪੰਜਾਬ ਟਾਈਮਜ਼' (8 ਅਗਸਤ 2020) ਅਨੁਸਾਰ 'ਝਨਾਂ ਦੀ ਰਾਤ' ਨੂੰ ਭਾਰਤ ਸਰਕਾਰ ਦੇ ਰਾਸ਼ਟਰੀ ਇਨਾਮ ਲੈਣ ਦੇ ਯੋਗ ਬਣਾਉਣ ਲਈ ਅਕਾਦਮੀ ਨੂੰ ਪੇਸ਼ ਕੀਤੀਆਂ ਇਸ ਦੀਆਂ ਕਾਪੀਆਂ ਵਿਚੋਂ 'ਭਿੰਡਰਾਂਵਾਲਾ' ਨਾਲ ਸਬੰਧਤ ਉਪਰੋਕਤ ਕਵਿਤਾ ਹਟਾ ਦਿੱਤੀ ਗਈ ਸੀ।

ਇਸੇ ਪ੍ਰਸੰਗ ਵਿਚ ਤੇ ਹਫਤਾਵਾਰੀ ਦੇ ਇਸੇ ਅੰਕ ਵਿਚ ਹਰਪਾਲ ਸਿੰਘ ਪੰਨੂ ਅੱਗੇ ਜੋੜਦਾ ਹੈ ਕਿ ਜਦੋਂ ਉਪਰੋਕਤ ਭੇਦ ਉਜਾਗਰ ਹੋ ਗਿਆ ਤਾਂ ਮਹਿਬੂਬ ਨੇ ਸਫਾਈ ਵਿਚ ਏਨਾ ਕਹਿ ਕੇ ਸਾਰ ਦਿੱਤਾ ਸੀ ਕਿ "ਮੈਂ ਤਾਂ ਨੂਰ ਨੂੰ (ਇਸ ਮੰਤਵ ਲਈ) 'ਝਨਾਂ ਦੀ ਰਾਤ' ਦੀਆਂ ਸਾਬਤ ਕਿਤਾਬਾਂ ਫੜਾਈਆਂ ਸਨ। ਉਸ ਨੇ ਸੰਤ ਜੀ ਨਾਲ ਸਬੰਧਿਤ ਵਰਕੇ ਪਾੜ ਦਿੱਤੇ ਹੋਣੇ ਨੇ। ਮੈਂ ਕੀ ਕਰਾਂ?"

ਨਿਰਸੰਦੇਹ ਇੰਜ ਪੁਰਸਕਾਰ ਪਾਉਣ ਲਈ ਅਧੂਰਾ ਸੱਚ ਬੋਲ ਕੇ ਸਾਹਿਤਕ ਇਮਾਨਦਾਰੀ ਵੱਲ ਕੰਡ ਕਰਨ ਵਾਲਾ ਮਹਿਬੂਬ ਇਕੱਲਾ ਨਹੀਂ ਹੈ। ਪੁਰਸਕਾਰ ਲਈ ਉਮੀਦਵਾਰ ਬਣਨ ਦੀ ਸ਼ਰਤ ਪੂਰੀ ਕਰਨ ਲਈ ਪਹਿਲਾਂ ਛਪੀਆਂ ਕਿਤਾਬਾਂ ਦੀਆਂ ਪ੍ਰਕਾਸ਼ਨ ਮਿਤੀਆਂ ਬਦਲਾਉਣ ਨੂੰ ਤਾਂ ਬੇਈਮਾਨੀ ਸਮਝਿਆ ਹੀ ਨਹੀਂ ਜਾਂਦਾ। ਇਸ ਹੇਰਾ-ਫੇਰੀ ਵਿਚ ਤਾਂ ਪੰਜਾਬੀ ਦੇ ਵੱਡੇ-ਵੱਡੇ ਲੇਖਕ ਸ਼ਾਮਲ ਹਨ।

ਸੱਚ ਪੁੱਛਦੇ ਹੋ ਤਾਂ ਦੁਨੀਆਂ ਦੀ ਲਗਪਗ ਹਰੇਕ ਜ਼ੁਬਾਨ ਵਿਚ ਸਾਹਿਤਕ ਪੁਰਸਕਾਰਾਂ ਨਾਲ ਸਬੰਧਿਤ ਸਕੈਂਡਲਾਂ ਦੀ ਭਰਮਾਰ ਪਾਈ ਜਾਂਦੀ ਹੈ, ਪਰ ਵੱਡੀਆਂ ਭਾਸ਼ਾਵਾਂ ਵਿਚ ਇਹ ਘੁਲ-ਮਿਲ ਜਾਂਦੇ ਹਨ, ਪਰ ਛੋਟੀਆਂ ਭਾਸ਼ਾਵਾਂ ਵਿਚ ਇਹ ਰੜਕਦੇ ਰਹਿੰਦੇ ਹਨ। ਇਹੀ ਕਾਰਨ ਹੈ, ਇਥੇ ਇਕ ਮੀਡੀਆਮੈਨ ਦੇ ਨਾਤੇ ਮੈਂ ਸ਼੍ਰੋਮਣੀ ਪੁਰਸਕਾਰਾਂ ਦਾ ਹੀਜ-ਪਿਆਜ਼ ਫਰੋਲ ਰਿਹਾ ਹਾਂ ਕਿ ਕਿਵੇਂ ਸਿਫਾਰਸ਼ਾਂ ਲੜਾ ਕੇ ਤੇ ਸੱਤਾਧਾਰੀ ਸਿਆਸਤਦਾਨਾਂ ਤੋਂ ਕਹਿ-ਕੁਹਾ ਕੇ ਪੁਰਸਕਾਰ ਠੁੰਗੇ ਜਾਂਦੇ ਰਹੇ ਹਨ।

ਪੰਜਾਬੀ ਦੀ ਇਸ ਪੁਰਸਕਾਰ ਸਿਆਸਤ ਵਿਰੁੱਧ ਮੈਂ ਅਕਸਰ 'ਸੰਖ' ਵਿਚ ਤੇ ਹੋਰ ਕਈ ਥਾਂਈਂ ਏਨਾ ਲਿਖਦਾ ਰਿਹਾ ਸਾਂ ਕਿ ਇਕ ਤਰ੍ਹਾਂ ਨਾਲ ਮੇਰੇ ਲਈ ਇਹ ਵਿਸ਼ਾ ਬੇਹਾ ਹੋ ਗਿਆ ਸੀ, ਜਿਸ ਬਾਰੇ ਮੁੜ ਲਿਖਣਾ ਉਗਾਲੀ ਕਰਨੀ ਹੀ ਹੋਣਾ ਸੀ; ਪਰ ਮੇਰੇ ਅੰਦਰਲਾ ਪੱਤਰਕਾਰ ਲੱਤ ਅੜਾ ਬੈਠਾ ਸੀ ਕਿ ਇਸ ਵਾਰ ਜਿਊਰੀ ਦਾ ਮੈਂਬਰ ਹੋਣ ਦੇ ਨਾਤੇ ਮੈਨੂੰ ਪੁਰਸਕਾਰ ਦੇਣ ਦੇ ਅੰਦਰਲੀ ਕਾਰਵਾਈ ਦਾ ਚਸ਼ਮਦੀਦ ਹੋਣ ਦਾ ਜੋ ਮੌਕਾ ਮਿਲਣ ਜਾ ਰਿਹਾ ਸੀ, ਛੱਡਣਾ ਨਹੀਂ ਚਾਹੀਦਾ।

ਸੋ ਉਪਰੋਕਤ ਵਿਵਾਦਮਈ ਕਾਰਵਾਈ ਵਿਚ ਦਾਖਲ ਹੋ ਕੇ, ਇਕ ਤਰ੍ਹਾਂ ਨਾਲ ਇਸ ਦਾ ਸਟਿੰਗ ਅਪਰੇਸ਼ਨ ਕਰਨ ਦਾ ਮੈਂ ਮਨ ਬਣਾ ਲਿਆ, ਪਰ ਜਦੋਂ ਇਹ ਪਤਾ ਚੱਲਿਆ ਕਿ 'ਸ਼੍ਰੋਮਣੀ ਪੱਤਰਕਾਰ 2007' ਦੇ ਪੁਰਸਕਾਰ ਲਈ ਛਾਂਟੇ ਗਿਆਂ ਵਿਚ ਵੀ ਮੇਰਾ ਨਾਂ ਸ਼ਾਮਲ ਕੀਤਾ ਗਿਆ ਸੀ ਤਾਂ ਪ੍ਰਸਥਿਤੀ 'ਹੱਸਾਂ ਕਿ ਰੋਵਾਂ' ਵਾਲੀ ਬਣ ਗਈ, ਕਿਉਂਕਿ ਸਟਿੰਗ ਅਪਰੇਸ਼ਨ ਹਾਲੀ ਪੂਰਾ ਹੋਣਾ ਬਾਕੀ ਸੀ, ਸੋ ਮੈਂ ਚੱਲਣ ਦਿੱਤਾ...।

ਜਿਥੋਂ ਤਕ ਕਿਸੇ ਰਚਨਾਕਾਰ ਨੂੰ ਪੁਰਸਕ੍ਰਿਤ ਕੀਤੇ ਜਾਣ ਦਾ ਸੁਆਲ ਹੈ, ਮੈਂ ਕਦਾਚਿੱਤ ਇਸ ਦੇ ਵਿਰੁੱਧ ਨਹੀਂ। ਸਗੋਂ ਮੇਰਾ ਵਿਚਾਰ ਹੈ ਕਿ ਇਸ ਲਈ ਇਹ ਵੇਖਿਆ ਜਾਵੇ ਕਿ ਪੁਰਸਕਾਰ ਰਚਨਾਕਾਰ ਦੀ ਝੋਲੀ 'ਚ ਪੱਕੇ ਫਲ ਵਾਂਗ ਬ੍ਰਿਖ ਤੋਂ ਕਿਰ ਕੇ ਪਿਆ ਹੈ ਜਾਂ ਪਹੁੰਚ ਤੇ ਸਿਫਾਰਸ਼ ਦੇ ਢਾਂਗੇ/ਢਾਂਗੀਆਂ ਨਾਲ ਤੋੜਿਆ ਗਿਆ ਹੈ। ਵੇਖਣਾ ਇਹ ਵੀ ਹੁੰਦਾ ਹੈ ਕਿ ਪੁਰਸਕਾਰ ਕਿਸ ਵਿਅਕਤੀ ਜਾਂ ਅਦਾਰੇ ਵਲੋਂ ਕਿਸ ਸਮੇਂ ਦਿੱਤਾ ਜਾਂਦਾ ਹੈ। ਲੋਕਰਾਜੀ ਸਰਕਾਰਾਂ ਵਲੋਂ ਆਪਣੇ ਕਲਾਕਾਰਾਂ/ਰਚਨਾਕਾਰਾਂ ਨੂੰ ਪੁਰਸਕਾਰਾਂ ਨਾਲ ਨਿਵਾਜ਼ਿਆ ਜਾਂਦਾ ਹੈ ਤੇ ਰਾਜਿਆਂ/ਡਿਕਟੇਟਰਾਂ ਵਲੋਂ ਵੀ; ਪਰ ਇਨ੍ਹਾਂ ਪੁਰਸਕਾਰਾਂ ਦੇ ਅਪ੍ਰੋਖ ਤੇ ਪ੍ਰੋਖ ਮਨਸ਼ੇ ਵੱਖੋ-ਵੱਖ ਹੁੰਦੇ ਹਨ।

---

ਚੰਡੀਗੜ੍ਹ ਦੇ ਪੰਜਾਬ ਭਵਨ ਵਿਚ ਸ਼੍ਰੋਮਣੀ ਪੁਰਸਕਾਰਾਂ ਦਾ ਨਿਰਣਾ ਕਰਨ ਵਾਲੀ ਮੀਟਿੰਗ ਦੀ ਪ੍ਰਧਾਨਗੀ ਕਰਨ ਲਈ ਮਹਿਕਮੇ ਦੀ ਵਜ਼ੀਰ ਜਿਉਂ ਹੀ ਪ੍ਰਧਾਨ ਦੀ ਸੀਟ 'ਤੇ ਬੈਠੀ ਤਾਂ ਉਸ ਦੇ ਸੱਜੇ-ਖੱਬੇ ਜਿਊਰੀ ਦੇ ਉਹ ਦੋ ਮੈਂਬਰ ਵੀ ਝਟਪਟ ਆ ਬੈਠੇ, ਜਿਨ੍ਹਾਂ ਨੇ ਕਈ ਵਰ੍ਹਿਆਂ ਤੋਂ ਜਿਵੇਂ ਇਹ ਆਸਣ ਆਪਣੇ ਨਾਂ ਕਰਵਾਏ ਹੋਏ ਸਨ। ਇਨ੍ਹਾਂ 'ਚੋਂ ਇਕ ਬਾਰੇ ਮਸ਼ਹੂਰ ਸੀ ਕਿ ਕੋਈ ਵਿਰਲਾ ਹੀ ਪੁਰਸਕਾਰੀ-ਕਬੂਤਰ ਹੋਵੇਗਾ, ਜੋ ਉਸ ਨੇ ਆਪਣੀ ਛੱਤਰੀ 'ਤੇ ਨਾ ਉਤਾਰਿਆ ਹੋਵੇ। ਦੂਸਰੇ ਦੇ ਬਿਨਾ ਪੁਰਸਕਾਰਿਆਂ ਆਪਣਾ ਕੋਈ ਚਹੇਤਾ ਨਹੀਂ ਸੀ ਛੱਡਿਆ, ਸ਼੍ਰੋਮਣੀ ਪੁਰਸਕਾਰ ਵੰਡ ਰਹੀ ਮੀਟਿੰਗ ਭਾਵੇਂ ਅਕਾਲੀ ਸਰਕਾਰ ਦੀ ਹੁੰਦੀ, ਚਾਹੇ ਕਾਂਗਰਸੀਆਂ ਦੀ-ਪੁਰਸਕਾਰਾਂ ਦੀ ਤਾਸ਼ ਦੇ ਪੱਤੇ ਤੇ ਮਾਇਕਰੋਫੋਨ ਉਹ ਹੱਥੋਂ ਨਹੀਂ ਸੀ ਨਿਕਲਣ ਦਿੰਦੇ।

ਖੈਰ! ਥੋੜ੍ਹੇ ਚਿਰ ਬਾਅਦ ਪੁਰਸਕਾਰ ਦੀ ਚੋਣ ਲਈ ਚੱਲ ਰਹੀ ਕਾਰਵਾਈ ਕਿਸੇ ਕਬੀਲੇ ਦੀ ਕਚਹਿਰੀ ਵਾਂਗ ਜਾਪਣ ਲੱਗੀ ਸੀ। ਮੈਂ ਵੇਖ ਕੇ ਹੈਰਾਨ ਰਹਿ ਗਿਆ ਕਿ ਜਿਊਰੀ ਦੇ ਇਕੱਠ ਵਿਚ ਮੇਰੇ ਸਮੇਤ ਕਈ ਅਜਿਹੇ ਹੋਰ ਚਿਹਰੇ ਵੀ ਸ਼ਾਮਲ ਸਨ, ਜੋ ਪੁਰਸਕਾਰ ਲਈ ਵੀ ਉਮੀਦਵਾਰਾਂ ਵਜੋਂ ਛਾਂਟੇ ਗਏ ਸਨ, ਯਾਨਿ ਉਹ ਦੋਵੇਂ ਪਾਸੇ ਸਨ-ਪੁਰਸਕਾਰ ਦੇਣ ਵਾਲਿਆਂ ਵਿਚ ਵੀ ਤੇ ਪੁਰਸਕਾਰ ਲੈਣ ਵਾਲਿਆਂ ਵਿਚ ਵੀ। ਹਾਲਾਤ ਦੀ ਸ਼ਰਮਿੰਦਗੀ ਨੂੰ ਮਜ਼ਾਕੀਆ ਢੰਗ ਨਾਲ ਨਜਿੱਠਣ ਲਈ 'ਦੋਹਰੀ ਟੋਪੀ' ਵਾਲੇ ਮੈਂਬਰ ਦਾ ਇਨਾਮ ਲਈ ਨਾਂ ਆਉਣ 'ਤੇ ਉਸ ਨੂੰ ਕੁਝ ਸਮੇਂ ਲਈ ਮੀਟਿੰਗ ਵਿਚੋਂ ਉਠਾ ਕੇ ਨਾਲ ਦੇ ਕਮਰੇ ਵਿਚ ਬਿਠਾ ਦਿੱਤਾ ਜਾਂਦਾ ਸੀ ਤਾਂ ਜੋ ਉਸ ਬਾਰੇ ਪੁਰਸਕਾਰ ਦੇ ਫੈਸਲੇ ਨੂੰ ਉਸ ਦੀ ਗੈਰ-ਹਾਜ਼ਰੀ ਵਿਚ ਨਿਰਪੱਖਤਾ ਨਾਲ ਲਏ ਗਏ ਹੋਣ ਦਾ ਨਾਟਕ ਕੀਤਾ ਜਾ ਸਕੇ। ਇਹ ਜਾਣ ਕੇ ਹੈਰਾਨੀ ਹੋਈ ਕਿ ਇਹ ਢੰਗ-ਤਰੀਕਾ ਪਹਿਲੀ ਵਾਰ ਨਹੀਂ ਸਗੋਂ ਬੀਤੇ ਵਰ੍ਹਿਆਂ ਦੇ ਸ਼੍ਰੋਮਣੀ ਪੁਰਸਕਾਰ ਦੇਣ ਵੇਲੇ ਵੀ ਕਈ ਵਾਰ ਵਰਤਿਆ ਜਾਂਦਾ ਰਿਹਾ ਸੀ।

ਉਪਰੋਕਤ ਸ਼ਰਮਿੰਦਗੀ ਭਰੇ ਢੰਗ ਨਾਲ 'ਸ਼੍ਰੋਮਣੀ ਪੁਰਸਕਾਰ' ਲਈ ਚੁਣੇ ਜਾਣ ਵਾਲਿਆਂ ਵਿਚ ਮੇਰੇ ਸਿਵਾ ਪੰਜਾਬੀ ਦੇ ਸਿਰਮੌਰ ਲੇਖਕ ਸਵਰਗੀ ਜਸਵੰਤ ਸਿੰਘ ਕੰਵਲ ਤੇ ਦਲੀਪ ਕੌਰ ਟਿਵਾਣਾ ਵੀ ਸ਼ਾਮਲ ਸਨ। ਇਹ ਜਾਣਦਿਆਂ ਵੀ ਕਿ ਸਾਰੀ ਕਾਰਵਾਈ ਵਿਚ ਮੇਰੀ ਸ਼ਮੂਲੀਅਤ ਸਟਿੰਗ ਅਪਰੇਸ਼ਨ ਲਈ ਸੀ, ਫਿਰ ਵੀ ਜਦੋਂ 'ਸ਼੍ਰੋਮਣੀ ਪੱਤਰਕਾਰ 2007' ਦੇ ਪੁਰਸਕਾਰ ਦੀ ਚੋਣ ਲਈ ਜਿਊਰੀ ਮੈਂਬਰ ਦੀ ਕੁਰਸੀ ਤੋਂ ਉਠਾ ਕੇ ਨਾਲ ਦੇ ਕਮਰੇ ਵਿਚ ਮੈਨੂੰ ਲੈ ਜਾਇਆ ਗਿਆ ਤਾਂ ਮੇਰਾ ਮਨ ਇਕੋ ਵੇਲੇ ਕੁਤਾਹਲ ਤੇ ਕਚਿਆਣ ਨਾਲ ਭਰ ਗਿਆ। ਦਿਲ ਕੀਤਾ ਕਿ ਨਾਟਕ ਬੰਦ ਕਰਕੇ ਆਪਣੀ ਅਸਹਿਮਤੀ ਬੋਲ ਦੇਵਾਂ, ਪਰ ਹਾਲੀ ਸਟਿੰਗ ਅਪਰੇਸ਼ਨ ਪੂਰਾ ਹੋਣਾ ਬਾਕੀ ਸੀ। ਸੋ ਮੈਂ ਇਸ 'ਸ਼ੋਅ' ਦੇ ਖਤਮ ਹੋਣ ਦੀ ਉਡੀਕ ਵਿਚ ਜਿਊਰੀ ਦੀ ਕੁਰਸੀ ਵਿਚ ਉਸਲਵੱਟੇ ਲੈਂਦਾ ਰਿਹਾ!

...ਪੁਰਸਕਾਰ ਚੋਣ ਸਮਾਗਮ ਦੀ ਸਮਾਪਤੀ ਉਪਰੰਤ ਮੇਰੇ ਟ੍ਰਿਬਿਊਨ ਦੇ ਦਫਤਰ ਪਹੁੰਚਣ ਤਕ ਖਬਰ ਏਜੰਸੀ ਯੂ. ਐਨ. ਆਈ. ਨੇ 26 ਲੇਖਕਾਂ ਤੇ ਕਲਾਕਾਰਾਂ ਦੀ ਸੂਚੀ ਰਿਲੀਜ਼ ਕਰ ਦਿੱਤੀ ਸੀ, ਜਿਨ੍ਹਾਂ ਨੂੰ ਸਾਲ 2007-08 ਦੇ ਸਾਲਾਨਾ ਸ਼੍ਰੋਮਣੀ ਪੁਰਸਕਾਰਾਂ ਲਈ ਚੁਣਿਆ ਗਿਆ ਸੀ। ਵਧਾਈਆਂ ਦੇ ਫੋਨ ਆਉਣ ਲੱਗੇ, ਪਰ ਸਾਡੇ ਆਪਣੇ ਸਟਾਫ ਦੇ ਇਕ ਮੂੰਹ-ਫੱਟ ਮੈਂਬਰ ਦੀ ਵਿਅੰਗ ਵਿਚ ਲਪੇਟ ਕੇ ਕੀਤੀ ਟਿੱਪਣੀ ਮੈਨੂੰ ਭਰਿੰਡ ਵਾਂਗ ਲੜ ਗਈ, "ਸਰ ਜੀ, ਕੀ ਕਿਸੇ ਸਾਲ, ਕਿਸੇ ਸਰਕਾਰ ਵਲੋਂ ਸ਼੍ਰੋਮਣੀ ਪੁਰਸਕਾਰਾਂ ਦੀ ਅਜਿਹੀ ਲਿਸਟ ਵੀ ਜਾਰੀ ਕੀਤੀ ਜਾ ਸਕਦੀ ਹੈ, ਜਿਸ ਵਿਚ ਸਾਡੇ ਅਦਾਰੇ ਦਾ ਇਕ ਵੀ ਨਾਂ ਨਾ ਹੋਵੇ?"

ਵਿਅੰਗ ਨਾਲ ਜਿਵੇਂ ਮੇਰੇ ਮੂੰਹ ਦੇ ਤਸਮੇ ਟੁੱਟ ਗਏ ਹੋਣ। ਨਿਰਸੰਦੇਹ ਮੇਰੇ ਲਈ ਅੰਦਰਖਾਤੇ ਲਏ ਫੈਸਲੇ ਨੂੰ ਉਜਾਗਰ ਕਰਨ ਦਾ ਵੇਲਾ ਆ ਗਿਆ ਸੀ। ਪੁਰਸਕਾਰ ਚੋਣ ਦੇ ਅੱਖੀਂ ਡਿੱਠੇ ਤਮਾਸ਼ੇ ਦੇ ਬਿਰਤਾਂਤ ਨੂੰ ਮੇਰੇ ਆਉਣ ਵਾਲੇ ਐਤਵਾਰੀ ਸੰਪਾਦਕੀ (ਸਤਰਾਂ ਤੇ ਸੈਨਤਾਂ) ਲਈ ਰਾਖਵਾਂ ਰੱਖ ਕੇ ਮੈਂ ਆਪਣਾ ਪੁਰਸਕਾਰ ਵਾਪਸ ਕਰਨ ਦੀ ਖਬਰ ਜਾਰੀ ਕਰ ਦਿੱਤੀ।

ਅਗਲੇ ਦਿਨ ਪੁਰਸਕਾਰ ਮਿਲਣ ਵਾਲਿਆਂ ਦੀ ਲਿਸਟ ਦੇ ਨਾਲ ਮੇਰੇ ਵਲੋਂ 'ਸ਼੍ਰੋਮਣੀ ਪੱਤਰਕਾਰ 2007' ਦਾ ਪੁਰਸਕਾਰ ਠੁਕਰਾਉਣ ਦੀ ਖਬਰ ਵੀ ਅਖਬਾਰਾਂ ਨੇ ਪ੍ਰਮੁੱਖਤਾ ਨਾਲ ਛਾਪੀ ਹੋਈ ਸੀ; ਪਰ ਇਨ੍ਹਾਂ ਦੇ ਨਾਲ ਹੀ ਇਸੇ ਮਾਮਲੇ ਨਾਲ ਸਬੰਧਤ ਇਕ ਤੀਸਰੀ ਖਬਰ ਵੀ ਸੀ। ਜਿਸ ਅਨੁਸਾਰ ਪੰਜਾਬ ਹਰਿਆਣਾ ਹਾਈਕੋਰਟ ਨੇ ਸ਼ੌਮਣੀ ਪੁਰਸਕਾਰਾਂ ਦੇ ਕਥਿਤ ਘਪਲੇ ਵਿਰੁੱਧ ਇੱਕ ਜਨਹਿਤ ਪਟੀਸ਼ਨ 'ਤੇ ਅਮਲ ਕਰਦਿਆਂ ਸਰਕਾਰ ਦੇ 'ਸ਼੍ਰੋਮਣੀ ਪੁਰਸਕਾਰਾਂ' ਦਾ ਸਮੁੱਚਾ ਮਾਮਲਾ ਤਲਬ ਕਰ ਲਿਆ ਸੀ।

---

ਹਾਈਕੋਰਟ ਦੇ ਜਸਟਿਸ ਕੇਹਰ ਸਿੰਘ ਦੀ ਅਗਵਾਈ ਵਾਲੇ ਬੈਂਚ ਨੇ ਸਰਕਾਰ ਦੀ ਖਿੱਚਾਈ ਕਰਦਿਆਂ ਸ਼੍ਰੋਮਣੀ ਪੁਰਸਕਾਰਾਂ ਦੀ ਧਾਂਦਲੀ ਰੋਕਣ ਲਈ ਕਿਹਾ। ਅਦਾਲਤ ਨੇ ਪੁਰਸਕਾਰਾਂ ਦੀ ਚੋਣ ਵਿਚ ਪਾਰਦਰਸ਼ਤਾ ਲਿਆਉਣ ਲਈ ਸਰਕਾਰ ਨੂੰ ਸਪੱਸ਼ਟ ਨਿਯਮਾਂਵਲੀ ਬਣਾ ਕੇ ਕੋਰਟ ਵਿਚ ਪੇਸ਼ ਕਰਨ ਦੀ ਹਦਾਇਤ ਕੀਤੀ ਗਈ।

ਪਰ ਅਦਾਲਤ ਦੇ ਇਨ੍ਹਾਂ ਦਿਸ਼ਾ-ਨਿਰਦੇਸ਼ਾਂ ਦੇ ਬਾਵਜੂਦ ਤੇ ਏਨੇ ਵਰ੍ਹੇ ਗੁਜ਼ਰ ਜਾਣ ਪਿਛੋਂ ਵੀ, ਥੋੜ੍ਹੇ ਬਹੁਤੇ ਫਰਕ ਨਾਲ, ਪਰਨਾਲਾ ਉਥੇ ਦਾ ਉਥੇ ਹੀ ਚਲਦਾ ਆ ਰਿਹਾ ਹੈ, ਕਿਉਂਕਿ ਲੇਖਕ/ਪੱਤਰਕਾਰ ਭਾਈਚਾਰੇ ਦਾ ਕੁਝ ਹਿੱਸਾ ਇਨ੍ਹਾਂ ਪੁਰਸਕਾਰਾਂ ਦੀ ਚਾਟ 'ਤੇ ਇਸ ਕਦਰ ਲੱਗਿਆ ਹੋਇਆ ਹੈ ਕਿ ਉਨ੍ਹਾਂ ਨੂੰ ਇਸ ਵਿਚ ਕੁਝ ਵੀ ਮਾੜਾ/ਗਲਤ ਨਜ਼ਰ ਨਹੀਂ ਆ ਰਿਹਾ। ਇਸੇ ਲਈ ਉਨ੍ਹਾਂ ਵਿਚੋਂ ਬਹੁਤਿਆਂ ਲਈ ਇਹ ਯਕੀਨ ਕਰਨਾ ਹਾਲੀ ਵੀ ਔਖਾ ਹੈ ਕਿ ਕੀ ਮੈਂ ਸੱਚੀਂ-ਮੁੱਚੀ ਢਾਈ ਲੱਖ ਦਾ ਚੈੱਕ (ਨਾ ਕੇਵਲ ਟਰਾਫੀ ਤੇ ਲੋਈ) ਸਰਕਾਰ ਨੂੰ ਵਾਪਸ ਕਰ ਦਿੱਤੀ ਸੀ! ਇਸੇ ਲਈ ਹਰਭਜਨ ਹੁੰਦਲ ਦੀ ਸੰਪਾਦਕੀ ਹੇਠ ਨਿਕਲਦੇ 'ਚਿਰਾਗ' ਨਾਂ ਦੇ ਰਸਾਲੇ ਨੂੰ ਤਾਂ ਇਥੋਂ ਤਕ ਲਿਖਣਾ ਪਿਆ ਸੀ ਕਿ 'ਇਹ ਵੀ ਪਤਾ ਚਲਿਆ ਹੈ ਕਿ ਪੰਜਾਬੀ ਟ੍ਰਿਬਿਊਨ ਦੇ ਐਡੀਟਰ ਨੇ ਪਹਿਲਾਂ ਤਾਂ ਇਨਾਮ ਲੈਣ ਤੋਂ ਨਾਂਹ ਕਰ ਦਿਤੀ ਸੀ, ਪਰ ਬਾਅਦ ਵਿਚ ਘਰ ਭੇਜੇ ਜਾਣ 'ਤੇ ਉਸ ਨੇ ਇਹ ਇਨਾਮ ਸਵੀਕਾਰ ਵੀ ਕਰ ਲਿਆ।'

(ਆਖਰ ਮੈਨੂੰ 'ਚਿਰਾਗ' 'ਤੇ ਫਰੀਦਕੋਟ ਦੀ ਕਚਹਿਰੀ ਵਿਚ ਮਾਣਹਾਨੀ ਦਾ ਦਾਅਵਾ ਕਰਨਾ ਪਿਆ, ਪਰ ਕੁਝ ਪੇਸ਼ੀਆਂ ਪਿਛੋਂ ਸਾਂਝੇ ਮਿੱਤਰਾਂ ਦੇ ਕਹਿਣ 'ਤੇ ਇਹ ਵਾਪਸ ਲੈ ਲਿਆ ਗਿਆ।)

---

***(ਲੇਖਕ ਦੀ ਨਵੀਂ ਛਪੀ ਚਰਚਿਤ ਕਿਤਾਬ 'ਖਬਰ ਖਤਮ' ਵਿਚੋਂ)***

# ਕਰਨਲ ਬਲਬੀਰ ਸਿੰਘ ਦੀ ਸਵੈ-ਜੀਵਨੀ

*(ਪਿਛਲੇ ਸਫੇ ਦੀ ਬਾਕੀ)*

ਆ ਰਿਹੈ। ਸਰਫਰਾਜ਼ ਸਿੰਘ ਦਾ ਸ਼ੌਕ ਤੈਨ ਸਿੰਘ ਤੇ ਹਿਲੈਰੀ ਵਾਂਗ ਪਰਬਤੀ ਚੋਟੀਆਂ ਫਤਿਹ ਕਰਨ ਦਾ ਹੈ। 11 ਸਤੰਬਰ 2004 ਨੂੰ ਉਸ ਨੇ 7112 ਮੀਟਰ ਉੱਚੀਆਂ ਮਾਊਂਟ ਨੱਨ ਤੇ ਮਾਊਂਟ ਹਾਰਮੁਖ ਚੋਟੀਆਂ ਫਤਿਹ ਕੀਤੀਆਂ। 2006 ਵਿਚ ਉਹ ਅਫਰੀਕਾ ਦੀ ਸਭ ਤੋਂ ਉੱਚੀ ਚੋਟੀ ਕਿਲਮਨਜਾਰੋ ਉਪਰ ਚੜ੍ਹਿਆ। 15 ਅਗਸਤ 2006 ਨੂੰ ਯੂਰਪ ਦੀ ਸਭ ਤੋਂ ਉੱਚੀ ਚੋਟੀ ਮਾਊਂਟ ਐਲਬਰੱਸ-ਰੂਸ 'ਤੇ ਹਾਕੀ ਅਤੇ ਭਾਰਤੀ ਝੰਡਾ ਲੈ ਕੇ ਚੜ੍ਹਿਆ। ਫੌਜੀ ਸਰਵਿਸ ਤੇ ਹਾਕੀ ਦੀ ਖੇਡ ਕੁਲਾਰ ਪਰਿਵਾਰ ਦੇ ਜੀਨਜ਼ ਵਿਚ ਹੀ ਹੈ। ਬਲਬੀਰ ਸਿੰਘ ਨੂੰ ਹਾਕੀ ਦੀ ਖੇਡ ਕਰਕੇ ਅਰਜਨਾ ਅਵਾਰਡ ਨਾਲ ਸਨਮਾਨਿਆ ਗਿਆ ਅਤੇ ਭਾਰਤੀ ਫੌਜ ਨੇ ਵਸ਼ਿਸ਼ਠ ਸੇਵਾ ਮੈਡਲ ਨਾਲ ਸਨਮਾਨ ਕੀਤਾ। ਅਜਿਹੇ ਮਾਣ-ਸਨਮਾਨ ਮਿਹਨਤ ਮੁਸ਼ੱਕਤ ਤੇ ਪ੍ਰਤਿਭਾ ਨਾਲ ਹੀ ਮਿਲਦੇ ਹਨ, ਧਨ ਦੌਲਤ ਨਾਲ ਨਹੀਂ ਖਰੀਦੇ ਜਾ ਸਕਦੇ।

ਬਲਬੀਰ ਸਿੰਘ ਨੂੰ ਆਪਣੀ ਸਵੈ-ਜੀਵਨੀ ਲਿਖਣ ਦਾ ਖਿਆਲ ਲੰਡਨ ਦੀਆਂ ਓਲੰਪਿਕ ਖੇਡਾਂ-2012 ਸਮੇਂ ਆਇਆ ਸੀ। ਤਦ ਤਕ ਉਸ ਨੇ ਬਤੌਰ ਖਿਡਾਰੀ, ਕੋਚ, ਮੈਨੇਜਰ ਤੇ ਸਿਲੈਕਟਰ ਅਤੇ ਫੌਜ ਵਿਚ ਕਰਨਲ ਬਣਨ ਤਕ ਦੇ ਦੌਰ ਹੰਢਾ ਲਏ ਸਨ। ਜੀਵਨ ਦੇ ਕੌੜੇ ਮਿੱਠੇ ਤਜ਼ਰਬੇ ਹੋ ਚੁਕੇ ਸਨ। ਫੌਜੀ ਸਰਵਿਸ ਤੋਂ ਰਿਟਾਇਰ ਹੋਣ ਕਰਕੇ ਕੋਈ ਬੱਝਵਾਂ ਜ਼ਾਬਤਾ ਵੀ ਨਹੀਂ ਸੀ। ਉਹਦੀ ਸਵੈ-ਜੀਵਨੀ ਦੀ ਪਹਿਲੀ ਕੌਫੀ ਟੇਬਲ ਐਡੀਸ਼ਨ 2013 ਵਿਚ ਛਪੀ। ਇਸ ਦਾ ਮੁੱਖ-ਬੰਦ ਉਸ ਵੇਲੇ ਦੇ ਫੌਜ ਮੁਖੀ ਜਨਰਲ ਵੀ. ਕੇ. ਸਿੰਘ ਨੇ ਲਿਖਿਆ, ਜਿਸ ਨਾਲ ਬਲਬੀਰ ਸਿੰਘ ਦੇਹਰਾਦੂਨ ਮਿਲਟਰੀ ਅਕੈਡਮੀ ਵਿਚ ਸਹਿ-ਕੈਡਿਟ ਰਿਹਾ ਸੀ। ਉਥੇ ਉਹ 'ਕੱਠੇ ਹਾਕੀ ਵੀ ਖੇਡਦੇ ਰਹੇ ਸਨ। ਸੰਦੇਸ਼ ਡਾ. ਨਰਿੰਦਰ ਬੱਤਰਾ ਨੇ ਲਿਖਿਆ, ਜੋ ਉਸ ਵੇਲੇ ਹਾਕੀ ਇੰਡੀਆ ਦਾ ਜਨਰਲ ਸੈਕਟਰੀ ਸੀ ਅਤੇ ਅੱਜ ਕੱਲ੍ਹ ਇੰਟਰਨੈਸ਼ਨਲ ਹਾਕੀ ਫੈਡਰੇਸ਼ਨ ਦਾ ਮੁਖੀ ਹੈ।

ਆਈਕੌਨਿਕ ਓਲੰਪੀਅਨ ਬਲਬੀਰ ਸਿੰਘ ਸੀਨੀਅਰ ਨੇ 'ਮੇਰਾ ਸਿਰਨਾਵੀਆਂ' ਸਿਰਲੇਖ ਹੇਠ ਲਿਖਿਆ: ਮੈਂ ਬਲਬੀਰ ਸਿੰਘ ਨੂੰ ਪਹਿਲੀ ਵਾਰ ਪੰਜਾਬ ਸਪੋਰਟਸ ਕਾਲਜ ਜਲੰਧਰ ਵਿਚ ਹਾਕੀ ਦੇ ਉਭਰਦੇ ਖਿਡਾਰੀ ਵਜੋਂ ਵੇਖਿਆ ਸੀ। ਉਸ ਨੇ ਦੱਸਿਆ ਸੀ ਕਿ ਉਹ ਮੇਰੇ ਦੋਸਤ ਊਧਮ ਸਿੰਘ ਦੇ ਪਿੰਡ ਸੰਸਾਰਪੁਰ ਦਾ ਹੈ। ਉਦੋਂ ਹੀ ਓਹ ਊਧਮ ਸਿੰਘ ਬਣਨ ਦੇ ਸੁਪਨੇ ਲੈਣ ਲੱਗ ਪਿਆ ਸੀ। ਸਰਗਰਮ ਖੇਡ ਤੋਂ ਰਿਟਾਇਰ ਹੋਣ ਪਿੱਛੋਂ ਉਸ ਨੇ ਐਨ. ਐੱਸ. ਆਈ. ਪਟਿਆਲੇ ਤੋਂ ਹਾਕੀ ਕੋਚਿੰਗ ਦਾ ਕੋਰਸ ਕੀਤਾ ਤੇ ਬਤੌਰ ਕੋਚ ਹਾਕੀ ਨਾਲ ਜੁੜਿਆ ਰਿਹਾ। ਕੁਝ ਸਾਲ ਉਸ ਨੇ ਮੇਰੇ ਨਾਲ ਵੀ ਸਹਿ-ਕੋਚ ਦਾ ਸਹਿਯੋਗ ਦਿੱਤਾ ਅਤੇ ਟੀਮਾਂ ਦੀ ਚੋਣ ਵਿਚ ਵੀ ਸਹਾਈ ਹੋਇਆ। ਜਿਥੇ ਉਸ ਨੂੰ ਹਾਕੀ ਨਾਲ ਪਿਆਰ ਹੈ, ਉਥੇ ਆਪਣੇ ਪਿੰਡ ਦੀ ਹਾਕੀ ਪਨੀਰੀ ਨਾਲ ਵੀ ਮੋਹ ਹੈ।

ਭਾਰਤੀ ਹਾਕੀ ਟੀਮਾਂ ਦੇ ਕਈ ਵਾਰ ਕਪਤਾਨ ਰਹੇ ਅਜੀਤਪਾਲ ਸਿੰਘ ਨੇ ਲਿਖਿਆ ਕਿ ਮੈਂ ਤੇ ਬਲਬੀਰ ਇਕੋ ਬੀਹੀ ਵਿਚ ਜੰਮੇ ਪਲੇ ਤੇ ਇਕੋ ਮੈਦਾਨ ਵਿਚ ਖੇਡਦੇ ਵੱਡੇ ਹੋਏ। ਬਚਪਨ ਦੇ ਉਹ ਬੜੇ ਪਿਆਰੇ ਦਿਨ ਸਨ। ਅਸੀਂ 'ਕੱਠੇ ਸਕੂਲ ਵਿਚ ਪੜ੍ਹੇ ਤੇ 'ਕੱਠਿਆਂ ਨੇ ਹਾਕੀਆਂ ਚੁੱਕੀਆਂ। ਮੈਕਸੀਕੋ ਦੀਆਂ ਓਲੰਪਿਕ ਖੇਡਾਂ ਵਿਚ ਉਹ 'ਕੱਠੇ ਖੇਡੇ ਤੇ ਇਕੋ ਕਮਰੇ ਵਿਚ ਰਹੇ। ਸੰਸਾਰਪੁਰੀਏ ਜਗਜੀਤ ਕੁਲਾਰ ਨੂੰ ਅਰਜਨਾ ਅਵਾਰਡ 1967 ਵਿਚ ਮਿਲਿਆ, ਬਲਬੀਰ ਕੁਲਾਰ ਨੂੰ 1968 ਵਿਚ ਤੇ ਅਜੀਤਪਾਲ ਕੁਲਾਰ ਨੂੰ 1970 ਵਿਚ। ਬਲਬੀਰ ਨੇ ਆਪਣਾ ਆਖਰੀ ਮੈਚ 7 ਮਾਰਚ 1972 ਨੂੰ ਜਰਮਨੀ ਵਿਰੁੱਧ ਖੇਡਿਆ, ਜਿਥੇ ਗੋਡੇ ਦੀ ਸੱਟ ਕਾਰਨ ਨਿਸਬਤਨ ਛੋਟੀ ਉਮਰ ਵਿਚ ਖੇਡ ਤੋਂ ਰਿਟਾਇਰ ਹੋਣਾ ਪਿਆ। ਅਜੀਤਪਾਲ ਦਾ ਕਹਿਣਾ ਹੈ, ਜੇ ਸੱਟ ਨਾ ਲੱਗਦੀ ਤਾਂ ਉਹ ਵੀ ਉਹਦੇ ਨਾਲ 1972 ਦੀ ਓਲੰਪਿਕ, 1975 ਦਾ ਵਰਲਡ ਕੱਪ ਤੇ 1976 ਦੀ ਓਲੰਪਿਕ ਖੇਡਦਾ।

ਦੋ ਵਾਰ ਓਲੰਪਿਕ ਕੈਪਟਨ ਬਣੇ ਪਰਗਟ ਸਿੰਘ ਨੇ ਲਿਖਿਆ ਕਿ ਬਲਬੀਰ ਸਿੰਘ ਸੰਸਾਰਪੁਰ ਦਾ ਬਹੁਗੁਣਾ ਹਾਕੀ ਖਿਡਾਰੀ ਸੀ, ਜੋ ਵਿਸ਼ਵ ਪੱਧਰ ਦਾ ਹਾਫ ਬੈਕ ਮੰਨਿਆ ਗਿਆ। ਗੋਡੇ ਦੀ ਇੰਜਰੀ ਕਾਰਨ ਬੇਸ਼ੱਕ ਉਹ 23 ਸਾਲ ਦੀ ਉਮਰ ਤਕ ਹੀ ਸਰਗਰਮ ਹਾਕੀ ਖੇਡ ਸਕਿਆ, ਪਰ ਇਸ ਦੌਰਾਨ ਉਸ ਨੇ ਏਸ਼ਿਆਈ ਖੇਡਾਂ ਗੋਲਡ ਮੈਡਲ ਤੇ ਓਲੰਪਿਕ ਖੇਡਾਂ ਦਾ ਬਰਾਂਜ਼ ਮੈਡਲ ਜਿੱਤਿਆ। ਉਸ ਨੂੰ ਹਾਕੀ ਖੇਡਣ ਦਾ ਜਨੂੰਨ ਸੀ, ਜਿਸ ਦਾ ਕਿਸਮਤ ਨੇ ਪੂਰਾ ਸਾਥ ਨਾ ਦਿੱਤਾ। ਮੈਕਸੀਕੋ ਓਲੰਪਿਕਸ ਵਿਚ ਉਸ ਨੇ ਫਾਰਵਰਡ ਖਿਡਾਰੀਆਂ ਤੋਂ ਵੀ ਵੱਧ ਗੋਲ ਕੀਤੇ। ਉਹ ਕੋਚ ਵੀ ਵਧੀਆ ਸੀ ਤੇ ਟੀਮਾਂ ਦਾ ਚੋਣਕਾਰ ਵੀ ਨਿਰਪੱਖ ਸੀ। ਉਸ ਨੇ ਪੰਜਾਬ ਹਾਕੀ ਦੀ ਬਿਹਤਰੀ ਲਈ ਪਰਗਟ ਸਿੰਘ ਨੂੰ ਪੂਰਾ ਸਹਿਯੋਗ ਦਿੱਤਾ। ਜਦੋਂ ਪਰਗਟ ਸਿੰਘ ਖੇਡ ਵਿਭਾਗ ਪੰਜਾਬ ਦਾ ਡਾਇਰੈਕਟਰ ਸੀ ਤਾਂ ਉਹ ਬਲਬੀਰ ਸਿੰਘ ਦੀਆਂ ਸਲਾਹਾਂ ਲੈਂਦਾ ਰਹਿੰਦਾ ਸੀ। ਬਲਬੀਰ ਸਿੰਘ ਦੀ ਸਵੈ-ਜੀਵਨੀ ਨੂੰ ਐਫ. ਆਈ. ਐਚ. ਦੇ ਤਤਕਾਲੀ ਮੁਖੀ ਲੀਐਂਡਰੋ ਨੀਗਰੇ ਨੇ ਵੀ ਸਲਾਹੁੰਦਿਆਂ ਲਿਖਿਆ ਸੀ ਕਿ ਇਹ ਹਾਕੀ ਦੇ ਨਵੇਂ ਖਿਡਾਰੀਆਂ ਨੂੰ ਉਤਸ਼ਾਹਿਤ ਕਰੇਗੀ।

ਬਲਬੀਰ ਜ਼ਿਕਰ ਕਰਦਾ ਹੈ ਕਿ ਮੈਕਸੀਕੋ ਓਲੰਪਿਕ ਖੇਡਣ ਵਾਲੀ ਭਾਰਤੀ ਹਾਕੀ ਟੀਮ ਵਿਚ 18 ਖਿਡਾਰੀਆਂ 'ਚੋਂ ਤਿੰਨ ਬਲਬੀਰਾਂ ਸਮੇਤ 13 ਖਿਡਾਰੀ ਸਿੰਘ ਸਨ। ਮੈਚਾਂ ਦੀ ਕਵਰੇਜ ਕਰ ਰਹੇ ਮੀਡੀਏ ਨੂੰ ਭੁਲੇਖਾ ਲੱਗਦਾ ਰਹਿੰਦਾ ਸੀ ਕਿ ਕਿਹੜੇ ਸਿੰਘ ਦਾ ਕਿਹੜਾ ਨਾਂ ਲਿਖਿਆ ਜਾਵੇ, ਕਿਉਂਕਿ ਜੂੜਿਆਂ 'ਤੇ ਰੁਮਾਲ ਬੰਨ੍ਹੀ ਸਾਰੇ ਇਕੋ ਜਿਹੇ ਹੀ ਲੱਗਦੇ ਸਨ! ਖਿਡਾਰੀਆਂ ਦੇ ਨਾਂ ਪ੍ਰਿਥੀਪਾਲ ਸਿੰਘ, ਗੁਰਬਖਸ਼ ਸਿੰਘ, ਧਰਮ ਸਿੰਘ, ਬਲਬੀਰ ਸਿੰਘ ਫੌਜ, ਅਜੀਤਪਾਲ ਸਿੰਘ, ਹਰਮੀਕ ਸਿੰਘ, ਜਗਜੀਤ ਸਿੰਘ, ਬਲਬੀਰ ਸਿੰਘ ਰੇਲਵੇ, ਬਲਬੀਰ ਸਿੰਘ ਪੁਲਿਸ, ਹਰਬਿੰਦਰ ਸਿੰਘ, ਇੰਦਰ ਸਿੰਘ, ਤਰਸੇਮ ਸਿੰਘ ਤੇ ਗੁਰਬਖਸ਼ ਸਿੰਘ ਸਨ। ਬਲਬੀਰ ਸਿੰਘ ਨੇ ਇਹ ਵੀ ਲਿਖਿਆ ਹੈ ਕਿ ਸੰਸਾਰਪੁਰ ਦੀ ਕੁੱਲ ਆਬਾਦੀ 4200 ਹੈ। ਸੰਸਾਰਪੁਰੀਆਂ 'ਚੋਂ 14 ਓਲੰਪੀਅਨ, 15 ਇੰਟਰਨੈਸ਼ਨਲ, 90 ਨੈਸ਼ਨਲ, 49 ਯੂਨੀਵਰਸਿਟੀ ਲੈਵਲ, 112 ਕਾਲਜ ਲੈਵਲ, 97 ਫੌਜੀ ਟੀਮਾਂ ਅਤੇ 90 ਖਿਡਾਰੀ ਕਲੱਬ ਟੀਮਾਂ ਵਿਚ ਖੇਡ ਚੁਕੇ ਹਨ। ਸੰਸਾਰਪੁਰ ਨੂੰ ਹਾਕੀ ਦਾ ਘਰ ਨਾ ਕਿਹਾ ਜਾਵੇ ਤਾਂ ਕੀ ਕਿਹਾ ਜਾਵੇ?

###

# ਬੈਚ ਫੁੱਲ ਵਰਵੇਨ: ਬੇਲੋੜਾ ਜੋਸ਼

ਵਰਵੇਨ (Vervain) ਅਣਥੱਕ ਤੇ ਉਤਸ਼ਾਹੀ ਵਿਅਕਤੀਆਂ ਦੀ ਦਵਾਈ ਹੈ। ਇਹ ਲੋਕ ਉਹ ਭਲੇ ਇਨਸਾਨ ਹੁੰਦੇ ਹਨ, ਜਿਨ੍ਹਾਂ ਦੇ ਸਿਰ 'ਤੇ ਸੱਚੀ ਮੁੱਚੀ ਸਮਾਜ ਚਲਦਾ ਹੈ। ਸਮਾਜ ਦੇ ਅਰਥ ਹੀ ਸ਼ਾਂਤੀ, ਕਲਿਆਣ ਤੇ ਉੱਨਤੀ ਪਸੰਦ ਭਾਈਚਾਰਿਆਂ ਦਾ ਭਾਈਚਾਰਾ ਹੁੰਦੇ ਹਨ। ਇਸ ਨੂੰ ਚੋਰ, ਡਾਕੂ, ਲੁਟੇਰੇ, ਝੂਠੇ, ਫਰੇਬੀ, ਲਾਲਚੀ, ਆਲਸੀ, ਸਵਾਰਥੀ, ਕੰਮਚੋਰ, ਸੋਸ਼ਕ, ਬੇਇਨਸਾਫੇ ਤੇ ਅਨੈਤਿਕ ਵਿਅਕਤੀ ਨਹੀਂ ਚਲਾ ਸਕਦੇ। ਇਨ੍ਹਾਂ ਗੈਰ-ਸਮਾਜੀ ਅਨਸਰਾਂ ਦੀਆਂ ਭ੍ਰਿਸ਼ਟ ਗਤੀਵਿਧੀਆਂ ਨਾਲ ਤਾਂ ਸਗੋਂ ਇਹ ਗਰਕ ਜਾਵੇਗਾ। ਜਿਨ੍ਹਾਂ ਲੋਕਾਂ ਵਿਚ ਸਵਾਰਥ ਨੂੰ ਤਿਆਗਣ ਤੇ ਲੋਕ ਸੇਵਾ ਦਾ ਜਜ਼ਬਾ ਹੁੰਦਾ ਹੈ, ਉਹੀ ਇਸ ਦੀ ਉਸਾਰੀ ਵਿਚ ਹਿੱਸਾ ਪਾ ਸਕਦੇ ਹਨ। ਇਹ ਲੋਕ ਇਨਸਾਨ ਨੂੰ ਇਨਸਾਨ ਸਮਝਦੇ ਹਨ ਤੇ ਇਨ੍ਹਾਂ ਕੋਲ ਮਨੁੱਖਤਾ ਦੀ ਪ੍ਰਗਤੀ ਦੀ ਯੋਜਨਾ ਹੁੰਦੀ ਹੈ। ਇਹ ਆਪਣੇ ਅਣਥੱਕ ਤੇ ਨਿਸ਼ਕਾਮ ਕਰਮਾਂ ਰਾਹੀਂ ਆਪਣੇ ਵਿਚਾਰਾਂ ਨੂੰ ਯਥਾਰਥ ਵਿਚ ਬਦਲਣ ਲਈ ਯਤਨਸ਼ੀਲ ਹੁੰਦੇ ਹਨ। ਇਹ ਮਿਸ਼ਨਰੀ ਹੁੰਦੇ ਹਨ, ਇਨ੍ਹਾਂ ਕੋਲ ਤਰਕ ਹੁੰਦਾ ਹੈ, ਵਿਵੇਕ ਹੁੰਦਾ

**ਡਾ. ਗੋਬਿੰਦਰ ਸਿੰਘ ਸਮਰਾਓ**
ਫੋਨ: 408-634-2310

ਹੈ ਤੇ ਆਤਮ ਬਲ ਹੁੰਦਾ ਹੈ। ਇਹ ਤਿਆਗ-ਮੂਰਤੀ ਪ੍ਰਚਾਰ ਰਾਹੀਂ ਦੂਜਿਆਂ ਨੂੰ ਨਾਲ ਲਾਉਂਦੇ ਹਨ, ਹੱਕ ਸੱਚ ਲਈ ਲੜਦੇ ਹਨ ਤੇ ਕਿਸੇ ਦੇ ਰੋਕੇ ਰੁਕਦੇ ਨਹੀਂ। ਸਮਾਜ ਦੇ ਸਾਰੇ ਲੋਕ ਅਜਿਹੇ ਨਹੀਂ ਹੁੰਦੇ, ਪਰ ਇਹ ਵੀ ਨਹੀਂ ਕਿ ਇਹ ਹੁੰਦੇ ਹੀ ਨਹੀਂ। ਅਜਿਹੇ ਸਿਰੜੀ ਜਿਊੜਿਆਂ ਨੂੰ ਜੇ ਕੋਈ ਤਕਲੀਫ ਆ ਜਾਵੇ ਜਾਂ ਉਨ੍ਹਾਂ ਦਾ ਜੋਸ਼ ਜੇ ਬੇਹੂਦਾ ਹੋ ਜਾਵੇ ਤਾਂ ਉਸ ਦਾ ਨਿਸਤਾਰਾ ਵਰਵੇਨ ਕਰਦੀ ਹੈ।

ਡਾ. ਬੈਚ ਨੇ ਵਰਵੇਨ ਕਿਸਮ ਦੇ ਵਿਅਕਤੀਆਂ ਬਾਰੇ ਵਿਸਥਾਰ ਵਿਚ ਲਿਖਿਆ ਹੈ। ਉਸ ਅਨੁਸਾਰ, "ਇਹ ਉਹ ਵਿਅਕਤੀ ਹੁੰਦੇ ਹਨ, ਜਿਨ੍ਹਾਂ ਦੇ ਪੱਕੇ ਅਸੂਲ ਤੇ ਵਿਚਾਰ ਹੁੰਦੇ ਹਨ, ਜਿਨ੍ਹਾਂ ਬਾਰੇ ਉਨ੍ਹਾਂ ਨੂੰ ਸਹੀ ਹੋਣ ਦਾ ਦ੍ਰਿੜ ਵਿਸ਼ਵਾਸ ਹੁੰਦਾ ਹੈ ਤੇ ਜਿਨ੍ਹਾਂ ਨੂੰ ਉਹ ਕਦੇ ਬਦਲਦੇ ਨਹੀਂ। ਉਨ੍ਹਾਂ ਦੀ ਤੀਬਰ ਇੱਛਾ ਹੁੰਦੀ ਹੈ ਕਿ ਦੁਆਲੇ ਦੇ ਸਭ ਲੋਕਾਂ ਨੂੰ ਆਪਣੇ ਵਿਚਾਰਾਂ ਅਨੁਸਾਰ ਬਦਲ ਦੇਣ। ਉਹ ਪੱਕੇ ਇਰਾਦੇ ਵਾਲੇ ਹੁੰਦੇ ਹਨ ਤੇ ਉਨ੍ਹਾਂ ਚੀਜ਼ਾਂ ਨੂੰ ਦਲੇਰੀ ਨਾਲ ਪ੍ਰਚਾਰਦੇ ਹਨ, ਜਿਨ੍ਹਾਂ ਨੂੰ ਉਹ ਯਕੀਨ ਨਾਲ ਸੱਚਾ ਸਮਝਦੇ ਹਨ। ਬਿਮਾਰੀ ਵੇਲੇ ਉਹ ਦੂਜਿਆਂ ਤੋਂ ਲਮੇਰੇ ਸਮੇਂ ਤੀਕ ਜੂਝਦੇ ਰਹਿੰਦੇ ਹਨ ਤੇ ਠੀਕ ਹੋਣ ਉਪਰੰਤ ਉਹ ਦੂਜਿਆਂ ਨੂੰ ਉਹੀ ਦਵਾਈ ਲੈਣ ਲਈ ਪ੍ਰੇਰਦੇ ਹਨ, ਜਿਸ ਨਾਲ ਉਹ ਆਪ ਠੀਕ ਹੋਏ ਹੁੰਦੇ ਹਨ।" ਜੇ ਇਸ ਕਿਸਮ ਦੇ ਲੋਕ ਕਿਸੇ ਗਲਤੀ ਦਾ ਸ਼ਿਕਾਰ ਹੋ ਜਾਣ ਤਾਂ ਉਨ੍ਹਾਂ ਨੂੰ ਵਰਵੇਨ ਠੀਕ ਕਰਦੀ ਹੈ।

ਡਾ. ਬੈਚ ਦੀ ਪਰਿਭਾਸ਼ਾ ਟਟੋਲਦਿਆਂ ਵਰਵੇਨ ਦੇ ਜੋ ਮੁੱਖ ਪਹਿਲੂ ਸਾਹਮਣੇ ਆਉਂਦੇ ਹਨ, ਉਹ ਇਸ ਤਰ੍ਹਾਂ ਹਨ। ਪਹਿਲਾ, ਵਰਵੇਨ ਦੇ ਵਿਅਕਤਿਤਵ ਦੇ ਲੋਕ ਪੱਕੇ ਅਸੂਲਾਂ ਵਾਲੇ ਹੁੰਦੇ ਹਨ। ਉਹ ਜੋ ਕਹਿੰਦੇ ਹਨ, ਉਹੀ ਕਰਦੇ ਹਨ। ਉਹ ਵਾਅਦੇ ਕਰ ਕੇ ਮੁਕਰਦੇ ਨਹੀਂ ਤੇ ਝੂਠੇ ਲਾਰੇ ਨਹੀਂ ਲਾਉਂਦੇ। ਜੇ ਉਹ ਕਿਸੇ ਦਾ ਕੁਝ ਕਰਨ ਤੋਂ ਅਸਮਰੱਥ ਹੁੰਦੇ ਹਨ ਤਾਂ ਤੁਰੰਤ ਜਵਾਬ ਦੇ ਦਿੰਦੇ ਹਨ। ਉਨ੍ਹਾਂ ਨੂੰ ਆਪਣਾ ਅਸੂਲ ਕਿਸੇ ਵੀ ਹੋਰ ਚੀਜ਼ ਨਾਲੋਂ ਪਿਆਰਾ ਹੁੰਦਾ ਹੈ। ਦੂਜਾ, ਉਨ੍ਹਾਂ ਦੇ ਅਸੂਲ ਪੱਕੇ ਵਿਚਾਰਾਂ 'ਤੇ ਟਿਕੇ ਹੁੰਦੇ ਹਨ। ਇਨ੍ਹਾਂ ਵਿਚਾਰਾਂ ਵਿਚ ਉਨ੍ਹਾਂ ਦਾ ਦ੍ਰਿੜ ਵਿਸ਼ਵਾਸ ਹੁੰਦਾ ਹੈ। ਇਸ ਦਾ ਅਰਥ ਇਹ ਹੋਇਆ ਕਿ ਉਹ ਦੀਨ ਇਮਾਨ ਵਾਲੇ ਜਾਂ ਕਿਸੇ ਪ੍ਰਚੱਲਤ ਵਿਚਾਰਧਾਰਾ ਤੋਂ ਪ੍ਰਭਾਵਿਤ ਜਾਂ ਅਰਪਿਤ ਲੋਕ ਹੁੰਦੇ ਹਨ। ਉਹ ਹਿੰਦੁਤਵ, ਇਸਲਾਮ, ਸਿੱਖੀ, ਆਰ. ਐਸ. ਐਸ., ਕਮਿਊਨਿਜ਼ਮ ਆਦਿ ਕਿਸੇ ਕੱਟੜ ਵਿਚਾਰਧਾਰਾ ਵਾਲੇ ਸੰਗਠਨ ਨਾਲ ਜੁੜੇ ਹੋ ਸਕਦੇ ਹਨ। ਉਹ ਆਪਣੇ ਇਨ੍ਹਾਂ ਵਿਚਾਰਾਂ ਨੂੰ ਬਦਲ ਨਹੀਂ ਸਕਦੇ, ਕਿਉਂਕਿ ਉਹ ਇਨ੍ਹਾਂ ਨਾਲ ਸਹਿਮਤ ਹੁੰਦੇ ਹਨ। ਤੀਜੇ ਉਨ੍ਹਾਂ ਨੂੰ ਆਪਣੇ ਵਿਚਾਰ ਇੰਨੇ ਚੰਗੇ ਪ੍ਰਤੀਤ ਹੁੰਦੇ ਹਨ ਕਿ ਉਹ ਦੁਨੀਆਂ ਦੇ ਹਰ ਬੱਚੇ ਨੂੰ ਇਨ੍ਹਾਂ ਵਲ ਮੋੜਨਾ ਚਾਹੁੰਦੇ ਹਨ। ਉਹ ਸਮਝਦੇ ਹਨ ਕਿ ਜੇ ਸਾਰੇ ਉਨ੍ਹਾਂ ਦੇ ਵਿਚਾਰਾਂ ਨੂੰ ਅਪਨਾ ਲੈਣ ਤਾਂ ਸੰਸਾਰ ਦੀਆਂ ਸਭ ਸਮੱਸਿਆਵਾਂ ਹੱਲ ਹੋ ਜਾਣਗੀਆਂ। ਉਹ ਦੂਜੀਆਂ ਵਿਚਾਰਧਾਰਾਵਾਂ ਵਾਲਿਆਂ ਨੂੰ ਬੇਸਮਝ, ਬੇਅਕਲ ਤੇ ਪਿਛਾਂਹ-ਖਿੱਚੂ ਜਾਣਦੇ ਹਨ ਤੇ ਆਪਣੇ ਆਪ ਨੂੰ ਅਗਾਹਾਂ-ਵਧੂ।

ਚੌਥੇ, ਉਹ ਆਪਣੇ ਵਿਚਾਰਾਂ ਨੂੰ ਸਭ ਤੋਂ ਸਹੀ ਸਮਝਦੇ ਹੋਏ ਦ੍ਰਿੜਤਾ ਨਾਲ ਪ੍ਰਚਾਰਦੇ ਹਨ। ਸਭ ਮਿਸ਼ਨਰੀ, ਸਾਧ ਸੰਤ, ਸਮਾਜ ਸੁਧਾਰਕ, ਲੇਖਕ, ਵਕਤਾ, ਪ੍ਰਵਕਤਾ ਇਸੇ ਗਤੀਵਿਧੀ ਨਾਲ ਜੁੜੇ ਹੋਏ ਹੁੰਦੇ ਹਨ। ਉਹ ਇਕ ਪਾਸੇ, ਭਗਤ ਪੂਰਨ ਸਿੰਘ, ਮਦਰ ਟਰੇਸਾ ਤੇ ਸੰਤ ਸੀਚੇਵਾਲ ਹੋ ਸਕਦੇ ਹਨ ਤੇ ਦੂਜੇ ਪਾਸੇ ਭੁੱਖਿਆਂ ਨੂੰ ਖਾਣਾ ਦੇਣ ਵਾਲੇ, ਝੁੱਗੀ ਝੌਂਪੜੀਆਂ ਦੇ ਬੱਚਿਆਂ ਨੂੰ ਪੜ੍ਹਾਉਣ ਵਾਲੇ ਤੇ ਲਾਵਾਰਸ ਲਾਸ਼ਾਂ ਉਠਾਉਣ ਵਾਲੇ ਲੋਕ-ਸੇਵਕ ਹੋ ਸਕਦੇ ਹਨ। ਉਹ ਮਹਾਤਮਾ ਗਾਂਧੀ, ਕਿਸਾਨ ਮੋਰਚਿਆਂ ਦੇ ਲੀਡਰ ਤੇ ਧਾਰਮਿਕ ਅਸਥਾਨਾਂ ਦੇ ਚਲਾਉਣ ਵਾਲੇ ਵੀ ਹੋ ਸਕਦੇ ਹਨ ਅਤੇ ਤਾਨਾਸ਼ਾਹੀ ਸੰਗਠਨਾਂ ਦੇ




ਸੰਚਾਲਕ, ਕੱਟੜ ਵਿਚਾਰਧਾਰਾਵਾਂ ਦੇ ਪੈਰੋਕਾਰ, ਪੁਰਾਤਨ ਸੰਸਕਾਰਾਂ ਵਿਚ ਬੰਨੇ ਰੂੜ-ਕਰਮੀ ਜਾਂ ਸਿੱਧੇ ਸਾਦੇ ਆਮ ਇਨਸਾਨ ਵੀ ਹੋ ਸਕਦੇ ਹਨ। ਪੰਜਵੇਂ, ਬਿਮਾਰੀ ਦੀ ਅਵਸਥਾ ਵਿਚ ਉਹ ਦੂਜਿਆਂ ਤੋਂ ਜ਼ਿਆਦਾ ਹੌਸਲਾ ਰੱਖਦੇ ਹਨ। ਅਵਲ ਬਿਮਾਰ ਹੁੰਦੇ ਨਹੀਂ, ਪਰ ਜੇ ਹੋ ਜਾਣ ਤਾਂ ਲੰਮੇ ਸਮੇਂ ਤੀਕ ਬਿਮਾਰੀ ਦਾ ਟਾਕਰਾ ਕਰਦੇ ਹਨ। ਛੇਵੇਂ, ਆਪਣੀ ਆਦਤ ਅਨੁਸਾਰ ਉਹ ਜਿਸ ਦਵਾ, ਜਿਸ ਹਸਪਤਾਲ ਜਾਂ ਜਿਸ ਡਾਕਟਰ ਦੇ ਇਲਾਜ ਤੋਂ ਠੀਕ ਹੋਏ ਹੁੰਦੇ ਹਨ, ਉਸ ਦੇ ਕਾਇਲ ਹੋ ਜਾਂਦੇ ਹਨ। ਇਸ ਲਈ ਉਹ ਦੂਜਿਆਂ ਨੂੰ ਵੀ ਉਹੀ ਹਸਪਤਾਲ, ਉਸੇ ਡਾਕਟਰ ਤੇ ਉਸੇ ਦਵਾ ਦੀ ਸਿਫਾਰਸ਼ ਕਰਦੇ ਹਨ।

ਕਹਿਣ ਦਾ ਭਾਵ, ਆਮ ਹਾਲਤ ਵਿਚ ਵਰਵੇਨ ਦੇ ਵਿਅਕਤਿਤਵ ਵਾਲੇ ਲੋਕ ਦ੍ਰਿੜ ਵਿਸ਼ਵਾਸੀ, ਨਿਸਵਾਰਥੀ ਤੇ ਸੇਵਾ ਭਾਵਨਾ ਵਾਲੇ ਹੁੰਦੇ ਹਨ। ਉਹ ਅਣਥੱਕ ਮਿਹਨਤ ਤੇ ਜੋਸ਼ ਨਾਲ ਦੂਜਿਆਂ ਨੂੰ ਪ੍ਰੇਰਣਾ ਦਿੰਦੇ ਹਨ। ਜੇ ਉਨ੍ਹਾਂ ਦੇ ਬਸ ਇਹੀ ਗੁਣ ਹੋਣ ਤਾਂ ਕਿਸੇ ਨੂੰ ਕੋਈ ਇਤਰਾਜ਼ ਨਹੀਂ, ਡਾ. ਬੈਚ ਨੂੰ ਵੀ ਨਹੀਂ। ਇਹ ਸਭ ਗੁਣ ਧਨ-ਪੱਖੀ (Positive) ਹਨ ਤੇ ਮਾਨਵ ਕਲਿਆਣ ਤੋਂ ਪ੍ਰੇਰਿਤ ਭਾਵ ਚੜ੍ਹਦੀ ਕਲਾ ਵਾਲੇ ਹਨ। ਜੇ ਉਹ ਇਨ੍ਹਾਂ ਨੂੰ ਅਪਨਾਉਂਦੇ ਹਨ ਜਾਂ ਦੂਜਿਆਂ ਲੋਕਾਂ ਵਿਚ ਇਨ੍ਹਾਂ ਦਾ ਪ੍ਰਚਾਰ ਕਰਦੇ ਹਨ ਤਾਂ ਇਹ ਸਮਾਜ ਭਲਾਈ ਦੀ ਗੱਲ ਹੈ। ਸਮੱਸਿਆ ਉਦੋਂ ਪੈਦਾ ਹੁੰਦੀ ਹੈ, ਜਦੋਂ ਉਨ੍ਹਾਂ ਦੇ ਉਤਸ਼ਾਹ ਨੂੰ ਚੋਟ ਵੱਜਦੀ ਹੈ। ਆਲਸੀ ਲੋਕ ਉਨ੍ਹਾਂ ਵਾਂਗ ਭੱਜ ਕੇ ਕੰਮ ਨਹੀਂ ਕਰਦੇ, ਸਵਾਰਥੀ ਲੋਕ ਉਨ੍ਹਾਂ ਦੇ ਪ੍ਰੋਗਰਾਮਾਂ ਵਿਚੋਂ ਆਪਣਾ ਸਵਾਰਥ ਪੂਰਾ ਕਰਦੇ ਹਨ ਤੇ ਚੁਸਤ ਲੋਕ ਉਨ੍ਹਾਂ ਦੀ ਪ੍ਰਸਿੱਧੀ ਤੋਂ ਫਾਇਦਾ ਚੁੱਕ ਕੇ ਆਪਣਾ ਅਕਸ ਉਭਾਰਨ ਲਗਦੇ ਹਨ। ਤੰਗ ਨਜ਼ਰੀਏ ਤੇ ਸੌੜੇ ਹਿੱਤਾਂ ਕਾਰਨ ਲੋਕ ਉਨ੍ਹਾਂ ਨਾਲ ਨਹੀਂ ਚਲਦੇ। ਵੱਡੀ ਸਮੱਸਿਆ ਉਦੋਂ ਖੜ੍ਹੀ ਹੁੰਦੀ ਹੈ, ਜਦੋਂ ਵਿਰੋਧੀ ਵਿਚਾਰਧਾਰਾ ਵਾਲੇ ਜਾਂ ਉਲਟ ਰਾਜਸੀ ਹਿੱਤਾਂ ਵਾਲੇ ਲੋਕ ਉਨ੍ਹਾਂ ਦੇ ਨਿਰਸਵਾਰਥ ਮਨਸੂਬਿਆਂ ਵਿਰੁਧ ਮੁਹਿੰਮ ਵਿੱਢ ਦਿੰਦੇ ਹਨ। ਅਜਿਹੇ ਮੌਕਿਆਂ 'ਤੇ ਉਹ ਤਣਾਓ ਵਿਚ ਆ ਜਾਂਦੇ ਹਨ ਤੇ ਵਿਰੋਧਾਤਮਿਕ ਸ਼ਕਤੀਆਂ ਨਾਲ ਨਿਪਟਣ ਲਈ ਹੋਰ ਵਧੇਰੇ ਮਿਹਨਤ ਕਰਦੇ ਹਨ। ਆਪਣੇ ਕੰਮ ਵਿਚ ਰੁਝੇ ਹੋਏ ਉਹ ਸਮੇਂ ਸਿਰ ਖਾਣਾ ਨਹੀਂ ਖਾਂਦੇ, ਲੋੜੀਂਦਾ ਆਰਾਮ ਨਹੀਂ ਕਰਦੇ। ਉਨ੍ਹਾਂ ਦੇ ਦਵਾ ਦਾਰੂ ਤੇ ਪ੍ਰਹੇਜ਼ ਵਿਚ ਵੀ ਢਿੱਲ੍ਹ ਆਉਂਦੀ ਹੈ। ਇਸ ਨਾਲ ਉਨ੍ਹਾਂ ਦੀ ਸਿਹਤ ਵਿਚ ਹੋਰ ਗਿਰਾਵਟ ਆਉਂਦੀ ਹੈ ਤੇ ਉਨ੍ਹਾਂ ਦੀਆਂ ਤਕਲੀਫਾਂ ਵਧ ਜਾਂਦੀਆਂ ਹਨ। ਉਨ੍ਹਾਂ ਨੂੰ ਚਿੰਤਾ, ਰੋਸ, ਤਲਖੀ ਤੇ ਬਲੱਡ ਪ੍ਰੈਸ਼ਰ ਜਿਹੇ ਰੋਗ ਲੱਗ ਜਾਂਦੇ ਹਨ। ਬੇ-ਆਰਾਮ ਹੋ ਕੇ ਉਹ ਉਪਰਾਮ ਹੋ ਜਾਂਦੇ ਹਨ ਤੇ ਮੰਜੇ ਨਾਲ ਲੱਗ ਜਾਂਦੇ ਹਨ।

ਅਜਿਹੀ ਹਾਲਤ ਵਿਚ ਉਨ੍ਹਾਂ ਨੂੰ ਡਾਕਟਰ ਨੂੰ ਦਿਖਾਇਆ ਜਾਂਦਾ ਹੈ ਜਾਂ ਹਸਪਤਾਲ ਭਰਤੀ ਕਰਵਾਇਆ ਜਾਂਦਾ ਹੈ ਤੇ ਕੁਝ ਦਿਨ ਦੇ ਇਲਾਜ ਮਗਰੋਂ ਘਰ ਭੇਜ ਦਿੱਤਾ ਜਾਂਦਾ ਹੈ। ਬਾਹਰ ਆ ਕੇ ਉਹ ਉਸੇ ਮਿਹਨਤ-ਭਰਪੂਰ ਰੱਟ ਵਿਚ ਫਸ ਜਾਂਦੇ ਹਨ ਤੇ ਮੁੜ ਢਿੱਲ੍ਹੇ ਹੋ ਜਾਂਦੇ ਹਨ। ਅਜਿਹੇ ਲੋਕਾਂ ਦੀ ਅਸਲ ਦਵਾਈ ਵਰਵੇਨ ਹੈ, ਜੋ ਉਨ੍ਹਾਂ ਦੀਆਂ ਮੁਸ਼ਕਿਲਾਂ ਆਸਾਨ ਕਰ ਦੇਵੇਗੀ। ਇਹ ਉਨ੍ਹਾਂ ਦੇ ਉਤਸ਼ਾਹ ਨੂੰ ਸਾਵਾ ਕਰ ਕੇ ਉਨ੍ਹਾਂ ਵਿਚ ਸੰਤੋਖ ਦੀ ਭਾਵਨਾ ਪੈਦਾ ਕਰੇਗੀ। ਇਹ ਉਨ੍ਹਾਂ ਦੇ ਵਿਚਾਰਾਂ ਵਿਚ ਲਚਕੀਲਾਪਣ ਲਿਆਵੇਗੀ ਤੇ ਉਨ੍ਹਾਂ ਦੀਆਂ ਕਸੀਆਂ ਨਾੜੀਆਂ ਦਾ ਤਣਾਓ ਘੱਟ ਕਰਕੇ ਉਨ੍ਹਾਂ ਨੂੰ ਸਿਹਤਮੰਦ ਰੱਖੇਗੀ।

ਡਾ. ਕਾਰਨੇਲੀਆ ਰਿਚਰਡਸਨ-ਬੋਕਲਰ ਅਨੁਸਾਰ ਵਰਵੇਨ ਨੀਮ-ਪਾਗਲ ਖਪਤੀਆਂ ਦੀ ਦਵਾਈ ਹੈ, ਜੋ ਆਪਣੇ ਵਿਚਾਰਾਂ ਨੂੰ ਸਰਬੁਤਮ ਮੰਨ ਕੇ ਦੂਜਿਆਂ 'ਤੇ ਲਾਗੂ ਕਰਨ ਲਈ ਚੜ੍ਹ ਜਾਂਦੇ ਹਨ। ਉਨ੍ਹਾਂ ਦੀ ਤਾਕਤ ਤੇ ਅਣਥਕਤਾ ਉਨ੍ਹਾਂ ਦੇ ਜਨੂੰਨ ਵਿਚੋਂ ਆਉਂਦੀ ਹੈ। ਉਨ੍ਹਾਂ ਦਾ ਮਾਨਸਿਕ ਤਵਾਜ਼ਨ ਵਿਗੜੇ ਹੋਣ ਕਾਰਨ ਉਨ੍ਹਾਂ ਦੇ ਸੁਭਾਅ ਵਿਚ ਉਲਾਰ ਆਇਆ ਹੁੰਦਾ ਹੈ। ਇਹ ਠੀਕ ਹੈ ਕਿ ਉਨ੍ਹਾਂ ਦੀ ਨੀਅਤ ਵਿਚ ਨਿਜ-ਸਵਾਰਥ ਨਹੀਂ ਹੁੰਦਾ, ਪਰ ਇਹ ਵੀ ਸੱਚ ਹੈ ਕਿ ਉਹ ਹਮੇਸ਼ਾ ਵਿਅਕਤੀਗਤ ਉਤਸ਼ਾਹ ਤੇ ਉਛਲਦੇ ਹਨ। ਇਹ ਵਿਅਕਤੀ ਨਾ ਲੋਕ-ਪੱਖੀ ਹੁੰਦੇ ਹਨ ਨਾ ਲੋਕਤੰਤਰੀ। ਇਹ ਧੁਰੀਓਂ ਹਿੱਲੀ ਮਾਨਸਿਕਤਾ ਵਾਲੇ ਲੋਕ ਹੁੰਦੇ ਹਨ, ਜਿਨ੍ਹਾਂ ਦਾ ਇਲਾਜ ਹੋਣ ਵਾਲਾ ਹੁੰਦਾ ਹੈ। ਆਪਣੀ ਮਾਨਸਿਕ ਸਿਹਤ ਦੀ ਬੁਰੀ ਹਾਲਤ ਵਿਚ ਇਹ ਦੰਗੇ ਕਰਾਉਣ ਵਾਲੇ, ਫਿਰਕੂ ਫਸਾਦ ਖੜ੍ਹੇ ਕਰਨ ਵਾਲੇ, ਤੇ ਤਰ੍ਹਾਂ ਤਰ੍ਹਾਂ ਦੇ ਜਨੂੰਨੀ ਦਲ, ਸਕੂਐਡ ਤੇ ਟਾਸਕ ਫੋਰਸਾਂ ਦੇ ਨੇਤਾ ਹੁੰਦੇ ਹਨ। ਇਹ ਬਿਮਾਰ ਨਾ ਹੋਇਆਂ ਵੀ ਬਿਮਾਰਾਂ ਵਰਗੇ ਹੀ ਹੁੰਦੇ ਹਨ। ਇਨ੍ਹਾਂ ਦੀ ਮੁੱਖ ਦਵਾਈ ਵਰਵੇਨ ਹੈ।

ਡਾ. ਕਾਰਨੇਲੀਆ ਕਹਿੰਦੇ ਹਨ ਕਿ ਵਰਵੇਨ ਦੇ ਮਰੀਜ਼ ਬੜੇ ਉਤਸ਼ਾਹੀ ਤੇ ਵਲਵਲਾ ਪ੍ਰਧਾਨ ਹੁੰਦੇ ਹਨ। ਕੁਝ ਨਾ ਕੁਝ ਕਰਨ ਦੀ ਉਮੰਗ ਤਾਂ ਉਨ੍ਹਾਂ ਵਿਚ ਹੁੰਦੀ ਹੀ ਹੈ, ਪਰ ਕਈ ਵਾਰ ਉਹ ਛੋਟੇ ਤੋਂ ਛੋਟੇ ਉਦਗਾਰ ਨਾਲ ਵੀ ਭੜਕ ਉਠਦੇ ਹਨ। ਛੋਟੀ ਜਿਹੀ ਬੇਇਨਸਾਫੀ ਜਾਂ ਕਿਸੇ ਨਾਲ ਧੱਕੇ ਕਾਰਨ ਉਹ ਤੈਸ਼ ਵਿਚ ਆ ਜਾਂਦੇ ਹਨ ਤੇ ਫਿਰ ਅੱਗਾ-ਪਿੱਛਾ ਨਹੀਂ ਦੇਖਦੇ। ਇਹ ਵਿਸ਼ਵਾਸ ਤਾਂ ਉਨ੍ਹਾਂ ਦੇ ਅੰਦਰ ਘਰ ਕਰ ਗਿਆ ਹੁੰਦਾ ਹੈ ਕਿ ਉਹ ਸਭ ਤੋਂ ਇਨਸਾਫ ਪਸੰਦ ਤੇ ਸਿਆਣੇ ਹਨ, ਬਸ ਇਸੇ ਵਿਸ਼ਵਾਸ ਦੇ ਸਹਾਰੇ ਉਹ ਸਾਰਾ ਦਿਨ ਦੂਜਿਆਂ ਦੇ ਕੰਮ ਆਉਂਦੇ ਫਿਰੀ ਜਾਂਦੇ ਹਨ। ਜੇ ਕਦੇ ਅਜਿਹੇ ਵਿਅਕਤੀ ਦੇਖੋ ਤਾਂ ਉਨ੍ਹਾਂ ਨੂੰ ਵਰਵੇਨ ਦੇ ਕੇ ਉਨ੍ਹਾਂ ਦਾ ਭਲਾ ਕਰੋ।

ਮੇਰਾ ਇਕ ਅਧਿਆਪਕ ਆਪਣੇ ਧਰਮ ਤੇ ਅਸੂਲਾਂ ਦਾ ਬੜਾ ਪੱਕਾ ਸੀ। ਉਹ ਆਪਣੇ ਵਿਅਕਤੀਗਤ ਕਿਰਦਾਰ ਤੇ ਉਦਾਰਤਾ ਦੀ ਮਿਸਾਲ ਪੇਸ਼ ਕਰ ਕੇ ਲੋਕਾਂ ਨੂੰ ਆਪਣੀ ਵਿਚਾਰਧਾਰਾ ਵੱਲ ਪ੍ਰੇਰਦਾ ਸੀ। ਦੂਜੇ ਮੱਤਾਂ ਦੇ ਲੋਕਾਂ ਅੱਗੇ ਉਹ ਸਾਰੇ ਹੀ ਫਿਰਕਿਆਂ ਦਾ ਸਤਿਕਾਰ ਕਰਦਾ ਸੀ। ਉਸ ਦੇ ਸਾਹਮਣੇ ਉਸ ਦਾ ਕੋਈ ਵਿਰੋਧ ਨਹੀਂ ਸੀ ਕਰਦਾ, ਪਰ ਪਿੱਠ ਪਿੱਛੇ ਲੋਕ ਉਸ ਨੂੰ ਸੰਪਰਦਾਈ ਕਹਿੰਦੇ ਸਨ। ਇਕ ਵਾਰ ਯੂਨੀਵਰਸਿਟੀ ਵਲੋਂ ਉਹ ਕਿਸੇ ਕਾਲਜ ਵਿਚ ਇਸਪੈਕਸ਼ਨ ਕਰਨ ਗਿਆ ਤਾਂ ਉੱਥੋਂ ਦੇ ਇਕ ਹੋਰ ਮੱਤ ਦੇ ਪ੍ਰੋਫੈਸਰ ਨੇ ਉਸ ਨੂੰ ਧਾਰਮਿਕ ਜਨੂੰਨੀ ਤੇ ਫਿਰਕਾਪ੍ਰਸਤ ਕਹਿ ਦਿੱਤਾ। ਮੇਰੇ ਅਧਿਆਪਕ ਨੇ ਉਸ ਨੂੰ ਕੋਈ ਜਵਾਬ ਨਾ ਦਿੱਤਾ। ਅਗਲੇ ਸਾਲ ਉਸ ਕਾਲਜ ਦੀ ਪ੍ਰਬੰਧਕ ਕਮੇਟੀ ਨੇ ਕਿਸੇ ਕਾਰਨ ਉਸ ਫਿਰਕਾਪ੍ਰਸਤ ਕਹਿਣ ਵਾਲੇ ਅਧਿਆਪਕ ਨੂੰ ਨੌਕਰੀ ਵਿਚੋਂ ਕੱਢ ਦਿੱਤਾ। ਜਦੋਂ ਮੇਰੇ ਅਧਿਆਪਕ ਨੂੰ ਇਸ ਗੱਲ ਦਾ ਪਤਾ ਲੱਗਿਆ, ਉਸ ਨੇ ਉਸ ਕੱਢੇ ਅਧਿਆਪਕ ਨੂੰ ਨਾ ਸਿਰਫ ਹੌਸਲਾ ਰਖਣ ਲਈ ਖੱਤ ਲਿਖ ਕੇ ਯੂਨੀਵਰਸਿਟੀ ਵਿਚ ਅਪੀਲ ਕਰਨ ਲਈ ਪ੍ਰੇਰਿਆ, ਸਗੋਂ ਉੱਥੇ ਉਸ ਦਾ ਕੇਸ ਲੜਨ ਦੀ ਪੇਸ਼ਕਸ਼ ਵੀ ਕੀਤੀ। ਉਹ ਉਸ ਦਾ ਪ੍ਰਤੀਨਿਧੀ ਬਣ ਕੇ ਉਸ ਨਾਲ ਕਈ ਵਾਰ ਯੂਨੀਵਰਸਿਟੀ ਗਿਆ ਤੇ ਹਰ ਵਾਰ ਆਪਣਾ ਚਾਰ ਸੌ ਕਿਲੋਮੀਟਰ ਦਾ ਕਿਰਾਇਆ ਵੀ ਆਪ ਖਰਚਦਾ ਰਿਹਾ। ਅੰਤ ਆਪਣੀਆਂ ਲਾਜਵਾਬ ਦਲੀਲਾਂ ਨਾਲ ਉਹ ਉਸ ਨੂੰ ਜਿਤਾ ਕੇ ਆਇਆ। ਬਹਾਲ ਹੋਇਆ ਉਹ ਪ੍ਰੋਫੈਸਰ ਮਗਰੋਂ ਉਸ ਦਾ ਪ੍ਰਸ਼ੰਸਕ ਬਣ ਗਿਆ। ਇਹੀ ਨਹੀਂ, ਇਕ ਹੋਰ ਯੂਨੀਵਰਸਿਟੀ ਦਾ ਸੈਨੇਟਰ ਹੁੰਦਾ ਹੋਇਆ ਉਹ ਨਿਰਸਵਾਰਥ ਤੇ ਹਮਦਰਦ ਅਧਿਆਪਕ ਸੈਨੇਟ ਮੀਟਿੰਗਾਂ ਵਿਚ ਬੇਆਵਾਜ਼ ਤੇ ਕਮਜ਼ੋਰ ਵਰਗਾਂ ਦੀ ਆਵਾਜ਼ ਬਣਦਾ। ਜਦੋਂ ਉਹ ਸੈਨੇਟ ਹਾਲ ਵਿਚ ਜਾਂਦਾ, ਅਨੇਕਾਂ ਚੌਥਾ ਦਰਜਾ ਕਰਮਚਾਰੀ, ਕਲਰਕ ਤੇ ਵਿਦਿਆਰਥੀ ਗੇਟ 'ਤੇ ਖੜ੍ਹੇ ਆਪਣੀਆਂ ਮੰਗਾਂ ਦੱਸਣ ਲਈ ਉਸ ਦਾ ਇੰਤਜ਼ਾਰ ਕਰਦੇ ਰਹਿੰਦੇ। ਕੁਝ ਸਮੇਂ ਬਾਅਦ ਉਹ ਥੱਕ ਗਿਆ, ਉਸ ਨੂੰ ਸਾਹ ਚੜ੍ਹਨ ਲੱਗ ਪਿਆ ਤੇ ਉਹ ਇਕਾਹਠ ਸਾਲ ਦੀ ਉਮਰ ਵਿਚ ਦਿਲ ਦੇ ਦੌਰੇ ਕਾਰਨ ਮਰ ਗਿਆ। ਅਤੀਤ ਵਲ ਝਾਤ ਮਾਰਦਿਆਂ ਮੈਨੂੰ ਵਿਚਾਰ ਆਉਂਦਾ ਹੈ ਕਿ ਉਹ ਵਰਵੇਨ ਦਾ ਮਰੀਜ਼ ਸੀ ਤੇ ਸਹੀ ਸਮੇਂ ਦਿੱਤਿਆਂ ਇਹ ਫੁੱਲ ਦਵਾ ਉਸ ਦੀ ਉਮਰ ਕਈ ਸਾਲ ਵਧਾ ਸਕਦੀ ਸੀ।

ਫੁੱਲ ਦਵਾ ਵਰਵੇਨ ਦੇਣ ਲਈ ਮਰੀਜ਼ ਨੂੰ ਲੱਭਣ ਜਾਣਾ ਨਹੀਂ ਪੈਂਦਾ। ਇਸ ਦੇ ਕਈ ਮਰੀਜ਼ ਇਉਂ ਹੀ ਸਾਹਮਣੇ ਆ ਜਾਂਦੇ ਹਨ। ਕੋਈ ਕੱਟੜ ਵਿਚਾਰਧਾਰਾ ਵਾਲਾ ਹੋਵੇ, ਕੋਈ ਪੱਕਾ ਪਰੰਪਰਾਵਾਦੀ ਹੋਵੇ, ਕੋਈ ਆਪਣੀ ਦਵਾਈ ਦੂਜਿਆਂ ਨੂੰ ਦੱਸਣ ਵਾਲਾ ਹੋਵੇ, ਕੋਈ ਦਬੇ ਕੁਚਲਿਆਂ ਦੇ ਹੱਕ ਵਿਚ ਨਾਹਰਾ ਮਾਰਦਾ ਹੋਵੇ, ਕੋਈ ਸਮਾਜ ਸੁਧਾਰ ਦੀ ਗੱਲ ਕਰਦਾ ਹੋਵੇ, ਕੋਈ ਘਰ ਦੇ ਕੰਮ ਘੱਟ ਤੇ ਲੋਕਾਂ ਦੇ ਕੰਮ ਵਧੇਰੇ ਕਰਦਾ ਹੋਵੇ ਜਾਂ ਕੋਈ ਭਾਵੁਕ ਤੌਰ 'ਤੇ ਉਲਾਰ ਹੋਵੇ, ਇਹ ਸਾਰੇ ਇਸੇ ਦਵਾ ਦੇ ਮਰੀਜ਼ ਹਨ। ਮੇਰਾ ਇਕ ਮਰੀਜ਼ ਬਹੁਤ ਹੀ ਹਲੀਮੀ ਨਾਲ ਕਾਲ ਕਰਦਾ, ਆਉਂਦਿਆਂ ਹੀ ਗੋਡੀਂ ਹੱਥ ਲਾਉਂਦਾ ਤੇ ਵਿਤੋਂ ਬਾਹਰਾ ਚੰਗਾ ਬਣਨ ਦੀ ਕੋਸ਼ਿਸ਼ ਕਰਦਾ। ਉਹ ਆਪਣੇ ਗੋਡਿਆਂ ਦੀ ਪੀੜ ਦੀ ਦਵਾ ਲੈਣ ਆਉਂਦਾ ਤੇ ਦੱਸਦਾ ਕਿ ਉਸ ਦੀ ਸਮਾਜ ਸੇਵਾ ਦੀ ਆਦਤ ਕਰ ਕੇ ਹੋਈ ਹੈ। ਹੌਲੀ ਹੌਲੀ ਉਹ ਆਪਣੀ ਉੱਚ ਮਰਦਾਨਗੀ ਦੀਆਂ ਗੱਲਾਂ ਕਰਦਾ ਤੇ ਉਨ੍ਹਾਂ ਔਰਤਾਂ ਦੀਆਂ ਗੱਲਾਂ 'ਤੇ ਉੱਤਰ ਆਉਂਦਾ ਜਿਨ੍ਹਾਂ ਦੀ ਉਸ ਨੇ ਆਪਣੀ ਪਤਨੀ ਤੋਂ ਚੋਰੀ 'ਸਮਾਜ ਸੇਵਾ' ਕੀਤੀ ਹੁੰਦੀ। ਕਈ ਵਾਰ ਉਹ ਦੱਸਦਾ ਕਿ ਉਹ ਸਭ ਔਰਤਾਂ ਤਕਲੀਫ ਵਿਚ ਹਨ ਤੇ ਕਹਿੰਦਾ ਕਿ ਉਹ ਮੈਨੂੰ ਆਪਣੇ ਸ਼ਹਿਰ ਸੱਦ ਕੇ ਉਨ੍ਹਾਂ ਦੇ ਇਲਾਜ ਲਈ ਵਿਸ਼ੇਸ਼ ਕੈਂਪ ਲਗਵਾਵੇਗਾ। ਮੈਂ ਉਸ ਨੂੰ ਉਸ ਦੇ ਗੋਡਿਆਂ ਦੇ ਦਰਦ ਲਈ ਕਈ ਦਵਾਈਆਂ ਬਦਲ ਬਦਲ ਕੇ ਦਿੱਤੀਆਂ, ਪਰ ਉਸ ਨੂੰ ਆਰਾਮ ਨਾ ਆਇਆ। ਜਦੋਂ ਵੀ ਉਸ ਦੀ ਪਤਨੀ ਨਾਲ ਆਉਂਦੀ, ਇਹ ਉਸ ਦੇ ਇੱਲਤਪੁਣੇ ਦੀ ਸ਼ਿਕਾਇਤ ਕਰਦੀ ਰਹਿੰਦੀ। ਇਸ ਤੋਂ ਮੈਂ ਉਸ ਦੇ ਕਿਰਦਾਰ ਦਾ ਵਿਸ਼ਲੇਸ਼ਣ ਕੀਤਾ, ਜੋ ਵਰਵੇਨ ਨਾਲ ਮਿਲਦਾ ਦਿਖਾਈ ਦਿੱਤਾ। ਉਸ ਵਿਚ ਅਥਾਹ ਸ਼ਕਤੀ ਸੀ, ਪਰ ਉਹ ਇਸ ਦਾ ਸੰਜਮੀ ਇਸਤੇਮਾਲ ਨਹੀਂ ਸੀ ਕਰਦਾ। ਇੱਧਰ ਮੈਂ ਉਸ ਨੂੰ ਵਰਵੇਨ ਦਿੱਤੀ ਤੇ ਉੱਧਰ ਉਸ ਦਾ ਗਠੀਆ ਠੀਕ ਹੋਣਾ ਸ਼ੁਰੂ ਹੋ ਗਿਆ।

ਵਰਵੇਨ ਬਾਰੇ ਮੈਕਬੀਲਡ ਸ਼ੈਫਰ ਲਿਖਦਾ ਹੈ ਕਿ ਇਸ ਦਾ ਸਬੰਧ ਆਤਮਾ ਦੇ ਸਵੈ-ਸੰਜਮ ਤੇ ਆਤਮ ਰੋਕਾਂ ਦੇ ਝੁਕਾਵਾਂ ਨਾਲ ਹੈ। ਆਪਣੀ ਰਿਣਾਤਮਿਕ ਅਵਸਥਾ ਵਿਚ ਇਸ ਦਾ ਰੋਗੀ ਬਹੁਤਾ ਹੀ ਬਾਹਰਵਾਰ ਝੁਕਿਆ ਹੁੰਦਾ ਹੈ ਤੇ ਉਹ ਆਪਣੀਆਂ ਸ਼ਕਤੀਆਂ ਨੂੰ ਯੋਗਤਾ ਨਾਲ ਨਹੀਂ ਵਰਤਦਾ ਭਾਵ ਉਨ੍ਹਾਂ ਦਾ ਉਜਾੜਾ ਕਰਦਾ ਹੈ। ਉਸ ਅਨੁਸਾਰ ਵਰਵੇਨ ਦੇ ਮਰੀਜ਼ ਦੀ ਹਾਲਤ ਉਸ ਨੌਜਵਾਨ ਪੀਟਰ ਜਿਹੀ ਹੁੰਦੀ ਹੈ, ਜਿਸ ਨੂੰ ਚੁਸਤ ਤੇ ਹਿੰਮਤੀ ਸਮਝ ਕੇ ਕਲਾਸ ਅਧਿਆਪਕ ਨੇ ਸਕੂਲ ਦੇ ਸੈਰ ਸਪਾਟੇ ਦੇ ਟਰਿੱਪ ਦਾ ਮਨੀਟਰ ਬਣਾ ਦਿੱਤਾ। ਉਸ ਨੇ ਉਸ ਜਿੰਮੇ ਦੋ ਗੱਲਾਂ ਲਾਈਆਂ, ਸਭ ਬੱਚਿਆਂ ਨੂੰ ਘੇਰ ਕੇ ਟਰਿੱਪ ਦੇ ਨਾਲ ਰੱਖਣਾ ਅਤੇ ਸਮੇਂ ਸਮੇਂ ਤੇ ਉਸ ਨੂੰ ਟਾਇਮ ਦੱਸਦੇ ਰਹਿਣਾ ਤਾਂ ਜੋ ਟਰਿੱਪ ਲੇਟ ਨਾ ਹੋਵੇ। ਇਹ ਸੁਣ ਕੇ ਉਸ ਵਿਦਿਆਰਥੀ ਵਿਚ ਵਰਵੇਨ ਦੀ ਹਵਾ ਆ ਵੜੀ ਤੇ ਦੇਖਦੇ ਹੀ ਦੇਖਦੇ ਉਹ ਆਪਣੇ ਆਪ ਨੂੰ ਉਸ ਅਧਿਆਪਕ ਅਤੇ ਦੂਜੇ ਵਿਦਿਆਰਥੀਆਂ ਤੋਂ ਉੱਤੇ ਸਮਝਣ ਲੱਗਿਆ। ਇਕ ਪਾਸੇ ਉਸ ਨੇ ਵਿਦਿਆਰਥੀਆਂ ਨੂੰ ਘੇਰ ਘੇਰ ਕੇ ਤੰਗ ਕਰ ਦਿੱਤਾ ਤੇ ਦੂਜੇ ਪਾਸੇ ਘੜੀ ਘੜੀ ਸਮਾਂ ਦੱਸ ਕੇ ਅਧਿਆਪਕ ਨੂੰ ਵੀ ਤੰਗ ਕਰ ਮਾਰਿਆ। ਦੁਖੀ ਹੋ ਕੇ ਮਾਸਟਰ ਨੇ ਉਸ ਦਾ ਅਹੁਦਾ ਵਾਪਸ ਲੈ ਲਿਆ। ਕਈ ਪੁੱਛਣਗੇ ਕਿ ਇਸ ਲੜਕੇ ਦੀ ਦਵਾ ਵਰਵੇਨ ਕਿਵੇਂ ਹੋਈ। ਉਹ ਇਸ ਲਈ ਕਿ ਅੰਦਰੋਂ ਉਸ ਵਿਚ ਵਰਵੇਨ ਦੇ ਸਾਰੇ ਤੱਤ ਹਨ। ਉਹ ਸੱਚਾ ਹੈ, ਲਗਨ ਵਾਲਾ ਹੈ, ਵਫਾਦਾਰ ਹੈ, ਪ੍ਰਮਾਰਥੀ ਹੈ, ਦੂਜਿਆਂ ਦੀ ਸੇਵਾ ਵਿਚ ਲੱਗਿਆ ਹੋਇਆ ਹੈ, ਕਾਇਦੇ ਦਾ ਪੱਕਾ ਹੈ ਤੇ ਅਣਥੱਕ ਸ਼ਕਤੀ ਦਾ ਮਾਲਕ ਹੈ; ਪਰ ਉਸ ਨੂੰ ਆਪਣੀ ਸ਼ਕਤੀ 'ਤੇ ਸਹੀ ਕੰਟਰੋਲ ਨਹੀਂ ਹੈ। ਉਹ ਸਭ ਕੁਝ ਲੋੜ ਨਾਲੋਂ ਵਾਧੂ ਕਰ ਰਿਹਾ ਹੈ। ਉਹ ਆਪਣੇ ਅਹੁਦੇ ਦੀਆਂ ਸਹੀ ਜ਼ਿੰਮੇਵਾਰੀਆਂ ਭੁੱਲ ਕੇ ਲੋਕਾਂ ਦਾ ਨੱਕ ਵਿਚ ਦਮ ਕਰ ਰਿਹਾ ਹੈ। ਉਸ ਦਾ ਇਲਾਜ ਫੁੱਲ ਦਵਾਈ ਵਰਵੇਨ ਵਿਚ ਹੈ।

ਛੇ ਕੁ ਸਾਲ ਪਹਿਲਾਂ ਮੇਰੇ ਕੋਲ ਇਕ ਬੀਬੀ ਆਪਣੇ ਸੱਤ ਸਾਲ ਦੇ ਲੜਕੇ ਨੂੰ ਲੈ ਕੇ ਆਈ। ਕਹਿਣ ਲੱਗੀ, "ਇਸ ਨੂੰ ਟੌਂਸਿਲਜ਼ ਹਨ। ਕਦੇ ਆਰਾਮ ਆ ਜਾਂਦਾ ਹੈ ਤੇ ਕਦੇ ਮੁੜ ਫੁੱਲ ਜਾਂਦੇ ਹਨ। ਦਰਦ ਨਾਲ ਕੁਝ ਖਾਂਦਾ ਨਹੀਂ ਤੇ ਘਟਦਾ ਜਾਂਦਾ ਹੈ। ਡਾਕਟਰ ਕਹਿੰਦਾ ਹੈ, ਉਪ੍ਰੇਸ਼ਨ ਕਰਨਾ ਪਵੇਗਾ ਤਾਂ ਇਹ ਠੀਕ ਹੋਵੇਗਾ। ਤੁਸੀਂ ਕੋਈ ਦਵਾਈ ਦਿਓ ਜੇ ਇਹ ਬਿਨਾ ਆਪਰੇਸ਼ਨ ਠੀਕ ਹੋ ਜਾਵੇ।" ਸੱਚੀ ਗੱਲ ਇਹ ਹੈ ਕਿ ਹੋਮਿਓਪੈਥੀ ਵਿਚ ਨਾ ਬਿਮਾਰੀ ਦੇ ਨਾਂ ਦੀ ਪ੍ਰਵਾਹ ਕੀਤੀ ਜਾਂਦੀ ਹੈ ਤੇ ਨਾ ਹੀ ਇਸ ਮੁਤਾਬਿਕ ਇਲਾਜ ਕੀਤਾ ਜਾਂਦਾ ਹੈ। ਕੀਤਾ ਇਸ ਲਈ ਨਹੀਂ ਜਾਂਦਾ ਕਿਉਂਕਿ ਹੁੰਦਾ ਹੀ ਨਹੀਂ। ਬਿਮਾਰੀ ਦਾ ਨਾਂ ਤਕਲੀਫ ਦੀ ਕਿਸਮ ਜਾਂ ਸਰੀਰ ਦੇ ਉਸ ਸਥਾਨ ਅਨੁਸਾਰ ਹੁੰਦਾ ਹੈ, ਜਿੱਥੇ ਤਕਲੀਫ ਹੁੰਦੀ ਹੋਵੇ, ਪਰ ਅਸਲ ਤਕਲੀਫ ਅੰਗਿਕ ਨਾ ਹੋ ਕੇ ਪੂਰੇ ਵਜੂਦ ਨਾਲ ਜੁੜੀ ਹੁੰਦੀ ਹੈ। ਫਿਰ ਗਲਿਆਂ ਭਾਵ ਟੌਂਸਿਲਜ਼ ਦਾ ਹੋਣਾ ਤਾਂ ਸਿੱਧੇ ਤੌਰ 'ਤੇ ਵਿਅਕਤੀ ਦੇ ਵਧਣ ਫੁੱਲਣ ਤੇ ਉਸ ਦੇ ਦਿਮਾਗੀ ਵਿਕਾਸ ਨਾਲ ਜੁੜੀ ਚੀਜ਼ ਹੈ। ਇਨ੍ਹਾਂ ਦੇ ਆਪਰੇਸ਼ਨ ਕਰਨ ਨਾਲ ਮਰੀਜ਼ ਦਾ ਕੋਈ ਸੁਧਾਰ ਨਹੀਂ ਹੋ ਸਕਦਾ। ਇਸ ਲਈ ਸਭ ਤੋਂ ਪਹਿਲਾਂ ਮੈਂ ਬੀਬੀ ਨੂੰ ਬੱਚੇ ਦੀ ਪੜ੍ਹਾਈ ਲਿਖਾਈ ਬਾਰੇ ਪੁੱਛਿਆ। ਉਸ ਨੇ ਕਿਹਾ, "ਪੜ੍ਹ ਲਿਖ ਤਾਂ ਲਵੇ ਜੀ ਜੇ ਪੜ੍ਹੇ, ਪਰ ਪੜ੍ਹਦਾ ਹੀ ਨਹੀਂ। ਸਾਰਾ ਦਿਨ ਭੱਜਿਆ ਨੱਠਿਆ ਫਿਰਦਾ ਰਹਿੰਦਾ ਹੈ, ਜੇ ਪੜ੍ਹਨ ਨੂੰ ਕਹੋ ਤਾਂ ਬਹਾਨੇਬਾਜ਼ੀ ਕਰਦਾ ਹੈ।"

ਮੈਨੂੰ ਕੁਝ ਪਤਾ ਨਾ ਲੱਗਿਆ ਇਸ ਲਈ ਫਿਰ ਪੁੱਛਿਆ, "ਜੇ ਪੜ੍ਹਦਾ ਹੀ ਨਹੀਂ, ਤੁਹਾਨੂੰ ਕਿਵੇਂ ਪਤਾ ਹੈ ਕਿ ਪੜ੍ਹਾਈ ਲਿਖਾਈ ਵਿਚ ਚੰਗਾ ਹੈ?" ਉਹ ਬੋਲੀ, "ਇਹ ਤਾਂ ਮੈਨੂੰ ਹੋਮ ਵਰਕ ਕਰਵਾਉਣ ਵੇਲੇ ਪਤਾ ਲੱਗ ਜਾਂਦਾ ਹੈ ਜੀ ਕਿ ਇਸ ਨੂੰ ਪੜ੍ਹਾਈ ਹੋਈ ਸਭ ਗੱਲ ਸਮਝ ਵਿਚ ਆਉਂਦੀ ਹੈ। ਇਸ ਦੀ ਟੀਚਰ ਵੀ ਇਹੀ ਕੁਝ ਦੱਸਦੀ ਹੈ।" ਗੱਲ ਨੂੰ ਹੋਰ ਸਪਸ਼ਟ ਕਰਨ ਲਈ ਮੈਂ ਕਿਹਾ, "ਫਿਰ ਸਕੂਲ ਵਿਚ ਮਨ ਲਗਾ ਕੇ ਪੜ੍ਹਦਾ ਹੋਵੇਗਾ।" ਉਹ ਬੋਲੀ, "ਪੜ੍ਹਦਾ ਕਿੱਥੇ ਹੈ ਜੀ, ਤੁਹਾਨੂੰ ਦੱਸਿਆ ਤਾਂ ਹੈ ਬੱਸ ਭੱਜਣ-ਨੱਠਣ ਤੇ ਸ਼ਰਾਰਤਾਂ ਵਿਚ ਬਹੁਤਾ ਮਨ ਰਹਿੰਦਾ ਐ ਇਸ ਦਾ। ਕਲਾਸ ਵਿਚ ਕਈ ਹੋਰ ਬੱਚੇ ਨੇ ਇਸ ਵਰਗੇ। ਨਾ ਇਹ ਉਨ੍ਹਾਂ ਦਾ ਖਹਿੜਾ ਛੱਡਦਾ ਹੈ, ਨਾ ਉਹ ਇਸ ਦਾ ਛੱਡਦੇ ਨੇ। ਇਕ ਦੂਜੇ ਨੂੰ ਛੇੜੀ ਜਾਂਦੇ ਨੇ, ਗੱਲਾਂ ਕਰੀ ਜਾਂਦੇ ਨੇ। ਰਿਸੈਸ ਵਿਚ ਖੇਡਣ ਨੂੰ ਭੱਜ ਲੈਂਦੇ ਹਨ। ਇਹ ਤਾਂ ਲੰਚ ਕਰਨਾ ਵੀ ਭੁੱਲ ਜਾਂਦਾ ਹੈ। ਟੀਚਰ ਨੇ ਕਈ ਵਾਰ ਨੋਟ ਭੇਜਿਆ ਹੈ, ਅਸੀਂ ਵੀ ਸਮਝਾਉਂਦੇ ਹਾਂ, ਪਰ ਇਸ ਦਾ ਧਿਆਨ ਪੜ੍ਹਾਈ ਤੋਂ ਦੂਜੇ ਪਾਸੇ ਹੀ ਰਹਿੰਦਾ ਹੈ। ਕਈ ਵਾਰ ਤਾਂ ਬਸਤਾ ਤੇ ਹੋਮਵਰਕ ਸਲਿਪ ਵੀ ਸਕੂਲੇ ਛੱਡ ਆਉਂਦਾ ਹੈ।"

ਬੱਚੇ ਵਿਚ ਮੈਨੂੰ ਕੁਝ ਵੀ ਮਾੜਾ ਨਜ਼ਰ ਨਾ ਆਇਆ। ਸਮਝ ਪੱਖੋਂ ਠੀਕ ਸੀ, ਬਸ ਉਹ ਆਪਣੀ ਮਾਨਸਿਕ ਸ਼ਕਤੀ 'ਤੇ ਨਿਯੰਤਰਣ ਨਹੀਂ ਸੀ ਰੱਖ ਰਿਹਾ। ਜੇ ਉਹ ਸਮਝ ਪੱਖੋਂ ਢਿੱਲਾ ਹੁੰਦਾ, ਮੈਂ ਉਸ ਨੂੰ ਚੈਸਟਨਟ ਬੱਡ ਦਿੰਦਾ, ਪਰ ਹੁਣ ਮੈਂ ਉਸ ਨੂੰ ਆਪਣੇ ਕੰਮ ਵਿਚ ਸ਼ਕਤੀ ਲਾਉਣ ਲਈ ਵਰਵੇਨ ਦਿੱਤੀ। ਇਕ ਮਹੀਨੇ ਬਾਅਦ ਜਦੋਂ ਉਹ ਉਸ ਬੱਚੇ ਨੂੰ ਫਿਰ ਦਿਖਾਉਣ ਲਿਆਈ, ਉਸ ਦੇ

(ਬਾਕੀ ਅਗਲੇ ਸਫੇ 'ਤੇ)

# ਫਾਸ਼ੀਵਾਦੀ ਤਾਕਤਾਂ ਦੇ ਪੈਂਤੜੇ

ੴ (ਇਕ ਓਅੰਕਾਰ)
ਏਕੁ ਪਿਤਾ ਏਕਸ ਕੇ ਹਮ ਬਾਰਿਕ॥

"ਦੁਨੀਆਂ ਭਰ ਦੇ ਕਿਰਤੀਓ ਇੱਕ ਹੋ ਜਾਵੋ"

"ਏਕੇ ਵਿਚ ਹੀ ਬਰਕਤ ਹੈ"

ਇਹ ਸਿੱਖਿਆਵਾਂ ਦੇ ਭਰੇ ਹੋਏ ਸ਼ਬਦ ਵੱਡੇ ਵੱਡੇ ਤਜ਼ਰਬਿਆਂ ਤੋਂ ਬਾਅਦ ਸਮਾਜ ਵਿਚ ਆਏ ਸਨ। ਇਹ ਵਿਚਾਰਾਂ ਦੀ ਵਰਤੋਂ ਕਰਕੇ



ਮਨੁੱਖ ਖੁਸ਼ਹਾਲ ਸਮਾਜ 'ਚ ਰਹਿਣ ਦੇ ਸੁਪਨੇ ਪੂਰੇ ਕਰ ਸਕਦਾ ਹੈ।

ਮਨੁੱਖ ਹੱਥੋਂ ਮਨੁੱਖ ਦੀ ਹੋ ਰਹੀ ਲੁੱਟ ਖਤਮ ਹੋ ਸਕਦੀ ਹੈ।

ਅੱਜ ਦੀ ਦੁਨੀਆਂ ਵਿਚ ਮਨੁੱਖ ਨਾਲੋਂ ਮਾਇਆ (ਧਨ-ਰਾਸ਼ੀ) ਪਹਿਲਾਂ ਜਾਂ ਪ੍ਰਧਾਨ ਹੈ, ਜਦੋਂ ਇਸ ਦੇ ਕਾਰਨ ਲੱਭਣ ਦੇ ਯਤਨ ਕਰਾਂਗੇ ਤਾਂ ਝੱਟ ਹੀ ਪਤਾ ਲੱਗ ਜਾਵੇਗਾ ਕਿ ਮਾਇਆ ਕੁਝ ਕੁ ਹੱਥਾਂ 'ਚ ਹੈ, ਉਨ੍ਹਾਂ ਨੂੰ ਧਨ-ਕੁਬੇਰ ਕਹਿੰਦੇ ਹਨ, ਗਿਣਤੀ ਕਰੀਏ ਤਾਂ ਉਂਗਲਾਂ ਦੇ ਪੋਟਿਆਂ ਉਪਰ ਗਿਣਤੀ ਕੀਤੀ ਜਾ ਸਕਦੀ ਹੈ। ਇਨ੍ਹਾਂ ਨੇ ਮਾਇਆ ਦੀ ਤਾਕਤ ਨਾਲ ਸਮਾਜ ਦੇ ਹਰ ਖੇਤਰ ਉੱਤੇ ਕਬਜ਼ਾ ਕੀਤਾ ਹੋਇਆ ਹੈ, ਜਿਵੇਂ ਮੀਡੀਆ, ਟਰਾਂਸਪੋਰਟ, ਜਲ, ਜੰਗਲ, ਜਮੀਨ ਆਦਿ ਤੋਂ ਵੀ ਅੱਗੇ ਕਾਨੂੰਨ, ਕਾਨੂੰਨ ਦੇ ਘਾੜੇ ਅਤੇ ਕੁਝ ਕੁ ਦੇਸ਼ਾਂ ਦੀਆਂ ਸਰਕਾਰਾਂ ਨੂੰ ਛੱਡ ਕੇ ਬਾਕੀ ਸਾਰੇ ਦੇਸ਼ਾਂ ਦੀਆਂ ਸਰਕਾਰਾਂ ਵੀ ਇਨ੍ਹਾਂ ਦੇ ਇਸ਼ਾਰੇ 'ਤੇ ਹੀ ਚੱਲਦੀਆਂ ਹਨ। ਇਹ ਧਨ-ਕੁਬੇਰ, ਜੋ ਗਿਣਤੀ ਵਿਚ ਤਾਂ ਭਾਵੇਂ ਘੱਟ ਹਨ, ਪਰ ਆਪਣੇ ਕਰਿੰਦਿਆਂ (ਇਲੂਮੀਨਾਟੀ) ਦੁਆਰਾ ਸਾਰੀ ਦੁਨੀਆਂ ਉੱਤੇ ਨਜ਼ਰ ਰੱਖਦੇ ਹਨ। ਦੁਨੀਆਂ ਭਰ ਦੇ ਕਾਰਪੋਰੇਟਸ, ਬੈਂਕ, ਆਲਮੀ ਬੈਂਕ (World Bank), ਆਲਮੀ ਟਰੇਡ ਆਰਗੀਨਾਈਜੇਸ਼ਨ (W.T.O.), ਆਲਮੀ ਸਿਹਤ ਆਰਗਨਾਈਜੇਸ਼ਨ (W.H.O.) ਅਤੇ ਯੂ. ਐਨ. ਓ. ਆਦਿ ਅਦਾਰੇ ਵੀ ਇਨ੍ਹਾਂ ਦੇ ਇਸ਼ਾਰਿਆਂ ਨਾਲ ਚੱਲਦੇ ਹਨ।

"ਅਵਲਿ ਅਲਹ ਨੂਰੁ ਉਪਾਇਆ ਕੁਦਰਤ ਕੇ ਸਭ ਬੰਦੇ" (The entire universe was created from one). ਭਗਤ ਕਬੀਰ ਜੀ ਵਲੋਂ ਸਦੀਆਂ ਪਹਿਲਾਂ ਉਚਾਰੇ ਸ਼ਬਦਾਂ ਮੁਤਾਬਿਕ ਹਰ ਇੱਕ ਮਨੁੱਖ ਇੱਕ ਹੀ ਕੁਦਰਤਿ ਦਾ ਬੰਦਾ ਹੈ, ਪੁੱਤਰ ਹੈ। ਉਨ੍ਹਾਂ ਦੇ ਦੱਸਣ ਅਨੁਸਾਰ ਸਾਰੀ ਮਨੁੱਖਤਾ ਇੱਕੋ ਤਰ੍ਹਾਂ ਦੀਆਂ ਸੁੱਖ ਸਹੂਲਤਾਂ ਦੀ ਹੱਕਦਾਰ ਹੈ। ਮਨੁੱਖੀ ਵਿਤਕਰੇ ਨਹੀਂ ਹੋਣੇ ਚਾਹੀਦੇ, ਬਰਾਬਰੀ ਦੇ ਸਿਧਾਂਤ ਨੂੰ ਲਾਗੂ ਕਰਨ ਲਈ ਸਮੇਂ ਸਮੇਂ ਦਾਰਸ਼ਨਿਕ ਹਸਤੀਆਂ ਨੇ 'ਏਕੇ' ਦੀ ਮਹੱਤਤਾ ਨੂੰ ਦੱਸਿਆ ਹੈ।

ਅੱਜ ਸਾਰੀ ਦੁਨੀਆਂ ਵਿਚ ਹਲਚਲ ਮਚੀ ਹੋਈ ਹੈ। ਕਿਤੇ ਹੌਲੇ-ਗੁੱਲੇ ਹੋ ਰਹੇ ਹਨ, ਕਿਧਰੇ ਲੁੱਟਾਂ-ਖੋਹਾਂ, ਹਿੰਦੋਸਤਾਨ ਦੇ ਕਿਸਾਨ, ਮਜ਼ਦੂਰ ਅਤੇ ਮੁਲਾਜ਼ਮ ਆਪਣੇ ਹੱਕ-ਹਕੂਕਾਂ ਦੀ ਲੜਾਈ ਲੜ ਰਹੇ ਹਨ। ਇਹ ਸਭ ਕੁਝ ਕਿਉਂ ਹੈ, ਆਪਣੇ ਲੋਕਾਂ ਵਲੋਂ ਬਣਾਈ ਸਰਕਾਰ ਆਪਣਿਆਂ ਦੀ ਜਾਨ ਦੀ ਦੁਸ਼ਮਣ ਕਿਉਂ ਹੈ? ਆਮ ਜਨਤਾ ਦੀ ਸਮਝ ਦਾ ਹਿੱਸਾ ਬਣਨਾ ਚਾਹੀਦਾ ਹੈ। ਹੁਣੇ ਹੁਣੇ ਹਰਿਆਣਾ ਸੂਬੇ ਦੀ ਚਾਟਣੀ ਪੁਲਿਸ ਨੇ ਅਮਨ ਪੂਰਬਕ ਨਿਹੱਥੇ ਅੰਦੋਲਨਕਾਰੀਆਂ, ਜੋ ਆਪਣੇ ਬਣਦੇ ਹੱਕਾਂ ਲਈ ਸੰਘਰਸ਼ ਕਰ ਰਹੇ ਸਨ, ਦੇ ਸਿਰਾਂ 'ਚ ਸਿੱਧੀਆਂ ਲੋਹੇ ਦੀਆਂ ਰਾਡਾਂ ਤੇ ਲਾਠੀਆਂ ਮਾਰ ਕੇ ਲੱਤਾਂ, ਬਾਹਾਂ ਦੀਆਂ ਹੱਡੀਆਂ ਭੰਨੀਆਂ ਅਤੇ ਸਿਰ ਪਾੜ ਦਿੱਤੇ। ਇਹ ਬੇਦਰਦ ਸਰਕਾਰ ਅਤੇ ਪੁਲਿਸ ਦੀ ਡਟ ਕੇ ਨਿੰਦਿਆ ਕਰਨ ਦਾ ਸਮਾਂ ਹੈ।

ਕਿਰਤੀ ਚਾਹੇ ਉਹ ਬਲੂ ਕਾਲਰ ਹੈ ਜਾਂ ਵਾਈਟ ਕਾਲਰ, 'ਏਕੇ' ਦੀ ਮਹੱਤਤਾ ਸਮਝ ਕੇ ਗੁਰੂਆਂ-ਪੀਰਾਂ ਅਤੇ ਫਿਲਾਸਫਰਾਂ ਵਲੋਂ ਦਿੱਤੇ ਸੁਨੇਹਿਆਂ ਨੂੰ ਪ੍ਰਚੰਡ ਕਰੇ ਅਤੇ ਲੋਕਾਂ ਦੀ ਤਾਕਤ ਨੂੰ ਤਕੜਾ ਕਰਕੇ ਫਾਸ਼ੀਵਾਦੀ ਤਾਕਤਾਂ ਦਾ ਮੁਕਾਬਲਾ ਕਰਨ ਦੀ ਲੋੜ ਨੂੰ ਮਹਿਸੂਸ ਕਰੇ। ਅਪੀਲ ਕਰਦੇ ਹਾਂ, ਸਾਰੀ ਕਿਰਤੀ ਜਮਾਤ ਇੱਕ-ਜੁੱਟ ਹੋਵੇ ਅਤੇ ਵਿਸ਼ਾਲ ਪਲੇਟਫਾਰਮ ਬਣਾ ਕੇ ਲੋਕ ਵਿਰੋਧੀ ਤਾਕਤਾਂ ਦਾ ਮੁਕਾਬਲਾ ਕਰੇ।

ਹਿੰਦੋਸਤਾਨ ਨੂੰ ਬਾਹਰਲੀਆਂ ਤਾਕਤਾਂ ਤੋਂ ਆਜ਼ਾਦ ਕਰਾਉਣ ਸਮੇਂ ਅਤੇ ਆਜ਼ਾਦੀ ਤੋਂ ਬਾਅਦ ਕਿਸਾਨ, ਮਜ਼ਦੂਰ, ਮੁਲਾਜ਼ਮਾਂ ਦੇ ਹੱਕੀ ਸੰਘਰਸ਼ਾਂ 'ਚ ਹੋਏ ਸ਼ਹੀਦ ਯੋਧਿਆਂ ਨੂੰ ਸ਼ਰਧਾਂਜਲੀ ਪੇਸ਼ ਕਰਦੇ ਹਾਂ।

**ਵਲੋਂ: ਇੰਡੋ-ਅਮੈਰੀਕਨ ਹੈਰੀਟੇਜ ਫਾਊਂਡੇਸ਼ਨ, ਨਿਊ ਯਾਰਕ**
**ਮਨਮੋਹਨ ਪੂਨੀ, ਫੋਨ: 1-347-753-5940**

# ਜਿਤੁ ਸੇਵੀਐ ਸੁਖੁ ਹੋਇ ਘਨਾ...

ੴ ਸਤਿਗੁਰ ਪਰਸਾਦਿ॥
**ਬਿਲਾਵਲੁ ਮਹਲਾ ੫॥**
ਦੋਸੁ ਨ ਕਾਹੂ ਦੀਜੀਐ
ਪ੍ਰਭੁ ਅਪਨਾ ਧਿਆਈਐ॥
ਜਿਤੁ ਸੇਵੀਐ ਸੁਖੁ ਹੋਇ ਘਨਾ
ਮਨ ਸੋਈ ਗਾਈਐ॥
ਕਹੀਐ ਕਾਇ ਪਿਆਰੇ ਤੁਧੁ ਬਿਨਾ॥
ਤੁਮੑ ਦਇਆਲ ਸੁਆਮੀ
ਸਭ ਅਵਗਨ ਹਮਾ॥ ਰਹਾਉ॥
ਜਿਉ ਤੁਮੑ ਰਾਖਹੁ ਤਿਉ ਰਹਾ
ਅਵਰੁ ਨਹੀ ਚਾਰਾ॥
ਨੀਧਰਿਆ ਧਰਿ ਤੇਰੀਆ
ਇਕ ਨਾਮ ਅਧਾਰਾ॥
ਜੋ ਤੁਮ ਕਰਹੁ ਸੋਈ ਭਲਾ
ਮਨਿ ਲੇਤਾ ਮੁਕਤਾ॥
ਸਗਲ ਸਮਗ੍ਰੀ ਤੇਰੀਆ
ਸਭ ਤੇਰੀ ਜੁਗਤਾ॥
ਚਰਨ ਪਖਾਰਉ ਕਰਿ ਸੇਵਾ
ਜੇ ਠਾਕੁਰ ਭਾਵੈ॥
ਹੋਹੁ ਕ੍ਰਿਪਾਲ ਦਇਆਲ
ਪ੍ਰਭ ਨਾਨਕੁ ਗੁਣ ਗਾਵੈ॥

ਗੁਰੂ ਅਰਜਨ ਦੇਵ ਜੀ ਇਸ ਪਾਵਨ ਸ਼ਬਦ ਰਾਹੀਂ ਜੀਵਾਂ ਨੂੰ ਉਪਦੇਸ਼ ਕਰਦੇ ਹਨ, ਹੇ ਮੇਰੇ ਮਨ! ਆਪਣੀਆਂ ਕੀਤੀਆਂ ਭੁੱਲਾਂ-ਗਲਤੀਆਂ ਦੇ ਕਾਰਨ ਮਿਲ ਰਹੇ ਦੁੱਖਾਂ ਲਈ ਕਿਸੇ ਹੋਰ ਨੂੰ ਦੋਸ਼ ਨਹੀਂ ਦੇਣਾ ਚਾਹੀਦਾ। ਦੁੱਖਾਂ ਤੋਂ ਬਚਣ ਲਈ ਉਸ ਮਿਹਰਬਾਨ ਪ੍ਰਭੂ ਨੂੰ ਹੀ ਯਾਦ ਕਰਨਾ ਚਾਹੀਦਾ ਹੈ, ਉਸ ਦੀ ਸੇਵਾ ਭਗਤੀ ਕੀਤਿਆਂ ਹੀ ਸੁੱਖ ਮਿਲਦਾ ਹੈ, ਉਸੇ ਦੇ ਗੁਣ ਗਾ।

ਕਹੀਐ ਕਾਇ ਪਿਆਰੇ ਤੁਧੁ ਬਿਨਾ॥
ਤੁਮੑ ਦਇਆਲ ਸੁਆਮੀ
ਸਭ ਅਵਗਨ ਹਮਾ॥ ਰਹਾਉ॥

ਸ਼ਬਦ ਦੀ ਰਹਾਉ ਦੀ ਪੰਕਤੀ ਵਿਚ ਗੁਰਦੇਵ ਜੀ ਬਖਸ਼ਿਸ਼ ਕਰਦਿਆਂ ਸਾਨੂੰ ਅਰਦਾਸ ਕਰਨ ਦਾ ਵੱਲ ਦੱਸਦੇ ਹਨ, ਹੇ ਮੇਰੇ ਮਾਲਕ ਪ੍ਰਭੂ ਪਿਤਾ ਜੀ, ਤੂੰ ਤਾਂ ਸਦਾ ਹੀ ਦਇਆ ਦਾ ਘਰ ਹੈਂ, ਦਇਆਲਤਾ ਦਾ ਸਾਗਰ ਹੈਂ; ਸਾਰੇ ਔਗੁਣ ਅਸਾਂ ਜੀਵਾਂ ਦੇ ਵਿਚ ਹੀ ਹਨ, ਜਿਨ੍ਹਾਂ ਕਰ ਕੇ ਸਾਨੂੰ ਦੁੱਖ-ਕਲੇਸ਼ ਵਾਪਰਦੇ ਹਨ, ਇਨ੍ਹਾਂ ਤੋਂ ਬਚਣ ਲਈ ਤੇਰੇ ਬਿਨਾ ਹੋਰ ਕਿੱਥੇ ਜਾਈਏ!

ਜਿਉ ਤੁਮੑ ਰਾਖਹੁ ਤਿਉ ਰਹਾ
ਅਵਰੁ ਨਹੀ ਚਾਰਾ॥
ਨੀਧਰਿਆ ਧਰਿ ਤੇਰੀਆ
ਇਕ ਨਾਮ ਅਧਾਰਾ॥

ਸ਼ਬਦ ਦੀਆਂ ਇਨ੍ਹਾਂ ਪੰਕਤੀਆਂ ਵਿਚ ਸਤਿਗੁਰੂ ਕਹਿੰਦੇ ਹਨ, ਹੇ ਪ੍ਰਭੂ ਜੀ! ਤੂੰ ਜਿਵੇਂ

## ਗੁਰਬਾਣੀ ਗਿਆਨ

ਮੈਨੂੰ ਰੱਖਦਾ ਹੈਂ, ਮੈਂ ਉਸੇ ਤਰ੍ਹਾਂ ਹੀ ਰਹਿ ਸਕਦਾ ਹਾਂ, ਤੇਰੇ ਹੁਕਮ ਦੇ ਉਲਟ ਮੇਰਾ ਕੋਈ ਜ਼ੋਰ ਨਹੀਂ ਚੱਲ ਸਕਦਾ। ਹੇ ਮੇਰੇ ਮਿਹਰਬਾਨ ਪਿਤਾ ਪ੍ਰਭ ਜੀ, ਤੂੰ ਹੀ ਨਿਓਟਿਆਂ ਦੀ ਓਟ ਹੈਂ ਜੀ, ਮੈਨੂੰ ਤਾਂ ਹੇ ਪ੍ਰਭ ਜੀ ਸਿਰਫ ਤੇਰੇ ਨਾਮ ਦਾ ਹੀ ਓਟ ਅਤੇ ਆਸਰਾ ਹੈ।

ਜੋ ਤੁਮ ਕਰਹੁ ਸੋਈ ਭਲਾ ਮਨਿ ਲੇਤਾ ਮੁਕਤਾ॥
ਸਗਲ ਸਮਗ੍ਰੀ ਤੇਰੀਆ ਸਭ ਤੇਰੀ ਜੁਗਤਾ॥

ਸਤਿਗੁਰੂ ਪਿਤਾ ਜੀ ਸ਼ਬਦ ਦੀਆਂ ਇਨ੍ਹਾਂ ਪੰਕਤੀਆਂ ਵਿਚ ਆਖਦੇ ਹਨ, ਹੇ ਪ੍ਰਭੂ, ਜੋ ਕੁਝ ਤੂੰ ਕਰਦਾ ਹੈਂ, ਉਸ ਨੂੰ ਜਿਹੜਾ ਮਨੁੱਖ ਆਪਣੇ ਭਲੇ ਵਾਸਤੇ ਹੀ ਰਿਹਾ ਮੰਨ ਲੈਂਦਾ ਹੈ, ਉਹ ਸਾਰੇ ਹੀ ਦੁੱਖਾਂ-ਕਲੇਸ਼ਾਂ ਦੀ ਮਾਰ ਤੋਂ ਬਚ ਨਿਕਲਦਾ ਹੈ। ਹੇ ਮੇਰੇ ਪ੍ਰਭ, ਹੇ ਮੇਰੇ ਮਾਲਕ ਜੀ, ਜਗਤ ਦੇ ਸਾਰੇ ਹੀ ਪਦਾਰਥ ਤੇਰੇ ਹੀ ਬਣਾਏ ਹੋਏ ਹਨ, ਸਾਰੀ ਸਮੱਗਰੀ ਤੇਰੀ ਹੀ ਮਰਿਆਦਾ ਵਿਚ ਚੱਲ ਰਹੀ ਹੈ।

ਚਰਨ ਪਖਾਰਉ ਕਰਿ ਸੇਵਾ
ਜੇ ਠਾਕੁਰ ਭਾਵੈ॥
ਹੋਹੁ ਕ੍ਰਿਪਾਲ ਦਇਆਲ
ਪ੍ਰਭ ਨਾਨਕੁ ਗੁਣ ਗਾਵੈ॥

ਸ਼ਬਦ ਦੇ ਅਖੀਰ ਵਿਚ ਸਤਿਗੁਰੂ ਜੀ ਬੇਨਤੀ ਕਰਦੇ ਹਨ, ਹੇ ਪ੍ਰਭੂ ਜੀ, ਹੇ ਮਾਲਕ, ਜੇ ਤੈਨੂੰ ਚੰਗਾ ਲੱਗੇ ਤਾਂ ਮੈਂ ਤੇਰੀ ਸੇਵਾ ਭਗਤੀ ਕਰਕੇ ਤੇਰੇ ਚਰਨਾਂ ਨੂੰ ਧੋਂਦਾ ਰਹਾਂ, ਭਾਵ ਹਉਮੈ ਨੂੰ ਤਿਆਗ ਕੇ ਤੇਰੇ ਦਰ 'ਤੇ ਡਿੱਗਾ ਰਹਾਂ ਜੀ। ਹੇ ਮਿਹਰਬਾਨ ਪ੍ਰਭੂ ਪਿਤਾ! ਦਇਆਵਾਨ ਹੋਵੋ, ਕਿਰਪਾ ਕਰੋ ਤਾਂ ਕਿ ਤੇਰੀ ਦਇਆ ਅਤੇ ਕਿਰਪਾ ਨਾਲ ਤੇਰਾ ਦਾਸ ਨਾਨਕ ਤੇਰੇ ਗੁਣ ਗਾਉਂਦਾ ਰਹੇ।

**-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ**

# ਬੈਚ ਫੁੱਲ ਵਰਵੇਨ: ਬੇਲੋੜਾ ਜੋਸ਼

(ਪਿਛਲੇ ਸਫੇ ਦੀ ਬਾਕੀ)

ਟੌਂਸਲ ਠੀਕ ਸਨ ਤੇ ਉਸ ਦਾ ਸਕੂਲੀ ਵਿਹਾਰ ਬਦਲ ਰਿਹਾ ਸੀ। ਵਰਵੇਨ ਜਾਰੀ ਰੱਖੀ। ਇਹ ਬੀਬੀ ਉਸ ਬੱਚੇ ਨੂੰ ਟੌਂਸਲਾਂ ਬਾਰੇ ਮੁੜ ਲੈ ਕੇ ਨਾ ਆਈ।

ਦੂਜੀਆਂ ਬੈਚ ਫੁੱਲ ਦਵਾਈਆਂ ਵਾਂਗ ਵਰਵੇਨ ਵੀ ਮਨੁੱਖ ਦੇ ਸੁਭਾਅ ਤੇ ਆਦਤਾਂ ਦਾ ਸ਼ੁੱਧੀਕਰਨ ਕਰਦੀ ਹੈ। ਜੇ ਕੋਈ ਲੋਕ ਭਲਾਈ ਲਈ ਅੱਖਾਂ ਦਾ ਕੈਂਪ ਲਾ ਕੇ ਅੰਦਰੋਂ ਡਾਕਟਰਾਂ ਤੋਂ ਉਨ੍ਹਾਂ ਦੀ ਮਸ਼ਹੂਰੀ ਬਦਲੇ ਪੈਸੇ ਬਟੋਰਦਾ ਹੈ ਤਾਂ ਉਹ ਵਰਵੇਨ ਸੁਭਾਅ ਦੇ ਹੋ ਕੇ ਨਿਖੇਧਾਤਮਿਕ ਕੰਮ ਕਰਦਾ ਹੈ। ਜੇ ਕੋਈ ਡਾਕਟਰ ਕਿਸੇ ਬੀਮਾਰੀ ਦੇ ਇਲਾਜ ਲਈ ਮੁਫਤ ਕੈਂਪ ਲਾਉਂਦਾ ਹੈ, ਪਰ ਅੰਦਰੋਂ ਉਸ ਦਾ ਉਦੇਸ਼ ਆਪਣੇ ਹਸਪਤਾਲ ਜਾਂ ਕਲਿਨਿਕ ਲਈ ਬਿਮਾਰ ਖਿੱਚਣਾ ਹੈ ਤਾਂ ਵੀ ਉਹ ਦਿਆਨਤ ਵਿਚ ਖਿਆਨਤ ਕਰਦਾ ਹੈ। ਇਨ੍ਹਾਂ ਦੋਹਾਂ ਹਾਲਤਾਂ ਵਿਚ ਵਰਵੇਨ ਕੰਮ ਆਉਂਦੀ ਹੈ। ਕਈ ਨੌਜਵਾਨ ਕੰਮ ਤਾਂ ਪੂਰਾ ਕਰਦੇ ਹਨ, ਪਰ ਉਨ੍ਹਾਂ ਦੀ ਰੁਚੀ ਕਿਤੇ ਹੋਰ ਧਰੀ ਰਹਿੰਦੀ ਹੈ। ਕਈ ਕੰਮ ਦਾ ਭਾਰ ਲਾਹੁੰਦਿਆਂ ਹੀ ਤਾਸ਼ ਖੇਡਣ ਭੱਜ ਲੈਂਦੇ ਹਨ। ਕਈ ਕੰਮ ਖਤਮ ਹੁੰਦਿਆਂ ਹੀ ਸ਼ਰਾਬ 'ਤੇ ਲਪਕ ਪੈਂਦੇ ਹਨ। ਕਈ ਮੁੱਖ ਕੰਮ ਛੱਡ ਕੇ ਕਿਸੇ ਹੋਰ ਛੋਟੇ ਕੰਮ ਵਿਚ ਰੁਝ ਜਾਂਦੇ ਹਨ। ਬੱਚੇ ਨਾਂ ਦਾ ਹੋਮ ਵਰਕ ਕਰਕੇ ਝੱਟ ਟੀ. ਵੀ. ਜਾਂ ਫੋਨ ਨਾਲ ਜਾ ਚਿਪਕਦੇ ਹਨ। ਇਹ ਵਰਵੇਨ ਦੀਆਂ ਨਿਸ਼ਾਨੀਆਂ ਹਨ ਤੇ ਵਰਵੇਨ ਹੀ ਇਨ੍ਹਾਂ ਨੂੰ ਠੀਕ ਕਰਦੀ ਹੈ।

ਇਸੇ ਤਰ੍ਹਾਂ ਜਿਹੜੇ ਆਦਤਨ ਫਜ਼ੂਲ ਖਰਚੀ ਕਰਦੇ ਹਨ ਤੇ ਘਰ ਦਾ ਬਜਟ ਨਹੀਂ ਸੰਭਾਲ ਸਕਦੇ, ਉਹ ਵੀ ਵਰਵੇਨ ਨਾਲ ਸੁਧਰ ਜਾਂਦੇ ਹਨ। ਸੈਨ ਹੋਜ਼ੇ ਰਹਿੰਦੇ ਇਕ ਸਕੂਲ ਅਧਿਆਪਕ ਆਪਣੀ ਨਰਸ ਪਤਨੀ ਨੂੰ ਇਲਾਜ ਲਈ ਮੇਰੇ ਕੋਲ ਲੈ ਕੇ ਆਇਆ। ਉਸ ਨੇ ਕਿਹਾ, "ਇਹ ਮੇਰੀ ਵਾਈਫ ਨੇ। ਡਾਕਟਰਾਂ ਨੇ ਇਨ੍ਹਾਂ ਨੂੰ ਓ. ਸੀ. ਡੀ. ਦੀ ਬੀਮਾਰੀ ਦੱਸੀ ਹੈ। ਕੀ ਤੁਹਾਡੇ ਕੋਲ ਓ. ਸੀ. ਡੀ. ਦਾ ਇਲਾਜ ਹੈ?" ਮੈਂ ਕਿਹਾ, "ਮੇਰੇ ਕੋਲ ਓ. ਸੀ. ਡੀ. ਦਾ ਤਾਂ ਕੋਈ ਇਲਾਜ ਨਹੀਂ, ਪਰ ਜੋ ਤਕਲੀਫ ਤੁਹਾਡੀ ਪਤਨੀ ਨੂੰ ਹੈ, ਉਸ ਦਾ ਹੋ ਸਕਦਾ ਹੈ।" ਜਵਾਬ ਸੁਣ ਕੇ ਉਹ ਘਬਰਾ ਜਿਹਾ ਗਿਆ ਤੇ ਦੱਸਣ ਲੱਗਿਆ, "ਜੀ ਇਹ ਫਜ਼ੂਲ ਦੀ ਸ਼ਾਪਿੰਗ ਕਰਦੀ ਰਹਿੰਦੀ ਹੈ। ਜਦੋਂ ਦਿਲ ਕਰਦਾ ਹੈ, ਸਟੋਰਾਂ ਨੂੰ ਚਲੀ ਜਾਂਦੀ ਹੈ ਤੇ ਬੇਲੋੜੀਆਂ ਚੀਜ਼ਾਂ ਖਰੀਦ ਕੇ ਲੈ ਆਉਂਦੀ ਹੈ। ਘਰੋਂ ਜ਼ਰੂਰਤ ਦੀ ਇਕ ਚੀਜ਼ ਲੈਣ ਜਾਂਦੀ ਹੈ, ਪੰਜ ਹੋਰ ਇਧਰ ਉਧਰ ਦੀਆਂ ਲੈ ਆਉਂਦੀ ਹੈ। ਆਪਣੇ ਹਸਪਤਾਲ ਦੇ ਕੰਮ ਤੋਂ ਬਿਨਾ ਇਸ ਦਾ ਇਹੀ ਮੁੱਖ ਧੰਦਾ ਹੈ। ਇਸ ਦੀ ਸਾਰੀ ਤਨਖਾਹ ਬੇਲੋੜੀਆਂ ਚੀਜ਼ਾਂ ਖਰੀਦਣ 'ਤੇ ਹੀ ਜਾਂਦੀ ਹੈ।"

ਮੈਂ ਉਸ ਦੀ ਪਤਨੀ ਤੋਂ ਪੁੱਛਿਆ ਕਿ ਜੇ ਇਹ ਸੱਚ ਹੈ ਤਾਂ ਉਹ ਇਸ ਤਰ੍ਹਾਂ ਕਿਉਂ ਕਰਦੀ ਹੈ। ਉਸ ਨੇ ਕਿਹਾ, "ਮੈਨੂੰ ਘਰ ਬੈਠੇ ਕਿਸੇ ਨਾ ਕਿਸੇ ਚੀਜ਼ ਦੀ ਲੋੜ ਮਹਿਸੂਸ ਹੁੰਦੀ ਹੈ ਤਾਂ ਮੈਂ ਉਸ ਨੂੰ ਖਰੀਦਣ ਲਈ ਸਟੋਰ ਚਲੀ ਜਾਂਦੀ ਹਾਂ, ਪਰ ਉੱਥੇ ਜਾ ਕੇ ਹਰ ਚੀਜ਼ ਹੀ ਲੋੜਵੰਦ ਲੱਗਣ ਲਗਦੀ ਹੈ ਤੇ ਮੈਂ ਖਰੀਦ ਲਿਆਉਂਦੀ ਹਾਂ।" ਮੈਂ ਉਸ ਨੂੰ ਸਮਝਾਇਆ ਕਿ ਘਰੋਂ ਲਿਸਟ ਬਣਾ ਕੇ ਲੈ ਜਾਇਆ ਕਰੇ ਤੇ ਲਿਸਟ ਤੋਂ ਬਾਹਰ ਕੁਝ ਨਾ ਖਰੀਦੇ। ਉਸ ਨੇ ਕਿਹਾ, "ਜੀ ਘਰੋਂ ਤਾਂ ਲਿਸਟ ਹੀ ਬਣਾ ਕੇ ਜਾਂਦੀ ਹਾਂ ਪਰ ਅੱਗੇ ਜਾ ਕੇ ਲਿਸਟ ਵੱਡੀ ਹੋ ਜਾਂਦੀ ਹੈ।" ਜੇ ਚੰਗੇ ਇਰਾਦੇ ਨਾਲ ਕੀਤਾ ਕੰਮ ਵੀ ਗਲਤ ਹੋ ਜਾਵੇ ਜਾਂ ਪੱਕੇ ਧਾਗੇ ਨਾਲ ਬੰਨ੍ਹਿਆ ਮਨ ਵੀ ਖੁੱਲ੍ਹ ਜਾਵੇ ਤਾਂ ਵਰਵੇਨ ਕੰਮ ਆਉਂਦੀ ਹੈ। ਮੈਂ ਉਸ ਨੂੰ ਇਕ ਮਹੀਨਾ ਵਰਵੇਨ ਖਾਣ ਨੂੰ ਦਿੱਤੀ ਤੇ ਉਸ ਦੀ ਫਜ਼ੂਲ ਖਰਚੀ 'ਤੇ ਲਗਾਮ ਕੱਸੀ ਗਈ।

ਓ. ਸੀ. ਡੀ. ਹੀ ਨਹੀਂ, ਜੇ ਵਰਵੇਨ ਦੇ ਸੰਕੇਤ ਮਿਲਦੇ ਹੋਣ ਤਾਂ ਇਹ ਫੁੱਲ ਦਵਾਈ ਸਕਿਜ਼ੋਫਰੇਨੀਆ, ਬਾਈਪੋਲਰ ਡਿਸਆਰਡਰ, ਸਪਲਿਟ ਪਰਸਨੈਲਿਟੀ, ਜਨੂੰਨੀ ਖੁਰਾਫਾਤ, ਧਾਰਮਿਕ ਪੱਖਪਾਤ, ਬਲੱਡ ਪ੍ਰੈਸ਼ਰ, ਟੈਨਸ਼ਨ ਤੇ ਉਨੀਂਦਰਾਪਣ ਜਿਹੀਆਂ ਬਹੁਤ ਸਾਰੀਆਂ ਹੋਰ ਬਿਮਾਰੀਆਂ ਨੂੰ ਵੀ ਠੀਕ ਕਰਨ ਦਾ ਦਮ ਰੱਖਦੀ ਹੈ।

# ਭਾਰਤੀ ਹਾਕੀ ਦਾ ਸ਼ਾਰਪ-ਸ਼ੂਟਰ ਖਿਡਾਰੀ-ਸੁਰਿੰਦਰ ਸਿੰਘ ਸੋਢੀ

(ਸਫਾ 23 ਦੀ ਬਾਕੀ)

ਕਰਦਾ। ਹਾਥੀ ਨਾਂ ਦਾ ਬਾਜ਼ੀਗਰ ਵੀ ਰੱਖਿਆ ਹੋਇਆ ਸੀ, ਜੋ ਆਪਣੇ ਕੌਤਕ ਵਿਖਾ ਕੇ ਰਾਜੇ ਅਤੇ ਪਰਜਾ ਨੂੰ ਖੁਸ਼ ਕਰਿਆ ਕਰਦਾ ਸੀ। ਇਕ ਦਿਨ ਉਸ ਬਾਜ਼ੀਗਰ ਨੇ ਬਾਹਾਂ ਨਾਲ ਛੱਜ ਬੰਨ੍ਹ ਉਚਾਈ ਤੋਂ ਖੜ੍ਹ ਪੰਛੀਆਂ ਵਾਂਗ ਅਸਮਾਨ 'ਚ ਉਡਿਆ ਤੇ ਥੋੜ੍ਹੀ ਦੂਰ ਲਾਲੋਮਜਾਰੇ ਕੋਲ ਜਾ ਕੇ ਡਿੱਗ ਪਿਆ ਤੇ ਮੌਤ ਹੋ ਗਈ। ਹੁਣ ਪੰਜਾਬ ਦੇ ਸਾਰੇ ਬਾਜ਼ੀਗਰ ਉਸੇ ਥਾਂ 'ਤੇ ਹਰ ਸਾਲ ਮੇਲਾ ਲਾਉਂਦੇ ਹਨ ਤੇ ਆਪਣੀਆਂ ਕਲਾਬਾਜ਼ੀਆਂ ਵਿਖਾਉਂਦੇ ਹਨ। ਰਾਜੇ ਦਾ ਉਹ ਕਿਲਾ ਹੁਣ ਢਹਿ ਢੇਰੀ ਹੋ ਗਿਆ। ਕਿਲੇ ਦੀ ਕੋਈ ਨਿਸ਼ਾਨੀ ਜਾਂ ਇੱਟਾਂ ਵਗੈਰਾ ਹੈ ਜਾਂ ਅਲੋਪ ਹੋ ਗਈਆਂ, ਪਤਾ ਨਹੀਂ। ਇਸੇ ਪਿੰਡ ਵਿਚ ਰਾਜਾ ਸਾਹਿਬ ਮਹਾਪੁਰਸ਼ਾਂ ਦੇ ਨਾਂ 'ਤੇ 'ਰਾਜਾ ਸਾਹਿਬ ਸਪੋਰਟਸ ਕਲੱਬ' ਸਥਾਪਤ ਕੀਤਾ ਹੋਇਐ। ਜਿਥੋਂ ਨਾਮਵਰ ਵੇਟ ਲਿਫਟਰ ਤੇ ਪਾਵਰ ਲਿਫਟਰ ਪੈਦਾ ਹੋਏ ਨੇ ਤੇ ਵੱਖ ਵੱਖ ਸਰਕਾਰੀ ਵਿਭਾਗਾਂ ਵਿਚ ਨੌਕਰੀਆਂ ਕਰ ਰਹੇ ਨੇ ਤੇ ਕੁਝ ਵਿਦੇਸ਼ਾਂ 'ਚ ਬੈਠੇ ਕਲੱਬ ਦਾ ਨਾਂ ਉਚਾ ਕਰ ਰਹੇ ਨੇ।

ਰਾਜਾ ਗੋਪੀ ਚੰਦ ਦਾ ਇਤਿਹਾਸ ਅਜੋਕੀ ਨੌਜਵਾਨ ਪੀੜ੍ਹੀ ਯਾਦ ਰੱਖੇਗੀ ਜਾਂ ਨਹੀਂ, ਵੱਖਰੀ ਗੱਲ ਹੈ, ਪਰ ਭਾਰਤੀ ਹਾਕੀ ਦੀ ਜਦੋਂ ਗੱਲ ਹੋਇਆ ਕਰੇਗੀ ਤਾਂ ਖੇਡ ਮਹਿਫਿਲਾਂ ਜਾਂ ਲੋਕ-ਸੱਥਾਂ 'ਚ ਸੁਰਿੰਦਰ ਸਿੰਘ ਸੋਢੀ ਦੀਆਂ ਬਾਤਾਂ ਜ਼ਰੂਰ ਹੋਇਆ ਕਰਨਗੀਆਂ। ਕਿਸੇ ਵੀ ਖਿੱਤੇ ਦੇ ਨਾਇਕਾਂ/ਬਹਾਦਰਾਂ ਦੀਆਂ ਬਾਤਾਂ ਲੋਕ-ਤੱਥ/ਲੋਕ-ਗੀਤ ਜ਼ਰੂਰ ਬਣ ਜਾਂਦੇ ਹਨ। ਜਿਵੇਂ ਸ. ਸੋਢੀ ਨੂੰ ਭਾਰਤੀ ਹਾਕੀ 'ਚ ਵੱਡੀਆਂ ਪ੍ਰਾਪਤੀਆਂ ਦਾ ਨਾਇਕ ਮੰਨ ਕੇ ਗੀਤਕਾਰਾਂ ਨੇ ਕਲਮ ਚਲਾਈ, "ਹਾਕੀ ਵਿਚ ਉਚਾ ਰੁਤਬਾ ਪਾ ਲਿਆ ਸੋਢੀ ਨੇ।" ਇਹ ਗੀਤ ਜਸਵੀਰ ਗੁਣਾਚੌਰੀਏ ਨੇ ਲਿਖਿਆ ਤੇ ਗਿੱਲ ਹਰਦੀਪ ਨੇ ਗਾਇਆ। ਇਕ ਗੀਤ ਮੱਖਣ ਬਰਾੜ ਨੇ ਵੀ ਲਿਖਿਆ, "ਸੁਣੋ, ਸੁਰਿੰਦਰ ਸੋਢੀ ਨੇ ਜੋ ਮੱਲਾਂ ਮਾਰੀਆਂ ਨੇ।"

ਸ. ਸੋਢੀ ਰਾਜਾ ਸਾਹਿਬ ਮਹਾਪੁਰਸ਼ਾਂ ਦੇ ਬੜੇ ਉਪਾਸ਼ਕ ਹਨ। ਜਦੋਂ ਵੀ ਸਮਾਂ ਮਿਲਦਾ, ਮਜਾਰੇ ਰਾਜਾ ਸਾਹਿਬ ਦੇ ਦਰਬਾਰ ਜ਼ਰੂਰ ਨਤਮਸਤਕ ਹੁੰਦੇ। ਉਹ ਅੱਜ ਜੋ ਵੀ ਹਨ, ਰਾਜਾ ਸਾਹਿਬ ਦੀ ਕ੍ਰਿਪਾ ਸਮਝ ਰਹੇ ਹਨ।

"ਮਹਾਪੁਰਸ਼ਾਂ ਦੇ ਲੜ ਜੋ ਲੱਗ ਜਾਂਦੇ।
ਮੂੰਹੋਂ ਮੰਗੀਆਂ ਮੁਰਾਦਾਂ ਪਾ ਜਾਂਦੇ।
ਬਣ ਖੇਡ ਮੈਦਾਨਾਂ ਦੇ ਸ਼ੇਰ ਉਹ,
ਨਾਂ ਦੇਸ਼ ਕੌਮ ਦਾ ਚਮਕਾ ਜਾਂਦੇ।"

ਇਤਿਹਾਸ ਗਵਾਹ ਹੈ ਕਿ ਭਾਰਤੀ ਹਾਕੀ ਟੀਮ ਲਈ ਸਿਲੈਕਟ ਹੋਣ ਵਾਲਾ ਤੇ ਸਭ ਤੋਂ ਛੋਟੀ ਉਮਰ ਵਾਲਾ ਉਹ ਪਹਿਲਾ ਖਿਡਾਰੀ ਹੈ। ਜੋ ਗਿਆਰਵੀਂ ਕਲਾਸ 'ਚ ਪੜ੍ਹਦਿਆਂ ਹੀ ਭਾਰਤੀ ਹਾਕੀ ਦੀਆਂ ਜੂਨੀਅਰ ਤੇ ਸੀਨੀਅਰ ਟੀਮਾਂ 'ਚ ਖੇਡਣ ਲੱਗ ਪਿਆ ਸੀ। ਦੋਆਬਾ ਖਾਲਸਾ ਹਾਇਰ ਸੈਕੰਡਰੀ ਸਕੂਲ, ਲਾਡੋਵਾਲੀ ਰੋਡ, ਜਲੰਧਰ ਤੋਂ ਕਰਨ ਉਪਰੰਤ ਉਚੇਰੀ ਵਿਦਿਆ ਲਾਇਲਪੁਰ ਖਾਲਸਾ ਕਾਲਜ ਤੋਂ ਪੜ੍ਹਾਈ ਕੀਤੀ ਤੇ ਜ਼ਬਰਦਸਤ ਹਾਕੀ ਵੀ ਖੇਡੀ। ਖੇਡ ਦੇ ਝੰਡੇ ਝੂਲਦੇ ਰਹੇ। ਖੇਡ ਮੈਦਾਨਾਂ 'ਚ ਪੂਰੀ ਧਾਂਕ ਜਮਾਂ ਕੇ ਰੱਖੀ।

ਸ. ਸੁਰਿੰਦਰ ਸਿੰਘ ਸੋਢੀ ਦੇ ਮਿੱਤਰਾਂ ਵਿਚ ਅਜੀਤਪਾਲ ਸਿੰਘ, ਸਵ. ਸੁਰਜੀਤ ਸਿੰਘ, ਬੀ. ਪੀ. ਗੋਬਿੰਦਾ, ਅਸ਼ੋਕ ਕੁਮਾਰ (ਧਿਆਨ ਚੰਦ ਦਾ ਬੇਟਾ), ਅਸਲਮ ਸ਼ੇਰ ਖਾਨ, ਜਫਰ ਇਕਬਾਲ, ਮੁਹੰਮਦ ਸ਼ਾਹਿਦ, ਐਮ. ਕੇ. ਕੌਸ਼ਿਕ, ਦਵਿੰਦਰ ਸਿੰਘ, ਰਾਜਿੰਦਰ ਸਿੰਘ, ਗੁਰਮੇਲ ਸਿੰਘ, ਚਰਨਜੀਤ ਕੁਮਾਰ, ਭੁੰਗ ਭੁੰਗ, ਵੀ. ਵਾਸਕਰਨ ਤੇ ਹੋਰ ਨਾਮੀ ਖਿਡਾਰੀ ਸ਼ਾਮਲ ਹਨ, ਜਿਨ੍ਹਾਂ ਨਾਲ ਖੇਡਦੇ ਵੀ ਰਹੇ।

ਜੀਵਨ ਸਾਥਣ ਰਾਜਵਿੰਦਰ ਕੌਰ ਪੀਐਚ. ਡੀ. ਹੈ। ਦੋ ਬੇਟੇ-ਅਜੈਪਾਲ ਸਿੰਘ ਛੋਕਰ ਤੇ ਅਮਰਿੰਦਰ ਸਿੰਘ ਛੋਕਰ; ਵੱਡੀ ਬਹੂ ਹਿਨਾ ਛੋਕਰ ਤੇ ਛੋਟੀ ਗਗਨਦੀਪ ਕੌਰ ਛੋਕਰ ਹੈ। ਪੋਤਰੇ ਅਬਿਤਾਜ ਸਿੰਘ ਛੋਕਰ ਤੇ ਅਰਵਿੰਨ ਸਿੰਘ ਛੋਕਰ ਹਨ। ਪਿਤਾ ਦੇ ਰਾਹਾਂ 'ਤੇ ਚਲਦੇ ਬੇਟੇ ਵੀ ਖੇਡ ਮੈਦਾਨਾਂ ਵਿਚ ਕੁੱਦੇ ਸਨ। ਵੱਡਾ ਬੇਟਾ ਅਜੈਪਾਲ ਨਾਰਥ ਇੰਡੀਆ 'ਚ ਸਕੂਲਾਂ ਦਾ ਤਕੜਾ ਬਾਸਕਟਬਾਲ ਖਿਡਾਰੀ ਰਿਹੈ, ਜਦੋਂ ਕਿ ਛੋਟਾ ਅਮਰਿੰਦਰ ਜੂਨੀਅਰ ਪੰਜਾਬ ਕ੍ਰਿਕਟ ਖੇਡਿਆ।

ਵਡਮੁੱਲੀਆਂ ਮੱਲਾਂ ਮਾਰਨ ਕਰਕੇ ਸ. ਸੋਢੀ ਦੀਆਂ ਦੇਸ਼-ਵਿਦੇਸ਼ਾਂ ਵਿਚ ਬੈਠੇ ਪੰਜਾਬੀਆਂ ਨੇ ਪਿਆਰ ਨਾਲ ਝੋਲੀਆਂ ਭਰੀਆਂ। ਹਰ ਮੁਲਕ ਵਿਚ ਉਹਦੇ ਯਾਰ-ਬੇਲੀ ਤੇ ਪ੍ਰਸ਼ੰਸਕ ਬੈਠੇ ਹਨ। ਉਹ ਕਿਤੇ ਵੀ ਚਲਾ ਜਾਵੇ, ਹੱਥੀਂ ਛਾਵਾਂ ਹੁੰਦੀਆਂ ਨੇ। ਦੁਨੀਆਂ ਦੇ ਕੋਨੇ ਕੋਨੇ 'ਚ ਹੁੰਦੇ ਟੂਰਨਾਮੈਂਟਾਂ 'ਚ ਚਾਹੁਣ ਵਾਲੇ ਉਚੇਚੇ ਤੌਰ 'ਤੇ ਸੱਦ ਕੇ ਪੂਰਾ ਮਾਣ-ਤਾਣ ਕਰਦੇ ਹਨ। 45 ਤੋਂ 50 ਦੇਸ਼ਾਂ 'ਚ ਉਹ ਘੁੰਮ ਚੁਕੈ।

ਲਾਇਲਪੁਰ ਖਾਲਸਾ ਕਾਲਜ ਦੇ ਪੁਰਾਣੇ ਸਾਥੀ ਖਿਡਾਰੀ ਤੇ ਕਲਾਸਮੇਟ ਸ਼ੰਕਰੀਏ ਪਾਲੋ ਨੇ ਵੀ ਸ. ਸੋਢੀ ਨੂੰ ਸ਼ਾਂਤ-ਸੁਭਾਅ, ਯਾਰਾਂ ਦਾ ਯਾਰ ਤੇ ਤਕੜਾ ਖਿਡਾਰੀ ਦੱਸਿਆ। ਆਪਣੇ ਆਪ ਨੂੰ ਫਿੱਟ ਰੱਖਣ ਲਈ ਰੋਜ਼ਾਨਾ ਸਵੇਰੇ ਸਾਢੇ ਪੰਜ ਉਠ ਕੇ ਉਹ ਐਕਸਰਸਾਈਜ਼ ਵਗੈਰਾ ਕਰ ਕੇ ਤਿਆਰ ਹੋ ਜਾਂਦੈ। ਚਿਹਰੇ ਦੀ ਤਾਜ਼ਗੀ ਤੇ ਮੁਸਕਾਨ ਤੋਂ ਪਤਾ ਲੱਗ ਜਾਂਦੈ ਕਿ ਉਹ ਅਜੋਕੇ ਨੌਜਵਾਨਾਂ ਨਾਲੋਂ ਹਾਲੇ ਵੀ ਫਿੱਟ ਹੈ। ਘਰ 'ਚ ਬਣੇ ਬਗੀਚੇ 'ਚ ਖੇਡ ਕੇ ਹਾਕੀ ਦਾ ਸ਼ੌਕ ਪੂਰਾ ਕਰ ਲਿਆ ਜਾਂਦੈ। ਉਹ ਭਾਰਤੀ ਹਾਕੀ ਦੇ ਇਤਿਹਾਸ ਵਿਚ ਹਮੇਸ਼ਾ ਗੂੰਜਣ ਵਾਲਾ ਸਦਾ-ਬਹਾਰ ਖਿਡਾਰੀ ਹੈ। ਅਜਿਹੇ ਹੀਰੋ ਖਿਡਾਰੀਆਂ 'ਤੇ ਸਾਨੂੰ, ਸਮਾਜ ਅਤੇ ਦੇਸ਼ ਕੌਮ ਨੂੰ ਹਮੇਸ਼ਾ ਮਾਣ ਰਹੇਗਾ।

"ਖਿਡਾਰੀਆਂ ਨੇ ਮਿੱਟੀ ਦੀ ਲਾਜ ਰੱਖੀ,
ਖੇਡ ਮੈਦਾਨਾਂ 'ਚ ਹਿੱਕਾਂ ਤਾਣਦੇ ਰਹੇ।
ਭਾਰਤੀ ਹਾਕੀ 'ਚ ਨਵਾਂ ਇਤਿਹਾਸ ਰਚ ਕੇ,
ਭਰ ਜ਼ਿੰਦਗੀ ਮੌਜਾਂ ਮਾਣਦੇ ਰਹੇ।
'ਨੇਰੀਆਂ, ਝੱਖੜਾਂ 'ਚ ਕੀਤੀ ਤਪੱਸਿਆ ਕਿਵੇਂ,
ਸੋਢੀ ਸੂਰਮੇ ਹਾਕੀ ਦਾ ਮੁੱਲ ਜਾਣਦੇ ਨੇ।
ਖੇਡ ਸ਼ੌਕੀਨ 'ਜੱਬੋਵਾਲੀਏ ਇਕਬਾਲ' ਜਿਹੇ,
ਸੁਪਰ ਸਟਾਰ ਖਿਡਾਰੀਆਂ ਦਾ ਨਿੰਘ ਮਾਣਦੇ ਨੇ।

# ਪੱਗੜੀ ਦੀ ਮਹੱਤਤਾ ਅਤੇ ਵਿਭਿੰਨ ਸੱਭਿਆਚਾਰ

## ਪ੍ਰਤੀਕਰਮ

**ਮਾਣਯੋਗ ਸੰਪਾਦਕ ਜੀਓ,**

ਪੰਜਾਬ ਟਾਈਮਜ਼ ਦੇ 28 ਅਗਸਤ ਵਾਲੇ ਅੰਕ ਵਿਚ ਡਾ. ਬਲਵੰਤ ਐਸ. ਹੰਸਰਾ ਦਾ ਲਘੁ-ਲੇਖ "ਮੇਰੀ ਪੱਗ ਮੇਰੀ ਪਛਾਣ" ਪੜ੍ਹਿਆ। ਲਿਖਤ ਦਾ ਵਿਸ਼ਾ ਦਿਲਚਸਪ ਸੀ, ਪਰ ਇਸ ਦਾ ਕੋਈ ਤਾਤਪਰਜ ਨਿਕਲਦਾ ਨਜ਼ਰ ਨਹੀਂ ਆਇਆ। ਬਸ ਇਹੀ ਲਗਦਾ ਹੈ ਕਿ ਲੇਖਕ ਅਜਨਬੀ ਦੇਸ ਵਿਚ ਪੱਗ ਦੇ ਬਹਾਨੇ ਪੀੜਿਤ ਬਣ ਕੇ ਨਾਮਣਾ ਖੱਟਣਾ ਚਾਹੁੰਦਾ ਹੈ। ਉਨ੍ਹਾਂ ਦੀ ਲੇਖਣੀ ਵਿਚ ਇਕ ਤਰ੍ਹਾਂ ਦਾ ਅਹਿਸਾਸ-ਏ-ਕਮਤਰੀ, ਇੱਕਲੇਪਣ ਦਾ ਖੌਫ ਅਤੇ ਸਿਰ 'ਤੇ ਪੱਗ ਬੰਨ੍ਹਣ ਦਾ ਅਹਿਸਾਨ ਜਿਹਾ ਛਾਇਆ ਹੋਇਆ ਹੈ। ਸ਼ਾਇਦ ਇਸ ਦਬੇ ਅਹਿਸਾਸ ਦੀ ਨਿਕਾਸੀ ਲਈ ਹੀ ਉਨ੍ਹਾਂ ਨੇ ਇਹ ਲਿਖਤ ਲਿਖੀ ਹੋਵੇ। ਉਨ੍ਹਾਂ ਦੀ ਲਿਖਤ 'ਚੋਂ ਅਜਿਹਾ ਕੋਈ ਧਰਮ ਸੰਕਟ ਸਾਹਮਣੇ ਨਹੀਂ ਆਉਂਦਾ, ਜਿਸ ਦੇ ਸੰਦਰਭ ਵਿਚ ਉਨ੍ਹਾਂ ਦੀ ਇਹ ਗੱਲ ਢੁੱਕ ਸਕੇ। ਅਮਰੀਕਾ-ਕੈਨੇਡਾ ਵਿਚ ਲੱਖਾਂ ਅਜਿਹੇ ਲੋਕ ਰਹਿ ਰਹੇ, ਜੋ ਪੱਗੜੀ ਬੰਨ੍ਹਦੇ ਹਨ ਅਤੇ ਜਿਨ੍ਹਾਂ ਦੀ ਪਛਾਣ ਇਸ ਸਭਿਆਚਾਰਕ ਚਿੰਨ ਨਾਲ ਜੁੜੀ ਹੋਈ ਹੈ; ਪਰ ਉਨ੍ਹਾਂ ਨੇ ਕਦੇ ਇਸ ਗੱਲ ਦਾ ਬੇ-ਵਜ੍ਹਾ ਲਾਹਾ ਨਹੀਂ ਖੱਟਿਆ।

ਇੱਕਲਪੁਣੇ ਦੇ ਡਰ ਦੀ ਗੱਲ ਉਨ੍ਹਾਂ ਦੀਆਂ ਬਿਆਨ ਕੀਤੀਆਂ ਸਾਰੀਆਂ ਘਟਨਾਵਾਂ ਵਿਚੋਂ ਟਪਕਦੀ ਹੈ। ਜਦੋਂ ਉਹ 1959 ਵਿਚ ਸ਼ਿਕਾਗੋ ਦੇ ਕਿਸੇ ਵਿਦਿਅਕ ਅਦਾਰੇ ਵਿਚ ਪੜ੍ਹਨ ਆਏ ਤਾਂ ਮਨੋ ਮਨੀ ਇਹ ਸੋਚਣ ਲੱਗੇ ਕਿ ਉੱਥੇ ਇੱਕੋ ਇਕ ਉਹੀ ਦਸਤਾਰਧਾਰੀ ਸਰਦਾਰ ਹਨ। ਭਾਵੇਂ ਕਿਸੇ ਨੇ ਉਨ੍ਹਾਂ ਨੂੰ ਕੁਝ ਕਿਹਾ ਨਹੀਂ ਤਾਂ ਵੀ ਉਹ ਇਸ ਭੈਅ ਦਾ ਜ਼ਿਕਰ ਕਰਦੇ ਹਨ। ਇਸੇ ਤਰ੍ਹਾਂ ਜਦੋਂ ਉਹ ਰੈਸਟੋਰੈਂਟ ਦੀ ਭਾਲ ਵਿਚ ਫਿਰਦੇ ਲੋਕਾਂ ਦੀ ਭੀੜ ਵਿਚ ਚਲੇ ਜਾਂਦੇ ਹਨ ਤਾਂ ਵੀ ਸਹਿਮ ਜਾਂਦੇ ਹਨ। ਉਨ੍ਹਾਂ ਨੂੰ ਡਰ ਸੀ ਕਿ ਕੋਈ ਉਨ੍ਹਾਂ ਬਾਰੇ ਚੰਗੀ ਮਾੜੀ ਟਿੱਪਣੀ ਕਰੇਗਾ ਜਾਂ ਉਨ੍ਹਾਂ ਨੂੰ ਕੋਈ ਨੁਕਸਾਨ ਪਹੁੰਚਾਵੇਗਾ, ਪਰ ਕਿਸੇ ਨੇ ਅਜਿਹਾ ਕੁਝ ਨਹੀਂ ਕੀਤਾ। ਇਸ ਤਰ੍ਹਾਂ ਬਿਨਾ ਕਿਸੇ ਭੈਅ ਦੇ ਡਰ ਡਰ ਕੇ ਸਮਾਂ ਕੱਟਣ ਤੋਂ ਬਾਅਦ ਵੀ ਉਹ ਇਕੋ ਇਕ ਪਗੜੀਵਾਲੇ ਹੋਣ ਦਾ ਸਿਹਰਾ ਆਪਣੇ ਸਿਰ ਲੈਣ ਦੀ ਕੋਸ਼ਿਸ਼ ਕਰਦੇ ਹਨ। ਉਨ੍ਹਾਂ ਨੇ ਇਹ ਨਹੀਂ ਸੋਚਿਆ ਕਿ ਜੇ ਕੋਈ ਘਟਨਾ ਘਟੇ ਤਾਂ ਹੀ ਕਹਾਣੀ ਬਣਦੀ ਹੈ, ਜੇ ਨਾ ਘਟੇ ਤਾਂ ਕੁਝ ਦੱਸਣਯੋਗ ਨਹੀਂ ਹੁੰਦਾ।

ਡਾ. ਸਾਹਿਬ ਦਾ ਭਾਰਤੋਂ ਲਿਆਂਦਾ ਮਾਨਸਿਕ ਡਰ ਉਦੋਂ ਪੂਰੀ ਤਰ੍ਹਾਂ ਜਾਹਰ ਹੋ ਜਾਂਦਾ ਹੈ, ਜਦੋਂ ਉਹ ਅਮਰੀਕਾ ਵਿਚ ਆਪਣੀਆਂ ਨੌਕਰੀਆਂ ਦੀ ਗੱਲ ਕਰਦੇ ਹਨ। ਜੇ ਇਕ ਕੰਪਨੀ ਨੇ ਨੌਕਰੀ ਨਾ ਦਿੱਤੀ ਤਾਂ ਉਹ ਪੱਗੜੀ ਦੇ ਨਾਂ ਲਾ ਦਿੰਦੇ ਹਨ, ਪਰ ਜਿਨ੍ਹਾਂ ਕਈਆਂ ਨੇ ਪੱਗੜੀ ਦੇ ਬਾਵਜੂਦ ਜੌਬਾਂ ਦੇ ਦਿੱਤੀਆਂ, ਉਨ੍ਹਾਂ ਦਾ ਕੋਈ ਜ਼ਿਕਰ ਹੀ ਨਹੀਂ ਕਰਦੇ।

ਜਿਨ੍ਹਾਂ ਲੋਕਾਂ ਨੂੰ ਸਾਡੇ ਸਭਿਆਚਾਰ ਦਾ ਬਹੁਤਾ ਇਲਮ ਨਹੀਂ, ਜਿਨ੍ਹਾਂ ਦੀਆਂ ਇਸ ਨਾਲ ਭਾਵਨਾਵਾਂ ਨਹੀਂ ਜੁੜੀਆਂ ਹੋਈਆਂ ਅਤੇ ਜੋ ਆਪਣੇ



ਕੰਮ ਨਾਲ ਕੰਮ ਰੱਖਦੇ ਹੋਏ ਦੂਜਿਆਂ ਦੀ ਦਿੱਖ ਦਾ ਸਨਮਾਨ ਕਰਦੇ ਹਨ, ਉਨ੍ਹਾਂ ਤੋਂ ਆਪਣੇ ਸਭਿਆਚਾਰ ਪ੍ਰਤੀ ਦਵੈਸ਼ ਜਾਂ ਉਚੇਚ ਦੀ ਆਸ ਰੱਖਣਾ ਖੁਦ ਆਪਣੇ ਦਵੈਸ਼ ਦਾ ਇਜ਼ਹਾਰ ਕਰਨਾ ਹੈ। ਹਾਂ, 2001 ਤੋਂ ਬਾਅਦ ਦੀ ਸਥਿਤੀ ਰਤਾ ਵੱਖਰੀ ਹੈ ਤੇ ਇਸ ਦੇ ਕਾਰਨ ਵੀ ਵੱਖਰੇ ਹਨ। ਪਰ ਅੱਜ ਕੱਲ੍ਹ ਵੀ ਜੇ ਕੋਈ ਜਾਹਲ ਤੇ ਅਗਿਆਨੀ ਪੱਗ ਤੋਂ ਸ਼ਨਾਖਤ ਕਰ ਕੇ ਕਿਸੇ 'ਤੇ ਵਾਰ ਕਰਦਾ ਹੈ, ਇਸ ਦਾ ਇਹ ਕਾਰਨ ਨਹੀਂ ਕਿ ਉਹ ਪੱਗ ਦਾ ਵਿਰੋਧੀ ਹੈ। ਉਹ ਇਕ ਅਕਲ ਤੋਂ ਕੋਰਾ ਤੇ ਅਜਿਹਾ ਗੁਮਰਾਹ ਵਿਅਕਤੀ ਤਾਂ ਹੋ ਸਕਦਾ ਹੈ, ਜਿਸ ਨੂੰ ਆਪਣੀਆਂ ਦਿਸ਼ਾਹੀਣ ਭਾਵਨਾਵਾਂ ਨੂੰ ਵਿਅਕਤ ਕਰਨ ਦਾ ਵੱਲ ਨਾ ਹੋਵੇ, ਪਰ ਉਹ ਪੱਗੜੀ ਦਾ ਦੁਸ਼ਮਣ ਨਹੀਂ ਹੋ ਸਕਦਾ।

ਸੰਨ 1996 ਵਿਚ ਜਦੋਂ ਮੈਂ ਅਮਰੀਕਾ ਆਇਆ ਤਾਂ ਮੈਂ ਸਾਈਕਲ 'ਤੇ ਚੜ੍ਹ ਕੇ ਨੇੜੇ-ਤੇੜੇ ਦੀਆਂ ਸਭ ਯੂਨੀਵਰਸਿਟੀਆਂ ਦਾ ਦੌਰਾ ਕੀਤਾ। ਸੈਨ ਹੋਜ਼ੇ ਸਟੇਟ ਯੂਨੀਵਰਸਿਟੀ ਦੇ ਰਾਜਨੀਤੀ ਵਿਗਿਆਨ ਤੇ ਧਰਮ ਅਧਿਐਨ ਵਿਭਾਗਾਂ ਵਿਚ ਗਿਆ ਤੇ ਉਨ੍ਹਾਂ ਦੇ ਮੁਖੀਆਂ ਨੂੰ ਮਿਲਿਆ। ਧਰਮ ਅਧਿਐਨ ਦੇ ਮੁਖੀ ਪ੍ਰੋ. ਕ੍ਰਿਸ਼ਚੀਅਨ ਨੇ ਮੇਰੇ 'ਜਪੁਜੀ ਸਾਹਿਬ ਦੇ ਪ੍ਰਾਜੈਕਟ' ਵਿਚ ਬਹੁਤ ਰੁਚੀ ਦਿਖਾਈ ਤੇ ਉਸੇ ਵੇਲੇ ਮੈਨੂੰ ਆਪਣੇ ਵਿਭਾਗ ਵਿਚ ਏਸ਼ੀਅਨ ਰਿਲੀਜਨਜ਼ ਦਾ ਪਰਚਾ ਪੜ੍ਹਾਉਣ ਦੀ ਪੇਸ਼ਕਸ਼ ਕੀਤੀ। ਉਸ ਨੇ ਕਿਹਾ ਉੱਥੇ ਸਿੱਖਿਜ਼ਮ ਹਾਲੇ ਇਸੇ ਪਰਚੇ ਦਾ ਭਾਗ ਹੈ, ਪਰ ਅਗਲੇ ਸਾਲ ਮੇਰੀ ਸਲਾਹ ਨਾਲ ਸਿੱਖੀ ਦਾ ਪੂਰਾ ਪਰਚਾ ਸਿਲੇਬਸ ਵਿਚ ਲਾ ਦਿੱਤਾ ਜਾਵੇਗਾ। ਥੋੜ੍ਹੇ ਸਮੇਂ ਲਈ ਆਇਆ ਹੋਣ ਕਰਕੇ ਮੈਂ ਨੌਕਰੀ ਲੈਣ ਤੋਂ ਨਾਂਹ ਕਰ ਦਿੱਤੀ। ਮੈਂ ਪੱਗੜੀ ਪਹਿਨੀ ਹੋਈ ਸੀ ਤੇ ਪ੍ਰੋ. ਕ੍ਰਿਸ਼ਚੀਅਨ ਨੇ ਇਹ ਨਹੀਂ ਸੀ ਪਹਿਨੀ ਹੋਈ। ਜੇ ਉਹ ਮੇਰੀ ਪੱਗੜੀ ਨੂੰ ਨਫਰਤ ਕਰਦਾ ਹੁੰਦਾ ਜਾਂ ਪੱਗੜੀ ਕਰਕੇ ਮੈਨੂੰ ਘਟੀਆ ਸਮਝਦਾ ਹੁੰਦਾ ਤਾਂ ਮੈਨੂੰ ਜੌਬ ਦੀ ਪੇਸ਼ਕਸ਼ ਨਾ ਕਰਦਾ।

ਇਸ ਤੋਂ ਬਾਅਦ ਮੈਂ ਵੈਸਟ ਵੈਲੀ ਕਾਲਜ ਵਿਚ ਜਾ ਕੇ ਜਾਬ ਮੰਗੀ, ਉਨ੍ਹਾਂ ਨੇ ਉਸੇ ਵੇਲੇ ਮੇਰੇ ਕੋਲੋਂ ਅਰਜ਼ੀ ਭਰਵਾ ਕੇ ਇੰਟਰਵਿਊ 'ਤੇ ਸੱਦਣ ਦੀ ਗੱਲ ਕੀਤੀ। ਮੈਂ ਕੋਈ ਜਾਬ ਲੈਣੀ ਨਹੀਂ ਸੀ, ਮੈਂ ਤਾਂ ਇੱਥੋਂ ਦੀ ਜਾਬ ਮਾਰਕਿਟ ਦਾ ਜਾਇਜ਼ਾ ਲੈਣਾ ਚਾਹੁੰਦਾ ਸਾਂ। ਪੱਗੜੀ ਪਹਿਨਿਆਂ ਮੈਂ ਕਈ ਸਟਾਫਿੰਗ ਏਜੰਸੀਆਂ ਕੋਲ ਗਿਆ, ਸਟੋਰਾਂ ਵਿਚ ਗਿਆ, ਸਕੂਲ ਜਿਲ੍ਹਿਆਂ ਵਿਚ ਗਿਆ ਤੇ ਹਸਪਤਾਲਾਂ ਵਿਚ ਗਿਆ। ਮੈਨੂੰ ਕਿਸੇ ਥਾਂ ਪਗੜੀ ਕਾਰਨ ਕੰਮ ਤੋਂ ਇਨਕਾਰ ਨਹੀਂ ਹੋਇਆ। ਪੱਗੜੀ ਹੁੰਦਿਆਂ ਮੈਨੂੰ ਇਕ ਹਸਪਤਾਲ ਨੇ ਇਕ ਨਰਸਿੰਗ ਜਾਬ ਦੀ ਪੇਸ਼ਕਸ ਕੀਤੀ ਤੇ ਇਕ ਵੱਡੇ ਬੁੱਕ ਸਟੋਰ ਨੇ ਕਸਟਮਰ ਸਰਵਿਸ ਦੀ ਜਾਬ ਦੇਣ ਦੀ ਗੱਲ ਕੀਤੀ। ਇਕ ਨਾਮਾਵਰ ਸਟੋਰ ਨੇ ਮੈਨੂੰ ਕੈਸ਼ੀਅਰ ਦੀ ਤੇ ਇਕ ਮਨੋਰੰਜਨ ਕੰਪਨੀ ਨੇ ਸਿਨੇਮਾ ਮੈਨੇਜਰ ਦੀ ਅਸਾਮੀ 'ਤੇ ਨਿਯੁਕਤ ਕਰਨ ਦੀ ਗੱਲ ਕਹੀ। ਕਿਸੇ ਨੇ ਮੇਰਾ ਧਰਮ ਨਹੀਂ ਪੁੱਛਿਆ ਤੇ ਕਿਸੇ ਨੇ ਪੱਗੜੀ 'ਤੇ ਇਤਰਾਜ਼ ਨਹੀਂ ਕੀਤਾ।

ਸਾਲ 2001 ਵਿਚ ਜਦੋਂ ਅਮਰੀਕੀ ਟਰੇਡ ਸੈਂਟਰਾਂ 'ਤੇ ਅਤਿਵਾਦੀ ਹਮਲਾ ਹੋਇਆ ਤਾਂ ਸਾਰਾ ਦੇਸ ਗੁੱਸੇ ਵਿਚ ਆਇਆ ਹੋਇਆ ਸੀ। ਗਹਿਰੇ ਰਾਸ਼ਟਰੀ ਸਦਮੇ ਕਾਰਨ ਚਾਰੇ ਪਾਸੇ ਦਹਿਸ਼ਤ ਤੇ ਖਾਮੋਸ਼ੀ ਦਾ ਮਾਹੌਲ ਬਣ ਗਿਆ ਸੀ। ਉਨ੍ਹਾਂ ਦਿਨਾਂ ਵਿਚ ਮੈਂ ਸੈਨ ਹੋਜ਼ੇ ਦੇ ਸਕੂਲਾਂ ਵਿਚ ਸਬਸਟੀਚਿਊਟ ਟੀਚਰ ਦੀ ਜਾਬ ਕਰਦਾ ਸਾਂ। ਹਮਲੇ ਤੋਂ ਦੂਜੇ ਦਿਨ ਲੰਚ ਬ੍ਰੇਕ ਖਤਮ ਹੋਣ ਤੋਂ ਬਾਅਦ ਮੈਂ ਆਪਣੇ ਕਮਰੇ ਵਲ ਜਾ ਰਿਹਾ ਸਾਂ। ਪੱਗੜੀ ਪਹਿਨੀ ਦੇਖ ਇਕ ਮਨਚਲਾ ਵਿਦਿਆਰਥੀ ਮੇਰੇ ਵੱਲ ਇਸ਼ਾਰਾ ਕਰ ਕੇ "ਆਬੂ", "ਆਬੂ" ਚਿਲਾਉਣ ਲੱਗਿਆ। ਉਸ ਨੂੰ ਦੇਖ ਕੇ ਪੰਜ-ਚਾਰ ਹੋਰ ਵਿਦਿਆਰਥੀ ਵੀ ਉਹੀ ਕੁਝ ਕਹਿਣ ਲੱਗੇ। ਸਭ ਨੂੰ ਪਤਾ ਸੀ ਕਿ ਇਹ ਇਕ ਵਿਸ਼ੇਸ਼ ਮੱਧ-ਏਸ਼ੀਆਈ ਭਾਈਚਾਰੇ ਦੀ ਛੇੜ ਸੀ। ਮੈਂ ਬਿਨਾ ਧਿਆਨ ਦਿੱਤੇ ਚਲਦਾ ਗਿਆ। ਰਸਤੇ ਵਿਚ ਮੈਨੂੰ ਇਕ ਅਧਿਆਪਕ ਖੜ੍ਹੀ ਮਿਲੀ। ਉਸ ਨੇ ਮੈਨੂੰ ਸਰਸਰੀ ਤੌਰ 'ਤੇ ਕਿਹਾ, "ਮੈਨੂੰ ਪਤਾ ਹੈ, ਇਹ ਮੇਰੇ ਵਿਦਿਆਰਥੀ ਹਨ।" ਮੈਂ ਮੁਸਕਰਾ ਕੇ ਅੱਗੇ ਲੰਘ ਗਿਆ। ਥੋੜ੍ਹੀ ਦੇਰ ਬਾਅਦ ਮੇਰੇ ਕਮਰੇ ਵਿਚ ਪ੍ਰਿੰਸੀਪਲ ਆਇਆ ਤੇ ਕਹਿਣ ਲੱਗਿਆ, "ਤੁਹਾਡੀ ਕਲਾਸ ਮੈਂ ਸੰਭਾਲਦਾ ਹਾਂ, ਤੁਸੀਂ ਫਲਾਂ ਕਮਰੇ ਵਿਚ ਜਾਓ।" ਮੈਂ ਦੇਖਿਆ ਕਿ ਉੱਥੇ ਉਹੀ ਅਧਿਆਪਕ ਹਾਜ਼ਰ ਸੀ, ਜੋ ਬਾਹਰ ਮਿਲੀ ਸੀ। ਉਸ ਨੇ ਸਾਰੀ ਕਲਾਸ ਸਾਹਮਣੇ ਮੇਰੇ ਕੋਲੋਂ ਮੁਆਫੀ ਮੰਗੀ ਕਿ ਉਸ ਦੇ ਵਿਦਿਆਰਥੀਆਂ ਨੇ ਮੇਰੇ ਨਾਲ ਅਸੱਭਿਆ ਸਲੂਕ ਕੀਤਾ ਸੀ। ਉਸ ਨੇ ਕਿਹਾ ਕਿ ਇਸ ਵਿਚ ਕੁਝ ਉਸ ਦਾ ਕਸੂਰ ਵੀ ਹੈ, ਜੋ ਉਸ ਨੇ ਉਨ੍ਹਾਂ ਨੂੰ ਚੰਗੀ ਤਹਿਜ਼ੀਬ ਨਹੀਂ ਸਿਖਾਈ। ਫਿਰ ਉਸ ਨੇ ਉਨ੍ਹਾਂ ਵਿਦਿਆਰਥੀਆਂ 'ਤੇ ਵੀ ਲੈਕਚਰ ਝਾੜਿਆ ਤੇ ਉਨ੍ਹਾਂ ਤੋਂ ਮੁਆਫੀ ਮੰਗਵਾਈ। ਮੈਨੂੰ ਬੜਾ ਗੌਰਵ ਹੋਇਆ। ਆਪਣੇ 'ਤੇ ਨਹੀਂ, ਸਗੋਂ ਉਨ੍ਹਾਂ 'ਤੇ ਜਿਨ੍ਹਾਂ ਨੇ ਮੇਰੇ ਜਿਹੇ ਅਜਨਬੀ ਦੇ ਕਲਚਰ ਦਾ ਇੰਨਾ ਮਾਣ ਕੀਤਾ।

ਦੂਜੇ ਦਿਨ ਇਕ ਹੋਰ ਸਕੂਲ ਵਿਚ ਇਕ ਅਧਿਆਪਕ ਨੇ ਮੈਨੂੰ ਦੌੜ ਕੇ ਰੋਕਿਆ ਤੇ ਮੇਰੀ ਪੱਗੜੀ ਬਾਰੇ ਜਾਣਕਾਰੀ ਲਈ। ਉਹ ਇੰਨਾ ਪ੍ਰਭਾਵਿਤ ਹੋਇਆ ਕਿ ਉਸ ਨੇ ਮੈਨੂੰ ਉਸ ਦੇ ਕਲਾਸ ਰੂਮ ਵਿਚ ਜਾ ਕੇ ਉਸ ਦੇ ਵਿਦਿਆਰਥੀਆਂ ਨੂੰ ਪੱਗੜੀ ਬਾਰੇ ਸੰਬੋਧਨ ਕਰਨ ਲਈ ਸਮਾਂ ਮੰਗਿਆ। ਉੱਥੇ ਪਹੁੰਚ ਕੇ ਮੈਂ ਉਸ ਦੇ ਵਿਦਿਆਰਥੀਆਂ ਨੂੰ ਪਗੜੀ ਬਾਰੇ ਦੱਸਿਆ। ਉਸ ਅਧਿਆਪਕ ਸਮੇਤ ਸਾਰੀ ਕਲਾਸ ਉਦੋਂ ਬਹੁਤ ਖੁਸ਼ ਹੋਈ, ਜਦੋਂ ਮੈਂ ਸਿੱਖਾਂ ਦੀਆਂ ਬਹੁ-ਰੰਗੀ ਪੱਗੜੀਆਂ ਅਤੇ ਇਨ੍ਹਾਂ ਦੇ ਕਸਵੇਂ ਸਟਾਈਲ ਦਾ ਵੇਰਵਾ ਦਿੱਤਾ। ਮੈਂ ਇਨ੍ਹਾਂ ਦੀ ਹੋਰ ਫਿਰਕਿਆਂ ਦੀਆਂ ਲਪੇਟ ਕੇ ਬੰਨੀਆਂ ਸਫੈਦ ਪੱਗਾਂ ਤੋਂ ਭਿੰਨਤਾ ਸਮਝਾਈ। ਵਿਦਿਆਰਥੀਆਂ ਨੇ ਇਸ ਨੂੰ ਆਪਣੀ ਜਾਣਕਾਰੀ ਵਿਚ ਠੋਸ ਵਾਧਾ ਦੱਸਿਆ। ਅਗਲੇ ਦਿਨ ਇਕ ਹੋਰ ਅਧਿਆਪਕ ਭੈਣ ਨੇ ਤਾਂ ਹੋਰ ਵੀ ਅਨੋਖੀ ਪੇਸ਼ਕਸ਼ ਕਰ ਦਿੱਤੀ। ਉਸ ਨੇ ਆਪਣੀ ਕਲਾਸ ਵਿਚ ਬੱਚਿਆਂ ਨੂੰ ਪੱਗੜੀ ਦੇ ਇਤਿਹਾਸ ਬਾਰੇ ਦੱਸਣ ਦੇ ਨਾਲ ਨਾਲ ਵਿਦਿਆਰਥੀਆਂ ਨੂੰ ਪੱਗੜੀ ਬੰਨ੍ਹ ਕੇ ਦਿਖਾਉਣ ਲਈ ਬੇਨਤੀ ਕੀਤੀ। ਜਦੋਂ ਮੈਂ ਬੰਨ ਕੇ ਦਿਖਾਉਣ ਲਈ ਪੱਗੜੀ ਖੋਲ੍ਹੀ ਤਾਂ ਬੱਚੇ ਪੱਗ ਦੀ ਲੰਬਾਈ ਦੇਖ ਕੇ ਹੈਰਾਨ ਰਹਿ ਗਏ। ਸ਼ਾਇਦ ਉਨ੍ਹਾਂ ਨੇ ਜੀਵਨ ਵਿਚ ਪਹਿਲੀ ਵਾਰ ਕੱਪੜੇ ਦਾ ਇੱਡਾ ਲੰਮਾ ਟੁਕੜਾ ਦੇਖਿਆ ਹੋਵੇ। ਕਈ ਤਾਂ ਉਚੇਚੇ ਪੱਗੜੀ ਨੂੰ ਹੱਥ ਲਾਉਣ ਲਈ ਆਏ। ਜਦੋਂ ਮੈਂ ਪਗੜੀ ਬੰਨ ਹਟਿਆ ਤਾਂ ਉਨ੍ਹਾਂ ਦੀ ਅਧਿਆਪਕ ਨੇ ਉਹੀ ਪੱਗੜੀ ਆਪਣੇ ਸਿਰ 'ਤੇ ਲਪੇਟਣ ਦੀ ਇਜਾਜ਼ਤ ਮੰਗੀ। ਮੈਂ ਉਸ ਨੂੰ ਇਸ ਕੰਮ ਲਈ ਆਪਣੀ ਇਕ ਪੱਗੜੀ ਅਗਲੇ ਦਿਨ ਭੇਟ ਕਰ ਕੇ ਆਇਆ।

ਮੈਂ ਅਮਰੀਕਾ ਦੇ ਵੱਖ ਵੱਖ ਅਦਾਰਿਆਂ ਵਿਚ ਕੋਈ ਪੰਦਰਾਂ ਸਾਲ ਪੜ੍ਹਾਇਆ ਤੇ ਵੱਖ ਵੱਖ ਗਰੇਡਾਂ ਦੀਆਂ ਕਲਾਸਾਂ ਵਿਚ ਗਿਆ, ਪਰ ਕਿਸੇ ਇਕ ਥਾਂ ਵੀ ਮੈਨੂੰ ਕਿਸੇ ਨੇ ਪਗੜੀ ਕਾਰਨ ਓਪਰਾ ਨਹੀਂ ਸਮਝਿਆ ਤੇ ਨਾ ਹੀ ਇਸ ਕਾਰਨ ਵਿਤਕਰਾ ਦਰਸਾਇਆ। ਇੱਥੋਂ ਤੀਕ ਕਿ ਜਦੋਂ ਮੈਂ ਪੜ੍ਹਾਉਣ ਦਾ ਲਾਈਸੈਂਸ ਲੈਣ ਲਈ ਯੂਨੀਵਰਸਿਟੀ ਕੋਰਸ ਵਿਚ ਦਾਖਲਾ ਲਿਆ ਤਾਂ ਕੋਰਸ ਡਾਇਰੈਕਟਰ ਡਾ. ਜੇਨ ਗਰੇਡੀਅਨ ਨੂੰ ਪੁੱਛਿਆ, "ਮੈਂ ਪੱਗੜੀ ਪਹਿਨਦਾ ਹਾਂ, ਕੀ ਮੈਨੂੰ ਇਸ ਕਾਰਨ ਜੌਬ ਲੈਣ ਵਿਚ ਕਠਿਨਾਈ ਤਾਂ ਨਹੀਂ ਆਵੇਗੀ?"

ਉਹ ਸਮਝ ਗਈ ਤੇ ਬੋਲੀ, "ਮੇਰੇ 50 ਸਾਲਾਂ ਦੇ ਕੈਰੀਅਰ ਵਿਚ ਤਾਂ ਮੈਂ ਅਜਿਹਾ ਕੁਝ ਸੁਣਿਆ ਨਹੀਂ, ਅੱਗੋਂ ਵੀ ਅਜਿਹਾ ਕੁਝ ਨਹੀਂ ਹੋਵੇਗਾ। ਉਹ ਤਾਂ ਸਗੋਂ ਤੁਹਾਨੂੰ ਜੀ ਆਇਆਂ ਕਹਿਣਗੇ, ਕਿਉਂਕਿ ਤੁਸੀਂ ਉਨ੍ਹਾਂ ਦੇ ਸਟਾਫਰੂਮ ਨੂੰ ਬਹੁ-ਸਭਿਆਚਾਰਕ ਬਣਾਓਗੇ।" ਉਸ ਦੇ ਭਰੋਸੇ ਮੈਂ ਉਹ ਕੋਰਸ ਕੀਤਾ ਤੇ ਕੰਮ ਧੰਦੇ ਵਿਚ ਹਰ ਥਾਂ ਬਰਾਬਰ ਦਾ ਵਰਤਾਓ ਪ੍ਰਾਪਤ ਕੀਤਾ। ਉਸ ਵੇਲੇ ਦੀ ਚੁਰਾਸੀ ਸਾਲਾਂ ਦੀ ਅਣਥੱਕ ਤੇ ਗਹਿਣਿਆਂ ਨਾਲ ਲੱਦੀ ਪ੍ਰੋ. ਜੇਨ ਜੇ ਅੱਜ ਜਿਉਂਦੀ ਹੋਈ ਤਾਂ ਇਸ ਗੱਲ ਦੀ ਜ਼ਰੂਰ ਗਵਾਹੀ ਦੇਵੇਗੀ।

ਸੰਖੇਪ ਵਿਚ ਪੱਗੜੀ ਅਸੀਂ ਇਸ ਲਈ ਸਜਾਉਂਦੇ ਹਾਂ ਕਿ ਇਹ ਸਾਡੇ ਸਭਿਆਚਾਰ ਦਾ ਅੰਗ ਹੈ। ਇਸ ਵਿਚ ਡਰਨ-ਡਰਾਉਣ ਤੇ ਉਚ-ਨੀਚ ਦੀ ਕੋਈ ਗੱਲ ਨਹੀਂ। ਕਿੰਨਾ ਅਜੀਬ ਹੈ ਕਿ ਲੋਕ ਪੈਰਾਂ ਵਿਚ ਵੀ ਜੁਰਾਬਾਂ ਪਾਈ ਫਿਰਦੇ ਹਨ ਤੇ ਕੋਈ ਨਹੀਂ ਗੌਲਦਾ, ਤੇ ਦੂਜੇ ਪਾਸੇ ਦਸਤਾਰ ਪ੍ਰੇਮੀ ਆਪਣੇ ਪਿਤਾ-ਪੁਰਖੀ ਪਹਿਰਾਵੇ ਲਈ ਵੀ ਸਪਸ਼ਟੀਕਰਣ ਦਿੰਦੇ ਫਿਰਦੇ ਹਨ। ਪੱਗੜੀ ਨੂੰ ਅਸੀਂ ਆਪਣੇ ਲਈ ਪਹਿਨਦੇ ਹਾਂ, ਨਾ ਕਿ ਕਿਸੇ ਨੂੰ ਦਿਖਾਉਣ, ਧਮਕਾਉਣ ਜਾਂ ਅਹਿਸਾਨ ਜਤਾਉਣ ਲਈ। ਚੰਗਾ ਹੁੰਦਾ ਜੇ ਡਾ. ਹੰਸਰਾ ਪੱਗੜੀ ਦੀ ਮਹੱਤਤਾ ਨੂੰ ਮੁੱਖ ਰੱਖ ਕੇ ਲਿਖਦੇ।

***-ਡਾ. ਗੋਬਿੰਦਰ ਸਿੰਘ ਸਮਰਾਓ***

# ਤੜਕੇ ਵਾਲੀ ਦਾਲ

ਤੜਕਾ ਸਿਰਫ ਜੀਭ ਦਾ ਸੁਆਦ ਨਹੀਂ, ਇਹ ਸਮਰਿੱਧੀ ਅਤੇ ਰੁਤਬੇ ਦਾ ਖਲਾਇਕ ਵੀ ਹੈ। ਕਈ ਬਜ਼ੁਰਗਾਂ ਨੂੰ ਦੇਖਿਐ, ਉਹ ਆਪਣੀ ਚਾਹ ਨੂੰ ਦੇਸੀ ਘਿਊ ਦਾ ਤੜਕਾ ਲਾਉਂਦੇ ਸੀ। ਅੱਜ ਕੱਲ੍ਹ ਰੇਸਤਰਾਂ ਵਿਚ ਮਿਲਦੀ 'ਦਾਲ ਮੱਖਣੀ' ਤਾਂ ਥੋੜ੍ਹੇ ਦਿਨਾਂ ਦੀ ਗੱਲ ਹੈ। ਤੜਕੇ 'ਚ ਭੁੱਜਦੇ ਲਸਣ-ਅਦਰਕ ਦੀ ਮਹਿਕ ਜਦੋਂ ਆਂਢ-ਗੁਆਂਢ ਫੈਲ ਜਾਵੇ ਤਾਂ ਸਮਝਿਆ ਜਾਂਦਾ ਹੈ ਕਿ ਘਰ ਵਿਚ ਜਸ਼ਨ ਦਾ ਮਾਹੌਲ ਹੈ। ਇਸ ਵਿਚ ਮਹਿਮਾਨ ਨਿਵਾਜੀ ਦੀ ਖੁਸ਼ਬੂ ਵੀ ਲੁਕੀ ਹੁੰਦੀ ਹੈ।



**ਅਵਤਾਰ ਗੋਂਦਾਰਾ**
**ਫੋਨ: 559-375-2589**

ਕਚਹਿਰੀ ਵਿਚ ਬਹੁਤ ਸਾਰੇ ਬਜ਼ੁਰਗਾਂ ਨਾਲ ਵਾਹ ਪਿਆ, ਜਿਨ੍ਹਾਂ ਨੂੰ ਔਲਾਦ ਨੇ ਹਾਸ਼ੀਏ ਵੱਲ ਧੱਕ ਦਿੱਤਾ ਸੀ। ਆਪਣੇ ਹੱਥੀਂ ਬਣਾਏ, ਕਈ ਕਮਰਿਆਂ ਵਾਲੇ ਘਰਾਂ 'ਚ ਉਨ੍ਹਾਂ ਲਈ ਕੋਈ ਥਾਂ ਨਹੀਂ ਸੀ। ਉਨ੍ਹਾਂ ਦਾ ਜੇਬ ਖਰਚ ਬੰਦ ਸੀ। ਉਹ ਆਪਣੇ ਖੁੱਸ ਗਏ ਰੁਤਬੇ ਲਈ ਮਸ਼ਵਰਾ ਲੈਣ ਆਉਂਦੇ। ਕਈ ਨਿੱਤ ਨੇਮੀਆਂ ਦੀ 'ਰੁੱਖੀ ਸੁੱਖੀ ਖਾ ਕੇ, ਠੰਢਾ ਪਾਣੀ ਪੀ' ਵਾਲੀ ਬਾਬਾ ਫਰੀਦ ਦੀ ਸਿੱਖਿਆ ਵੀ ਢਾਰਸ ਨਹੀਂ ਸੀ ਬੰਨ੍ਹਾਉਂਦੀ।

ਅਜਿਹਾ ਇਕ ਕੇਸ ਸਾਬਕਾ ਫੌਜੀ ਦਾ ਸੀ, ਉਸ ਨਾਲ ਗੱਲ ਕਰਕੇ ਪਤਾ ਲੱਗਿਆ ਕਿ ਉਸ ਨੂੰ ਤੜਕੇ ਵਾਲੀ ਦਾਲ-ਸਬਜੀ ਖਾਣ, ਸਵੈ-ਮਾਣ ਤੇ ਆਪਣੀਆਂ ਸ਼ਰਤਾਂ 'ਤੇ ਜਿਊਣ ਦੀ ਲਲਕ ਵੀ ਸੀ। ਉਹ ਪਿੰਡ ਦੀ ਨੰਬਰਦਾਰੀ ਦੀ ਦਾਅਵੇਦਾਰੀ ਦੇ ਕੇਸ ਲਈ ਆਇਆ ਸੀ। ਸਾਹਿਬ-ਏ-ਜਾਇਦਾਦ, ਸਾਬਕਾ ਫੌਜੀ ਹੋਣ ਦੇ ਨਾਲ ਨਾਲ ਉਹ ਭਰਵੇਂ ਜੁੱਸੇ ਦਾ ਮਾਲਕ ਵੀ ਸੀ। ਪਿੰਡ ਦੇ ਹੋਰ ਵੀ ਦਾਅਵੇਦਾਰ ਸਨ, ਮੁਕਾਬਲਾ ਫਸਵਾਂ ਸੀ, ਪਰ ਜਮੀਨ, ਫੌਜ ਦੀ ਨੌਕਰੀ, ਪਿੰਡ ਦੇ ਮੋਹਤਬਰਾਂ ਵਲੋਂ ਉਸ ਦੀ ਸ਼ਰਾਫਤ, ਲੋਕ ਭਲਾਈ ਦੇ ਕੰਮਾਂ ਲਈ ਦਿੱਤੀਆਂ ਗਵਾਹੀਆਂ ਕਾਰਨ ਕੇਸ ਉਸ ਦੇ ਹੱਕ ਵਿਚ ਹੋ ਗਿਆ। ਹੁਣ ਉਹ ਨੰਬਰਦਾਰ ਸੀ।

ਆਦਤਨ, ਜਿੱਤੇ ਕੇਸ ਦੀ ਵਧਾਈ ਦਿੰਦਿਆਂ ਮੈਂ ਉਸ ਨੂੰ ਕਿਹਾ, "ਨੰਬਰਦਾਰ ਜੀ, ਆਪਣਾ ਵਕੀਲ ਤੇ ਸਾਇਲ ਵਾਲਾ ਰਿਸ਼ਤਾ ਹੁਣ ਖਤਮ ਅਤੇ ਭਾਈਚਾਰਕ ਸ਼ੁਰੂ ਹੋ ਗਿਐ, ਲੰਘਦੇ ਟੱਪਦੇ ਮੇਲ-ਜੋਲ ਬਣਾਈ ਰੱਖਣਾ।" ਉਸ ਲਈ ਚਾਹ ਮੰਗਵਾਈ ਗਈ।

ਚਾਹ ਪੀਂਦਿਆਂ ਮੈਂ ਉਸ ਦਾ ਹਾਲ-ਚਾਲ ਪੁੱਛਿਆ, "ਹੁਣ ਤੱਕ ਤਾਂ ਕੇਸ ਬਾਰੇ ਹੀ ਗੱਲਾਂ ਹੁੰਦੀਆਂ ਰਹੀਆਂ। ਆਵਦੀ ਕਬੀਲਦਾਰੀ ਬਾਰੇ ਦੱਸੋ, ਕਿਵੇਂ ਬੀਤਦੀ ਐ?"

ਉਸ ਨੇ ਮੇਰੇ ਵੱਲ ਨੀਝ ਨਾਲ ਵੇਖਿਆ, ਸੁਆਲ ਜਿਵੇਂ ਸਿੱਧਾ ਉਸ ਦੇ ਸੀਨੇ ਵਿਚ ਵੱਜਿਆ ਹੋਵੇ। ਸ਼ਾਇਦ ਉਸ ਦਾ ਗੱਚ ਭਰ ਆਇਆ। ਮੈਨੂੰ ਲੱਗਿਆ, ਮੈਂ ਉਸ ਦੀ ਕਿਸੇ ਦੁਖਦੀ ਰਗ 'ਤੇ ਹੱਥ ਰੱਖ ਦਿੱਤਾ ਸੀ। ਭਰੇ ਗਲੇ ਨਾਲ ਉਸ ਨੇ ਗੱਲ ਸ਼ੁਰੂ ਕੀਤੀ, "ਚੰਗਾ ਤੁਸੀਂ ਗੱਲ ਛੇੜ'ਤੀ। ਮੇਰਾ ਹਾਲ ਤਾਂ ਕਿਸੇ ਨੇ ਪੁੱਛਿਆ ਈ ਨ੍ਹੀਂ। ਮੇਰੇ ਕੋਲ 20 ਏਕੜ ਜ਼ਮੀਨ ਆ, ਪੈਨਸ਼ਨ ਵੀ ਮਿਲਦੀ ਆ। ਹਰ ਮਹੀਨੇ ਕੰਟੀਨ ਤੋਂ ਤਿੰਨ ਬੋਤਲਾਂ ਰੰਮ ਦੀਆਂ ਲਿਆਉਂਦਾ ਹਾਂ। ਖੇਤ ਬੰਨੇ ਵੀ ਜਾਂਦਾ ਹਾਂ। ਹੁਣ ਨੰਬਰਦਾਰੀ ਵੀ ਮਿਲ ਗਈ। ਏਨਾ ਕੁਝ ਐ, ਪਰ ਮੇਰੀ ਹਾਲਤ ਮੰਗਤਿਆਂ ਤੋਂ ਬਦਤਰ ਐ।"

ਮੈਨੂੰ ਉਸ ਦੀ ਬੇਵਸੀ ਦੀ ਗੱਲ ਸਮਝ ਨਾ ਆਈ। ਉਸ ਕੋਲ ਜਮੀਨ ਹੈ, ਪੈਸਾ ਹੈ। ਹੁਣ ਤੱਕ ਇਹੀ ਸੁਣਿਆ ਸੀ ਕਿ ਆਰਥਿਕ ਤੌਰ 'ਤੇ ਸਵੈ-ਨਿਰਭਰ ਹੋਣ ਨਾਲ ਬੰਦਾ, ਆਜ਼ਾਦ ਹੋ ਜਾਂਦਾ ਹੈ। ਉਸ ਕੋਲ ਕਾਹਦੀ ਘਾਟ ਸੀ, ਜੋ ਉਸ ਨੂੰ ਬੇਵਸ ਬਣਾਈ ਜਾ ਰਹੀ ਸੀ। ਮੈਂ ਉਸ ਨੂੰ ਹੋਰ ਕੁਰੇਦਿਆ।

ਉਸ ਨੇ ਗੱਲ ਤੋਰੀ, "ਦਸ ਵਰ੍ਹੇ ਪਹਿਲਾਂ ਮੇਰੀ ਘਰ ਵਾਲੀ ਗੁਜਰ ਗਈ। ਪਹਿਲਾਂ ਰੋਟੀ-ਟੁੱਕ ਦਾ ਉਹ ਖਿਆਲ ਰੱਖਦੀ ਸੀ। ਮੇਰਾ ਇਕੋ ਇੱਕ ਮੁੰਡਾ ਸੀ। ਉਸ ਦਾ ਵਿਆਹ ਕੀਤਾ ਕਿ ਘਰੇ ਰੋਟੀ ਪਕਦੀ ਹੋ'ਜੂ। ਮੈਨੂੰ ਮੁੱਢੋਂ, ਤੜਕੇ ਵਾਲੀ ਦਾਲ-ਸਬਜੀ ਖਾਣੀ ਚੰਗੀ ਲਗਦੀ ਆ, ਦੂਜੀ ਹਜ਼ਮ ਈ ਨਹੀਂ ਆਉਂਦੀ। ਨੂੰਹ ਨੇ ਆਉਣ ਸਾਰ ਉਲਟਾ-ਪਲਟਾ ਕਰ'ਤਾ। ਕਹਿੰਦੀ, ਘਿਊ ਤਾਂ ਬੁੱਢੇ ਵਾਰੇ ਉਂ ਈ ਚੰਗਾ ਨ੍ਹੀਂ, ਨਾਲੇ ਹੁਣ ਕਿਹੜਾ ਬਾਪੂ ਨੇ ਘੁਲਣ ਲਗਣੈ। ਕਲੇਸ਼ ਤੋਂ ਡਰਦਿਆਂ, ਮੈਂ ਸਟੋਵ, ਤੜਕਣੀ, ਘਿਊ, ਲੂਣ-ਮਿਰਚਾਂ ਆਦਿ ਲਿਆ ਕੇ ਆਵਦੀ ਬੈਠਕ 'ਚ ਰੱਖ ਲੀਆਂ। ਮਰਜੀ ਨਾਲ ਚਾਹ ਬਣਾ ਲੈਣੀ, ਦਾਲ-ਸਬਜੀ ਨੂੰ ਤੜਕਾ ਲਾ ਲੈਣਾ, ਪਰ ਕੁਝ ਦਿਨਾਂ ਬਾਅਦ ਗੱਲ ਵਧ ਗਈ। ਨੂੰਹ ਨੇ ਮੁੰਡੇ ਨੂੰ ਕਿਹਾ ਹੋਊ। ਮੁੰਡਾ ਮੇਰੇ ਨਾਲ ਖਹਿਬੜ ਪਿਆ ਕਿ ਬਾਪੂ ਤੂੰ ਸਾਨੂੰ ਲੋਕਾਂ 'ਚ ਠਿੱਠ ਕਰਨੈਂ। ਸਾਨੂੰ ਲੋਕ ਕਹਿਣਗੇ ਕਿ ਪਿਊ ਨੂੰ ਰੋਟੀ ਨ੍ਹੀਂ ਦਿੰਦੇ। ਆਵਦੀ ਬੈਠਕ ਵਾਲੀ ਰਸੋਈ ਬੰਦ ਕਰ। ਮੇਰਾ ਖਾਣਾ-ਪੀਣਾ ਦੁੱਭਰ ਕਰ'ਤਾ।" ਉਸ ਨੇ ਹੱਥ ਜੋੜ ਕੇ ਮੱਥੇ ਨੂੰ ਲਾਏ ਤੇ ਅਸਮਾਨ ਵੱਲ ਦੇਖਿਆ।

ਮੈਂ ਡੌਰ-ਭੌਰ ਉਸ ਵਲ ਦੇਖਿਆ, ਇਹ ਕਾਨੂੰਨ ਤੋਂ ਬਾਹਰ ਦਾ ਮਸਲਾ ਸੀ। ਉਹ ਬੋਲਿਆ, "ਮੈਂ ਰੋਜ਼ ਆਥਣੇ ਰੋਟੀ ਤੋਂ ਪਹਿਲਾਂ ਦੋ ਹਾਅੜੇ ਲਾਉਂਨਾ। ਕੰਟੀਨ ਤੋਂ ਲਿਆਂਦੀ ਰੰਮ ਨਾਲ ਮੇਰਾ ਸੋਹਣਾ ਮਹੀਨਾ ਲੰਘ ਜਾਂਦਾ ਸੀ। ਵਿਆਹ ਤੋਂ ਮਗਰੋਂ ਮੁੰਡਾ ਆਨੀ-ਬਹਾਨੀ ਉਹ ਵੀ ਚੁੱਕ ਕੇ ਲੈ ਜਾਂਦਾ ਹੈ। ਉਸ ਦਾ ਸਹੁਰਿਆਂ ਤੋਂ ਕੋਈ ਨਾ ਕੋਈ ਆਇਆ ਰਹਿੰਦਾ ਹੈ। ਮੈਂ ਠੇਕੇ ਤੋਂ ਲਿਆ ਕੇ ਡੰਗ ਸਾਰਦਾਂ। ਮੇਰੇ 'ਚ ਆਹ ਈ ਐਬ ਆ, ਜੇ ਇਸ ਨੂੰ ਐਬ ਆਖਣੈ। ਲੋਕਾਂ ਦੀਆਂ ਨਜ਼ਰਾਂ 'ਚ ਮੈਂ ਸਰਦਾਰ ਹਾਂ, ਪਰ ਮੇਰੀ ਜੂਨ ਕੋਈ ਨ੍ਹੀਂ।"

"ਮੈਂ ਵਧੀਆ ਘਰ ਪਾਇਆ। ਮਾਂ-ਬਾਪ ਵਲੋਂ ਮਿਲੀ ਜਾਇਦਾਦ ਨ੍ਹੀਂ ਗੁਆਈ। ਸ਼ਰਾਬੀ ਹੋ ਕੇ ਗਲੀਆਂ 'ਚ ਲਲਕਾਰੇ ਨ੍ਹੀਂ ਮਾਰਦਾ ਫਿਰਦਾ, ਨੰਬਰਦਾਰੀ ਦਾ ਕੇਸ ਥੋਡੇ ਸਾਹਮਣੇ ਆ, ਸਾਰਾ ਪਿੰਡ ਮੇਰੇ ਹੱਕ 'ਚ ਭੁਗਤਿਆ। ਝੱਗਾ ਚੁੱਕਿਆਂ ਆਵਦਾ ਹੀ ਢਿੱਡ ਨੰਗਾ ਹੁੰਦਾ। ਦੱਸੋ, ਮੇਰਾ ਕਸੂਰ ਕੀ ਆ।" ਉਸ ਨੇ ਲੰਮਾ ਸਾਹ ਲਿਆ ਤੇ ਗੱਲ ਖਤਮ ਕੀਤੀ।

ਮੇਰੇ ਕੋਲ ਉਸ ਦੇ ਸੁਆਲ ਦਾ ਕੋਈ ਜੁਆਬ ਨਹੀਂ ਸੀ। ਮੈਂ ਚੁੱਪ ਸੀ। ਮੈਨੂੰ ਲੱਗਿਆ ਕਿ ਉਹ ਜਿੱਤਿਆ ਹੋਇਆ ਸਾਇਲ ਤੇ ਹਾਰਿਆ ਹੋਇਆ ਕਬੀਲਦਾਰ ਸੀ।

ਮੈਨੂੰ ਇੱਕ ਹੋਰ ਸਰਪੰਚ ਰਹਿ ਚੁਕੇ ਬੰਦੇ ਦਾ ਕੇਸ ਯਾਦ ਆਇਆ। ਕੰਮ ਸੰਭਾਲਦਿਆਂ ਹੀ, ਉਸ ਦੇ ਇਕਲੌਤੇ ਮੁੰਡੇ ਨੇ ਉਸ ਦਾ 'ਹੁੱਕਾ-ਪਾਣੀ' ਬੰਦ ਕਰ ਦਿੱਤਾ। ਮੈਂ ਉਸ ਨੂੰ ਕਿਹਾ, ਉਹ ਮਾਲਕ ਹੈ, ਜ਼ਮੀਨ ਵੇਚ ਕੇ ਸ਼ਹਿਰ ਰਹਿ ਸਕਦਾ ਹੈ। ਉਹ ਬੋਲਿਆ, "ਮੁੰਡਾ ਮਰਵਾ ਦੇਵੇਗਾ।" ਉਸ ਨੇ ਹਾਲੀਆ ਵਾਪਰੀਆਂ ਘਟਨਾਵਾਂ ਦਾ ਹਵਾਲਾ ਦਿੰਦਿਆ ਕਿਹਾ ਕਿ ਉਸ ਦਾ ਮੁੰਡਾ ਕੁਝ ਵੀ ਕਰਵਾ ਸਕਦਾ ਹੈ। ਉਸ ਦੀ ਹਾਲਤ ਬੜੀ ਤਰਸਯੋਗ ਸੀ। ਮੁੰਡੇ ਦੇ ਜਨਮ ਵੇਲੇ ਉਸ ਨੇ ਪਤਾ ਨਹੀਂ ਕੀ ਕੀ ਜਸ਼ਨ ਮਨਾਏ ਹੋਣਗੇ, ਤੇ ਕੀ ਕੀ ਸੁਫਨੇ ਲਏ ਹੋਣਗੇ। ਮੈਂ ਸੋਚਿਆ, ਕਾਨੂੰਨ ਵੀ ਉਸ ਦੀ ਮਦਦ ਕਰਦਾ ਹੈ, ਜਿਸ ਦੀਆਂ ਲੱਤਾਂ ਵਿਚ ਜਾਨ ਹੋਵੇ।

ਮੈਨੂੰ ਯਾਦ ਆਇਆ, ਫਰੀਦਕੋਟ ਰਾਜੇ ਦੇ ਬੀੜ ਵਿਚ ਡੇਰਾ ਬਣਾਈ ਬੈਠੇ ਸਾਧ ਨੇ ਕਈ ਕਿੱਲੇ ਜਮੀਨ ਵਲੀ ਹੋਈ ਸੀ। ਉਥੇ ਉਸ ਦੀ ਵਾਹਵਾ ਸਿੱਖੀ-ਸੇਵਕੀ ਸੀ। ਪਿੰਡ ਵਾਲੇ ਉਸ ਨੂੰ ਬੇਦਖਲ ਕਰਨਾ ਚਾਹੁੰਦੇ ਸਨ। ਸਾਧ ਮੇਰੇ ਕੋਲ ਆਇਆ, ਕਬਜੇ ਦੇ ਆਧਾਰ 'ਤੇ ਉਸ ਨੂੰ ਆਰਜੀ ਸਟੇਅ ਮਿਲ ਗਿਆ। ਕੁਝ ਦਿਨਾਂ ਬਾਅਦ ਫੇਰ ਮੇਰੇ ਕੋਲ ਆਇਆ, ਮੈਨੂੰ ਉਸ ਦੀ ਪਛਾਣ ਨਾ ਆਈ। ਉਸ ਦਾ ਮੂੰਹ ਸੁੱਜਿਆ ਹੋਇਆ ਸੀ। ਪਿੰਡ ਵਾਲਿਆਂ ਨੇ ਉਸ ਦੀ ਗਿੱਦੜ ਕੁੱਟ ਕੀਤੀ। ਉਸ ਦਾ ਡੇਰਾ ਢਾਹ ਦਿੱਤਾ, ਤੇ ਸਾਰਾ ਮਲਬਾ ਰਾਤੋ ਰਤਾ ਚੁੱਕ ਕੇ, ਡੇਰ ਦਾ ਨਾਮੋ ਨਿਸ਼ਾਨ ਮਿਟਾ ਦਿੱਤਾ। ਸਾਧ ਮੈਨੂੰ ਬੁੜ ਬੁੜ ਕਰ ਰਿਹਾ ਸੀ ਕਿ ਉਸ ਦੀ ਬੇਦਖਲੀ ਵਿਚ ਸਟੇਅ ਕੰਮ ਨ੍ਹੀਂ ਆਇਆ।

ਮੈਂ ਸਰਪੰਚ ਨੂੰ ਕਿਹਾ ਕਿ ਕਾਨੂੰਨ ਵੀ ਤਕੜੇ ਦੀ ਹੀ ਮੱਦਦ ਕਰਦਾ ਹੈ। ਇਸ ਲਈ ਉਸ ਕੋਲ ਦੋ ਹੀ ਰਾਹ ਹਨ, ਆਜ਼ਾਦ ਹੋ ਕੇ ਮਰਨਾ ਜਾਂ ਗੁਲਾਮ ਹੋ ਕੇ ਜਿਉਣਾ। ਮੇਰੇ ਦਿਮਾਗ ਵਿਚ ਸੁਆਲਾਂ ਦਾ ਘਮਸਾਨ ਚੱਲ ਰਿਹਾ ਸੀ। ਇਹ ਰਿਸ਼ਤਿਆਂ ਦੇ ਪਾਣੀਆਂ 'ਚ ਆਈ ਹੋਈ ਸੁਨਾਮੀ ਆਪਣੇ ਵੇਗ 'ਚ ਪਰਿਵਾਰਾਂ ਨੂੰ ਵਹਾ ਰਹੀ ਹੈ।

ਜਮੀਨ ਮਾਲਕੀ ਦੇ ਆਸਰੇ ਖੜ੍ਹੇ ਬਾਪੂਆਂ ਦੇ ਦਬਦਬੇ ਦਾ ਸੂਰਜ ਅਸਤ ਹੋ ਰਿਹਾ ਹੈ। ਨੰਬਰਦਾਰ ਤੇ ਸਰਪੰਚ ਵਰਗੇ ਬੰਦੇ ਕਿਸ ਤਰ੍ਹਾਂ ਦੇ ਕੈਦੀ ਹਨ, ਜਿਨ੍ਹਾਂ ਦੇ ਪੈਰਾਂ 'ਚ ਨਾ ਬੇੜੀਆਂ ਹਨ, ਨਾ ਆਸੇ-ਪਾਸੇ ਜੇਲ੍ਹ ਦੀਆਂ ਕੰਧਾਂ!

# ਕਲਾਕਾਰ ਦੀ ਕਾਬਲੀਅਤ ਅਤੇ ਲੱਕੀ ਅਲੀ

ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਲੱਕੀ ਅਲੀ ਅਜਿਹਾ ਨਾਂ ਹੈ ਜਿਸ ਬਾਰੇ ਅੱਜ ਦੇ ਸਮੇਂ ਵਿਚ ਹਰ ਕੋਈ ਜਾਣਦਾ ਹੈ। 90ਵਿਆਂ ਵਿਚ ਆਏ ਉਸ ਦੇ ਗੀਤ 'ਓ ਸਨਮ' ਅਤੇ 'ਤੇਰੀ ਯਾਦੇਂ ਆਤੀ ਹੈਂ' ਸਮੇਤ ਹੋਰ ਗੀਤ ਅੱਜ ਵੀ ਤਾਜ਼ਾ ਲਗਦੇ ਹਨ। ਲੱਕੀ ਇਸ ਨੂੰ ਵਰਦਾਨ ਸਮਝਦਾ ਹੈ ਕਿ ਇੰਨੇ ਸਾਲ ਬਾਅਦ ਵੀ ਲੋਕ ਉਸ ਨਾਲ ਜੁੜੇ ਹੋਏ ਹਨ ਪਰ ਉਸ ਨੂੰ ਲੱਗਦਾ ਹੈ ਕਿ ਕਲਾਕਾਰਾਂ ਲਈ ਕੁਝ ਵੀ ਸਦਾ ਲਈ ਨਹੀਂ ਰਹਿੰਦਾ। ਰਿਲੀਜ਼ ਹੋਣ ਵਾਲੇ ਦਿਨ ਤੋਂ ਅੱਜ ਤੱਕ ਤਾਜ਼ਾ ਲੱਗਣ ਵਾਲੇ ਗੀਤਾਂ ਬਾਰੇ ਗੱਲਬਾਤ ਕਰਦਿਆਂ ਲੱਕੀ ਅਲੀ ਨੇ ਕਿਹਾ, "ਇਹ ਰੱਬੀ ਦਾਤ ਹੈ। ਮੈਂ ਉਨ੍ਹਾਂ ਚੀਜ਼ਾਂ ਲਈ ਪਰਮਾਤਮਾ ਦਾ ਸ਼ੁਕਰਗੁਜ਼ਾਰ ਹਾਂ ਜਿਹੜੀਆਂ ਆਮ ਤੌਰ 'ਤੇ ਸਾਡੇ ਲਈ ਸਦਾ ਲਈ ਨਹੀਂ ਰਹਿੰਦੀਆਂ। ਜਿੰਨਾ ਚਿਰ ਤੁਸੀਂ ਇੱਥੇ ਹੋ ਅਤੇ ਖੁਦ ਨੂੰ ਪ੍ਰਗਟ ਕਰਨ ਦੇ ਕਾਬਿਲ ਹੋ, ਉਦੋਂ ਤੱਕ ਤੁਹਾਡੀ ਅਹਿਮੀਅਤ ਹੈ ਤੇ ਜਿਸ ਪਲ ਤੁਸੀਂ ਬਾਜ਼ਾਰ ਦੀਆਂ ਜ਼ਰੂਰਤਾਂ ਅੱਗੇ ਝੁਕ ਜਾਂਦੇ ਹੋ ਤਾਂ ਇਸ ਦਾ ਅੰਤ ਹੋ ਜਾਂਦਾ ਹੈ।" ਜਦੋਂ ਲੱਕੀ ਨੂੰ ਪੁੱਛਿਆ ਗਿਆ ਕਿ ਉਸ 'ਤੇ ਕਦੇ ਆਪਣੀ ਅਹਿਮੀਅਤ ਕਾਇਮ ਰੱਖਣ ਦਾ ਦਬਾਅ ਰਿਹਾ ਹੈ, ਤਾਂ ਉਸ ਨੇ ਕਿਹਾ,



"ਨਹੀਂ। ਮੈਨੂੰ ਯਾਦ ਹੈ ਕਿ ਜਦੋਂ ਮੈਨੂੰ ਪਹਿਲੀ ਵਾਰ ਆਪਣੇ ਕੰਮ ਲਈ ਪਛਾਣ ਮਿਲੀ ਸੀ ਤਾਂ ਇਹ ਮੇਰੇ ਲਈ ਨਿੱਜੀ ਤੌਰ 'ਤੇ ਨਵੀਂ ਚੀਜ਼ ਸੀ। ਉਂਜ ਮੈਂ ਆਪਣੇ ਪਰਿਵਾਰ ਵਿਚ ਇਹ ਸਭ ਕੁੱਝ ਦੇਖਿਆ ਹੈ।

# ਤੱਬੂ ਦੀ ਭੁਲ ਭੁਲੱਈਆ

ਕੌਮੀ ਪੁਰਸਕਾਰ ਜੇਤੂ ਅਦਾਕਾਰਾ ਤੱਬੂ ਨੇ ਅਨੀਸ ਬਜ਼ਮੀ ਦੇ ਨਿਰਦੇਸ਼ਨ ਹੇਠ ਬਣ ਰਹੀ ਫਿਲਮ 'ਭੂਲ ਭੁਲੱਈਆ-2' ਦੀ ਸ਼ੂਟਿੰਗ ਮੁੜ ਆਰੰਭ ਕਰ ਦਿੱਤੀ ਹੈ। ਇਹ ਜਾਣਕਾਰੀ ਅਦਾਕਾਰ ਕਾਰਤਿਕ ਆਰਿਅਨ ਨੇ ਸਾਂਝੀ ਕੀਤੀ ਹੈ। ਬਜ਼ਮੀ ਨੇ ਵੀ ਇਸ ਬਾਰੇ ਦੱਸਿਆ ਸੀ ਕਿ ਮਾਰਚ ਵਿਚ ਕਾਰਤਿਕ ਆਰਿਅਨ ਦੇ ਕਰੋਨਾ ਪਾਜ਼ੇਟਿਵ ਆਉਣ ਮਗਰੋਂ ਫਿਲਮ ਦੀ ਸ਼ੂਟਿੰਗ ਰੋਕ ਦਿੱਤੀ ਗਈ ਸੀ ਜੋ ਹੁਣ ਸ਼ੁਰੂ ਹੋ ਚੁੱਕੀ ਹੈ। ਇਸ ਫਿਲਮ ਵਿਚ ਅਦਾਕਾਰਾ ਕਿਆਰਾ ਅਡਵਾਨੀ ਵੀ ਦਿਖਾਈ ਦੇਵੇਗੀ ਜਿਸ ਦੀ ਕਹਾਣੀ ਫਰਹਦ ਸਾਮਜੀ ਤੇ ਆਕਾਸ਼ ਕੌਸ਼ਿਕ ਨੇ ਲਿਖੀ ਗਈ। ਜ਼ਿਕਰਯੋਗ ਹੈ ਕਿ ਇਹ ਫਿਲਮ 2007 ਵਿਚ ਪ੍ਰਿਯਦਰਸ਼ਨ ਦੀ ਬਣਾਈ ਫਿਲਮ 'ਭੂਲ ਭੁਲੱਈਆ' ਦਾ ਅਗਲਾ ਭਾਗ ਹੈ।



ਤੱਬੂ ਦਾ ਪੂਰਾ ਨਾਂ ਤਬੱਸੁਮ ਫਾਤਿਮਾ ਹਾਸ਼ਮੀ ਹੈ ਅਤੇ ਉਸ ਨੇ ਫਿਲਮੀ ਦੁਨੀਆ ਅੰਦਰ ਪੈਰ 1982 ਵਿਚ ਹੀ ਪਾ ਲਿਆ ਸੀ ਜਦੋਂ ਉਹ ਸਿਰਫ 11 ਵਰ੍ਹਿਆਂ ਦੀ ਸੀ। 1982 ਵਿਚ ਆਈ ਫਿਲਮ 'ਬਾਜ਼ਾਰ' ਵਿਚ ਉਸ ਦਾ ਰੋਲ ਬਹੁਤ ਛੋਟਾ ਜਿਹਾ ਸੀ ਪਰ ਤਿੰਨ ਸਾਲ ਬਾਅਦ ਜਦੋਂ ਫਿਲਮ 'ਹਮ ਨੌਜਵਾਨ' ਰਿਲੀਜ਼ ਹੋਈ ਤਾਂ ਉਸ ਨੇ ਸਭ ਦਾ ਧਿਆਨ ਖਿੱਚਿਆ। ਫਿਰ 21 ਵਰ੍ਹਿਆਂ ਦੀ ਉਮਰ ਵਿਚ ਉਸ ਦੀ ਤੈਲਗੂ ਫਿਲਮ 'ਕੁਲੀ ਨੰਬਰ 1' ਰਿਲੀਜ਼ ਹੋਈ। ਇਸ ਤੋਂ ਬਾਅਦ ਉਸ ਨੇ ਕੁਝ ਹਿੰਦੀ ਫਿਲਮਾਂ ਵੀ ਕੀਤੀਆਂ।

ਇਸ ਸਾਲ ਉਸ ਦੀਆਂ ਦੋ ਫਿਲਮਾਂ ਦੀਆਂ ਤਿਆਰੀਆਂ ਚੱਲ ਰਹੀਆਂ ਹਨ: ਇਕ ਤਾਂ 'ਭੂਲ ਭੁਲੱਈਆ-2' ਹੀ ਹੈ ਅਤੇ ਦੂਜੀ ਫਿਲਮ 'ਭੀਸ਼ਮ ਪਰਵਮ' ਹੈ। ਇਸ ਫਿਲਮ ਦਾ ਹੀਰੋ ਮਮੂਟੀ ਹੈ। ਇਹ ਇਕ ਅਜਿਹੇ ਗੈਂਗਸਟਰ ਦੀ ਕਹਾਣੀ ਹੈ ਜੋ ਬਾਅਦ ਵਿਚ ਬੜਾ ਕਾਮਯਾਬ ਕਾਰੋਬਾਰੀ ਬਣ ਜਾਂਦਾ ਹੈ। ਇਸੇ ਦੌਰਾਨ ਹਾਲਾਤ ਇਸ ਤਰ੍ਹਾਂ ਬਦਲਦੇ ਹਨ ਕਿ ਉਸ ਦਾ ਭੂਤਕਾਲ ਉਸ ਨੂੰ ਫਿਰ ਆਣ ਚਿੰਬੜਦਾ ਹੈ।

# ਕੰਮ ਹੀ ਤੁਹਾਡੇ ਹੁਨਰ ਨੂੰ ਨਿਖਾਰਦਾ ਹੈ: ਅਲੀ ਫਜ਼ਲ

ਫਿਲਮਾਂ ਅਤੇ ਵੈੱਬ ਸੀਰੀਜ਼ ਵਿਚ ਆਪਣੀ ਸ਼ਾਨਦਾਰ ਅਦਾਕਾਰੀ ਸਦਕਾ ਸੁਰਖੀਆਂ 'ਚ ਆਏ ਅਦਾਕਾਰ ਅਲੀ ਫਜ਼ਲ ਦਾ ਕਹਿਣਾ ਹੈ ਕਿ ਕੰਮ ਦੀ ਗੁਣਵੱਤਾ ਹੀ ਹੁਨਰ ਨੂੰ ਨਿਖਾਰਦੀ ਹੈ। ਹਾਲਾਂਕਿ ਇੱਕ ਵੇਲਾ ਉਹ ਵੀ ਸੀ ਕਿ ਜਦੋਂ ਉਹ ਸਿਰਫ ਕੰਮ ਦੀ ਮਾਤਰਾ 'ਤੇ ਧਿਆਨ ਦਿੰਦਾ ਸੀ। ਕੰਮ ਦੀ ਗੁਣਵੱਤਾ ਬਾਰੇ ਅਲੀ ਦਾ ਕਹਿਣਾ ਹੈ, "ਇਹ ਸਾਰੇ ਅਦਾਕਾਰਾਂ ਲਈ ਵੱਡਾ ਸੁਆਲ ਹੈ। ਅਸੀਂ ਸਾਰੇ ਕੰਮ ਦੀ ਗੁਣਵੱਤਾ ਵੱਲ ਦੇਖਦੇ ਹਾਂ। ਜੇ ਗੁਣਵੱਤਾ ਨਾਲ ਕੰਮ ਦੀ ਮਾਤਰਾ ਵੀ ਆਉਂਦੀ ਹੈ ਤਾਂ ਇਹ ਸਭ ਤੋਂ ਬਿਹਤਰ ਗੱਲ ਹੈ ਪਰ ਅਸਲੀ ਗੱਲ ਗੁਣਵੱਤਾ ਦੀ ਹੈ ਜਿਸ ਦਾ ਕੋਈ ਤੋੜ ਨਹੀਂ ਹੈ। ਇਸ ਤੋਂ ਬਗੈਰ ਤੁਸੀਂ ਬਹੁਤੀ ਦੇਰ ਟਿਕੇ ਨਹੀਂ ਰਹਿ ਸਕਦੇ। ਇਸ ਕਾਰਜ ਵਿਚ ਤੁਹਾਨੂੰ ਰੱਜ ਕੇ ਮਿਹਨਤ ਕਰਨੀ ਹੀ ਪਵੇਗੀ।" ਅਲੀ ਨੇ ਕਿਹਾ ਕਿ ਜੇ ਇਹ ਸਵਾਲ ਉਹਦੇ ਕੋਲੋਂ ਸਾਲ ਪਹਿਲਾਂ ਪੁੱਛਿਆ ਜਾਂਦਾ ਤਾਂ ਉਹ ਜਵਾਬ ਵਿਚ ਮਾਤਰਾ ਆਖਦਾ ਕਿਉਂਕਿ ਉਸ ਵਕਤ ਕੰਮ ਦੀ ਵੱਧ ਲੋੜ ਸੀ। ਅਲੀ ਨੇ ਕਿਹਾ, "ਮੇਰਾ ਮੰਨਣਾ ਹੈ ਕਿ ਕਿਤੇ ਨਾ ਕਿਤੇ ਕੁਝ ਬਦਲਾਅ ਹੋਇਆ ਹੈ ਜੋ ਗੁਣਵੱਤਾ ਬਾਰੇ ਹੈ। ਜ਼ਿਕਰਯੋਗ ਹੈ ਕਿ ਅਲੀ ਫਜ਼ਲ ਨੇ ਆਪਣੇ ਹਿੰਦੀ ਫਿਲਮੀ ਸਫਰ ਦੀ ਸ਼ੁਰੂਆਤ 2009 ਵਿਚ ਫਿਲਮ '3 ਇਡੀਅਟ' ਰਾਹੀਂ ਕੀਤੀ ਸੀ। ਇਸ ਮਗਰੋਂ ਉਹ 'ਆਲਵੇਜ਼ ਕਭੀ ਕਭੀ' ਵਿਚ ਨਜ਼ਰ ਆਇਆ। ਉਸ ਦੇ ਸਫਰ ਦੀ ਸਫਲ ਸ਼ੁਰੂਆਤ 'ਫੁਕਰੇ', 'ਵਿਕਟੋਰੀਆ ਤੇ ਅਬਦੁਲ' ਅਤੇ ਵੈੱਬ ਲੜੀ 'ਮਿਰਜ਼ਾਪੁਰ' ਤੋਂ ਹੋਈ।

15 ਅਕਤੂਬਰ 1986 ਨੂੰ ਜਨਮੇ ਅਲੀ ਫਜ਼ਲ ਆਪਣੇ ਕਰੀਅਰ ਦੀ ਸ਼ੁਰੂਆਤ ਅੰਗਰੇਜ਼ੀ



ਫਿਲਮ 'ਦਿ ਅਦਰ ਐਂਡ ਆਫ ਦਿ ਲਾਈਨ' ਨਾਲ ਕੀਤੀ ਸੀ। ਫਿਰ ਉਹ ਅਮਰੀਕੀ ਟੈਲੀਵਿਜ਼ਨ ਦੀ ਮਿਨੀ ਸੀਰੀਜ਼ 'ਬੌਲੀਵੁੱਡ ਹੀਰੋ' ਵਿਚ ਨਜ਼ਰ ਆਇਆ। ਹਿੰਦੀ ਫਿਲਮਾਂ ਵਿਚ ਉਸ ਨੇ 2009 ਵਿਚ '3 ਇਡੀਅਟ' ਫਿਲਮ ਨਾਲ ਪ੍ਰਵੇਸ਼ ਕੀਤਾ ਸੀ।

ਇਸ ਸਾਲ ਉਸ ਦੀ ਇਕ ਹੋਰ ਫਿਲਮ 'ਹੈਪੀ ਅਬ ਭਾਗ ਜਾਏਗੀ' ਰਿਲੀਜ਼ ਹੋ ਰਹੀ ਹੈ। ਉਹ ਫਿਲਮਸਾਜ਼ ਕੈਨੇਥ ਬ੍ਰਨਾਗ ਦੀ ਫਿਲਮ 'ਡੈੱਥ ਔਨ ਦਿ ਨੀਲ' ਵਿਚ ਕੰਮ ਕਰ ਰਿਹਾ ਹੈ। ਇਹ ਫਿਲਮ 1937 ਵਿਚ ਛਪੇ ਅਗਾਥਾ ਕ੍ਰਿਸਟੀ ਦੇ ਇਸੇ ਨਾਂ ਵਾਲੇ ਨਾਵਲ 'ਤੇ ਆਧਾਰਿਤ ਹੈ। ਉਸ ਦਾ ਆਖਣਾ ਹੈ ਕਿ ਉਹ ਹੁਣ ਸਿਰਫ ਤੇ ਸਿਰਫ ਚੋਣਵੀਆਂ ਫਿਲਮਾਂ ਹੀ ਕਰਦਾ ਹੈ।

# ਬੱਚਿਆਂ ਲਈ ਕਿਤਾਬਾਂ ਦਾ ਤੋਹਫਾ

ਬਾਲੀਵੁੱਡ ਅਦਾਕਾਰਾ ਸੋਹਾ ਅਲੀ ਖਾਨ ਅਤੇ ਉਸ ਦਾ ਪਤੀ ਕੁਨਾਲ ਖੇਮੂ ਬੱਚਿਆਂ ਦੇ ਜੀਵਨ ਨਾਲ ਸਬੰਧਤ ਕਹਾਣੀਆਂ 'ਤੇ ਆਧਾਰਿਤ ਲੜੀਵਾਰ ਤਿੰਨ ਕਿਤਾਬਾਂ ਲਿਖਣਗੇ। ਪੈਂਗੁਇਨ ਰੈਂਡਮ ਹਾਊਸ ਇੰਡੀਆ ਨੇ ਐਲਾਨ ਕੀਤਾ ਹੈ ਕਿ ਉਨ੍ਹਾਂ ਚਿੱਤਰਾਂ ਵਾਲੀਆਂ ਕਿਤਾਬਾਂ ਦੀ ਲੜੀ ਪ੍ਰਕਾਸ਼ਿਤ ਕਰਨ ਸਬੰਧੀ ਜੋੜੇ ਤੋਂ ਅਖਤਿਆਰ ਲੈ ਲਏ ਗਏ ਹਨ। ਇਨ੍ਹਾਂ ਵਿਚ ਕੁਲ ਤਿੰਨ ਕਿਤਾਬਾਂ ਹੋਣਗੀਆਂ ਜਿਸ ਦਾ ਨਾਮ ਹੋਵੇਗਾ 'ਇੰਨੀ ਔਰ ਬੋਬੋ'। ਇਸ ਲੜੀ ਦੀ ਪਹਿਲੀ ਕਿਤਾਬ ਅਗਲੇ ਸਾਲ ਰਿਲੀਜ਼ ਹੋਵੇਗੀ। 'ਇੰਨੀ ਔਰ ਬੋਬੋ' ਅਜਿਹੇ ਬੱਚੇ ਦੇ ਜੀਵਨ 'ਤੇ ਆਧਾਰਿਤ ਕਿਤਾਬ ਹੈ ਜੋ ਨਵੇਂ ਦੋਸਤ ਬਣਾਉਣ ਅਤੇ ਕੁੱਤੇ ਪਾਲਣ ਵਿਚ ਖੁਸ਼ੀ ਲੱਭਦਾ ਹੈ। ਇਨ੍ਹਾਂ ਪੁਸਤਕਾਂ ਰਾਹੀਂ ਨੌਜਵਾਨਾਂ ਨੂੰ ਵੀ ਹਮਦਰਦੀ ਜਤਾਉਣ ਦੇ ਨਵੇਂ ਢੰਗਾਂ ਅਤੇ ਜੀਵਨ ਦੇ ਕੁਝ ਨਵੇਂ ਸਿਧਾਂਤਾਂ ਬਾਰੇ ਪਤਾ ਲੱਗੇਗਾ।

ਸੋਹਾ ਅਤੇ ਕੁਨਾਲ ਨੇ ਆਪਣੀ ਤਿੰਨ ਸਾਲਾ ਬੇਟੀ ਇਨਾਇਆ ਨਾਊਮੀ ਖੇਮੂ ਬਾਰੇ ਦੱਸਿਆ ਕਿ ਉਹ ਹਮੇਸ਼ਾ ਨਵੀਆਂ ਕਹਾਣੀਆਂ ਸੁਣਨ ਲਈ ਉਤਸ਼ਾਹਿਤ ਰਹਿੰਦੀ ਹੈ। ਉਨ੍ਹਾਂ ਦਾ ਕਹਿਣਾ ਕਿ ਇਨ੍ਹਾਂ ਕਿਤਾਬਾਂ ਦਾ ਜਨਮ ਅਸਲ ਵਿਚ ਇਨਾਇਆ ਨਾਲ ਜੁੜ ਕੇ ਹੀ ਹੋਇਆ ਹੈ। ਇਨਾਇਆ ਦਾ ਪਾਲਸ-ਪੋਸ਼ਣ ਕਰਦਿਆਂ ਹੀ ਉਨ੍ਹਾਂ ਨੂੰ ਇਹ ਕਹਾਣੀਆਂ ਸੁੱਝੀਆਂ। ਇਸ ਬਾਰੇ ਅਗਾਂਹ ਗੱਲ ਤੁਰੀ ਤਾਂ





ਗੱਲ ਕਿਤਾਬਾਂ ਛਾਪਣ ਤੱਕ ਪੁੱਜ ਗਈ। ਇਹ ਬੜੀਆਂ ਪ੍ਰੇਰਨਾਮਈ ਕਿਤਾਬਾਂ ਹੋਣਗੀਆਂ ਅਤੇ ਬੱਚਿਆਂ ਨੂੰ ਲਗਨ ਅਤੇ ਮਿਹਨਤ ਦਾ ਸਬਕ ਸਿਖਾਉਣਗੀਆਂ। ਬੱਚਿਆਂ ਦੀ ਸ਼ਖਸੀਅਤ ਨਿਖਾਰਨ ਵਿਚ ਕਿਤਾਬਾਂ ਦਾ ਅਹਿਮ ਰੋਲ ਹੋ ਸਕਦਾ ਹੈ।

ਇਸ ਜੋੜੀ ਦਾ ਆਖਣਾ ਹੈ ਕਿ ਇਨਾਇਆ ਦੇ ਜਨਮ ਤੋਂ ਬਾਅਦ ਉਨ੍ਹਾਂ ਦੀ ਜ਼ਿੰਦਗੀ ਬਾਰੇ ਸੋਚ ਉਕਾ ਹੀ ਬਦਲ ਗਈ ਹੈ। ਅਸਲ ਵਿਚ, ਬੱਚੇ ਤੁਹਾਡੀ ਅਜਹੀ ਰਚਨਾ ਹੁੰਦੇ ਹਨ ਜਿਨ੍ਹਾਂ ਨੂੰ ਤੁਸੀਂ ਸਦਾ ਹੀ ਬੁਲੰਦੀਆਂ 'ਤੇ ਦੇਖਣਾ ਚਾਹੁੰਦੇ ਹੋ ਅਤੇ ਇਸ ਕਾਰਜ ਲਈ ਤੁਹਾਨੂੰ ਬਹੁਤ ਗੰਭੀਰ ਹੋ ਕੇ ਸੋਚਣਾ ਅਤੇ ਉਸੇ ਹਿਸਾਬ ਨਾਲ ਕੰਮ ਕਰਨਾ ਪੈਂਦਾ ਹੈ।

# ਕੁਨਾਲ ਕਪੂਰ ਬਾਬਰ ਬਣਿਆ

'ਦਿ ਐਂਪਾਇਰ' ਵਿਚ ਬਾਬਰ ਦੀ ਭੂਮਿਕਾ ਨਿਭਾਅ ਰਹੇ ਅਦਾਕਾਰ ਕੁਨਾਲ ਕਪੂਰ ਨੇ ਆਪਣੇ ਪੁਰਾਣੇ ਸਮੇਂ ਨੂੰ ਯਾਦ ਕਰਦਿਆਂ ਦੱਸਿਆ ਕਿ ਜਦੋਂ ਉਹ ਫਿਲਮਾਂ ਦੇ ਸੈੱਟ 'ਤੇ ਮੌਜੂਦ ਹੁੰਦਾ ਸੀ ਤਾਂ ਅਕਸਰ ਖੁਦ ਨੂੰ ਸਵਾਲ ਪੁੱਛਦਾ ਸੀ ਕਿ ਉਹ ਆਖਰ ਇਹ ਸਭ ਕੁਝ ਕਿਉਂ ਕਰ ਰਿਹਾ ਹੈ? ਇੱਕ ਇੰਟਰਵਿਊ ਦੌਰਾਨ ਕੁਨਾਲ ਕਪੂਰ ਨੇ ਦੱਸਿਆ, "ਜਦੋਂ ਮੈਂ ਅਦਾਕਾਰੀ ਸ਼ੁਰੂ ਕੀਤੀ, ਉਦੋਂ ਮੈਂ ਖੁਦ ਨੂੰ ਕਿਹਾ ਕਿ ਇਹੀ ਉਹ ਕੰਮ ਹੈ ਜੋ ਮੈਂ ਸਾਰੀ ਜ਼ਿੰਦਗੀ ਕਰਨਾ ਚਾਹੁੰਦਾ ਹਾਂ। ਮੈਂ ਇਸ ਕੰਮ ਨੂੰ ਐਨਾ ਪਿਆਰ ਕਰਦਾ ਹਾਂ ਕਿ ਹਰ ਦਿਨ ਸੈੱਟ 'ਤੇ ਆਉਣਾ ਚਾਹੁੰਦਾ ਹਾਂ। ਹਾਲਾਂਕਿ, ਕਈ ਵਾਰ ਅਜਿਹੀ ਸਥਿਤੀ ਹੁੰਦੀ ਹੈ ਕਿ ਜੋ ਕੰਮ ਤੁਹਾਨੂੰ ਮਿਲਦਾ ਹੈ, ਉਹ ਤੁਹਾਡੀ ਪਸੰਦ ਦਾ ਨਹੀਂ ਹੁੰਦਾ ਹੈ। ਬੇਸ਼ੱਕ ਸਹੀ ਕੰਮ ਲਈ ਸਾਲ, ਦੋ ਸਾਲ ਦੀ ਉਡੀਕ ਕਿਉਂ ਨਾ ਕਰਨੀ ਪਵੇ।"

'ਦਿ ਐਂਪਾਇਰ' ਵਿਚਲੇ ਆਪਣੇ ਕਿਰਦਾਰ ਬਾਰੇ ਗੱਲ ਕਰਦਿਆਂ ਕੁਨਾਲ ਨੇ ਕਿਹਾ, "ਜਦੋਂ ਤੁਸੀਂ ਅਜਿਹੇ ਕਿਸੇ ਸ਼ੋਅ ਦਾ ਹਿੱਸਾ ਹੁੰਦੇ ਹੋ ਤਾਂ ਅੱਗੇ ਹੋਰ ਕਈ ਰਾਹ ਖੁੱਲ੍ਹ ਜਾਂਦੇ ਹਨ। ਮੈਨੂੰ ਆਸ ਹੈ ਕਿ ਆਉਣ ਵਾਲੇ ਸਮੇਂ 'ਚ ਮੈਨੂੰ ਕਈ ਵਧੀਆ ਭੂਮਿਕਾਵਾਂ ਨਿਭਾਉਣ ਦਾ ਮੌਕਾ ਮਿਲੇਗਾ ਤੇ ਮੈਨੂੰ ਪਿਛਲੇ ਦਸ ਸਾਲਾਂ ਵਾਂਗ ਇੱਕੋ ਤਰ੍ਹਾਂ ਦੇ ਰੋਲ ਦੁਬਾਰਾ ਦੁਬਾਰਾ ਨਹੀਂ ਕਰਨੇ ਪੈਣਗੇ।"



ਕੁਨਾਲ ਕਪੂਰ ਨੇ ਅਦਾਕਾਰੀ ਦੀ ਸਿਖਲਾਈ ਬੈਰੀ ਜੌਹਨ ਕੋਲੋਂ ਲਈ ਅਤੇ ਫਿਰ ਉਹ ਮਸ਼ਹੂਰ ਅਦਾਕਾਰ ਨਸੀਰੂਦੀਨ ਸ਼ਾਹ ਦੇ ਥੀਏਟਰ ਗਰੁੱਪ ਨਾਲ ਜੁੜ ਗਿਆ। ਉਸ ਨੇ ਆਪਣੇ ਕਰੀਅਰ ਦਾ ਆਰੰਭ ਸਹਾਇਕ ਡਾਇਰੈਕਟਰ ਵਜੋਂ ਫਿਲਮ 'ਅਕਸ' ਤੋਂ ਕੀਤਾ। ਇਸ ਫਿਲਮ ਵਿਚ ਅਮਿਤਾਭ ਬੱਚਨ ਅਤੇ ਮਨੋਜ ਬਾਜਪਾਈ ਨੇ ਮੁੱਖ ਕਿਰਦਾਰ ਨਿਭਾਏ ਸਨ। ਉਸ ਨੇ 2004 ਵਿਚ ਤੱਬੂ ਨਾਲ ਫਿਲਮ 'ਮੀਨਾਕਸ਼ੀ: ਏ ਟੇਲ ਆਫ ਥ੍ਰੀ ਸਿਟੀਜ਼' ਵਿਚ ਲੀਡਰ ਰੋਲ ਕੀਤਾ। 2006 ਵਿਚ ਉਸ ਦੀ ਫਿਲਮ 'ਰੰਗ ਦੇ ਬਸੰਤੀ' ਆਈ। ਇਸ ਫਿਲਮ ਲਈ ਉਸ ਦੀ ਨਾਮਜ਼ਦਗੀ ਫਿਲਮਫੇਅਰ ਇਨਾਲ ਲਈ ਸਰਵੋਤਮ ਸਹਾਇਕ ਅਦਾਕਾਰ ਵਜੋਂ ਹੋਈ ਸੀ।



Tel.: 317-426-5410
Ext. 2001 & 2403
XPressCargo
100% ਓਨਰ ਆਪਰੇਟਰ ਕੰਪਨੀ
Pay Every Week
Pay Single 48 Cent + Team 58 Cent
100% OWNER OPERATOR COMPANY
IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)
ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ।
• ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
• ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ।
• ਟਰੱਕ ਦੀ ਲਾਇਸੈਂਸ ਪਲੇਟ
• ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
• ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
• ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ
XPressCargo
ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ
CA >> IN, OH, KY, PA, MD, VA
IN >> KS, TN, WI, MI, KY, IL, GA
ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ
ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ
ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ
ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ
Hiring Owner Operators and Drivers
ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ।
2330 Enterprise Park Dr., Indianapolis, IN 46218
Online Application @ www.xpresscargoinc.com